*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : 25** | **ਅੰਕ ਨੰ. : 97** | **ਜਨਵਰੀ-ਮਾਰਚ, 2022**

Website : www.shabaduk.co.uk



*ਮੁੱਖ ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

*ਸੰਪਾਦਕ*

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

*ਉਪ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield, VA 22150, U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove, CA 95624, U.S.A.

Ph. 001-916-753-2868

Email : drgilldvm@Yahoo.com



ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।

Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ ਵਿੱਚ ਹੋਵੇਗੀ।


## ਮੇਰਾ ਪੰਨਾ

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਤੇ ਇਸ ਨੇ ਸਮਾਜ ਦੀ ਅਸਲੀ ਝਲਕ ਦਿਖਾਉਣੀ ਹੁੰਦੀ ਹੈ ਭਾਵ ਸਾਹਿਤ ਨੇ ਸਮਾਜ ਦੇ ਸੱਚ ਨੂੰ ਪੇਸ਼ ਕਰਨਾ ਹੁੰਦਾ ਹੈ। ਸਾਹਿਤ ਦੇ ਅਸਲੀ ਮਾਹਿਨੇ ਵੱਖਰੇ ਵੱਖਰੇ ਰੂਪ ਵਿੱਚ ਲਿਖਤੀ ਕੰਮ ਹੈ ਜਿਵੇਂ ਕਿ ਨਾਵਲ, ਕਹਾਣੀ, ਕਵਿਤਾ, ਨਾਟਕ, ਫਿਕਸ਼ਨ ਆਦਿ। ਇਹ ਜਾਣਕਾਰੀ ਤੇ ਕਲਪਨਾ ਨੂੰ ਆਧਾਰ ਬਣਾ ਕੇ ਲਿਖਿਆ ਜਾਂਦਾ ਹੈ। ਸਾਹਿਤ ਦਾ ਇਤਿਹਾਸ ਦੇਖੀਏ ਤਾਂ ਇਹ ਮਨੁੱਖੀ ਸਭਿਅਤਾ ਤੱਕ ਜਾਂਦਾ ਹੈ। ਸਮਾਜ ਆਪਣੇ ਲੇਖਕਾਂ ਲਈ ਰੋਲ-ਮਾਡਲ ਬਣਦਾ ਹੈ। ਸਾਹਿਤ ਐਬਸਟਰੈਕਟ ਤੇ ਨਿੱਗਰ ਵਿਚਾਰਾਂ ਨੂੰ ਜਮ੍ਹਾਂ ਕਰਦਾ ਹੋਇਆ ਬੇਗਾਨਗੀ ਤੇ ਸਮਾਈਕਰਨ ਵਾਲੇ ਵਿਸ਼ੇ ਪੇਸ਼ ਕਰਦਾ ਹੈ ਤੇ ਸਮਾਜਕ, ਰਾਜਨੀਤਕ ਤੇ ਸਮਾਜਕ-ਇਤਿਹਾਸਕ ਮੁੱਦਿਆਂ ਨੂੰ ਉਭਾਰਦਾ ਹੈ। ਸਾਹਿਤ ਤੇ ਸਮਾਜ ਇੱਕ ਦੂਜੇ ਨਾਲ ਜੁੜੇ ਹੋਏ ਹਨ ਜਾਂ ਨਿਰਭਰ ਹਨ ਜਿਵੇਂ ਸਿੱਕੇ ਦੇ ਦੋ ਪਾਸੇ। ਜੇ ਅਸੀਂ ਸਮਾਜ ਦੇ ਇਤਿਹਾਸ ਵੱਲ ਦੇਖਾਂਗੇ ਤਾਂ ਇਹ ਸਮੇਂ ਸਮੇਂ ਬਦਲਦਾ ਰਹਿੰਦਾ ਹੈ। ਇਹੀ ਸਥਿਤੀ ਸਾਹਿਤ ਦੀ ਹੈ। ਸਮਾਜ ਆਪਣੇ ਮਾਪਦੰਡ ਜਾਂ ਨਿਯਮ, ਤਰੀਕੇ ਜਾਂ ਸਟਾਈਲ, ਰੂਲਜ਼ ਜਾਂ ਕਾਇਦੇ ਬਦਲਦਾ ਜਾਂਦਾ ਹੈ ਤੇ ਇਵੇਂ ਹੀ ਸਾਹਿਤ ਹੈ। ਇਹ ਰਵਾਇਤੀ ਤੋਂ ਆਧੁਨਿਕ ਹੁੰਦਾ ਜਾਂਦਾ ਹੈ। ਤੇ ਇਹ ਸਦਾ ਸਮਾਜ ਦੇ ਹਾਣ ਦਾ ਰਹਿੰਦਾ ਹੈ। ਅਸੀਂ ਦੇਖਦੇ ਹਾਂ ਕਿ ਸਾਹਿਤ ਸਦਾ ਸਮਕਾਲੀ ਦਰਪੇਸ਼ ਮੁੱਦਿਆਂ ਨੂੰ ਉਭਾਰਦਾ ਆਇਆ ਹੈ ਜਿਵੇਂ ਕਿ ਬਾਲ-ਮਜ਼ਦੂਰੀ, ਔਰਤਾਂ ਦੇ ਹੱਕ, ਲਿੰਗ-ਭੇਦ-ਭਾਵ ਤੋਂ ਲੈ ਕੇ ਅੱਜ ਦੇ ਮੁੱਦਿਆਂ ਤੀਕ। ਚਾਰਲਸ ਡਿੱਕਨਜ਼, ਟੌਮਸ ਹਾਰਡੀ ਤੇ ਉਸ ਵੇਲੇ ਦੇ ਲੇਖਕਾਂ ਨੇ ਆਪਣੇ ਸਮਕਾਲੀ ਮੁੱਦੇ ਬਾਰੇ ਲਿਖਿਆ, ਇਵੇਂ ਸਾਡੇ ਲੇਖਕਾਂ ਨੇ ਵੀ ਸਮਕਾਲੀ ਮੁੱਦਿਆਂ ਦੀ ਗੱਲ ਕੀਤੀ ਹੈ। ਇਹ ਮੁੱਦੇ ਸਮਾਜ ਦੇ ਨਾਲ ਨਾਲ ਬਦਲਦੇ ਰਹੇ ਹਨ ਤੇ ਇਵੇਂ ਹੀ ਸਾਹਿਤ ਵੀ।

ਜੇ ਥੋੜ੍ਹਾ ਗੰਭੀਰਤਾ ਨਾਲ ਦੇਖਿਆ ਜਾਵੇ ਤਾਂ ਸਮਾਜ ਵਿੱਚ ਲੇਖਕ ਦਾ ਰੋਲ ਇੱਕ ਰਖਵਾਲੇ ਵਾਲਾ ਤੇ ਕਾਰ ਕਰਨ ਵਾਲਾ (ਸੰਚਾਲਕ) ਬਣ ਜਾਂਦਾ ਹੈ। ਸਾਇੰਸ ਤੇ ਟੈਕਨੌਲੌਜੀ ਦੇ ਵਿਸਥਾਰ ਨੇ ਉਸ ਦੇ ਰੋਲ ਨੂੰ ਬਦਲਿਆ ਨਹੀਂ ਹੈ ਸਗੋਂ ਵਸੀਹ ਕੀਤਾ ਹੈ। ਲੇਖਕ ਦਾ ਫਰਜ਼ ਹੈ ਕਿ ਉਹ ਚੰਗਾ ਬਣੇ- ਘਟੀਆ ਨਹੀਂ, ਉਹ ਸੱਚ ਬੋਲੇ- ਝੂਠ ਨਹੀਂ, ਉਹ ਜ਼ਿੰਦਾ ਦਿਲ ਹੋਵੇ- ਡਾਵਾਂ-ਡੋਲ ਦਿਲ ਵਾਲਾ ਨਹੀਂ, ਸਹੀ ਲਿਖੇ- ਗਲਤ ਨਹੀਂ। ਲੇਖਕ ਦਾ ਫਰਜ਼ ਡਿਗੇ ਨੂੰ ਚੁੱਕਣਾ ਹੈ ਨਾ ਕਿ ਡਿਗੇ ਰਹਿਣ ਦੇਣਾ। ਲੇਖਕ ਸਿਰਫ ਜੀਵਨ ਦੀ ਤਰਜਮਾਨੀ ਹੀ ਨਹੀਂ ਕਰਦਾ ਉਸ ਨੂੰ ਸੇਧ ਦੇਣ ਲਈ ਯਤਨਸ਼ੀਲ ਵੀ ਰਹਿੰਦਾ ਹੈ। ਉਸ ਨੇ ਆਪਣੇ ਸਮਾਜ ਤੇ ਆਪਣੀ ਦੁਨੀਆ ਨੂੰ ਪ੍ਰੇਰਨਾ ਦੇਣੀ ਹੁੰਦੀ ਹੈ, ਰਾਹ ਦਿਖਾਉਂਦਿਆਂ ਚਣੌਤੀਆਂ ਵੀ ਖੜੀਆਂ ਕਰਨੀਆਂ ਹੁੰਦੀਆਂ ਹਨ। ਭਾਵੇਂ ਹਰ ਲੇਖਕ ਦੇ ਰਾਜਨੀਤਕ ਵਿਚਾਰ ਹੁੰਦੇ ਹਨ ਪਰ ਜ਼ਰੂਰੀ ਨਹੀਂ ਕਿ ਉਹ ਸਿਆਸਤ ਦੀ ਗੱਲ ਕਰੇ ਪਰ ਉਹ ਸਮਾਜ ਵੱਲ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਅਨਿਆਂ-ਨਿਆਂ ਦਾ ਫਰਕ ਕਰਨਾ ਤੇ ਉਸ ਦੀ ਨਿਸ਼ਾਨਦੇਹੀ ਕਰਨਾ ਉਸ ਦਾ ਮੁੱਢਲਾ ਕਰਤੱਵ ਹੈ। ਦੁੱਖ ਦੀ ਗੱਲ ਹੈ ਕਿ ਅੱਜ ਦੇ ਲੇਖਕ ਵਿੱਚ ਆਪਣੇ ਹਿੱਸੇ ਵਿੱਚ ਸਹਿਣਸ਼ੀਲਤਾ, ਵਿਨੋਦ-ਭਾਵਨਾ, ਸਲਾਹੁਤਾ ਦੀ ਭਾਵਨਾ ਖਤਮ ਹੋ ਚੁੱਕੀ ਹੈ। ਇਹੀ ਕਾਰਨ ਹੈ ਕਿ ਅੱਜ ਦੀਆਂ ਲਿਖਤਾਂ ਵਿੱਚ ਨਾ-ਪਸੰਦਗੀ, ਵਿਨਾਸ਼ਕਾਰਤਾ, ਗੁੱਸਾ ਹੈ। ਚਿੰਤਨ ਦਾ ਅਭਾਵ ਇਸ ਔਕੜ ਨੂੰ ਹੋਰ ਵੱਡਿਆਂ ਕਰ ਰਿਹਾ ਹੈ। ਲੇਖਕ ਬਾਹਰੋਂ ਸ਼ਾਂਤ ਤੇ ਅੰਦਰੋਂ ਅਸ਼ਾਂਤ ਹੁੰਦਾ ਹੈ ਪਰ ਅੱਜ ਦਾ ਲੇਖਕ ਅੰਦਰੋਂ ਤੇ ਬਾਹਰੋਂ ਦੋਨੇ ਥਾਵੀਂ ਅਸ਼ਾਂਤ ਹੈ।

'ਸ਼ਬਦ' ਦਾ ਹੱਥਲਾ ਅੰਕ ਆਮ-ਆਦਮੀ ਸ਼ਬਦ-ਚਿਤਰ ਵਿਸ਼ੇਸ਼ ਅੰਕ ਹੈ। ਲੇਖਕ ਆਮ ਤੌਰ 'ਤੇ ਦੂਜੇ ਲੇਖਕਾਂ ਜਾਂ ਖਾਸ ਵਿਅਕਤੀਆਂ ਦੇ ਸ਼ਬਦ-ਚਿਤਰ ਲਿਖਦੇ ਆਏ ਹਨ ਜਿਹਨਾਂ ਵਿੱਚ ਬਹੁਤਾ ਰਲ਼ਾ ਆ ਵੜਦਾ ਹੈ। ਵੈਸੇ ਵੀ ਜਦ ਲੇਖਕ ਕੋਈ ਕਿਰਦਾਰ ਘੜਦਾ ਹੈ ਤਾਂ ਉਹ ਅਸਲੀ ਜੀਵਨ ਦੇ ਬਹੁਤ ਸਾਰੇ ਕਿਰਦਾਰਾਂ ਵਿੱਚੋਂ ਲਿਆ ਗਿਆ ਹੁੰਦਾ ਹੈ। ਇਸ ਵਾਰ ਸਾਡੇ ਸੱਦੇ 'ਤੇ ਇਸ ਬਾਰੇ ਬਹੁਤ ਸਾਰੇ ਲੇਖਕਾਂ ਨੇ ਉਹਨਾਂ ਦੇ ਜੀਵਨ ਵਿੱਚ ਆਏ ਆਮ-ਵਿਅਕਤੀਆਂ ਬਾਰੇ ਸ਼ਬਦ-ਚਿਤਰ ਲਿਖੇ ਹਨ। ਇਹਨਾਂ ਦੀ ਖੂਬਸੂਰਤੀ ਇਹ ਹੈ ਕਿ ਇਹਨਾਂ ਵਿੱਚ ਰਲ਼ਾ ਨਹੀਂ ਹੈ, ਇਹ ਤਕਰੀਬਨ ਇੰਨ-ਬਿੰਨ ਲਿਖੇ ਗਏ ਹਨ। ਅਜਿਹੇ ਸ਼ਬਦ-ਚਿਤਰਾਂ ਦਾ ਸਾਡਾ ਇਹ ਪਹਿਲਾ ਤਜਰਬਾ ਨਹੀਂ ਹੈ। ਪ੍ਰੇਮ ਗੋਰਖੀ ਨੇ 'ਮੇਰੇ ਵਿਹੜੇ ਦੇ ਲੋਕ' ਸਿਰਲੇਖ ਹੇਠ ਅਜਿਹੇ ਸ਼ਬਦ-ਚਿਤਰ ਲਿਖੇ ਸਨ। ਜਿੰਦਰ ਨੇ ਆਪਣੇ ਜੀਵਨ ਆਏ ਵੱਖਰੀ ਕਿਸਮ ਦੇ ਲੋਕਾਂ ਬਾਰੇ ਲਿਖਿਆ ਹੈ। ਸ਼ਿਵ ਵਰਮਾ ਨੇ ਆਪਣੀ ਪੁਸਤਕ 'ਮੌਤ ਦੀ ਉਡੀਕ 'ਚ' ਵਿੱਚ ਜੇਲ੍ਹ ਨਾਲ ਸੰਬੰਧਤ ਸ਼ਬਦ-ਚਿਤਰ ਵੀ ਲਿਖੇ ਹਨ। ਉਮੀਦ ਹੈ ਪਾਠਕਾਂ ਨੂੰ 'ਸ਼ਬਦ' ਦਾ ਇਹ ਵਿਸ਼ੇਸ਼ ਅੰਕ ਪਸੰਦ ਆਵੇਗਾ।

**-ਹਰਜੀਤ ਅਟਵਾਲ**



## ਕਦਰਦਾਨਾਂ ਦਾ ਕਦਰਦਾਨ ਪ੍ਰਿੰ. ਸੁਰੇਸ਼ ਗੁਪਤਾ/ਅਤਰਜੀਤ

ਉਮਰ ਦੇ ਆਖ਼ਰੀ ਦਿਨਾਂ ਵਿੱਚ ਜੇ ਕੋਈ ਡਾਕਟਰ ਕੋਲ਼ ਲਿਜਾਇਆ ਜਾਂਦਾ ਹੈ, ਤੇ ਅੱਗੋਂ ਡਾਕਟਰ, ਮਰੀਜ਼ ਨੂੰ ਆਖੇ-"ਮਰੀਜ਼ ਨੂੰ ਲਿਆਉ"- ਤਾਂ ਕੀ ਇਹ ਕਿਸੇ ਵਿਅਕਤੀ ਦੀ ਚੜ੍ਹਦੀ ਕਲਾ ਵਾਲ਼ੀ ਜੀਵਨ ਸ਼ੈਲੀ ਦਾ ਪ੍ਰਤੀਕ ਨਹੀਂ ਤਾਂ ਇਸ ਨੂੰ ਹੋਰ ਕੀ ਕਿਹਾ ਜਾ ਸਕਦਾ ਹੈ। ਜ਼ਿੰਦਗੀ ਦੇ ਟੇਢੇ-ਮੇਢੇ ਰਸਤਿਆਂ ਵਿੱਚ ਗੁਜ਼ਰਦੀ ਜ਼ਿੰਦਗੀ ਹੀ ਇਹੋ ਜਿਹਾ ਜਜ਼ਬਾ ਕਿਸੇ ਮਨੁੱਖ ਦੇ ਅੰਦਰ ਸੰਚਾਰ ਕਰਦੀ ਹੈ ਕਿ ਉਹ ਡਾਵਾਂ-ਡੋਲਤਾ ਵਾਲ਼ੀ ਅਵਸਥਾ ਵਿੱਚ ਵੀ ਆਪਣੇ ਆਪ ਨੂੰ ਸਾਬਤ ਸਬੂਤਾ ਰੱਖਣ ਲਈ ਸੰਘਰਸ਼ ਨੂੰ ਆਪਣਾ ਸਾਥੀ ਚੁਣਦਾ ਹੈ। ਉਹ ਜਾਣਦਾ ਹੁੰਦਾ ਹੈ ਕਿ ਜ਼ਿੰਦਗੀ ਸਿੱਧੀ-ਸਤੋਰ ਪਗਡੰਡੀ ਨਹੀਂ, ਇਸ ਵਿੱਚ ਧਿੱਬੜ-ਧੋੜੇ, ਟੋਏ-ਟਿੱਬੇ, ਠੂਹਕਰਾਂ, ਭੁੱਲ-ਭੁਲਈਆਂ, ਕੰਡੇ, ਰੋੜੇ ਤੇ ਦੁਸ਼ਵਾਰੀਆਂ ਤੇ ਹੋਰ ਪਤਾ ਨਹੀਂ ਕੀ ਕੀ ਅਲਾਮਤਾਂ ਮਨੁੱਖ ਨੂੰ ਦਰਪੇਸ਼ ਆਉਣੀਆਂ ਹਨ, ਜਿਨ੍ਹਾਂ 'ਚੋਂ ਪਾਰ ਲੰਘਣ ਲਈ ਜਿਗਰਾ ਹੀ ਕੰਮ ਆ ਸਕਦਾ ਹੈ। ਜਿਗਰੇ ਵਾਲ਼ਾ ਵਿਅਕਤੀ ਹੀ ਸਾਬਤ ਕਦਮੀਂ ਚੱਲਦਾ ਟੋਰ ਨੂੰ ਸਾਵੀਂ ਰੱਖਦਾ, ਆਪਣਾ ਕੋਈ ਟੀਚਾ ਮਿੱਥ ਕੇ ਉਸ 'ਤੇ ਅੱਪੜ ਵੀ ਜਾਂਦਾ ਹੈ।

ਮੇਰੀ ਜ਼ਿੰਦਗੀ ਵਿੱਚ ਇੱਕ ਅਜਿਹਾ ਸ਼ਖ਼ਸ ਆਇਆ, ਅੱਜ ਤੋਂ ਕੋਈ ਚਾਲ਼ੀ- ਬਿਆਲ਼ੀ ਵਰ੍ਹੇ ਪਹਿਲਾਂ, ਜੋ ਮੇਰੇ ਜੀਵਨ ਉੱਪਰ ਵੀ ਗਹਿਰੀ ਛਾਪ ਛੱਡ ਗਿਆ, ਜਿਸ ਦੀ ਤਸਵੀਰ ਮੇਰੀ ਰੂਹ ਦੀ ਕੈਨਵਸ ਉੱਪਰ ਅਜਿਹੀ ਉੱਕਰੀ ਗਈ ਕਿ ਜੇ ਕੋਈ ਮੇਰੇ ਕੋਲ਼ੋਂ ਕਿਸੇ ਅਜ਼ੀਮ ਸ਼ਖ਼ਸੀਅਤ ਬਾਰੇ ਪੁੱਛਣਾ ਚਾਹੁੰਦਾ ਹੈ ਤਾਂ ਉਹ ਤਸਵੀਰ ਮੇਰੀਆਂ ਨਜ਼ਰਾਂ ਅੱਗੇ ਸਦੈਵ ਆ ਪ੍ਰਗਟ ਹੁੰਦੀ ਰਹੀ ਹੈ। ਮੇਰੇ ਨਾਲੋਂ ਉਹ ਤਕਰੀਬਨ ਚਾਰ ਸਾਢੇ ਚਾਰ ਪਹਿਲਾਂ ਸੇਵਾ ਮੁਕਤ ਹੋਇਆ। ਜਦ ਵੀ ਕਦੇ ਉਸ ਨੂੰ ਮਿਲਣ ਨੂੰ ਜੀਅ ਕੀਤਾ ਤਾਂ ਅੱਗੋਂ ਉਹ ਹਰ ਵਾਰ ਪਹਿਨਿਆ-ਪੱਚਰਿਆ, ਤਿਆਰ-ਬਰ-ਤਿਆਰ ਮਿਲਿਆ, ਜਿਵੇਂ ਹੁਣੇ ਕਿਸੇ ਮੇਲੇ-ਮਸਾਵੇ ਜਾਂ ਕਿਸੇ ਦੀ ਬਰਾਤ ਵਿੱਚ ਜਾਣਾ ਹੋਵੇ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਹਿਸਾਬ ਵਿਸ਼ੇ ਦਾ ਹੀ ਨਹੀਂ ਜ਼ਿੰਦਗੀ ਦੇ ਹਿਸਾਬ ਦੀ ਵੀ ਮੁਹਾਰਤ ਰੱਖਣ ਵਾਲ਼ਾ ਇਹ ਸ਼ਖ਼ਸ ਬਰਨਾਲੇ ਦਾ ਜੰਮਪਲ ਪਰ ਬਠਿੰਡਾ ਸ਼ਹਿਰ ਦਾ ਜਾਣਿਆ-ਮਾਣਿਆ ਵਿਅਕਤੀ ਸੁਰੇਸ਼ ਕੁਮਾਰ ਗੁਪਤਾ ਹੈ। ਉੱਘੀ ਸਮਾਜਿਕ ਸਰੋਕਾਰਾਂ ਵਾਲ਼ੀ, ਸਮਾਜ ਸੇਵੀ, ਪ੍ਰਬੁੱਧ ਅੰਗਰੇਜ਼ੀ ਵਿਸ਼ੇ ਦੀ ਪ੍ਰੋਫੈਸਰ ਮਰਹੂਮ ਸ੍ਰੀਮਤੀ ਰਾਜ ਗੁਪਤਾ ਦਾ ਜੀਵਨ ਸਾਥੀ ਸੁਰੇਸ਼ ਕੁਮਾਰ ਗੁਪਤਾ। ਐੱਸ. ਐੱਸ. ਡੀ. ਗਰਲਜ਼ ਕਾਲਜ ਵਿੱਚ ਆਪਣੇ ਵਿਸ਼ੇ ਦੀ ਮੁਹਾਰਤ ਦੇ ਨਾਲ਼-ਨਾਲ਼ ਐੱਨ. ਐੱਸ. ਐੱਸ. ਦੀ ਨੈਸ਼ਨਲ ਪੱਧਰ ਦੀ ਸਮਾਜ-ਸੇਵੀ ਰਾਜ ਗੁਪਤਾ-ਦੋਵੇਂ ਇੱਕ ਦੂਜੇ ਦੀਆਂ ਪੂਰਕ ਸ਼ਖ਼ਸੀਅਤਾਂ। ਉਹ ਘਰ ਜਿਸ ਵਿੱਚ, ਮੈਂ ਘਰ ਦੇ ਅੰਦਰਲੇ ਤਹਿ-ਖਾਨਿਆਂ ਤੱਕ ਵੀ ਜਾ ਸਕਦਾ ਸਾਂ।

ਇਕ ਦਿਨ ਮੈਂ ਕੀ ਵੇਖਦਾ ਹਾਂ ਕਿ ਸੁਰੇਸ਼ ਕੁਮਾਰ ਗੁਸਲਖਾਨੇ ਵਿੱਚੋਂ ਨਿੱਕਲ਼ਦਾ ਹੈ, ਮੈਡਮ ਰਸੋਈ ਵਿੱਚ ਸਾਫ਼-ਸਫ਼ਾਈ ਵਿੱਚ ਲੱਗੇ ਹੋਏ ਹਨ। ਮੈਂ ਹੈਰਾਨ ਕਿ ਇੱਡੀ ਵੱਡੀ ਬੰਗਲਾ ਨੁਮਾ ਕੋਠੀ ਵਿੱਚ ਇੰਨੇ ਉੱਚੇ ਸਥਾਨ 'ਤੇ ਖੜ੍ਹੇ ਇਹ ਲੋਕ ਕਿੰਨੇ ਨਿਮਰ ਹਨ ਜੋ ਆਪਣੇ ਘਰ ਦੀ ਸਫ਼ਾਈ ਨੌਕਰਾਂ ਗੋਚਰੀ ਨਹੀਂ ਛੱਡ ਰਹੇ, ਖ਼ੁਦ ਕਰ ਰਹੇ ਹਨ। ਫਿਰ ਜਦੋਂ ਕਦੀ ਜਾਣਾ ਤਾਂ ਸੁਰੇਸ਼ ਕੁਮਾਰ ਨੂੰ ਤਿਆਰ-ਬਰ-ਤਿਆਰ ਪਾ ਕੇ ਅਜੇ ਪੁੱਛਣ ਦਾ ਮਨ ਹੀ ਬਣਿਆ ਹੋਣਾ ਕਿ ਤੜਾਕ ਕਰਕੇ ਪਹਿਲਾਂ ਹੀ ਮੇਰੇ ਮਨ ਵਿੱਚ ਅਜੇ ਉੱਠ ਰਹੇ ਪ੍ਰਸ਼ਨ ਦਾ ਉੱਤਰ, ਜੋ ਸ਼ਾਇਦ ਪਹਿਲਾਂ ਹੀ ਤਿਆਰ ਹੁੰਦਾ ਹੋਵੇਗਾ,

ਕਹਿਣਾ–"ਅਤਰਜੀਤ ਮੇਰਾ ਮੈਥ ਨਾਲ਼ ਇੰਨਾ ਪਿਆਰ ਹੈ ਕਿ ਮੈਂ ਇਸ ਨੂੰ ਛੱਡ ਨਹੀਂ ਸਕਦਾ। ਵੱਡੇ ਘਰਾਂ ਦੇ ਮੁੰਡੇ-ਕੁੜੀਆਂ ਮੇਰੇ ਕੋਲ਼ ਪੜ੍ਹਨ ਆਉਂਦੇ ਹਨ, ਜਿਨ੍ਹਾਂ ਨੇ ਡਵੀਜ਼ਨਾਂ ਮਾਰਨੀਆਂ ਹੁੰਦੀਆਂ ਨੇ। ਕਈ ਗਰੀਬ ਘਰਾਂ ਦੇ ਬੱਚੇ ਵੀ ਆ ਜਾਂਦੇ ਹਨ। ਮੈਂ ਉਨ੍ਹਾਂ ਤੋਂ ਕਦੇ ਕੋਈ ਪੈਸਾ ਨਹੀਂ ਲੈਂਦਾ।"

ਇਸ ਸ਼ਖ਼ਸ ਦਾ ਜੀਵਨ ਫਰੋਲਣ ਲੱਗੀਏ ਤਾਂ ਘੋਰ ਗਰੀਬੀ ਵਿੱਚੋਂ ਉੱਠਿਆ ਇਹ ਬਰਨਾਲਾ ਸ਼ਹਿਰ ਦਾ ਬਸ਼ਿੰਦਾ, ਜਿਸ ਦਾ ਜਨਮ 24 ਅਪ੍ਰੈਲ, 1936 ਨੂੰ ਨਾਨਕੇ ਘਰ ਸੰਗਰੂਰ ਵਿਖੇ ਮਾਤਾ ਸ੍ਰੀਮਤੀ ਦੇਵਕੀ ਦੇਵੀ ਦੀ ਕੁੱਖੋਂ ਪਿਤਾ ਸ੍ਰੀ ਵੀਰ ਭਾਨ ਜੀ ਦੇ ਘਰ ਹੋਇਆ। ਸੁਰੇਸ਼ ਕੁਮਾਰ ਗੁਪਤਾ ਦੇ ਦੱਸਣ ਅਨੁਸਾਰ ਪਰਿਵਾਰ ਬਹੁਤ ਹੀ ਅਮੀਰ ਸੀ। ਕਿਸੇ ਕਾਰਨ ਦਸਵੀਂ ਕਰਦਿਆਂ ਤੱਕ ਸਭ ਕੁੱਝ ਚੌੜ-ਚੁਪੱਟ ਹੋ ਗਿਆ, ਇਥੋਂ ਤੱਕ ਕਿ ਦਸ ਰੁਪਏ ਕਿਰਾਏ ਦੇ ਕਮਰੇ ਵਿੱਚ ਜੂਨ ਕੱਟਣੀ ਪਈ। ਘੋਰ-ਗਰੀਬੀ ਦੀ ਹਾਲਤ ਵਿੱਚ ਬਾਕੀ ਦਾ ਜੀਵਨ ਕਿਵੇਂ ਬੀਤਿਆ, ਵੱਲ ਨਾ ਜਾਂਦੇ ਹੋਇਆਂ, ਇਸ ਦੀ ਪੜ੍ਹਾਈ ਬਾਰੇ ਗੱਲ ਕਰਨ ਲੱਗੀਏ ਤਾਂ ਇਸ ਨੇ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਬਰਨਾਲਾ ਤੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਕੀਤੀ। ਬਾਰ੍ਹਵੀਂ ਭਾਵ ਐਫ਼. ਏ. ਸਰਕਾਰੀ ਕਾਲਜ ਲੁਧਿਆਣਾ ਤੋਂ ਕਰ ਲਈ ਪਰ ਪੜ੍ਹਾਈ ਜਾਰੀ ਨਾ ਰੱਖ ਸਕਿਆ। ਬਾਰ੍ਹਵੀਂ ਕਰਕੇ ਰੋਜ਼ੀ ਰੋਟੀ ਤੇ ਉਦਰ ਪੂਰਤੀ ਲਈ ਐੱਸ. ਐੱਸ. ਡੀ. ਹਾਈ ਸਕੂਲ ਵਿੱਚ ਅਧਿਆਪਨ ਕਾਰਜ ਆਰੰਭ ਦਿੱਤਾ ਪਰ ਛੇਤੀ ਹੀ ਆਰੀਆ ਹਾਈ ਵਿੱਚ ਆ ਗਿਆ ਮੈਥ ਦੇ ਵਿਸ਼ੇ ਦੇ ਅਧਿਆਪਕ ਦੇ ਤੌਰ 'ਤੇ। ਜਿਵੇਂ-ਜਿਵੇਂ ਅਧਿਆਪਨ ਦਾ ਇਹ ਕਾਰਜ ਜਾਰੀ ਰਿਹਾ, ਹਿਸਾਬ ਦੇ ਵਿਸ਼ੇ ਉੱਪਰ ਪਕੜ ਹੋਰ ਪੀਡੀ ਹੁੰਦੀ ਗਈ। ਪੜ੍ਹਨ ਦਾ ਹੱਦੋਂ ਵੱਧ ਜਨੂੰਨ ਦੀ ਹੱਦ ਤੱਕ ਸ਼ੌਕ। ਗਰੀਬੀ ਨੇ ਕਿਸੇ ਕਾਲਜ ਵਿੱਚ ਦਾਖ਼ਲਾ ਲੈਣ ਤੋਂ ਵਾਧਾ ਲਾਈ ਰੱਖੀ ਪਰ ਪੜ੍ਹਾਈ ਦੇ ਆਸ਼ਕ ਤਾਂ ਖੰਭਿਆਂ ਦੀ ਰੋਸ਼ਨੀ ਵਿੱਚ ਵੀ ਪੜ੍ਹ ਕੇ ਜ਼ਿੰਦਗੀ ਦੀਆਂ ਮੰਜ਼ਿਲਾਂ ਸਰ ਕਰਦੇ ਆਏ ਹਨ। ਇਹੋ ਜਿਹਾ ਕੁੱਝ ਹੀ ਨੌਜਵਾਨ ਸਰੇਸ਼ ਕੁਮਾਰ ਨੂੰ ਪੜ੍ਹ ਕੇ ਕੁੱਝ ਬਣਨ ਦੇ ਮਾਰਗ 'ਤੇ ਤੋਰਨ ਵਿੱਚ ਸਹਾਈ ਹੋਇਆ। ਉਸ ਨੇ ਆਰੀਆ ਸਕੂਲ ਦੇ ਅਧਿਆਪਨ ਕਾਲ਼ ਦੌਰਾਨ ਪਰਾਈਵੇਟ ਤੌਰ 'ਤੇ ਬੀ. ਏ. ਪੂਰੀ ਕਰ ਲਈ।

ਹੁਣ ਬੀ. ਐੱਡ. ਕਰਨ ਦਾ ਸੁਪਨਾ ਤਲ਼ੀਆਂ 'ਤੇ ਆ ਨੱਚਣ ਲੱਗਿਆ ਪਰ ਖ਼ਰਚ ਕਿੱਥੋਂ ਆਵੇ ? ਘਰੋਂ ਖ਼ਰਚਾ ਦੇਣ ਲਈ ਤਾਂ ਫੁੱਟੀ ਕੌਡੀ ਵੀ ਨਹੀਂ ਸੀ। ਫਿਰ ਇਹ ਸੋਚ ਕੇ ਪਟਿਆਲੇ ਵੱਲ ਚਾਲੇ ਪਾ ਦਿੱਤੇ ਕਿ ਉੱਥੇ ਰਹਿ ਕੇ ਕੋਈ ਟਿਊਸ਼ਨਾਂ ਵਗੈਰਾ ਦਾ ਇੰਤਜ਼ਾਮ ਕਰਕੇ ਕਿਵੇਂ ਨਾ ਕਿਵੇਂ ਬੀ. ਐੱਡ. ਕਰਨੀ ਹੀ ਕਰਨੀ ਹੈ। ਮਨੁੱਖ ਜੇ ਸਿਦਕ ਧਾਰ ਲਵੇ ਤੇ ਸਿਰੜ ਨੂੰ ਜ਼ਰੂਬਾਂ ਦੇ ਲਵੇ ਤਾਂ ਉਹ ਕਿਹੜੀ ਚੀਜ਼ ਹੈ, ਜੋ ਮਨੁੱਖ ਕਰ ਨਹੀਂ ਸਕਦਾ। ਹਿੰਮਤਾਂ ਅੱਗੇ ਕਈ ਵਾਰ ਅਜਿਹਾ ਢੋਅ ਢੁੱਕ ਪੈਂਦਾ ਹੈ ਜਿਸ ਨਾਲ਼ ਗੱਡੀ ਲੀਹ 'ਤੇ ਆ ਚੜ੍ਹਦੀ ਹੈ। ਸੁਰੇਸ਼ ਕੁਮਾਰ ਦੀ ਜ਼ਬਾਨੀ ਹੀ ਸੁਣਦੇ ਹਾਂ–

ਪਟਿਆਲੇ ਮੈਨੂੰ ਕੋਈ ਅਜਿਹਾ ਬੰਦਾ ਮਿਲ ਗਿਆ, ਜਿਸ ਕੋਲ਼ੋਂ ਮੈਂ ਕਮਰੇ ਬਾਰੇ ਪੁੱਛ ਪੜਤਾਲ ਕਰ ਰਿਹਾ ਸਾਂ। ਉਹ ਮੈਨੂੰ ਰਿਕਸ਼ੇ 'ਤੇ ਬਿਠਾ ਕੇ ਆਪਣੇ ਘਰ ਲੈ ਗਿਆ। ਉਸ ਦਾ ਲੜਕਾ ਦਸਵੀਂ ਵਿੱਚ ਪੜ੍ਹਦਾ ਸੀ। ਮੈਨੂੰ ਕਹਿਣ ਲੱਗਿਆ–'ਦੇਖ ਕਾਕਾ, ਆਹ ਕਮਰਾ ਤੇਰੇ ਰਹਿਣ ਲਈ। ਰੋਟੀ-ਪਾਣੀ ਤੈਨੂੰ ਅਸੀਂ ਦੇਵਾਂਗੇ। ਤੂੰ ਇੱਕ ਕੰਮ ਕਰਨਾ ਹੈ, ਸਾਡੇ ਇਸ ਲੜਕੇ ਨੂੰ ਪੜ੍ਹਾ ਕੇ ਪਹਿਲੇ ਨੰਬਰ 'ਤੇ ਪਾਸ ਕਰਾ ਦੇ, ਬਸ।"

ਰੱਬ ਨੇ ਭੇਜੀਆਂ ਗਾਜਰਾਂ, ਵਿੱਚੇ ਰੰਬਾ ਰੱਖ, ਵਾਲ਼ੀ ਗੱਲ ਹੋ ਗਈ। ਇੱਕ ਤਰ੍ਹਾਂ



ਬੇਸਹਾਰਾ, ਕੋਈ ਠਾਹਰ ਲੱਭਦੇ ਫਿਰਦੇ ਇਸ ਨੌਜਵਾਨ ਦੇ ਜੀਵਨ ਵਿੱਚ ਖ਼ੁਸ਼ੀ ਦਾ ਆਲਮ ਛਾ ਗਿਆ। ਪੂਰੀ ਮਿਹਨਤ ਨਾਲ਼ ਪੜ੍ਹਾਈ ਕੀਤੀ ਵੀ ਤੇ ਉਸ ਲੜਕੇ ਨੂੰ ਕਰਵਾਈ ਵੀ। ਉਨ੍ਹਾਂ ਮਾਪਿਆਂ ਦਾ ਸੁਪਨਾ ਵੀ ਪੂਰਾ ਕੀਤਾ ਤੇ ਆਪਣਾ ਬੀ. ਐੱਡ. ਕਰਨ ਦਾ ਸੁਪਨਾ ਵੀ ਪੂਰਾ ਕੀਤਾ। ਉਪਰੰਤ ਬਰਨਾਲੇ ਵਾਪਸ ਆ ਕੇ ਅਖ਼ਬਾਰ ਵਿੱਚ ਪੜ੍ਹਿਆ ਕਿ ਐੱਸ. ਡੀ. ਹਾਈ ਸਕੂਲ ਮੌੜ ਮੰਡੀ ਵਿੱਚ ਇੱਕ ਅਧਿਆਪਕ ਦੀ ਖ਼ਾਲੀ ਜਗ੍ਹਾ ਬਾਰੇ ਇਸ਼ਤਿਹਾਰ ਛਪਿਆ ਹੈ। ਜਾਂਦੇ ਨੂੰ ਹੀ ਸਕੂਲ ਦੀ ਚੋਣ ਕਮੇਟੀ ਨੂੰ ਇਸ ਮਿਹਨਤੀ ਸ਼ਖ਼ਸ ਦੀ ਪਛਾਣ ਹੋ ਗਈ ਤੇ ਉਸ ਸਕੂਲ ਵਿੱਚ ਮੈਥ ਮਾਸਟਰ ਵਜੋਂ ਹਾਜ਼ਰ ਹੋ ਗਿਆ। ਮੌੜ ਮੰਡੀ ਦੇ ਇਸ ਛੋਟੇ ਜਿਹੇ ਸ਼ਹਿਰ ਵਿੱਚ ਇਸ ਯੋਗਤਾ ਨੇ ਮਹਿਕ ਖਿਲਾਰਨੀ ਆਰੰਭੀ ਤਾਂ ਖ਼ਾਲਸਾ ਸਕੂਲ ਵਾਲ਼ਿਆਂ ਤੱਕ ਇਹ ਮਹਿਕ ਅੱਪੜ ਗਈ। ਖ਼ਾਲਸਾ ਹਾਈ ਸਕੂਲ ਦੀ ਪ੍ਰਬੰਧਕੀ ਕਮੇਟੀ ਨੇ ਸੁਰੇਸ਼ ਕੁਮਾਰ ਤੱਕ ਪਹੁੰਚ ਕੀਤੀ ਤੇ ਵੱਧ ਤਨਖ਼ਾਹ ਦੀ ਸ਼ਰਤ 'ਤੇ ਆਪਣੇ ਸਕੂਲ ਲੈ ਗਏ। ਇਸ ਦੇ ਨਾਲ਼ ਹੀ ਉਨ੍ਹਾਂ ਇੱਕ ਸ਼ਰਤ ਵੀ ਰੱਖੀ ਕਿ ਦਸਵੀਂ ਵਿੱਚ ਪੰਜਾਬੀ ਵਿਸ਼ਾ ਨਹੀਂ ਸੀ ਲਿਆ। ਪੰਜਾਬੀ ਵਿਸ਼ੇ ਦਾ ਦਸਵੀਂ ਦਾ ਇਮਤਿਹਾਨ ਪਾਸ ਕਰਨਾ ਪਵੇਗਾ।

"ਮੈਂ ਕਿਹਾ ਮੈਂ ਦਸਵੀਂ ਕਰਨ ਦੀ ਬਜਾਏ ਪੰਜਾਬੀ ਦੀ ਐਮ. ਏ. ਹੀ ਕਰ ਲੈਂਦਾ ਹਾਂ। ਮੇਰੀ ਗੱਲ ਸੁਣ ਕੇ ਪ੍ਰਬੰਧਕੀ ਕਮੇਟੀ ਦੇ ਮੈਂਬਰ ਹੈਰਾਨ ਹੋ ਗਏ ਕਿ ਦਸਵੀਂ ਕੀਤੀ ਨਹੀਂ ਇਹ ਐਮ. ਏ. ਕਰਨ ਦੀਆਂ ਫੜ੍ਹਾਂ ਮਾਰ ਰਿਹਾ ਹੈ। ਮੈਂ ਆਪਣਾ ਫ਼ੈਸਲਾ ਸੁਣਾ ਦਿੱਤਾ ਤੇ ਐਮ. ਏ. ਦੀ ਤਿਆਰੀ ਆਰੰਭ ਦਿੱਤੀ। ਐਮ. ਏ ਤਾਂ ਕਰ ਲਈ ਪਰ ਨੰਬਰ ਬਹੁਤੇ ਨਾ ਆਏ। ਇਸ ਨਾਲ਼ ਖ਼ਾਲਸਾ ਸਕੂਲ ਵਾਲ਼ਿਆਂ ਦੀ ਪੰਜਾਬੀ ਵਿਸ਼ੇ ਵਾਲ਼ੀ ਸ਼ਰਤ ਜ਼ਰੂਰ ਪੂਰੀ ਕਰ ਵਿਖਾਈ।"

ਭਾਈ ਵੀਰ ਸਿੰਘ ਦੇ ਸ਼ਬਦਾਂ ਵਿੱਚ–"ਇੱਕੋ ਲਗਨ ਲੱਗੀ ਲਈ ਜਾਂਦੀ, ਉਹ ਕਰ ਆਰਾਮ ਨਾ ਬਹਿੰਦੇ।" ਪੂਰੀ ਲਗਨ ਅਤੇ ਮਿਹਨਤ ਨਾਲ਼ ਸਕੂਲ ਦੇ ਪ੍ਰਿੰਸੀਪਲ ਸ੍ਰ. ਜਸਵੰਤ ਸਿੰਘ ਅਤੇ ਪ੍ਰਬੰਧਕੀ ਕਮੇਟੀ ਬਹੁਤ ਪ੍ਰਭਾਵਤ ਹੋਏ। ਫਿਰ ਹਿਸਾਬ ਮਾਸਟਰ ਦੀਆਂ ਸਿੱਖਿਆ ਵਿਭਾਗ ਵੱਲੋਂ ਪੋਸਟਾਂ ਕੱਢੀਆਂ ਗਈਆਂ ਤਾਂ ਪਹਿਲੀ ਸੱਟੇ ਚੋਣ ਤਾਂ ਹੋ ਗਈ ਪਰ ਸਟੇਸ਼ਨ ਦੂਰ ਦਾ ਮਿਲ ਗਿਆ, ਸਰਕਾਰੀ ਹਾਈ ਸਕੂਲ ਭਾਈ ਰੂਪਾ। ਸੁਰੇਸ਼ ਹੁਰਾਂ ਦਾ ਕਹਿਣਾ ਹੈ ਕਿ ਉੱਥੇ ਉਸ ਦਾ ਜੀਅ ਨਾ ਲੱਗਿਆ। ਉਸ ਨੇ ਡੀ. ਪੀ. ਆਈ. ਚੰਡੀਗੜ੍ਹ ਦੇ ਨਾਂ ਅਸਤੀਫ਼ਾ ਹੀ ਲਿਖ ਭੇਜਿਆ ਕਿ ਜਾਂ ਤਾਂ ਮੈਨੂੰ ਬਠਿੰਡਾ ਦੇ ਨਜ਼ਦੀਕ ਦਾ ਸਟੇਸ਼ਨ ਦਿੱਤਾ ਜਾਵੇ ਜਾਂ ਅਸਤੀਫ਼ਾ ਮਨਜ਼ੂਰ ਕਰ ਲਿਆ ਜਾਵੇ। ਡੀ. ਪੀ. ਆਈ. ਸਕੂਲਜ਼ ਸ੍ਰੀ ਜੇ. ਡੀ. ਸ਼ਰਮਾ ਜੀ ਸਨ, ਜਿਨ੍ਹਾਂ ਨੇ ਉਸ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਬਠਿੰਡਾ ਵਿਖੇ ਤਬਦੀਲ ਕਰ ਦਿੱਤਾ। ਤਦ ਤੱਕ ਕੁੜੀਆਂ ਦੇ ਸਕੂਲ ਵਿੱਚ ਕੋਈ ਮਰਦ ਅਧਿਆਪਕ ਨਿਯੁਕਤ ਨਹੀਂ ਸੀ। ਸਕੂਲ ਵਿੱਚ ਕੀ, ਸ਼ਹਿਰ ਵਿੱਚ ਰੌਲਾ ਪੈ ਗਿਆ ਤੇ ਡੱਟ ਕੇ ਉਸ ਦਾ ਵਿਰੋਧ ਹੋਇਆ, ਪਰ ਉਸ ਦੇ ਵਤੀਰੇ ਨੂੰ ਦੇਖਦਿਆਂ ਪ੍ਰਿੰਸੀਪਲ ਮੈਡਮ ਜੋ ਕਿ ਕਿਸੇ ਮਲਿੱਟਰੀ ਅਫ਼ਸਰ ਦੀ ਪਤਨੀ ਸੀ, ਨੇ ਲਿਖ ਕੇ ਦੇ ਦਿੱਤਾ ਕਿ ਇਸ ਲੜਕੇ ਨੂੰ ਇਸੇ ਸਕੂਲ ਵਿੱਚ ਰੱਖਿਆ ਜਾਵੇ। ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੈ। ਆਪਣੇ ਅਸਰ ਰਸੂਖ ਨਾਲ਼ ਉਹ ਸਾਰੀਆਂ ਅਧਿਆਪਕਾਵਾਂ ਦੀਆਂ ਨਜ਼ਰਾਂ ਵਿੱਚ ਥਾਂ ਬਣਾ ਗਿਆ।

"ਸੁਰੇਸ਼ ਤੂੰ ਵਿਆਹ ਕਿਉਂ ਨ੍ਹੀ ਕਰਾਉਂਦਾ ?" ਕੋਈ ਅਧਿਆਪਕਾ ਪੁੱਛਦੀ ਹੈ।

"ਕੋਈ ਮਹਾਜਨ ਮੈਨੂੰ ਰਿਸ਼ਤਾ ਕਰਕੇ ਈ ਰਾਜ਼ੀ ਨਹੀਂ। ਕਹਿ ਦਿੰਦੇ ਐ ਮਾਸਟਰ ਈ ਲੱਗਿਐ। ਮੇਰੇ ਵਾਸਤੇ ਤਾਂ ਮਾਸਟਰ ਹੋਣਾ ਈ ਗੁਨਾਹ ਬਣਿਆ ਪਿਐ।" ਬੜੀ ਸਾਫ਼ਗੋਈ ਭੋਲ਼ਾ

ਜਿਹਾ ਜਵਾਬ ਸੁਣ ਕੇ ਅਧਿਆਪਕਾਵਾਂ ਨੇ ਨਵੀਂ ਤਜਵੀਜ਼ ਰੱਖ ਦਿੱਤੀ।

"ਸੁਰੇਸ਼ ਤੂੰ ਅੱਗੇ ਹੋਰ ਪੜ੍ਹਾਈ ਕਰ। ਜੇ ਤੂੰ ਹੋਰ ਉੱਚੀ ਵਿੱਦਿਆ ਪ੍ਰਾਪਤ ਕਰ ਲਵੇਂ ਤਾਂ ਤੇਰੀ ਸ਼ਾਦੀ ਵੀ ਵਧੀਆ ਕੁੜੀ ਨਾਲ਼ ਹੋ ਸਕਦੀ ਹੈ। ਤੂੰ ਐਮ. ਐਡ. ਕਰ।"

"ਮੇਰੇ ਪਰਿਵਾਰ ਦਾ ਤਾਂ ਇਸ ਤਨਖਾਹ ਨਾਲ਼ ਹੀ ਗੁਜ਼ਾਰਾ ਮਸਾਂ ਚੱਲਦਾ ਹੈ। ਐਮ. ਐੱਡ ਕਰਨ ਵਾਸਤੇ ਤਾਂ ਥੱਬਾ ਨੋਟਾਂ ਦਾ ਚਾਹੀਦਾ ਹੈ।"

"ਤੂੰ ਐਮ. ਐੱਡ. ਕਰ ਖ਼ਰਚ ਅਸੀਂ ਦਿਆਂਗੀਆਂ। ਹਿੰਮਤ ਕਰ ਖ਼ਰਚ ਦੀ ਪਰਵਾਹ ਨਾ ਕਰ। ਸਾਨੂੰ ਐਨੀਆਂ ਜਣੀਆਂ ਨੂੰ ਕੀ ਆਊਗਾ।" ਤੇ ਸੁਰੇਸ਼ ਨੂੰ ਉਨ੍ਹਾਂ ਚੰਗੀਆਂ ਅਧਿਆਪਕਾਵਾਂ ਨੇ ਐਮ. ਐੱਡ. ਕਰਨ ਲਈ ਚੰਡੀਗੜ੍ਹ ਭੇਜ ਦਿੱਤਾ। ਮਿਹਨਤੀ ਸੁਭਾਅ ਦਾ ਹੋਣ ਕਰਕੇ ਪੂਰੀ ਤਨਦੇਹੀ ਨਾਲ਼ ਤਿਆਰੀ ਕੀਤੀ ਤੇ ਪਹਿਲੇ ਦਰਜ਼ੇ 'ਤੇ ਐਮ. ਐੱਡ. ਦਾ ਇਮਤਿਹਾਨ ਪਾਸ ਕਰਕੇ ਮੁੜ ਆਪਣੀ ਥਾਂ ਆ ਹਾਜ਼ਰੀ ਦਿੱਤੀ। ਕੁੱਝ ਸਮਾਂ ਦੇਸ ਰਾਜ ਸੀ. ਸੈ. ਸਕੂਲ ਵਿੱਚ ਵੀ ਸੇਵਾ ਨਿਭਾਈ। ਫਿਰ ਮੁੱਖ ਅਧਿਆਪਕਾਂ ਦੀਆਂ ਪੋਸਟਾਂ ਨਿੱਕਲ਼ੀਆਂ ਤਾਂ ਮੁੱਖ ਅਧਿਆਪਕ ਵਜੋਂ ਵੀ ਚੋਣ ਹੋ ਗਈ। ਸੁਰੇਸ਼ ਹੁਰਾਂ ਦੇ ਦੱਸਣ ਅਨੁਸਾਰ ਇੰਟਰਵਿਊ ਲੈਣ ਵਾਲ਼ੇ ਮਿਲਿੱਟਰੀ ਦੇ ਉੱਚੇ ਰੈਂਕ ਵਾਲ਼ੇ ਅਫ਼ਸਰ ਸਨ। ਉਸਦੇ ਕਾਗਜ਼ ਪੱਤਰ ਵੇਖਦੇ ਸਾਰ ਕਹਿਣ ਲੱਗੇ-"ਕਾਕਾ ਕਾਲਜ ਦਾ ਪ੍ਰੋਫ਼ੈਸਰ ਲੱਗ।"

"ਜੀ ਮੈਂ ਸਕੂਲ ਵਿੱਚ ਪੜ੍ਹਾ ਕੇ ਹੀ ਖ਼ੁਸ਼ੀ ਰਹਿ ਸਕਦਾਂ।"

"ਜਾਉ! ਕੋਈ ਇੰਟਰਵਿਊ ਨਹੀਂ।"

"ਮੇਰਾ ਦਿਲ ਟੁੱਟ ਗਿਆ। ਇਹ ਕੀ ਹੋਇਆ ਜਾਉ, ਕੋਈ ਇੰਟਰਵਿਊ ਨਹੀਂ। ਚਾਨਸ ਮਾਰੇ ਜਾਣ ਦਾ ਫ਼ਿਕਰ ਲੱਗ ਗਿਆ ਪਰ ਹੋਇਆ ਇਸ ਤੋਂ ਉਲ਼ਟ, ਮੁੱਖ ਅਧਿਆਪਕ ਦੀ ਨਿਯੁਕਤੀ ਦੇ ਹੁਕਮ ਆ ਪਰਗਟ ਹੋਏ। ਬਾਰਾਂ ਪੋਸਟਾਂ ਵਿੱਚ ਪੰਜਵੇਂ ਨੰਬਰ 'ਤੇ ਮੇਰਾ ਨਾਂ ਆਇਆ ਤੇ ਬੱਲੂਆਣਾ ਸਕੂਲ ਵਿੱਚ ਨਿਯੁਕਤੀ ਹੋ ਗਈ।"

ਸੁਰੇਸ਼ ਜੀ ਬੱਲੂਆਣਾ ਸਕੂਲ ਤੋਂ ਬਦਲੀ ਹੋ ਕੇ ਉਹ ਮਿਡਲ ਸਕੂਲ ਤੋਂ ਉੱਨਤ ਹੋਏ ਸਰਕਾਰੀ ਹਾਈ ਸਕੂਲ ਭੁੱਚੋ ਕਲਾਂ ਆ ਗਏ। ਇਤਫ਼ਾਕ ਨਾਲ਼ ਮੈਂ ਵੀ ਉਸ ਸਕੂਲ ਵਿੱਚ ਪੰਜਾਬੀ ਦੇ ਅਧਿਆਪਕ ਵਜੋਂ ਤਾਇਨਾਤ ਸਾਂ। ਸੁਰੇਸ਼ ਹੁਰਾਂ ਤੋਂ ਪਹਿਲਾਂ ਇੱਕ ਬਲਰਾਜ ਸਿੰਘ ਨਾਂ ਦਾ ਮੁੱਖ ਅਧਿਆਪਕ ਹਾਜ਼ਰ ਹੋਣ ਲਈ ਆਇਆ ਸੀ। ਉਸ ਨੇ ਹਾਜ਼ਰੀ ਰਜਿਸਟਰ ਕੱਢਿਆ ਹੀ ਸੀ ਕਿ ਕਿਸੇ ਕੰਮ ਸਹਿਵਨ ਹੀ ਮੈਂ ਦਫ਼ਤਰ ਵਿੱਚ ਚਲਾ ਗਿਆ ਤਾਂ ਮੈਨੂੰ ਵੇਖਦੇ ਸਾਰ ਉਸ ਨੇ ਰਜਿਸਟਰ ਦਰਾਜ ਵਿੱਚ ਧੱਕਿਆ ਤੇ ਇੱਕ ਦਮ ਦਫ਼ਤਰੋਂ ਬਾਹਰ ਹੋਇਆ ਤੇ ਬਠਿੰਡੇ ਵੱਲ ਵਹੀਰਾਂ ਘੱਤ ਦਿੱਤੀਆਂ। ਫੰਡਾਂ ਨੂੰ ਬੁਰਕ ਮਾਰਨ ਦੇ ਮਾਮਲੇ ਵਿੱਚ ਗੋਲਡ-ਮੈਡਲਿਸਟ ਸੀ ਉਹ। ਫਿਰ ਉਸਦੀ ਥਾਂ ਸੁਰੇਸ਼ ਜੀ ਨੂੰ ਭੇਜ ਦਿੱਤਾ ਗਿਆ ਤੇ ਨਾਲ਼ ਹੀ ਸਕੂਲ ਮੁਖੀਆਂ ਨੇ ਚੌਕਸ ਕਰ ਦਿੱਤਾ ਕਿ ਓਥੇ ਦੋ ਸਿੰਗਾ ਵਾਲ਼ਾ ਪੰਜਾਬੀ ਅਧਿਆਪਕ ਹੈ ਜੋ ਮੁੱਖ ਅਧਿਆਪਕ ਨੂੰ ਜਾਂਦੇ ਨੂੰ ਹੀ ਸਿੰਗਾਂ 'ਤੇ ਚੁੱਕ ਲੈਂਦਾ ਹੈ।

ਮੈਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਗਿਆ ਕਿ ਮੇਰੇ ਇਮਤਿਹਾਨ ਲਏ ਜਾ ਰਹੇ ਹਨ। ਗੁਪਤ ਢੰਗ ਨਾਲ਼ ਮੇਰਾ ਹਰ ਰੋਜ਼ ਕੋਈ ਨਾ ਕੋਈ ਇਮਤਿਹਾਨ ਲਿਆ ਜਾਣ ਲੱਗਾ। ਮੈਂ ਕਈ ਵਾਰ ਪੰਜ ਚਾਰ ਮਿੰਟ ਲੇਟ ਹੋ ਜਾਂਦਾ ਸਾਂ। ਪ੍ਰਾਰਥਨਾ ਕਰਕੇ ਵਿਦਿਆਰਥੀ ਕਲਾਸਾਂ ਵਿੱਚ ਜਾ ਚੁੱਕੇ ਹੁੰਦੇ। ਮੈਂ ਹਾਜ਼ਰੀ ਲਾਉਣ ਵਿੱਚ ਸਮਾਂ ਖਚਿਤ ਕਰਨ ਨਾਲ਼ੋਂ, ਇੱਕ ਦਮ ਆਪਣੀ ਕਲਾਸ ਵਿੱਚ ਜਾ ਕੇ



ਪੜ੍ਹਾਉਣ ਲੱਗ ਪੈਂਦਾ ਤੇ ਪੀਰੀਅਡ ਖ਼ਤਮ ਹੋਣ 'ਤੇ ਦਫ਼ਤਰ ਵਿੱਚ ਜਾ ਕੇ ਹਾਜ਼ਰੀ ਲਾਉਣ ਦੀ ਆਗਿਆ ਮੰਗਦਾ। ਸੁਰੇਸ਼ ਜੀ ਬਿਨਾਂ ਕੋਈ ਪੁੱਛ-ਪੜਤਾਲ ਕੀਤੇ ਰਜਿਸਟਰ ਮੇਰੇ ਵੱਲ ਕਰ ਦਿੰਦੇ।

"ਸ਼ੁਕਰੀਆ ਜੀ," ਕਹਿ ਕੇ ਮੈਂ ਅਗਲੇ ਕਲਾਸ ਵੱਲ ਚੱਲ ਪੈਂਦਾ। ਇੱਕ ਦਿਨ ਸਕੂਲ ਦੇ ਸਾਰੇ ਅਧਿਆਪਕ ਇਕੱਠੇ ਹੋ ਕੇ ਦਫ਼ਤਰ ਵਿੱਚ ਆ ਧਮਕੇ-"ਹੈਡ ਮਾਸਟਰ ਸਾਹਿਬ ਇਹ ਬੰਦਾ ਜਦੋਂ ਲੇਟ ਆਉਂਦੈ, ਤੁਸੀਂ ਇਸ ਨੂੰ ਕੁੱਛ ਨ੍ਹੀਂ ਕਹਿੰਦੇ ਪਰ ਸਾਨੂੰ ਹਰ ਰੋਜ਼ ਟੋਕਦੇ ਰਹਿੰਦੇ ਹੋ ਕਿ ਕਲਾਸਾਂ ਵਿੱਚ ਜਾਉ। ਸਾਨੂੰ ਇਹ ਗੱਲ ਠੀਕ ਨਹੀਂ ਲੱਗਦੀ।"

ਸੁਰੇਸ਼ ਜੀ ਨੇ ਜਵਾਬ ਦਿੱਤਾ-"ਉਹ ਬੰਦਾ ਪੰਜ-ਸੱਤ ਮਿੰਟ ਲੇਟ ਆਉਂਦੈ ਤੇ ਆਉਣ ਸਾਰ ਕਲਾਸ ਵਿੱਚ ਚਲਾ ਜਾਂਦੈ, ਹਾਜ਼ਰੀ ਵੀ ਨਹੀਂ ਲਾਉਂਦਾ। ਪੀਰੀਅਡ ਲਾ ਕੇ ਹਾਜ਼ਰੀ ਲਾਉਣ ਆਉਂਦੈ। ਤੁਸੀਂ ਉਸ ਤੋਂ ਬਾਅਦ ਵੀ ਦਸ ਪੰਦਰ੍ਹਾਂ ਮਿੰਟ ਚਾਹਾਂ ਪੀ ਰਹੇ ਹੁੰਦੇ ਹੋ। ਉਹ ਏਸੇ ਕਰਕੇ ਚਾਹ ਵੀ ਨ੍ਹੀਂ ਪੀਂਦਾ। ਮੈਂ ਉਸ ਨੂੰ ਕਿਸ ਕਸੂਰ ਬਦਲੇ ਟੋਕਾਂ, ਤੁਸੀਂ ਦੱਸ ਦਿਉ?"

ਅਜੇ ਇਸ ਸ਼ਖ਼ਸ ਦੁਆਰਾ ਮੇਰੇ ਹੋਰ ਕਈ ਇਮਤਿਹਾਨ ਲੈਣੇ ਬਾਕੀ ਹਨ। ਇੱਕ ਦਿਨ ਦਫ਼ਤਰ ਦਾ ਪੱਖਾ ਖ਼ਰਾਬ ਹੋ ਗਿਆ। ਮੈਨੂੰ ਹੀ ਦਫ਼ਤਰ ਬੁਲਾਇਆ ਗਿਆ-"ਗਿਆਨੀ ਜੀ, ਕਿਸੇ ਮਿਸਤਰੀ ਨੂੰ ਬੁਲਾ ਕੇ ਪੱਖਾ ਠੀਕ ਕਰਵਾ ਦਿਉ।"

"ਹੈਡ ਮਾਸਟਰ ਸਾਹਿਬ, ਤੁਸੀਂ ਉੱਠੋ। ਆਹ ਮੇਜ਼ ਕੰਧ ਨਾਲ਼ ਲਗਵਾਉ।" ਮੇਜ਼ ਕੰਧ ਨਾਲ਼ ਲੱਗ ਜਾਂਦਾ ਹੈ। ਮੈਂ ਮੇਜ਼ 'ਤੇ ਚੜ੍ਹ ਕੇ ਡੱਬੀ ਜਿਹੀ ਖੋਲ੍ਹਦਾ ਹਾਂ। ਇੱਕ ਤਾਰ ਨਿੱਕਲ਼ੀ ਹੋਈ ਹੈ। ਮੈਨੂੰ ਪਤਾ ਹੈ ਕਿ ਇੱਕ ਤਾਰ ਨੂੰ ਛੂਹਣ ਨਾਲ਼ ਕਰੰਟ ਨਹੀਂ ਵੱਜਣਾ। ਮੈਂ ਉਸ ਤਾਰ ਨੂੰ ਹੱਥ ਵਿੱਚ ਫੜ ਕੇ ਥੋੜ੍ਹਾ ਛਿੱਲ ਕੇ ਮਰੋੜੀ ਦੇ ਕੇ ਕੁੰਡੀ ਜਿਹੀ ਬਣਾਉਂਦਾ ਹਾਂ। ਕੁੰਡੀ ਉਸ ਦੀ ਥਾਂ ਪਾ ਕੇ ਪੈਨ ਨਾਲ਼ ਦਬਾ ਕੇ ਡੱਬੀ ਕਸ ਦਿੰਦਾ ਹਾਂ।

"ਸਵਿੱਚ ਆਨ ਕਰਿਉ ਜੀ।" ਸੁਰੇਸ਼ ਜੀ ਸਵਿੱਚ ਆਨ ਕਰਦੇ ਹਨ। ਪੱਖਾ ਚੱਲ ਪੈਂਦਾ ਹੈ। ਖ਼ੁਸ਼ੀ ਵਿੱਚ ਉਹ ਹੱਥ ਲਹਿਰਾਉਂਦੇ ਹਨ ਤੇ ਹਾਸੇ ਦਾ ਫਰਾਟਾ ਛੱਡਦੇ ਹਨ। ਫਿਰ ਇੱਕ ਦਿਨ ਮੈਨੂੰ ਦਫ਼ਤਰ ਬੁਲਾਇਆ ਜਾਂਦਾ ਹੈ-"ਗਿਆਨੀ ਜੀ ਜਦੋਂ ਪ੍ਰਾਰਥਨਾ 'ਚ ਜਾਈਦਾ, ਮਨ ਬਹੁਤ ਦੁਖੀ ਜਿਹਾ ਹੋ ਜਾਂਦਾ ਹੈ। ਬੱਚੇ ਉਈਂ ਭੇਡ ਰੰਭਾ ਜਿਹਾ ਪਾ ਰਹੇ ਹੁੰਦੇ ਐ ਤੇ ਪੀ. ਟੀ., ਡੀ. ਪੀ. ਨਿਆਣਿਆਂ ਨੂੰ ਕਲਾਸਾਂ ਵਿੱਚ ਤੋਰ ਦਿੰਦੇ ਹਨ। ਕੀ ਕੀਤਾ ਜਾਵੇ?"

ਮੈਂ ਉਨ੍ਹਾਂ ਦੇ ਚਿਹਰੇ 'ਤੇ ਛਾਈ ਪ੍ਰੇਸ਼ਾਨੀ ਸਾਫ਼ ਵੇਖਦਾ ਹਾਂ-"ਠੀਕ ਕਰ ਲੈਂਦੇ ਆਂ ਜੀ। ਤੁਸੀਂ ਦੱਸੋ ਕੀ ਕਰਨੈ?"

"ਤੁਸੀਂ ਕਰੋ ਕੁੱਛ। ਮਾਰਨਿੰਗ ਅਸੈਂਬਲੀ ਦਾ ਬਣਾਉ ਕੋਈ ਮੂੰਹ ਮੱਥਾ। ਕੰਮ ਤਾਂ ਇਹ ਉਨ੍ਹਾਂ ਦੁਹਾਂ ਦਾ ਹੈ ਪਰ ਦੋਵੇਂ ਹੀ ਸਾਵਧਾਨ ਵਿਸ਼ਰਾਮ ਕਹਿ ਕੇ ਦੂਰ ਹੁੰਦੇ ਨੇ।" ਉਨ੍ਹਾਂ ਦੀ ਹਦਾਇਤ ਮੁਤਾਬਿਕ ਮੈਂ ਸਵੇਰ ਦੀ ਸਭਾ ਸੰਭਾਲ ਲੈਂਦਾ ਹਾਂ। ਦਸ ਪੰਦਰ੍ਹਾਂ ਦਿਨ ਮੈਂ 'ਦੇਹਿ ਸਿਵਾ ਵਰ ਮੁਹਿ ਇਹੈ' ਤੇ 'ਜਨ ਗਨ ਮਨ ਅਧਿਨਾਇਕ ਜੈ ਹੇ' ਸਹੀ ਧੁਨਾਂ ਵਿੱਚ ਗਾ ਕੇ ਵਿਦਿਆਰਥੀਆਂ ਦਾ ਅਭਿਆਸ ਕਰਾਉਂਦਾ ਹਾਂ। ਫਿਰ ਪੰਦਰ੍ਹਾਂ ਕੁ ਦਿਨਾਂ ਬਾਅਦ ਕੁੱਝ ਵਿਦਿਆਰਥੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਆਪਣੇ ਨਾਲ਼ ਗਵਾਉਂਦਾ ਹਾਂ। ਗੱਲ ਰਾਸ ਆ ਜਾਂਦੀ ਹੈ। ਚਿੱਤ ਵਿੱਚ ਸੋਚਦਾ ਹਾਂ ਕਿ ਬਹੁਤੇ ਲੋਕ ਸਿਰਫ਼ ਨੌਕਰੀ ਲਈ ਅਧਿਆਪਕੀ ਦਾ ਕੋਰਸ ਕਰ ਲੈਂਦੇ ਹਨ ਪਰ ਅਧਿਆਪਕ ਬਣਨ ਦਾ ਯਤਨ ਨਹੀਂ ਕਰਦੇ।

ਪੰਜ-ਚਾਰ ਦਿਨ ਹੋਰ ਬੀਤ ਜਾਂਦੇ ਹਨ। ਸਾਡੀ ਸਵੇਰ ਦੀ ਸਭਾ ਨੇ ਰੰਗ ਫੜ ਲਿਆ ਹੈ।

ਸੁਰੇਸ਼ ਜੀ ਮੈਨੂੰ ਫਿਰ ਦਫ਼ਤਰ ਬੁਲਾਉਂਦੇ ਹਨ। ਸੇਵਾਦਾਰ ਨੂੰ ਬੁਲਾ ਕੇ ਪਾਣੀ ਮੰਗਵਾਉਂਦੇ ਹਨ। ਪਾਣੀ ਦਾ ਗਲਾਸ ਮੇਰੇ ਹੱਥ ਦਿੱਤਾ ਜਾਂਦਾ ਹੈ। ਮੈਂ ਬਿਨਾਂ ਪਿਆਸ ਪਾਣੀ ਪੀਂਦਾ ਹਾਂ।

"ਗਿਆਨੀ ਜੀ ਮੇਰੀ ਇੱਛਾ ਹੈ ਕਿ ਸਵੇਰ ਦੀ ਸਭਾ ਵਿੱਚ ਤੁਸੀਂ ਪੰਜ-ਚਾਰ ਮਿੰਟ ਕੋਈ ਵਿਚਾਰ ਪੇਸ਼ ਕਰਿਆ ਕਰੋ।" ਹੁਕਮ ਨਹੀਂ ਉਨ੍ਹਾਂ ਦੀ ਆਵਾਜ਼ ਵਿੱਚ ਕੁੱਝ ਤਰਲੇ ਵਰਗਾ ਮਹਿਕਦਾ ਜਾਪਿਆ। ਐਨਾ ਨਿਮਰ! ਮੈਨੂੰ ਤਾਂ ਕਦੇ ਐਨੀ ਨਿਮਰ ਧੁਨੀ ਵਿੱਚ ਗੱਲ ਕਰਨ ਵਾਲ਼ਾ ਮੁਖੀ ਨਹੀਂ ਸੀ ਮਿਲ਼ਿਆ। ਏਸੇ ਕਰਕੇ ਮੇਰੀ ਕਿਸੇ ਮੁਖੀ ਨਾਲ਼ ਬਣੀ ਨਹੀਂ ਸੀ। ਖ਼ਾਸ ਕਰਕੇ ਫੰਡਾਂ ਨੂੰ ਬੁਰਕ ਮਾਰਨ ਦੀ ਆਦਤ ਤੋਂ ਮੈਂ ਹਰੇਕ ਨਾਲ਼ ਆਹਡਾ ਲਾ ਲੈਂਦਾ ਰਿਹਾ ਸਾਂ। ਮੈਂ ਸਵੇਰ ਦੀ ਸਭਾ ਵਿੱਚ 'ਅੱਜ ਦਾ ਵਿਚਾਰ' ਪੰਜ ਸੱਤ ਮਿੰਟ ਬੋਲਣਾ ਵੀ ਆਰੰਭ ਦਿੱਤਾ। ਫਿਰ ਉਨ੍ਹਾਂ ਇੱਛਾ ਪ੍ਰਗਟ ਕੀਤੀ ਕਿ ਰੂਮੀ ਵਾਲ਼ੇ ਡੇਰੇ ਵੱਲੋਂ ਤਿਆਰ ਕੀਤੀ ਨਵੀਂ ਇਮਾਰਤ ਦੀਆਂ ਕੰਧਾਂ ਉੱਪਰ ਚੰਗੇ ਵਿਚਾਰ ਲਿਖੇ ਜਾਣ। ਮੈਨੂੰ ਹੀ ਉਨ੍ਹਾਂ ਨੇ ਵਿਚਾਰ ਇਕੱਠੇ ਕਰਨ ਲਈ ਕਹਿ ਦਿੱਤਾ। ਇੱਕ ਦਿਨ ਵਿੱਚ ਹੀ ਪੰਦਰ੍ਹਾਂ ਵੀਹ ਵਿਚਾਰ ਲਿਖ ਕੇ ਉਨ੍ਹਾਂ ਦੀ ਮੇਜ਼ 'ਤੇ ਲਿਜਾ ਰੱਖੇ। ਜਦ ਉਨ੍ਹਾਂ ਨੇ ਪੇਂਟਰ ਦਾ ਪ੍ਰਬੰਧ ਕਰਨ ਲਈ ਕਿਹਾ ਤਾਂ ਮੈਂ ਹੀ ਇਹ ਕੰਮ ਵੀ ਸੰਭਾਲ਼ ਲਿਆ। ਰੰਗ ਤੇ ਬੁਰਸ਼ ਆ ਗਏ। ਵਿਹਲੇ ਪੀਰੀਅਡ ਵਿੱਚ ਮੈਂ ਮੇਜ਼ 'ਤੇ ਚੜ੍ਹੇ ਹੋਣਾ। ਹਰ ਰੋਜ਼ ਇੱਕ ਦੋ ਵਿਚਾਰ ਕੰਧਾਂ 'ਤੇ ਲਿਖੇ ਜਾਣ ਲੱਗੇ। ਸਕੂਲ ਦੀ ਰੂਹ ਹੀ ਬਦਲਣੀ ਆਰੰਭ ਹੋ ਗਈ। ਪਾਠਕ ਸੋਚ ਸਕਦੇ ਹਨ ਕਿ ਮੈਂ ਤਾਂ ਸੁਰੇਸ਼ ਜੀ ਦੀਆਂ ਗੱਲਾਂ ਕਰਨ ਦੀ ਥਾਂ ਆਪਣੀਆਂ ਗੱਲਾਂ ਹੀ ਕਰੀ ਜਾਂਦਾ ਹਾਂ, ਪਰ ਮੇਰੀ ਬੇਨਤੀ ਹੈ ਕਿ ਇਨ੍ਹਾਂ ਸ਼ਬਦਾਂ ਵਿੱਚੋਂ ਉਸਰਦੀ ਸੁਰੇਸ਼ ਜੀ ਦੀ ਸ਼ਖ਼ਸੀਅਤ ਦੀਆਂ ਝਲਕਾਂ ਵੇਖੀਆਂ ਜਾਣ ਜਿਨ੍ਹਾਂ ਨੇ ਇੱਕ ਗੁੱਸੇਖੋਰ ਅਧਿਆਪਕ ਨਾਲ਼ ਐਨੀ ਅਪਣੱਤ ਪੈਦਾ ਕਰ ਲਈ ਕਿ ਕਿਸੇ ਵੀ ਕੰਮ ਲਈ ਜਵਾਬ ਹੀ ਨਹੀਂ ਦੇ ਸਕਦਾ। ਮੁੱਢਲੇ ਦਿਨਾਂ ਵਿੱਚ ਮੇਰੀ ਇੱਕ ਵੱਡੀ ਗਲਤੀ ਦਾ ਸਰਵਿਸ ਬੁੱਕ ਵਿੱਚ ਸਸਪੈਂਸ਼ਨ ਦਾ ਇੰਦਰਾਜ਼ ਹੀ ਮੇਰੇ ਖਿਤ ਪਿਆ ਰਹਿੰਦਾ ਸੀ, ਜਿਸ ਵੱਲ ਸੁਰੇਸ਼ ਜੀ ਕੋਈ ਤਵੱਜੋਂ ਹੀ ਨਹੀਂ ਦਿੱਤੀ।

ਇਸ ਨੂੰ ਮੇਰਾ ਗੁਣ ਕਹੋ ਜਾਂ ਔਗੁਣ। ਮੈਂ ਹਫ਼ਤੇ ਦੇ ਪੰਜ ਦਿਨ ਵਿਦਿਆਰਥੀਆਂ ਨੂੰ ਕੰਮ ਨਾ ਕਰਕੇ ਲਿਆਉਣ ਬਦਲੇ ਕੁੱਝ ਨਹੀਂ ਸਾਂ ਕਹਿੰਦਾ। ਬਸ ਇਹ ਪੁੱਛ ਛੱਡਦਾ ਸਾਂ-"ਕੀ ਗੱਲ ਬਈ ਕੰਮ ਕਰਕੇ ਨ੍ਹੀਂ ਲਿਆਂਦਾ। ਕੀ ਵਿਚਾਰ ਹੈ ?"

ਜੋ ਵਿਦਿਆਰਥੀ ਫੇਰ ਵੀ ਕੰਮ ਕਰਕੇ ਨਾ ਲਿਆਇਆ ਹੁੰਦਾ ਫਿਰ ਮੇਰੀ ਤਾਉਣੀ ਤੋਂ ਬਚ ਨਹੀਂ ਸੀ ਸਕਦਾ। ਪਿੰਡ ਦੇ ਅਕਾਲੀ ਆਫ਼ਰੇ ਰਹਿੰਦੇ ਸਨ ਪਰ ਬਾਕੀ ਸਾਰਾ ਪਿੰਡ ਮੇਰੇ ਸਾਹੀਂ ਜਿਉਂਦਾ ਸੀ। ਉਲ੍ਹਾਂਮੇ ਆਉਂਦੇ। ਸੁਰੇਸ਼ ਜੀ ਆਏ ਬੰਦਿਆਂ ਨੂੰ ਮੇਰੇ ਤੱਕ ਆਉਣ ਹੀ ਨਾ ਦਿੰਦੇ। ਰਿਜ਼ਲਟ ਰਜਿਸਟਰ ਕੱਢ ਕੇ ਅਗਲੇ ਦੇ ਮੂਹਰੇ ਕਰ ਦਿੰਦੇ-"ਆਹ ਵੇਖੋ, ਆਹ ਪਹਿਲੇ ਅਧਿਆਪਕ ਦੇ ਨਤੀਜੇ ਹਨ, ਨੰਬਰ ਵੇਖੋ। ਹੈ ਕੋਈ ਸੱਤਰ ਪਰਸੈਂਟ ਤੋਂ ਉੱਪਰ। ਆਹ ਇਸ ਅਧਿਆਪਕ ਦੇ ਨੇ, ਕੋਈ ਥਰਡ ਡਵੀਜ਼ਨ ਦਿਖਾਉ। ਫਸਟ ਤੇ ਸੈਕਿੰਡ ਡਵੀਜ਼ਨਾਂ ਨਾਲ਼ ਰਜਿਸਟਰ ਭਰਿਆ ਪਿਆ ਹੈ। ਇੱਕ ਸੌ ਦਸ, ਇੱਕ ਸੌ ਪੰਦਰ੍ਹਾਂ ਇੱਕ ਸੌ ਵੀਹ।" ਅਗਲੇ ਨੂੰ ਠੰਢਾ ਕਰਕੇ ਤੋਰ ਦਿੰਦੇ। ਦੋ ਵਾਰ ਅਕਾਲੀ ਸਰਕਾਰ ਦੁਆਰਾ ਮੇਰੀ ਬਦਲੀ ਕਰਵਾ ਦਿੱਤੀ ਜਾਂਦੀ ਰਹੀ। ਦੁਹੀਂ ਵਾਰ ਪਿੰਡ ਦੀ ਪੰਚਾਇਤ ਹੀ ਨਹੀਂ, ਆਮ ਲੋਕਾਂ ਨੂੰ ਵੀ ਨਾਲ਼ ਜੋੜ ਕੇ ਮੇਰੀ ਬਦਲੀ ਰੱਦ ਕਰਵਾ ਕੇ ਆਪਣੇ ਕੋਲ਼ ਰੱਖਣ ਵਿੱਚ ਸਫ਼ਲ ਹੁੰਦੇ ਰਹੇ।

ਮੈਡਮ ਰਾਜ ਗੁਪਤਾ ਨਾਲ਼ ਸ਼ਾਦੀ ਦਾ ਕਾਂਡ ਵੀ ਬੜਾ ਦਿਲਚਸਪ ਹੈ। ਅਧਿਆਪਕਾਵਾਂ ਦੀ ਪ੍ਰੇਰਨਾ ਨਾਲ਼ ਐਮ. ਐੱਡ ਹੋਣ ਬਾਅਦ ਉਸ ਉੱਪਰ ਪ੍ਰਸ਼ਨ ਹੋਣ ਲੱਗੇ-"ਸੁਰੇਸ਼ ਤੂੰ ਹੁਣ ਵਿਆਹ ਕਰਾ ਲੈ। ਜੀਵਨ ਵਿੱਚ ਸੈੱਟ ਹੋ।"



"ਕੁੜੀ ਵਾਲ਼ੇ ਵੇਖਣ ਤਾਂ ਆਉਂਦੇ ਨੇ ਪਰ ਮਾਸਟਰ ਲੱਗਿਆ ਵੇਖ ਕੇ ਮੁੜ ਜਾਂਦੇ ਨੇ।" ਮੇਰੇ ਨਾਲ਼ ਗੱਲ ਕਰਦਿਆਂ ਸੁਰੇਸ਼ ਜੀ ਨੇ ਕਿਹਾ, "ਯਾਰ ਕੋਈ ਅਫ਼ਸਰ ਚਾਹੇ ਜਿੰਨੀ ਮਰਜ਼ੀ ਕੁਰਪਸ਼ਨ ਕਰੇ, ਵਧੀਆ ਗਿਣਿਆ ਜਾਊ ਪਰ ਇੱਕ ਇਮਾਨਦਾਰ ਤੇ ਆਪਣੇ ਕਿੱਤੇ ਵਿੱਚ ਮਾਹਰ ਮਾਸਟਰ ਦਾ ਦਰਜ਼ਾ ਲੋਕਾਂ ਦੀਆਂ ਨਜ਼ਰਾਂ ਵਿੱਚ ਸਿਫ਼ਰ ਹੈ।"

ਉਨ੍ਹੀਂ ਦਿਨੀਂ ਬਠਿੰਡੇ ਵਿੱਚ ਕੌਮਿਊਨਿਸਟ ਪਾਰਟੀ ਦੀ ਪੁਰਾਣੀ ਵੱਡੀ ਲੀਡਰਸ਼ਿੱਪ ਬਿਰਾਜਮਾਨ ਸੀ ਜਿਸ ਵਿੱਚ ਰਾਜਿੰਦਰ ਸਿੰਘ ਭਸੀਨ ਅਤੇ ਸ੍ਰੀਮਤੀ ਇਕਬਾਲ ਕੌਰ ਭਸੀਨ ਦਾ ਉੱਘੀਆਂ ਸ਼ਖ਼ਸੀਅਤਾਂ ਵਿੱਚ ਸ਼ਮੂਰ ਹੁੰਦਾ ਸੀ। ਉਹ ਵੀ ਕੁੜੀਆਂ ਵਾਲ਼ੇ ਸਕੂਲ ਵਿੱਚ ਤਾਇਨਾਤ ਸਨ। ਉਨ੍ਹਾਂ ਪ੍ਰਤੀ ਨੌਜੁਆਨ ਸੁਰੇਸ਼ ਦਾ ਭਗਤੀ ਭਾਵ ਵਰਗਾ ਰਿਸ਼ਤਾ ਸਥਾਪਤ ਹੋ ਗਿਆ। ਮਾਨਵਵਾਦੀ ਤਰਜ਼ ਦੀ ਸੋਚ ਰੱਖਣ ਵਾਲ਼ੀ ਮੈਡਮ ਭਸੀਨ ਵੀ ਅਜ਼ੀਮ ਸ਼ਖ਼ਸੀਅਤ ਦੀ ਮਾਲਕ ਸਨ। ਐਮ. ਏ. ਅੰਗਰੇਜ਼ੀ ਕਰਨ ਲਈ ਪਟਿਆਲੇ ਚਲੇ ਗਏ, ਜਿੱਥੇ ਹੋਰ ਕੁੜੀਆਂ ਦੇ ਨਾਲ਼ ਰਾਜ ਕੁਮਾਰੀ ਨਾਂ ਦੀ ਕੁੜੀ ਉਨ੍ਹਾਂ ਦੀ ਸਹਿਪਾਠੀ ਸੀ। ਇੱਕ ਦਿਨ ਸਹਿਵਨ ਹੀ ਇਕਬਾਲ ਭਸੀਨ ਨੇ ਕੁੜੀਆਂ ਨੂੰ ਕਹਿ ਦਿੱਤਾ-"ਕੁੜੀਓ ਜੇ ਕਿਸੇ ਨੇ ਵਿਆਹ ਕਰਾਉਣੈ ਤਾਂ ਦੱਸ ਦਿਉ, ਮੇਰੇ ਕੋਲ਼ ਮੁੰਡੇ ਬਹੁਤ ਨੇ।"

ਉਨ੍ਹਾਂ ਵਿੱਚੋਂ ਰਾਜ ਕੁਮਾਰੀ ਨੇ ਹਾਂ ਕਹਿ ਦਿੱਤੀ ਤੇ ਨਾਲ਼ ਹੀ ਕਹਿ ਦਿੱਤਾ-"ਗੱਲ ਮੇਰੇ ਮਾਪਿਆਂ ਨਾਲ਼ ਕਰਨੀ ਪਊਗੀ।"

ਪਰਿਵਾਰਾਂ ਵਿੱਚ ਗੱਲ ਹੋਈ ਤਾਂ ਕੁੜੀ ਵਾਲ਼ਿਆਂ ਸ਼ਰਤ ਰੱਖ ਦਿੱਤੀ ਕਿ ਇੱਕ ਅਟੈਚੀ ਵਿੱਚ ਪੰਜ ਚਾਰ ਸੂਟਾਂ ਤੋਂ ਵੱਧ ਕੁੱਝ ਨਹੀਂ ਹੋਵੇਗਾ। ਕੋਈ ਦਾਜ-ਦਹੇਜ ਨਹੀਂ। ਬਸ ਫਿਰ ਕੀ ਸੀ, ਮੈਡਮ ਭਸੀਨ ਦੇ ਯਤਨਾਂ ਨਾਲ਼ ਸ਼ਾਦੀ ਸੰਪੰਨ ਹੋ ਗਈ। ਮੈਡਮ ਰਾਜ ਗੁਪਤਾ ਜੋ ਕਿ ਆਪਣੇ ਆਪ ਵਿੱਚ ਅਜ਼ੀਮ ਸ਼ਖ਼ਸੀਅਤ ਸਨ। ਇਸ ਵਿਆਹੁਤਾ ਜੀਵਨ ਵਿੱਚੋਂ ਉਨ੍ਹਾਂ ਦੇ ਘਰ ਤਿੰਨ ਪੁੱਤਰ ਪੈਦਾ ਹੋਏ, ਜੋ ਸਾਰੇ ਦੇ ਸਾਰੇ ਹੀ ਉੱਚ-ਅਹੁਦਿਆਂ ਉੱਪਰ ਬਿਰਾਜਮਾਨ ਹਨ। ਉਨ੍ਹਾਂ ਦੀ ਸ੍ਰੀਮਤੀ ਮੈਡਮ ਰਾਜ ਗੁਪਤਾ ਜੀ ਜਿੱਥੇ ਅੰਗਰੇਜ਼ੀ ਦੀ ਵਧੀਆ ਅਧਿਆਪਕ ਸਨ, ਕਾਲਜ ਦੀ ਐਨ. ਐੱਸ. ਐੱਸ. ਦੇ ਵੀ ਇਨਚਾਰਜ ਸਨ। ਉਨ੍ਹਾਂ ਨੇ ਹਾਈ ਸਕੂਲ ਭੁੱਚੋ ਕਲਾਂ ਵਿੱਚ ਐੱਸ. ਐੱਸ. ਡੀ. ਗਰਲਜ਼ ਕਾਲਜ ਦੀਆਂ ਲੜਕੀਆਂ ਦਾ ਐੱਨ. ਐੱਸ. ਐੱਸ. ਕੈਂਪ ਰੱਖ ਲਿਆ। ਸੁਰੇਸ਼ ਜੀ ਨੇ ਸਾਰੇ ਪ੍ਰਬੰਧ ਦੀ ਕਮਾਂਡ ਮੇਰੇ ਹਵਾਲੇ ਕਰ ਦਿੱਤੀ। ਮੈਂ ਉਦੋਂ ਸਕੂਲ ਦੇ ਬਿਲਕੁੱਲ ਨਜ਼ਦੀਕ ਹੀ ਰਿਹਾਇਸ਼ ਰੱਖੀ ਹੋਈ ਸੀ। ਸਭ ਤੋਂ ਪਹਿਲਾਂ ਮੈਂ ਬਿਜਲੀ ਦੀ ਤਾਰ ਦਾ ਗੁੱਛਾ ਲਿਆ ਕੇ ਥਾਂ-ਥਾਂ ਬੱਲਵ ਲਗਾ ਕੇ ਲਾਈਟ ਦਾ ਪ੍ਰਬੰਧ ਕੀਤਾ। ਕਿਸੇ ਤਰ੍ਹਾਂ ਦੀ ਵੀ ਕੋਈ ਜ਼ਰੂਰਤ ਹੁੰਦੀ ਰਾਜ ਜੀ ਮੈਨੂੰ ਸੁਨੇਹਾ ਲਾਉਂਦੇ ਮੈਂ ਹਾਜ਼ਰ ਹੋ ਜਾਂਦਾ। ਇਸ ਕੈਂਪ ਦੌਰਾਨ ਹੀ ਮੈਡਮ ਨੇ ਮੈਨੂੰ ਹੁਕਮ ਦਿੱਤਾ ਕਿ ਮੈਂ ਲੜਕੀਆਂ ਨੂੰ ਇੱਕ ਘੰਟੇ ਲਈ ਕਿਸੇ ਵਿਸ਼ੇ ਉੱਪਰ ਭਾਸ਼ਨ ਦਿਆਂ। ਭਾਸ਼ਨ ਤਾਂ ਮੇਰੇ ਲਈ ਦਵਾ-ਦਾਰੂ ਵਰਗੀ ਚੀਜ਼ ਸੀ ਕੋਈ। ਜਗਮੋਹਨ ਕੌਰ ਨਾਂ ਦੀ ਅੰਮ੍ਰਿਤਧਾਰੀ ਲੜਕੀ ਨੇ ਗੁਰਮਤਿ ਸਿਧਾਂਤ ਦੇ ਵਿਸ਼ੇ 'ਤੇ ਹੀ ਬੋਲਣ ਲਈ ਕਿਹਾ। ਤਾਂ ਮੈਂ ਭਗਤੀ ਲਹਿਰ ਤੋਂ ਆਰੰਭ ਕਰਕੇ ਪੰਜਾਬ ਦੀ ਫਿਜ਼ਾ ਵਿੱਚ ਭਗਤੀ ਰਸ ਘੁਲ਼ਣ ਤੱਕ ਦਾ ਇਤਿਹਾਸ ਘੰਟੇ ਸਵਾ-ਘੰਟੇ ਦੀ ਗੱਲਬਾਤ ਵਿੱਚ ਬੱਚੀਆਂ ਨਾਲ਼ ਸਾਂਝਾ ਕਰ ਦਿੱਤਾ। 'ਰੂਮੀ ਵਾਲ਼ਾ ਡੇਰਾ ਭੁੱਚੋ ਕਲਾਂ' ਦੀਆਂ ਗੈਰ-ਧਾਰਮਿਕ ਅਤੇ ਛੂਆ -ਛੂਤ ਬਾਰੇ ਧਾਰਨਾਵਾਂ ਦੀ ਗੱਲ ਛਿੜ ਪਈ ਜੋ ਮੈਂ ਟਾਲਣ ਦਾ ਯਤਨ ਕੀਤਾ ਪਰ ਲੜਕੀਆਂ ਵਿੱਚ ਸੁਤੇ ਹੀ ਇਸ ਵਰਤਾਰੇ ਬਾਰੇ

ਰੋਸ ਪੈਦਾ ਹੋ ਗਿਆ ਸੀ। ਕੈਂਪ ਬਹੁਤ ਕਾਮਯਾਬ ਰਿਹਾ। ਇੱਥੇ ਹੀ ਮੈਨੂੰ ਪਤਾ ਲੱਗਾ ਕਿ ਇਸ ਪਰਿਵਾਰ ਨੇ ਊਸ਼ਾ ਨਾਂ ਇੱਕ ਲੜਕੀ ਨੂੰ ਇੱਕ ਤਰ੍ਹਾਂ ਧੀ ਦਾ ਦਰਜ਼ਾ ਦਿੱਤਾ ਹੋਇਆ। ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਸਾਰਾ ਪ੍ਰਬੰਧ ਤਾਂ ਮੇਰੇ ਹੱਥ ਵਿੱਚ ਹੀ ਸੀ। ਕੁੜੀਆਂ ਨੇ ਹਰ ਕਿਰਤ ਨੂੰ ਚਾਰ ਚੰਨ ਲਾ ਕੇ ਪੇਸ਼ ਕੀਤਾ। ਅੰਬੀ ਦਾ ਬੂਟਾ ਵਿੱਚ ਉਸ਼ਾ ਨੇ ਜੋ ਭੂਮਿਕਾ ਨਿਭਾਈ, ਕਮਾਲ ਹੀ ਸੀ। ਅਗਲੇ ਦਿਨ ਸੁਰੇਸ਼ ਜੀ ਨੇ ਖੁਦ ਉਸ ਕੁੜੀ ਬਾਰੇ ਕਾਫ਼ੀ ਗੱਲਾਂ ਸਾਂਝੀਆਂ ਕੀਤੀਆਂ। ਅੱਜ ਉਹ ਕੁੜੀ ਮੈਡਮ ਰਾਜ ਗੁਪਤਾ ਦੀ ਪੰਜਾਬੀ ਦੀ ਪ੍ਰਾਅਧਿਆਪਕਾ ਦੇ ਨਾਲ਼ ਐਨ. ਐੱਸ. ਐੱਸ. ਦੀ ਇਨਚਾਰਜ ਹੈ।

ਇੱਕ ਵਾਰ ਉਨ੍ਹਾਂ ਨੇ ਪੰਜ ਹਜ਼ਾਰ ਰੁਪਏ ਦੇ ਕੇ ਮੈਨੂੰ ਲਾਹੌਰ ਬੁੱਕ ਸ਼ਾਪ ਤੋਂ ਕਿਤਾਬਾਂ ਲਿਆਉਣ ਲਈ ਲੁਧਿਆਣੇ ਭੇਜਿਆ ਤਾਂ ਮੈਂ ਕਿਤਾਬਾਂ ਉੱਪਰ ਮਿਲ਼ੇ ਕਮਿਸ਼ਨ ਦੀਆਂ ਹੋਰ ਕਿਤਾਬਾਂ ਖ਼ਰੀਦ ਲਈਆਂ। ਅਸਲ ਗਿਣਤੀ ਨਾਲ਼ੋਂ ਵੱਧ ਕਿਤਾਬਾਂ ਦੇਖ ਕੇ ਉਨ੍ਹਾਂ ਦੀ ਮੇਰੇ ਨਾਲ਼ ਹੋਰ ਵੀ ਨੇੜਤਾ ਬਣ ਗਈ।

ਇੱਕ ਦਿਨ ਮੈਂ ਦਫ਼ਤਰ ਵਿੱਚ ਉਨ੍ਹਾਂ ਕੋਲ਼ ਬੈਠਾ ਵਿਹਲੇ ਪੀਰੀਅਡ ਦਾ ਲਾਹਾ ਲੈਣ ਲਈ ਗੱਲੀਂ ਲੱਗਿਆ ਹੋਇਆ ਸਾਂ ਕਿ ਉਨ੍ਹਾਂ ਨੇ ਬਹੁਤ ਹੀ ਸਹਿਜ ਨਾਲ਼ ਮੇਰੇ ਵੱਲ ਸੁਆਲ ਦਾਗ ਦਿੱਤਾ–"ਅਤਰਜੀਤ ਅਨੁਸ਼ਾਸਨ ਦਾ ਤੁਸੀਂ ਕੀ ਅਰਥ ਲੈਂਦੇ ਹੋ ?" ਮੈਨੂੰ ਇਹ ਸਮਝਣ ਵਿੱਚ ਦੇਰ ਨਹੀਂ ਲੱਗੀ ਕਿ ਸੁਰੇਸ਼ ਜੀ ਮੇਰੇ ਕੋਲੋਂ ਅਨੁਸ਼ਾਸਨ ਦੇ ਅਰਥ ਨਹੀਂ ਪੁੱਛ ਰਹੇ, ਇਮਤਿਹਾਨ ਲੈ ਰਹੇ ਹਨ। ਮੈਂ ਜਵਾਬ ਦਿੱਤਾ–"ਅਨੁਸ਼ਾਸਨ ਦੁਹਾਂ ਪਾਸਿਆਂ ਤੋਂ ਸਮਝਣ ਵਾਲ਼ੀ ਕੋਈ ਚੀਜ਼ ਹੈ, ਇੱਕ ਪਾਸੇ ਤੋਂ ਇਸ ਨੂੰ ਸਮਝਿਆ ਨਹੀਂ ਜਾ ਸਕਦਾ। ਜੇ ਇੱਕ ਧਿਰ ਦੂਜੀ ਧਿਰ ਤੋਂ ਤਾਂ ਅਨੁਸ਼ਾਸਨ ਦੀ ਉਮੀਦ ਰੱਖੇ, ਆਪ ਅਨੁਸ਼ਾਸਨ ਦੀ ਪਾਬੰਦ ਨਾ ਹੋਵੇ ਤਾਂ ਗੜਬੜ ਹੁੰਦੀ ਐ।" ਉਨਾਂ ਨੇ ਮੇਰੇ ਵੱਧ ਹੱਥ ਕੱਢਿਆ–"ਅਤਰਜੀਤ ਆਪਾਂ ਅੱਜ ਤੋਂ ਦੋਸਤ ਹਾਂ, ਮਤਹਿਤ ਤੇ ਬੌਸ ਨਹੀਂ।"

ਫਿਰ ਕੀ ਸੀ, ਇਸ ਉਪਰੰਤ ਮੇਰੀ ਰਸਾਈ ਇਸ ਪਰਿਵਾਰ ਦੇ ਅੰਦਰਲੇ ਕਮਰਿਆਂ ਤੱਕ ਹੋ ਗਈ। ਇੱਕ ਦਿਨ ਮੈਂ, ਸੁਰੇਸ਼ ਜੀ ਅਤੇ ਮੈਡਮ ਰਾਜ ਗੁਪਤਾ ਜੀ ਮੇਜ਼ ਦੁਆਲ਼ੇ ਬੈਠੇ ਚਾਹ ਪਾਣੀ ਪੀ ਰਹੇ ਸਾਂ। ਸੁਰੇਸ਼ ਜੀ ਕਦੇ ਕੋਈ ਚੀਜ਼, ਕਦੇ ਕੋਈ ਪਕਵਾਨ ਮੇਰੇ ਮੂਹਰੇ ਕਰ ਰਹੇ ਸਨ, ਕਦੇ ਰਾਜ ਗੁਪਤਾ ਜੀ ਕੋਈ ਹੋਰ ਚੀਜ਼ ਖਾਣ ਲਈ ਮੇਰੇ ਵੱਲ ਕਰ ਰਹੇ ਸਨ। ਇਸ ਦੌਰਾਨ ਹੀ ਸੁਰੇਸ਼ ਜੀ ਨੇ ਗੁਲਾਬ ਵਾਂਗ ਖਿੜੇ ਚਿਹਰੇ ਦੀ ਰੌਣਕ ਬਖੇਰਦਿਆਂ ਕਹਿਣਾ ਸ਼ੁਰੂ ਕੀਤਾ–

"ਅਤਰਜੀਤ! ਜਦੋਂ ਮੈਂ ਭੁੱਚੋ ਹਾਜ਼ਰ ਹੋਇਆ ਸੀ ਤਾਂ ਸਾਰੇ ਸਕੂਲ ਮੁਖੀਆਂ ਨੇ ਮੈਨੂੰ ਇਹ ਕਹਿ ਕੇ ਡਰਾਇਆ ਸੀ ਕਿ ਉੱਥੇ ਅਤਰਜੀਤ ਪੰਜਾਬੀ ਅਧਿਆਪਕ ਹੈ, ਉਸ ਕੋਲ਼ੋਂ ਬਚ ਕੇ ਰਹੀਂ। ਕੋਈ ਦੋ ਕੁ ਮਹੀਨਿਆਂ ਬਾਅਦ ਸਕੂਲ ਮੁਖੀਆਂ ਦੀ ਮੀਟਿੰਗ ਹੋਈ। ਸਾਰੇ ਸਕੂਲ ਮੁਖੀ ਮੇਰੇ ਦੁਆਲ਼ੇ ਹੋ ਗਏ। ਹਰੇਕ ਹੀ ਆਖੇ–'ਕਿਉਂ ਸੁਰੇਸ਼ ਬਚਿਆ।' ਮੈਂ ਪਹਿਲਾਂ ਤਾਂ ਚੁੱਪ ਰਿਹਾ, ਫਿਰ ਜਦੋਂ ਭਾਗ ਸਿੰਘ ਡਿਪਟੀ ਡੀ. ਈ. ਓ. ਆ ਕੇ ਸਟੇਜ 'ਤੇ ਕੁਰਸੀ ਮੱਲ ਕੇ ਬੈਠ ਗਏ, ਤਾਂ ਮੈਂ ਉਹਨਾਂ ਤੋਂ ਆਗਿਆ ਲੈ ਕੇ ਸਟੇਜ 'ਤੇ ਜਾ ਚੜ੍ਹਿਆ। ਅਤਰਜੀਤ, ਮੈਨੂੰ ਸਕੂਲਾਂ ਦੇ ਮੁਖੀਆਂ 'ਤੇ ਹਰਖ ਚੜ੍ਹੀ ਜਾਵੇ ਬਈ ਇਹ ਬਗੈਰ ਕਿਸੇ ਬੰਦੇ ਨੂੰ ਜਾਣੇ, ਸੁਣੀ ਸੁਣਾਈ ਧਾਰਨਾ ਨਾਲ਼ ਅਗਲੇ ਨੂੰ ਨਫ਼ਰਤ ਦਾ ਪਾਤਰ ਬਣਾਈ ਜਾਂਦੇ ਨੇ। ਮੈਂ ਬੋਲਣਾ ਸ਼ੁਰੂ ਕਰ ਦਿੱਤਾ। ਮਾਨਯੋਗ ਸ੍ਰ. ਭਾਗ ਸਿੰਘ ਜੀ ਡਿਪਟੀ



ਡੀਓ ਸਾਹਿਬ ਤੇ ਮੁਖੀ ਸਾਹਿਬਾਨ, ਤੁਸੀਂ ਮੇਰੇ ਸਕੂਲ ਦੇ ਪੰਜਾਬੀ ਅਧਿਆਪਕ ਅਤਰਜੀਤ ਬਾਰੇ ਬੜੇ ਸੁਆਲ ਕੀਤੇ ਨੇ। ਮੈਂ ਸਮਝਦਾ ਹਾਂ ਕਿ ਤੁਸੀਂ ਉਸ ਬੰਦੇ ਨੂੰ ਜਾਣਦੇ ਹੀ ਨਹੀਂ, ਐਵੇਂ ਸੁਣੀਆਂ ਸੁਣਾਈਆਂ ਗੱਲਾਂ ਦੀ ਪੰਡ ਬੰਨ੍ਹੀ ਫਿਰਦੇ ਹੋ। ਉਸਦਾ ਕਸੂਰ ਇਹ ਹੈ ਕਿ ਉਸ ਨੇ ਗਰੀਬ ਘਰ ਵਿੱਚ ਜਨਮ ਲਿਆ ਹੈ, ਜੋ ਉਸਦੇ ਸਾਰੇ ਤਾਂ ਹੈ ਨਹੀਂ ਸੀ, ਜਿਸ ਨੂੰ ਸਾਡਾ ਸਮਾਜ ਮਨੁੱਖਾ ਜੂਨ ਵਿੱਚ ਹੀ ਨਹੀਂ ਸਮਝਦਾ। ਉਹ ਬਹੁਤ ਵਧੀਆ ਗਾਇਕ, ਬਹੁਤ ਹੀ ਵਧੀਆ ਬੁਲਾਰਾ, ਬਹੁਤ ਹੀ ਵਧੀਆ ਅਧਿਆਪਕ, ਚਿੱਤਰਕਾਰ, ਲਿਖਾਰੀ ਤੇ ਹੋਰ ਵੀ ਬਹੁਤ ਕੁੱਛ ਹੈ। ਉਹ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ ਯਾਰ। ਹੀ ਇਜ਼ ਫਾਈਟਿੰਗ ਫਾਰ ਹਿਜ਼ ਅਗਜ਼ਿਸਟੈਂਸ। ਤੁਸੀਂ ਲੋਕ ਜੇ ਉਸ ਦੇ ਮਗਰ ਪਉਗੇ ਤਾਂ ਉਹ ਤੁਹਾਨੂੰ ਬਖ਼ਸ਼ੇਗਾ ਨਹੀਂ, ਚਾਹੇ ਜਾਨ ਜਾਂਦੀ ਰਹੇ। ਉਹ ਅਣਖੀਲੈ, ਐਵੇਂ ਲੱਲੂ ਪੰਜੂ ਨਹੀਂ। ਸਭ ਹੈਰਾਨ!"

ਸੁਰੇਸ਼ ਜੀ ਦੇ ਇਨ੍ਹਾਂ ਬੋਲਾਂ ਦਾ ਅਸਰ ਮੈਂ ਕੁੱਝ ਦਿਨਾਂ ਬਾਅਦ ਹੀ ਡੀ.ਈ. ਓ. ਦੇ ਦਫ਼ਤਰ ਵਿੱਚ ਵੇਖਿਆ। ਇਹ ਦਫ਼ਤਰ ਜਿਸ ਨੇ ਮੈਨੂੰ ਤੜਫਾਉਣ ਦੀ ਕੋਈ ਕਸਰ ਨਹੀਂ ਸੀ ਛੱਡੀ। ਮਿਡਲ ਸਕੂਲ ਵੇਲ਼ੇ ਮੇਰੀ ਨਿਪੁੰਨਤਾ ਰੋਕ ਦੂਰ ਕਰਨ, ਇੰਕਰੀਮੈਂਟ ਲਾਉਣ ਜਾਂ ਹੋਰ ਕੋਈ ਵੀ ਵਿਭਾਗੀ ਕੰਮ ਕਰਨ ਵਿੱਚ ਅੜਿੱਕੇ ਲਾ ਕੇ ਜਿੱਚ ਕਰਨ ਦੀਆਂ ਇੱਕ ਨਹੀਂ, ਅਨੇਕ ਘਟਨਾਵਾਂ ਸਨ, ਜੋ ਮੇਰੀ ਖਿੱਝਖਿਝਾਹਟ ਦਾ ਕਾਰਨ ਬਣੀਆਂ ਰਹਿੰਦੀਆਂ ਸਨ। ਕਲਰਕ ਐਨੇ ਕੁੱਤੇ ਦੇ ਵੱਢੇ ਹੁੰਦੇ ਸਨ, ਕਿ ਰਿਸ਼ਵਤ ਬਗੈਰ ਗੱਲ ਕਰਨ ਲਈ ਵੀ ਤਿਆਰ ਨਹੀਂ ਸੀ ਹੁੰਦੇ। ਰੂਪ ਚੰਦ ਸ਼ਰਮਾ ਨਾਂ ਦੇ ਇੱਕ ਕਲੱਰਕ ਨੇ ਸਿੱਧੇ ਹੀ ਅਧੀਆ ਦਾਰੂ ਦਾ ਮੰਗ ਲਿਆ ਸੀ ਤੇ ਮੈਂ ਉਸ ਦੇ ਮੂੰਹ 'ਤੇ ਹੀ ਇਹ ਸ਼ਬਦ ਆਖ ਆਇਆ ਸਾਂ, 'ਇਹ ਮੇਰੇ ਕਲਚਰ ਦਾ ਹਿੱਸਾ ਨਹੀਂ, ਰੂਪ ਚੰਦ ਸ਼ਾਇਦ ਇਹ ਬ੍ਰਹਿਮਣਾਂ ਨੂੰ ਰਾਸ ਆ ਜਾਂਦਾ ਹੋਣੈ।'

ਉਹ ਮੇਰੇ ਨਾਲ਼ੋਂ ਚਾਰ ਪੰਜ ਸਾਲ ਪਹਿਲਾਂ ਸੇਵਾ ਮੁਕਤ ਹੋ ਚੁੱਕੇ ਸਨ। ਮੈਂ ਵੀ ਸੇਵਾ ਮੁਕਤ ਹੋ ਚੁੱਕਾ ਸਾਂ। ਮੇਰੀ ਸੇਵਾ ਮੁਕਤੀ 'ਤੇ ਉਹ ਮੇਰੇ ਗਲ਼ ਵਿੱਚ ਪਾਉਣ ਲਈ ਨੋਟਾਂ ਦਾ ਵੱਡਾ ਹਾਰ ਲਿਆਏ ਸਨ। ਰਾਜ ਗੁਪਤਾ ਜੀ ਨੇ ਐੱਸ. ਐੱਸ. ਡੀ. ਗਰਲਜ਼ ਕਾਲਜ ਵਿੱਚ ਮੈਨੂੰ ਵੰਨ-ਸੁਵੰਨੇ ਵਿਸ਼ਿਆਂ 'ਤੇ ਲੈਕਚਰ ਦੇਣ ਲਈ ਅਨੇਕ ਵਾਰ ਬੁਲਾਇਆ ਸੀ।

ਸੁਰੇਸ਼ ਜੀ ਦੀ ਬੋਰਡ ਦੇ ਇਮਤਿਹਾਨਾਂ ਵਿੱਚ ਫਲਾਇੰਗ ਸਕੁਐਡ ਵਿੱਚ ਡਿਊਟੀ ਲੱਗ ਗਈ ਤੇ ਹਦਾਇਤ ਸੀ ਕਿ ਇੱਕ ਜਣੇ ਨੂੰ ਉਹ ਖ਼ੁਦ ਆਪਣੀ ਪਸੰਦ ਦਾ ਨਿਯੁਕਤ ਕਰ ਲੈਣ। ਉਨ੍ਹਾਂ ਨੇ ਮੇਰੀ ਚੋਣ ਕੀਤੀ। ਅਸੀਂ ਜਿਸ ਸਕੂਲ ਵਿੱਚ ਵੀ ਗਏ, ਤਕਰੀਬਨ ਹਰ ਥਾਂ ਅਧਿਆਪਕ-ਵਰਗ ਦਾ ਹਾਲ ਦੇਖ ਕੇ ਅਫ਼ਸੋਸ ਦੇ ਡੂੰਘੇ ਪਾਣੀਆਂ ਵਿੱਚ ਹੀ ਗੋਤੇ ਖਾਧੇ। ਤਕਰੀਬਨ ਹਰ ਥਾਂ ਮੁੰਡਿਆਂ ਨੇ ਘੁੱਟਵੀਆਂ ਨਿੱਕਰਾਂ ਪਹਿਨੀਆਂ ਹੋਈਆਂ। ਜੇ ਕਿਸੇ ਨੇ ਪਹਿਲਾਂ ਪੱਗ ਦਾ ਨਾਂ ਵੀ ਨਹੀਂ ਸੀ ਸੁਣਿਆ ਇਮਤਿਹਾਨ ਦੇਣ ਪੱਗਾਂ ਸਜਾ ਕੇ ਆਏ ਹੋਏ ਸਨ। ਸੁਪਰਵਾਈਜ਼ਰੀ ਸਟਾਫ਼ ਮਿਸਕਮੀਣਾ ਬਣਿਆ ਪਹਿਰੇਦਾਰੀ ਦਾ ਡਰਾਮਾ ਕਰਦਾ ਵੇਖਿਆ। ਅਸੀਂ ਦੁਹਾਂ ਨੇ ਵੱਡੇ ਵਿਰੋਧ ਸਹੇੜੇ। ਮੈਂ ਸੰਗ ਸ਼ਰਮ ਪਾਸੇ ਕਰਕੇ ਮੁੰਡਿਆਂ ਦੇ ਨੇਫ਼ੇ ਵਿੱਚ ਹੱਥ ਪਾ ਪਾ ਕੇ ਪੌਕਟ ਬੁੱਕਸ ਦਾ ਢੇਰ ਲਾ ਦਿੰਦਾ ਰਿਹਾ। ਬਹੁਤ ਸ਼ੋਰ ਮੱਚਦਾ ਰਿਹਾ ਪਰ ਸਾਡੇ ਅੰਦਰ ਵੀ ਇੱਕੋ ਤਰ੍ਹਾਂ ਦਾ ਜਜ਼ਬਾ ਸੀ ਕਿ ਜੇ ਫਲਾਇੰਗ ਸਕੁਆਇਡ ਵਿੱਚ ਡਿਊਟੀ ਲੱਗੀ ਹੈ, ਤਾਂ ਡਿਊਟੀ ਦੇਣੀ ਹੈ, ਕੋਈ ਲਿਹਾਜ ਨਹੀਂ।

ਇੱਥੋਂ ਤੱਕ ਕਿ ਇੱਕ ਸਕੂਲ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਖ਼ੁਦ ਆ ਗਏ। ਅੱਖੀਂ ਧੜਾ-ਧੜ ਹੁੰਦੀ ਨਕਲ ਵੇਖ ਕੇ ਉਹ ਵੀ ਸਾਡੀ ਕਾਰਗੁਜ਼ਾਰੀ ਉੱਪਰ ਔਖਾ ਹੋ ਕੇ ਬੋਲੇ ਸਨ-"ਛੱਡ ਦਿਉ ਇਹ ਪ੍ਰੈਕਟਿਸ। ਕਰਨ ਦਿਉ ਜਿਵੇਂ ਕਰਦੇ ਐ।" ਅਸੀਂ ਅਫ਼ਸਰ ਦੀ ਵੀ ਝਾੜ-ਝੰਬ ਕਰ ਦਿੱਤੀ ਸੀ। ਸਾਡੇ ਵਿਚਕਾਰ ਅਫ਼ਸਰ ਅਤੇ ਮਤਹਿਤ ਵਾਲਾ ਰਿਸ਼ਤਾ ਤਾਂ ਇੱਕ ਤਰ੍ਹਾਂ ਮਨਫ਼ੀ ਹੀ ਹੋ ਗਿਆ ਸੀ, ਅੱਜ ਵੀ ਅਸੀਂ ਦੋਸਤਾਂ ਦੀ ਤਰ੍ਹਾਂ ਹੀ ਮਿਲ਼ਦੇ ਵਰਤਦੇ ਹਾਂ। ਅਫ਼ਸੋਸ ਕਿ ਅੱਜ ਮੈਡਮ ਰਾਜ ਗੁਪਤਾ ਪਰਿਵਾਰ ਦਾ ਸਦੀਵੀ ਸਾਥ ਛੱਡ ਕੇ ਸਭ ਆਪਣੇ ਪਿਆਰਿਆਂ ਨੂੰ ਅਲਵਿਦਾ ਕਹਿ ਗਏ ਹਨ। ਅੰਤਿਮ ਸ਼ਰਧਾਜਲੀ ਭੇਟ ਕਰਨ ਵਾਲ਼ੇ ਬੁਲਾਰਿਆਂ ਦੀ ਸੂਚੀ ਵਿੱਚ ਮੇਰਾ ਵੀ ਨਾਂ ਸ਼ਾਮਲ ਸੀ।

---

**ਪੰਨਾ ਨੰ. 19 ਦਾ ਬਾਕੀ**

ਕਾਕਾ ਨੇ ਪੁੱਛਿਆ, 'ਹੋਇਆ ਕੀ ਬਿਸਨ ਦੇਓ?' ਮੈਨੂੰ ਗੁੱਸੇ ਮਾ ਦੇਖ ਕੇ ਦੋਨੋਂ ਹੈਰਾਨ ਰਹਿ ਗਏ। ਮੈਂ ਕਿਹਾ, 'ਕੁਛ ਨੀਂ ਹੋਇਆ ਕਾਕਾ, ਮਾਲਕਣ ਸਾਲੀ ਬਿਸਨੂਆਂ ਬੋਲੇ ਹੈਂ। ਮੈਂ ਕਹਾ, ਮਰ ਗਿਆ ਬਿਸਨੂਆਂ। ਜਹਾਂ ਤੁਮ ਪੂਜਾ ਕਰਤੀ ਹੋ, ਵਹਾਂ ਹਮ...! ਚਲੋ, ਹਮ ਆਪਣਾ ਮੂੰਹ ਗੰਦਾ ਨਹੀਂ ਕਰਨਾ ਹੈਗਾ...।' ਬਿਸਨੂੰ ਨੇ ਆਪਣਾ ਗਲਾਸ ਚੁੱਕ ਕੇ ਮੂੰਹ ਨੂੰ ਲਾ ਲਿਆ।

ਮੈਂ ਲਗਾਤਾਰ ਬਿਸਨੂ ਦੇ ਚਿਹਰੇ ਵੱਲ ਤੱਕਦਾ ਰਿਹਾ ਸੀ। ਚਿਹਰੇ ਉਪਰ ਆਏ ਅਪਮਾਨ ਅਤੇ ਤ੍ਰਿਸਕਾਰ ਦੇ ਹਾਵਾਂ-ਭਾਵਾਂ ਨੂੰ ਤਾੜ ਰਿਹਾ ਸੀ, ਬੜਾ ਲੜਕਾ ਆਈ.ਏ.ਐਸ. ਦੀ ਕੋਚਿੰਗ ਲੈ ਰਿਹਾ ਹੈ, ਉਹ ਵੀ ਆਪਣੀ ਮਿਹਨਤ ਨਾਲ। ਪੂਰਾ ਪਰਿਵਾਰ ਉਸ ਦੀ ਪਿੱਠ 'ਤੇ ਖੜਾ ਹੈ। ਬਿਸਨੂੰ ਦੇਓ ਦੇ ਅੰਦਰ ਦੀ ਖ਼ੁਦਦਾਰੀ ਮੈਨੂੰ ਚੰਗੀ ਲੱਗੀ। ਮੇਰੇ ਸਾਹਮਣੇ ਦੁਰਮਿਆਨੇ ਜਿਹੇ ਕੱਦ ਤੋਂ ਜ਼ਰਾ ਕੁ ਛੋਟਾ, ਪੱਕੇ ਰੰਗ ਦਾ ਬਿਸਨ ਦੇਓ ਬੈਠਾ ਇਸ ਤਰ੍ਹਾਂ ਜਾਪਣ ਲੱਗਾ ਜਿਵੇਂ ਉਹ ਕੋਠੀ ਦੇ ਮਾਲ ਅਤੇ ਮਾਲਕਣ ਤੋਂ ਬਹੁਤ ਉੱਚੇ ਸਥਾਨ 'ਤੇ ਬਿਰਾਜਮਾਨ ਹੋਵੇ।

---

**ਪੰਨਾ ਨੰ. 50 ਦਾ ਬਾਕੀ**

ਮੈਂ ਫੋਨ ਕੀਤਾ ਤਾਂ ਬੰਦ ਆ ਰਿਹਾ ਸੀ।

ਮੈਂ ਦੂਜੇ ਦਿਨ ਕਿਹਾ, "ਕੱਲ੍ਹ ਮੈਂ ਤੇਰੇ ਇਲਾਕੇ ਵਿੱਚ ਸਾਂ ਪਰ ਤੂੰ ਘਰ ਨਹੀਂ ਸੀ।"

"ਕੱਲ੍ਹ ਤਾਂ ਮੈਂ ਸਾਰਾ ਦਿਨ ਘਰ ਹੀ ਸਾਂ, ਕਿਤੇ ਨਹੀਂ ਗਿਆ।"

"ਪਰ ਜੰਕਸ਼ਨ ਰੋਡ 'ਤੇ ਤਾਂ ਤੇਰੀ ਕਾਰ ਹੈ ਨਾ ਸੀ, ਨਾ ਹੀ ਤੂੰ ਫੋਨ ਚੁੱਕਿਆ।"

"ਕੱਲ੍ਹ ਮੇਰਾ ਫੋਨ ਖਰਾਬ ਸੀ ਓਦਾਂ ਮੈਂ ਅੱਜਕੱਲ੍ਹ ਜੰਕਸ਼ਨ ਰੋਡ 'ਤੇ ਨਹੀਂ ਰਹਿੰਦਾ, ਮੈਂ ਰੈਲੇ ਰੋਡ 'ਤੇ ਚਲੇ ਗਿਆਂ। ਜੰਕਸ਼ਨ ਰੋਡ 'ਤੇ ਕਾਰ ਖੜੀ ਕਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਸੀ, ਤੈਨੂੰ ਪਤਾ ਕਿ ਸਪੋਰਟ ਕਾਰ ਨੂੰ ਚੋਰ ਬਹੁਤ ਪੈਂਦੇ ਆ।"

"ਰੈਲੇ ਰੋਡ 'ਤੇ ਫਲੈਟ ਬਗੈਰਾ ਲਿਆ?"

"ਨਹੀਂ, ਉਥੇ ਰੁਪਿੰਦਰ ਦਾ ਘਰ ਐ, ਉਹਦੇ ਘਰ ਦੇ ਮੁਹਰੇ ਡਰਾਈਵ ਵੇਅ ਹੈਗੀ...।"

ਰੁਪਿੰਦਰ, ਉਸ ਦੀ ਸਭ ਤੋਂ ਪਹਿਲੀ ਪਤਨੀ। ਇਹ ਸਿੰਘ ਦੇ ਜੀਵਨ ਦਾ ਨਵਾਂ ਚੈਪਟਰ ਖੁੱਲ੍ਹ ਰਿਹਾ ਸੀ।



## ਭਈਆ ਬਿਸਨੂੰ/ਬਲਦੇਵ ਸਿੰਘ (ਸੜਕਨਾਮਾ)

ਉਸ ਦਾ ਅਸਲੀ ਨਾਂ ਤਾਂ ਬਿਸਨ ਦੇਓ ਸੀ। ਦੁਰਮਿਆਨੇ ਕੱਦ ਤੋਂ ਜ਼ਰਾ ਕੁ ਛੋਟਾ, ਰੰਗ ਪੱਕਾ, ਸਰੀਰ ਛਾਂਟਵਾਂ, ਹੱਥ ਪੈਰ ਸਾਰੇ ਤੰਦਰੁਸਤ। ਸਾਡੇ ਏਧਰਲੇ ਕਾਮਿਆਂ ਵਾਂਗ ਘੇਚਲ ਨਾ ਮਾਰਦਾ। ਸਾਡੇ ਵਾਲੇ ਤਾਂ ਪੰਦਰ੍ਹਾਂ ਵੀਹ ਮਿੰਟ ਰਹਿੰਦੇ ਹੀ, ਹੱਥ ਮੂੰਹ ਧੋਣ ਲੱਗ ਜਾਂਦੇ ਹਨ ਪਰ ਉਹ ਕੰਮ ਖਤਮ ਹੋਣ ਪਿੱਛੋਂ ਵੀ ਨਿੱਕੀਆਂ ਨਿੱਕੀਆਂ ਵਗਾਰਾਂ ਕਰਦਾ ਕਦੇ ਮੱਥੇ ਵੱਟ ਨਾ ਪਾਉਂਦਾ।

ਮੈਂ ਸ਼ਹਿਰ ਵਿੱਚ ਮਕਾਨ ਬਣਵਾ ਰਿਹਾ ਸੀ ਤੇ ਉਸ ਨੂੰ ਲੇਬਰ ਚੌਂਕ ਵਿੱਚੋਂ ਲੈ ਕੇ ਆਇਆ ਸੀ। ਇੱਥੇ ਮਜ਼ਦੂਰੀ ਕਰਦਿਆਂ ਉਸਨੂੰ ਪੰਜਵਾਂ ਦਿਨ ਸੀ। ਪਿੰਡਾਂ ਨੂੰ ਜਾਣ ਵਾਲੇ ਮਜ਼ਦੂਰ ਤਾਂ ਸਾਈਕਲ ਬਾਅਦ ਚੁੱਕਦੇ, ਪਹਿਲਾਂ ਮੇਰੇ ਕੋਲ ਆ ਕੇ ਕਹਿੰਦੇ, 'ਸਰਦਾਰ ਸਾਹਬ, ਦਿਹਾੜੀ ਦੇ ਪੈਸੇ ਦੇ ਦਿਓ।'

ਮੈਂ ਪੁੱਛਣਾ, 'ਕੱਲ ਨੂੰ ਨ੍ਹੀਂ ਆਉਣਾ?' ਉਹਨਾਂ ਕਹਿਣਾ, 'ਆਉਣਾ ਹੈ ਜੀ, ਜੇ ਨਾ ਆਏ ਤਾਂ ਖਾਵਾਂਗੇ ਕਿੱਥੋਂ?' ਮੈਂ ਕਹਿਣਾ, 'ਫਿਰ ਕੱਲ੍ਹ ਨੂੰ ਇਕੱਠੇ ਲੈ ਲਿਓ?'

'ਨਾ ਜੀ ਨਾ, ਪਹਿਲਾਂ ਤਾਂ ਰਾਹ 'ਚ ਪਊਆ ਲਾਕੇ ਥਕੇਵਾਂ ਲਾਹਾਂਗੇ, ਫਿਰ ਜੁਆਕਾਂ ਨੂੰ ਟਿਕਾਉਣ ਲਈ ਕੁਸ਼ ਨਾ ਕੁਸ਼ ਲੈ ਕੇ ਜਾਵਾਂਗੇ।'

ਮੈਂ ਕੀ ਆਖਦਾ? ਮੈਨੂੰ ਉਹਨਾਂ ਦੀ ਲੋੜ ਸੀ, ਉਹਨਾਂ ਨੂੰ ਮੇਰੀ, ਪਰ ਇਹ ਕੋਈ ਗਰੰਟੀ ਨਹੀਂ ਸੀ। ਕੱਲ੍ਹ ਨੂੰ ਆਉਣਾ, ਨਾ ਆਉਣਾ ਉਹਨਾਂ ਦੀ ਮਰਜ਼ੀ ਉਪਰ ਸੀ ਪਰ ਭਈਆ ਬਿਸਨੂੰ, ਸਾਰੇ ਉਸਨੂੰ, ਸਾਰੇ ਜਾਣੀ ਮਿਸਤਰੀ ਤੇ ਆਪਣੇ ਦੇਸੀ ਮਜ਼ਦੂਰ, ਸਾਡੇ ਬੱਚੇ ਵੀ ਭਈਆ ਆਖਦੇ, ਭਈਏ ਨੇ ਪੰਜ ਦਿਨ ਹੋ ਗਏ, ਮੈਂ ਪੁੱਛਣਾ, 'ਓਏ, ਤੂੰ ਕਿਉਂ ਨਹੀਂ ਪੈਸੇ ਲੇਤਾ?'

'ਲੈ ਲਊਂਗਾ ਬਾਊ ਜੀ, ਨਾ ਮੈਂ ਭਾਗਾ ਜਾਤਾ ਹੂੰ ਨਾ ਆਪ।'

ਮੈਂ ਪੁੱਛਣਾ, 'ਇਕੱਠੇ ਲੇਨਾ ਹੈ?' ਤਾਂ ਉਸ ਨੇ ਕਹਿਣਾ, 'ਐਸਾ ਹੀ ਸਮਝ ਲਓ।'

ਮੈਨੂੰ ਬਿਸਨੂੰ ਨਾਲ ਕੁੱਝ ਕੁੱਝ ਲਗਾਓ ਹੋ ਗਿਆ। ਇੱਕ ਦਿਨ ਕੰਮ ਤੋਂ ਬਾਅਦ ਜਾਣ ਲੱਗੇ ਨੂੰ ਮੈਂ ਰੋਕ ਲਿਆ। ਉਸ ਦੀ ਟੁੱਟੀ ਫੁੱਟੀ ਹਿੰਦੀ, ਪੰਜਾਬੀ, ਆਪਣੀ ਸਥਾਨਕ ਭਾਸ਼ਾ ਦੀ ਖਿਚੜੀ ਮੈਨੂੰ ਬੜੀ ਦਿਲਚਸਪ ਲੱਗਦੀ। ਬਿਸਨੂੰ ਨੂੰ ਪੁੱਛਿਆ, 'ਕਿੰਨੇ ਸਾਲ ਹੋ ਗੀਆ ਪੰਜਾਬ ਮੇਂ?'

ਬਿਸਨੂੰ ਮੇਰੇ ਲਾਗੇ ਆ ਖੜਾ, ਮੇਰੇ ਵੱਲ ਸੰਗਦਾ ਸੰਗਦਾ ਜਿਹਾ ਦੇਖਣ ਲੱਗਾ। ਕਹਿੰਦਾ, 'ਦੋ ਦਿਨ ਪਹਿਲਾਂ ਆਪ ਕਹਿੰਦੇ ਸੀਗਾ ਘੁੱਟ ਲਾਣੀ ਹੈਗੀ? ਅੱਜ ਦੇਓ, ਦੋ ਘੁੱਟ ਲਾਊਂਗਾ ਤੇ ਗੱਲਾਂ ਕਰੂੰਗਾ।'

ਬਿਸਨੂੰ ਵੱਲ ਦੇਖ ਕੇ ਮੈਂ ਹੈਰਾਨ ਹੋ ਗਿਆ। ਚੁੱਪ ਚੁੱਪ ਦਿੱਸਦਾ, ਆਪਣੇ ਆਪ ਨਾਲ ਹੀ ਗੱਲਾਂ ਕਰਦਾ ਰਹਿੰਦਾ ਭਈਆ, ਸ਼ਾਇਦ ਆਪਣੇ ਬਾਰੇ, ਆਪਣੇ ਪਰਿਵਾਰ ਬਾਰੇ ਜਾਂ ਘਰ-ਬਾਰ ਬਾਰੇ ਕੁੱਝ ਗੱਲਾਂ ਕਰੇ, ਸੋਚ ਕੇ ਮੈਂ ਕਿਹਾ, 'ਠੀਕ ਹੈ, ਲੈ ਆਵਾਂ ਮੈਂ।'

ਜਿਸ ਸਟੋਰ ਵਿੱਚ ਸੀਮੈਂਟ ਰੱਖਿਆ ਸੀ ਬਿਸਨੂੰ ਨੇ ਉੱਥੇ ਬੈਠਣਾ ਹੀ ਠੀਕ ਸਮਝਿਆ।

'ਕਿੰਨੇ ਸਾਲ ਹੋ ਗਏ ਬਿਸਨੂੰ, ਇੱਧਰ ਆਇਆਂ?' ਮੈਂ ਫਿਰ ਪੁੱਛਿਆ।

ਉਹ ਉਧੜਨ ਲੱਗਾ, 'ਇੱਧਰ ਆਉਣਾ ਪਿਆ ਬਾਊ ਜੀ, ਦਰਿਆ ਦੇ ਲਾਗੇ ਹੀ ਗਾਓਂ ਹੈ, ਕਿਧਰੇ ਜੰਗਲੀ ਥਾਂ, ਕਿਧਰੇ ਦੂਰ ਦੂਰ ਤੱਕ ਖਾਲੀ ਉਜਾੜ, ਬੰਜਰ ਜ਼ਮੀਨ, ਨਾ ਖੇਤੀ, ਨਾ ਕੋਈ

ਰੁਜ਼ਗਾਰ। ਓਹ ਜੋ ਨਦੀ ਸੇ ਰੇਤ ਨਿਕਾਲਤੇ ਹੈਂ ਨਾ, ਇੰਨੇ ਡੂੰਘੇ ਟੋਏ, ਡੂੰਮ੍ਹ ਬਣ ਗਏ, ਕਦੇ ਕੋਈ ਘਰ ਉਸ ਕਾਰਨ ਗਿਰ ਗਿਆ, ਕਦੇ ਪੂਰਾ ਖੇਤ ਗੜ੍ਹੇ ਮਾ ਚਲੇ ਗਿਆ।'

ਜਦ ਮੈਂ ਪੁੱਛਿਆ, 'ਤੂੰ ਕਿੰਨਾ ਪੜ੍ਹਿਆ ਹੈਂ' ਤਾਂ ਉਸ ਨੇ ਦੱਸਿਆ, 'ਅੱਠ ਕਲਾਸਾਂ ਪਾਸ ਕੀਤੀਆਂ, ਗਾਓਂ ਵਿੱਚ ਤਾਂ ਸਕੂਲ ਨਹੀਂ ਸੀ। ਨਦੀ ਪਾਰ ਕਰਕੇ ਦੂਸਰੇ ਗਾਂਓਂ ਦੇ ਸਕੂਲ ਜਾਂਦਾ। ਬਰਸਾਤਾਂ ਵਿੱਚ ਸਕੂਲ ਛੁੱਟ ਜਾਂਦਾ। ਫਿਰ ਸ਼ਾਦੀ ਹੋ ਗਿਆ, ਬੱਚਾ ਹੋ ਗਿਆ। ਰੁਜ਼ਗਾਰ ਲਈ ਮੇਰਾ ਚੱਚਾ ਇੱਧਰ ਲੇ ਆਇਆ ਮੈਨੂੰ– 'ਚਲੋ ਪੰਜਾਬ ਮਾ, ਇਧਰ ਤਾਂ ਭੁੱਖਾ ਮਰਨਾ ਹੈ। ਮੈਂ ਇੱਧਰ ਆ ਗਿਆ।'

'ਕਿੱਥੇ ਰਹਿੰਨਾ ਹੁਣ ?' ਮੈਂ ਬਿਸਨੂੰ ਨੂੰ ਪੁੱਛਿਆ।

'ਇੱਥੇ ਇੱਕ ਕੋਠੜੀ ਲਈ ਹੈਗੀ। ਮੇਰਾ ਕਾਕਾ, ਇੱਕ ਬੱਲੀ, ਇੱਕ ਮੈਂ, ਤਿੰਨ ਰਹਿੰਦੇ ਹੈਗੇ ਉੱਥੇ।' ਥੋੜ੍ਹਾ ਨਸ਼ੇ ਵਿੱਚ ਆਇਆ ਬਿਸਨੂੰ ਦੱਸਣ ਲੱਗਾ, 'ਇਸ ਸ਼ਹਿਰ ਮੇਂ ਸੈਂਕੜੇ ਘਰ ਬਣਾ ਦੀਏ। ਛੋਟੇ ਘਰ, ਵੱਡੇ ਘਰ, ਉਸ ਤੋਂ ਵੀ ਵੱਡੇ ਘਰ।'

ਹੁਣ ਬਿਸਨੂੰ ਮਿਸਤਰੀ ਦੀ ਹਰ ਗੱਲ ਸਮਝਦਾ ਹੈ। ਸਾਹਲ ਕੀ ਹੁੰਦੀ ਹੈ ? ਕਰੰਡੀ ਕਿਸ ਨੂੰ ਕਹਿੰਦੇ ਨੇ, ਢੇਲ੍ਹੀ, ਅੱਧੀ, ਪੌਣੀ– ਹੁਣ ਤਾਂ ਉਹ ਅੱਧਾ ਮਿਸਤਰੀ ਬਣ ਗਿਐ। ਮਿਸਤਰੀ ਨਾਲ ਇੱਟਾਂ ਦੀ ਚਿਣਾਈ ਕਰ ਲੈਂਦਾ ਹੈ। ਸੀਮਿੰਟ ਰੇਤਾ ਦੀ ਕਿੰਨੀ ਰੇਸ਼ੋ ਚਿਣਾਈ ਲਈ ਚਾਹੀਦੀ ਹੈ, ਕਿੰਨੀ ਰੇਸ਼ੋ ਪਲੱਸਤਰ ਲਈ ਚਾਹੀਦੀ ਹੈ ? ਟੀਪ ਕਿਵੇਂ ਕਰਨੀ ਹੈ ? ਇਹ ਸਭ ਉਹ ਜਾਣ ਗਿਆ ਹੈ ਪਰ ਉਸ ਨੇ ਦੁੱਖੀ ਹੁੰਦਿਆਂ ਦੱਸਿਆ, 'ਮਜ਼ਦੂਰੀ ਮੈਨੂੰ ਮਿਸਤਰੀ ਤੋਂ ਅੱਧੀ ਮਿਲਦੀ ਹੈ।''

ਇਹ ਤਾਂ ਮੈਂ ਵੀ ਦੇਖਦਾ ਸੀ ਕਿ ਮਿਸਤਰੀ ਉਸ ਕੋਲੋਂ ਦੂਹਰਾ ਕੰਮ ਲੈਂਦੇ ਸਨ। ਪਲੱਸਤਰ ਵੇਲੇ ਕਹਿੰਦੇ, ''ਤੂੰ ਸਾਡੇ ਅੱਗੇ ਸੀਮਿੰਟ ਥੱਪੀ ਚੱਲ, ਅਸੀਂ ਪਿੱਛੇ ਗਜ਼ ਫੇਰਦੇ ਆਵਾਂਗੇ।' ਮਿਸਤਰੀਆਂ ਨੂੰ ਉਹ ਸਦਾ ਉਸਤਾਦ ਕਹਿ ਕੇ ਬੁਲਾਉਂਦਾ। ਉਹਨਾਂ ਤੋਂ ਹੋਈ ਬੇਇੱਜ਼ਤੀ ਵੀ ਝੱਲ ਲੈਂਦਾ, ਗਾਲ਼ਾਂ ਬਰਦਾਸ਼ਤ ਕਰ ਲੈਂਦਾ।

ਉਹ ਬੋਲਿਆ, 'ਬਾਊ ਜੀ, ਮੈਂ ਆਪਣੇ ਗਾਓਂ ਮੇਂ ਖੂਬ ਬਦਮਾਸ਼ੀ ਕਰਤਾ ਰਹਾ। ਬਾਊ ਜੀ, ਇੱਥੇ ਮੈਨੂੰ ਸਭ 'ਬਿਸਨੂੰ' ਕਰਕੇ ਬੋਲਦਾ। ਗਾਓਂ ਮੇਂ ਮੈਨੂੰ ਕੋਈ ਬਿਸਨੂੰ ਆਖਦਾ ਤਾਂ ਮੈਂ ਗਲ਼ੇ ਸੇ ਫੜ ਲੈਂਦਾ। ਬਲੀਆ ਜ਼ਿਲ੍ਹਾ ਹੈ ਹਮਰਾ ਬਾਊ ਜੀ। ਮੇਰੇ ਕਾਕਾ ਨੂੰ ਸਭ ਪਤਾ ਹੈ। ਇੱਕ ਵਾਰ ਪਿੰਡ ਦੇ ਚੌਧਰੀ ਨਾਲ ਪੰਗਾ ਪੜ ਗਿਆ ਸੀਗਾ। ਮੇਰੇ ਬਾਪ ਨੇ ਕਾਕਾ ਨੂੰ ਕਿਹਾ, ਬਿਸਨ ਦੇਓ ਨੂੰ ਆਪਣੇ ਨਾਲ ਪੰਜਾਬ ਲੈ ਜਾ, ਇੱਥੇ ਦੁਸ਼ਮਣੀ ਪੈ ਜਾਣੀ ਐਂ ਚੌਧਰੀ ਨਾਲ। ਕਾਕਾ ਮੈਨੂੰ ਏਧਰ ਲੈ ਆਇਆ।'

ਮੈਂ ਦੇਖਿਆ, ਉਹ ਦਾਰੂ ਦਾ ਲਾਲਚ ਨਹੀਂ ਸੀ ਕਰ ਰਿਹਾ। ਪਹਿਲਾ ਪੈੱਗ ਹੀ ਅਜੇ ਲਈ ਬੈਠਾ ਸੀ। ਮੈਂ ਪੀਣ ਲਈ ਕਿਹਾ ਤਾਂ ਬਿਸਨੂੰ ਨੇ ਕਿਹਾ, 'ਬਾਊ ਜੀ, ਮੈਂ ਸ਼ਰਾਬੀ ਨਹੀਂ ਨਾ ਹੋਨਾ। ਇਹ ਤਾਂ ਗੱਲਾਂ ਕਰਨੇ ਕਾ ਬਹਾਨਾ ਹੈਗਾ।'

'ਕਮਰੇ 'ਚ ਤੇਰੇ ਨਾਲ ਕੌਣ ਕੌਣ ਰਹਿੰਦੈ ?' ਮੈਂ ਫਿਰ ਪੁੱਛਿਆ।

'ਤਿੰਨ ਜਾਣੇ ਆਂ ਅਸੀਂ, ਇੱਕ ਮੈਂ, ਇੱਕ ਠਹਿਰਿਆ ਮੇਰਾ ਚਾਚਾ ਤੇ ਇੱਕ ਹੋਰ ਸਾਡੇ ਗਾਓਂ ਦਾ ਹੀ ਹੈਗਾ, ਬੱਲੀ। ਇੱਕ ਖਾਟ ਹੈਗੀ ਕਮਰਾ ਮਾਂ, ਮੇਰਾ ਕਾਕਾ ਸੋਤਾ ਉਸ ਮਾ, ਅਸੀਂ ਦੋਨੋਂ ਹੇਠਾਂ ਪਰਾਲ਼ੀ ਕਾ ਬੈੱਡ ਬਣਾਇਆ ਹੈਗਾ।' ਦੱਸ ਕੇ ਉਹ ਹੱਸਿਆ। ਫਿਰ ਉਸ ਦਾ ਮੂਡ ਬਦਲ



ਗਿਆ। ਉਸ ਨੇ ਦੁੱਖੀ ਜਿਹਾ ਹੋ ਕੇ ਕਿਹਾ, 'ਕੰਮ ਬਹੁਤ ਕੀਤਾ ਹੈਗਾ ਬਾਊ ਜੀ, ਦਸ–ਦਸ ਘੰਟਾ, ਬਾਰਾਂ ਬਾਰਾਂ ਘੰਟਾ ਪਰ ਕੰਮ ਦੀ ਕਦਰ ਕੋਈ ਨਹੀਂ ਕਰਦਾ ਹੈਗਾ।'

'ਇਸ ਤਰ੍ਹਾਂ ਦੀ ਗੱਲ ਨਹੀਂ ਹੈ ਬਿਸਨੂੰ, ਅਸੀਂ ਤੇਰੇ ਕੰਮ ਦੀ ਬਹੁਤ ਕਦਰ ਕਰਦੇ ਹਾਂ।' ਮੈਂ ਕਿਹਾ।

'ਸਭ ਬਰਾਬਰ ਨਹੀਂ ਹੁੰਦੇ ਨਾ ਬਾਊ ਜੀ। ਇਸ ਤੋਂ ਪਹਿਲਾਂ ਮੈਂ ਅਰ ਮੇਰਾ ਕਾਕਾ ਕੰਮ ਕਰਦੇ ਸੀਗੇ। ਕੋਠੀ ਬਣ ਰਿਹਾ ਸੀਗਾ, ਮਿਸਤਰੀਆਂ ਨੇ ਪੂਰਾ ਠੇਕਾ ਪਰ ਕੰਮ ਕੀਤਾ। ਕੋਈ ਸੇਠ ਸੀਗਾ, ਬਾਜ਼ਾਰ ਮਾ ਥੋਕ ਕੀ ਬੜੀ ਦੁਕਾਨ। ਜਦ ਕੰਮ ਖਤਮ ਹੋਨਾ, ਉਸੇ ਟੈਮ ਮਾਲਕਣ ਨਾ ਆ ਜਾਣਾ, ਅਸੀਂ ਹੱਥ-ਮੂੰਹ ਧੋ ਕੇ ਜਾਣ ਲਈ ਤਿਆਰ ਹੋਣਾ ਤਾਂ ਮਾਲਕਣ ਨੇ ਕਹਿਣਾ, 'ਅਰੇ ਬਿਸਨੂਆਂ, ਬੱਠਲ ਸਾਂਭਣੇ ਹੈ, ਕਹੀਆਂ ਅੰਦਰ ਰੱਖਣੀਆਂ ਹੈਨ, ਬਾਲਟੀਆਂ ਕੀ ਗਿਣਤੀ ਕਰੋ। ਜਿੱਥੇ ਬੱਠਲ, ਬਾਲਟੀ ਨੂੰ ਸੀਮਿੰਟ ਲੱਗਾ ਹੋਨਾ, ਇਸ ਕੋ ਸਾਫ ਕਰੋ।' ਬਹੁਤ ਕਾਮ ਕੀਤਾ ਉੱਥੇ, ਕੰਮ ਤੋਂ ਪਿੱਛੋਂ ਵੀ ਘੰਟਾ, ਦੋ ਘੰਟਾ ਮਾਲਕਣ ਨੇ ਰੋਕ ਰੱਖਣਾ। ਵਾਧੂ ਵਗਾਰ ਲੈਕੇ ਮਾਲਕਣ ਪੂਰੀ ਖੁਸ਼ ਹੁੰਦੀ ਰਹੀ। ਹਮ ਸਮਝਦਾ ਤਾਂ ਸਭ ਕੁਛ ਥਾ ਪਰ ਕਾਮ ਕਰਨਾ ਸੀਗਾ। ਨਵੀਂ ਜਗਾਹ ਕੰਮ ਮਿਲੇ ਨਾ ਮਿਲੇ। ਮੈਂ ਤੇ ਕਾਕਾ ਬਾਹਰ ਵੀ ਕੰਮ ਕਰਦੇ। ਪੈਸਾ ਜੋ ਦੂਸਰੇ ਮਜ਼ਦੂਰਾਂ ਨੂੰ ਮਿਲਦਾ, ਉਹੀ ਸਾਨੂੰ ਮਿਲਦਾ। ਦੂਸਰੇ ਮਜ਼ਦੂਰ ਤਾਂ ਬਾਊ ਜੀ ਅੱਧਾ ਘੰਟਾ ਪਹਿਲਾਂ ਹੀ ਘੜੀਆਂ ਦੇਖਣ ਲੱਗ ਜਾਤੇ। ਮਿਸਤਰੀਆਂ ਕੋ ਬੋਲਤੇ, ਸੀਮਿੰਟ–ਰੇਤਾ ਹਿਸਾਬ ਸੇ ਤਿਆਰ ਕਰਨਾ, ਟੈਮ ਹੋ ਗਿਆ।'

'ਇਸਨੂੰ ਖਤਮ ਕਰਕੇ ਥੋੜ੍ਹੀ ਔਰ ਲੇ ਲੋ।' ਮੈਂ ਉਸ ਦੇ ਗਲਾਸ ਵੱਲ ਦੇਖ ਕੇ ਕਿਹਾ।

'ਲੇ ਲਊਂਗਾ ਬਾਊ ਜੀ। ਇੱਧਰ ਆ ਕੇ ਇੱਕ ਗਲਤੀ ਮੈਂ ਔਰ ਕਰ ਲੀਆ।' ਬਿਸਨ ਦੇਓ ਬੋਲਿਆ।

'ਕੀ ਗਲਤੀ ਕਰ ਲਈ ?'

'ਮੈਂ ਇੱਧਰ ਆ ਕੇ ਸਕੂਟਰ ਚਲਾਨਾ ਸੀਖ ਲਿਆ। ਠੇਕੇਦਾਰ ਨੇ ਹੀ ਸਿਖਾਇਆ। ਬਾਅਦ 'ਚ ਪਤਾ ਲੱਗਾ, ਮੇਰੇ ਨਾਲ ਧੋਖਾ ਹੋ ਗਿਆ। ਕੰਮ ਤੋਂ ਬਾਅਦ ਉਸ ਨੇ ਕਹਿਣਾ, 'ਬਿਸਨੂੰ, ਪੱਠੋਂ ਵਾਲੀ ਮੰਡੀ ਸੇ ਮੈਂਸ ਕਾ ਚਾਰਾ ਲੇ ਆ। ਬਿਸਨੂੰ, ਆਹ ਸਮਾਨ ਘਰੇ ਆਪਨੀ ਆਂਟੀ ਕੋ ਦੇ ਆ। ਬਿਜਲੀ ਕਾ ਬਿੱਲ ਦੇ ਆ, ਪਾਣੀ ਕਾ ਬਿੱਲ ਦੇ ਆ। ਦੁਪਹਿਰ ਖਾਣੇ ਕੀ ਛੁੱਟੀ ਮਾ ਦੂਸਰੀ ਲੇਬਰ ਰੋਟੀ ਖਾਂਦੀ, ਮੈਂ ਠੇਕੇਦਾਰ ਦੀਆਂ ਵਗਾਰਾਂ ਕਰਦਾ ਸੀਗਾ। ਜਬ ਕੋਠੀ ਕਾ ਕੰਮ ਕਰਦੇ ਸੀਗੇ ਮਾਲਕਣ ਨੂੰ ਵੀ ਪਤਾ ਲੱਗ ਗਿਆ ਕਿ ਬਿਸਨ ਦੇਓ ਸਕੂਟਰ ਚਲਾਉਣ ਜਾਣਦਾ ਹੈਗਾ। ਬਸ ਹੋ ਗਿਆ ਸ਼ੁਰੂ ਕੰਮ। ਬਿਟੀਆ ਨੂੰ ਸਕੂਲ ਛੋੜ ਆ, ਬਿਟੀਆ ਨੂੰ ਸਕੂਲ ਤੋਂ ਲੈ ਆ। ਬਾਜ਼ਾਰ ਸੇ ਸਬਜ਼ੀ ਲੈ ਆ। ਬਿਟੀਆ ਕੋ ਗੋਲਗੱਪੇ ਖਵਾ ਲਿਆ। ਔਰ ਕਿਆ ਕਿਆ ਬੋਲੂੰ ਬਾਊ ਜੀ !'

'ਜਵਾਬ ਨ੍ਹੀਂ ਦੀਆ ? ਕਹਿਣਾ ਸੀ, ਇਹ ਮੇਰਾ ਕੰਮ ਥੋੜ੍ਹੋਂ ਐ ?' ਮੈਂ ਹੈਰਾਨ ਸੀ, ਉਹ ਦੁੱਖੀ ਵੀ ਸੀ ਤੇ ਸਾਰੇ ਕੰਮ ਵੀ ਕਰੀ ਜਾਂਦਾ ਰਿਹਾ।

ਬਿਸਨੂੰ ਬੋਲਿਆ, 'ਕੀ ਜਵਾਬ ਦਿੰਦਾ ਬਾਊ ਜੀ ? ਦਿਨ ਵੇਲੇ ਕਦੀ ਬਚੀ ਹੋਈ ਸਬਜ਼ੀ ਮਿਲ ਜਾਤੀ, ਕਦੀ ਬਿਟੀਆ ਨੇ ਮਿਠਾਈ ਨਹੀਂ ਖਾਈ, ਵੋਹ ਮਿਲ ਜਾਤੀ, ਕਬੀ ਥੋੜ੍ਹਾ ਢੀਲਾ ਪੜ ਗਿਆ ਤੋਂ ਫਲ–ਫਰੂਟ ਦੇ ਦਿੱਤੇ। ਬਸ ਇਸੀ ਸ਼ਰਮ ਕੇ ਮਾਰੇ ਜਵਾਬ ਦੇਣੇ ਕੋ ਜਬਾਨ ਹੀ ਨਹੀਂ ਖੁੱਲ੍ਹਾ। ਮਾਲਕਣ ਦਬਾਤੀ ਗਈ। ਸੀਮਿੰਟ ਕੀ ਬੋਰੀਆਂ ਝਾੜ ਕੇ ਰੱਖ ਦੇ, ਈਂਟ ਰੋੜਾ ਇਕੱਠਾ ਕਰ ਦੇ, ਪਾਣੀ ਕੀ ਬਾਲਟੀ ਛੱਤ ਪੇ ਰੱਖ ਆ, ਧੋਬੀ ਸੇ ਕਪੜੇ ਲੈ ਆ। ਇੱਧਰ ਅਸੀਂ ਲੋਕ

ਪਰਦੇਸੀ ਠਹਿਰੇ, ਸਾਰੇ ਸੋਚਦੇ ਨੇ- ਇਹਨਾਂ ਨੇ ਕੀ ਬੋਲਣਾ! ਕੋਈ ਬੋਲੇ ਤਾਂ ਅਗਲੇ ਦਿਨ ਦੂਸਰਾ ਭਈਆ ਪਕੜ ਲਾਓ...।'

ਹੁਣ ਉਸ ਨੇ ਆਪ ਹੀ ਗਲਾਸ ਮੇਰੇ ਅੱਗੇ ਕਰ ਦਿੱਤਾ, 'ਬਸ ਥੋੜ੍ਹੀ ਜਿਹੀ ਪਾ ਦਿਓ ਬਾਊ ਜੀ।'

ਮੈਂ ਮੁਬਾਈਲ 'ਤੇ ਵਕਤ ਵੇਖਿਆ ਤਾਂ ਭਈਆ ਸਮਝ ਗਿਆ। ਬੋਲਿਆ, 'ਅਜੇ ਤਾਂ ਬਾਊ ਜੀ, ਮਾਲਕਣ ਦੀਆਂ ਗੱਲਾਂ ਪੂਰੀਆਂ ਕਿੱਥੇ ਹੋਈਆਂ।'

ਮੈਂ ਹੈਰਾਨ ਹੋਇਆ, ਜਿੰਨਾ ਸਿੱਧਾ ਮੈਂ ਉਸ ਨੂੰ ਸਮਝਦਾ ਹਾਂ ਓਨਾ ਸਿੱਧਾ ਨਹੀਂ ਹੈ। ਹਰ ਹਰਕਤ ਨੂੰ ਸਮਝਦਾ ਹੈ।

'ਤੂੰ ਗੱਲਾਂ ਕਰੀ ਚੱਲ ਬਿਸਨੂੰ, ਮੈਂ ਤਾਂ ਉਂਜ ਹੀ ਵਕਤ ਵੇਖਿਆ ਸੀ, ਤੂੰ ਲੇਟ ਨਾ ਹੋ ਜਾਵੇਂ।'

'ਅੱਧਾ ਘੰਟਾ ਪਹਿਲਾਂ ਕੀ, ਪਿੱਛੋਂ ਕੀ, ...ਮੈਂ ਗੱਲ ਕਰਦਾ ਸੀ, ਮਾਲਕਣ ਦਾ ਅਸਲੀ ਰੰਗ ਤਾਂ ਉਦੋਂ ਦਿੱਸਿਆ ਜਿਸ ਦਿਨ ਕੋਠੀ ਦਾ ਮਹੂਰਤ ਹੋਣਾ ਸੀ। ਲੈਂਟਰ ਪੈਣ ਵੇਲੇ ਮਾਲਕਣ ਨੇ ਖੁਸ਼ੀ 'ਚ ਲੱਡੂ ਵੰਡੇ । ਦੁਪਹਿਰ ਤੋਂ ਥੋੜ੍ਹਾ ਪਿੱਛੋਂ ਕੰਮ ਮੁੱਕ ਗਿਆ ਸੀ। ਇੱਥੋਂ ਵਾਲੇ ਮਜ਼ਦੂਰ ਤਾਂ ਝੱਟ ਖਿਸਕ ਗਏ। ਉਸ ਦਿਨ ਕਾਕਾ ਵੀ ਮੇਰੇ ਨਾਲ ਸੀ। ਅਸੀਂ ਵੀ ਜਾਣ ਲੱਗੇ ਤਾਂ ਮਾਲਕਣ ਬੋਲੀ, 'ਬਿਸਨੂਆਂ, ਤੂੰ ਕਿੱਥੇ ਜਾ ਰਿਹੈਂ ?'

ਮੈਂ ਕਿਹਾ, 'ਹੁਣ ਤਾਂ ਲੈਂਟਰ ਖੁੱਲ੍ਹਣ ਤੱਕ ਕੰਮ ਨਹੀਂ ਚੱਲਣਾ ਹੈ ਬੀਬੀ ਜੀ।'

'ਕਿਸ ਨੇ ਆਖਿਐ ਇੱਧਰ ਕੰਮ ਨਹੀਂ ਚੱਲਣਾ ?'

ਮੈਂ ਕਿਹਾ, 'ਮਿਸਤਰੀ ਬੋਲਿਆ ਰਿਹਾ ਬੀਬੀ ਜੀ।'

ਮਾਲਕਣ ਬੋਲੀ, 'ਉਹਨਾਂ ਨੂੰ ਕੀ ਪਤਾ, ਅਜੇ ਛੱਤ ਉਪਰ ਬਨੇਰਾ ਲੱਗਣਾ ਹੈ, ਉਪਰ ਪਾਣੀ ਖੜਾ ਕਰਨਾ ਹੈ, ਤੂੰ ਉਪਰ ਇੱਟਾਂ ਲੈ ਜਾ।'

'ਸਭ ਮਜ਼ਦੂਰ ਤੋ ਚਲਾ ਗੀਆ ਬੀਬੀ ਜੀ।' ਮੈਂ ਕਿਹਾ ਤਾਂ ਉਹ ਬੋਲੀ, 'ਅਰੇ, ਤੂੰ ਤਾਂ ਹੈ, ਤੇਰਾ ਚਾਚਾ ਹੈਗਾ। ਅਜੇ ਤਾਂ ਡੇਢ ਦੋ ਘੰਟੇ ਪਏ ਨੇ, ਜਾਹ ਇੱਟਾਂ ਲੈ ਕੇ ਜਾਹ ਉਪਰ...।' ...ਬਾਊ ਜੀ, ਅਸੀਂ ਬਾਹਰ ਤੋਂ ਆਏ, ਇੱਥੇ ਕੋਈ ਆਪਣਾ ਘਰ-ਘਾਟ ਨਹੀਂ ਹੈ। ਸੈਂਕੜੇ ਲੋਕਾਂ ਦੇ ਘਰ ਬਣਾ ਦਿੱਤੇ, ਕੋਠੀਆਂ ਬਣਾ ਦਿੱਤੀਆਂ, ਹਵੇਲੀਆਂ ਬਣਾ ਦਿੱਤੀਆਂ, ਆਪ ਪਰਾਲ਼ੀ ਦੇ ਬੈੱਡ 'ਤੇ ਲੇਟਦੇ ਹਾਂ...।'

ਉਸ ਨੇ ਗਲਾਸ ਚੁੱਕ ਲਿਆ। ਬੋਲਿਆ, 'ਬਾਊ ਜੀ, ਮੇਰਾ ਬੜਾ ਲੜਕਾ ਹੈ ਅਸੀਂ ਸਾਰੇ ਉਸ ਕੋ ਪੜ੍ਹਾਉਣ ਲੱਗੇ ਹੈਗੇ। ਮੇਰਾ ਕਾਕਾ, ਮੇਰਾ ਬਾਪ, ਮੇਰਾ ਛੋਟਾ ਲੜਕਾ, ਮੈਂ, ਸਭ...।'

'ਕਿੱਥੇ ਪੜ੍ਹਦਾ ਹੈ ?' ਮੈਂ ਪੁੱਛਿਆ।

'ਹੁਣ ਉਸ ਨੇ ਬੀ.ਏ. ਪਾਸ ਕਰ ਲਈ ਹੈ। ਉਹ ਕੋਚਿੰਗ ਲੈਂਦਾ ਹੈਗਾ। ਪਟਨਾ ਮੇਂ। ਖਰਚ ਬਹੁਤ ਆ ਰਿਹੈ। ਤਿੰਨ ਚਾਰ ਮਹੀਨੇ ਇੱਧਰ ਪੰਜਾਬ ਮਾ ਕੰਮ ਕਰਨੇ ਭੀ ਆਉਂਦਾ...।'

'ਕੀ ਕੋਚਿੰਗ ਲੈ ਰਿਹੈ... ?'

'ਆਈ.ਏ.ਐਸ. ਕਾ ਐਗਜ਼ਾਮ ਦੇਨਾ ਹੈ, ਐਸਾ ਬੋਲਦਾ, ਬੜਾ ਅਫਸਰ ਬਣੂੰਗਾ, ਜ਼ਿਲ੍ਹੇ ਕਾ ਕੁਲੈਕਟਰ...।'



ਮੈਂ ਬਿਸਨੂੰ ਵੱਲ ਦੇਖਦਾ ਰਹਿ ਗਿਆ। ਉਹ ਬਿਨਾਂ ਉਜਰ ਦੇ ਹਰ ਕੰਮ ਕਰਦਾ ਸੀ। ਕੰਮ ਦੇ ਘੰਟਿਆਂ ਤੋਂ ਬਾਅਦ ਵੀ, ਕੁੱਝ ਆਪਣੀ ਮਰਜ਼ੀ ਨਾਲ ਕੁੱਝ ਮੇਰੇ ਕਹਿਣ 'ਤੇ। ਪੁੱਤਰ ਆਈ.ਏ.ਐਸ. ਦੀ ਤਿਆਰੀ ਕਰ ਰਿਹਾ, ਬਾਪ ਮਜ਼ਦੂਰੀ ਕਰ ਰਿਹਾ। ਇਸ ਨੇ ਤਾਂ ਕਿਹੈ, ਉਹ ਲੜਕਾ ਵੀ ਇੱਧਰ ਆ ਕੇ ਕੰਮ ਕਰਦਾ ਹੈ। ਮੈਂ ਪੁੱਛਿਆ,

'ਇੱਧਰ ਆ ਕੇ ਕੀ ਕੰਮ ਕਰਦਾ ਤੇਰਾ ਲੜਕਾ ?'

'ਪਹਿਲਾਂ ਤਾਂ ਉਹ ਇੱਕ ਹਲਵਾਈ ਪਾਸ ਕੰਮ ਕਰਦਾ ਸੀਗਾ। ਹੁਣ ਜਦ ਵੀ ਇੱਧਰ ਆਉਂਦਾ, ਰੇੜ੍ਹੀ ਲਗਾਉਂਦਾ, ਛੋਲੇ-ਭਟੂਰੇ ਕਾ। ਤੀਨ ਮਹੀਨੇ ਕਾਮ ਕਰਕੇ ਕੋਚਿੰਗ ਕੀ ਫੀਸ ਬਣਾ ਲੇਤਾ ਹੈ, ਪਟਨਾ ਜਾ ਕੇ ਕੋਚਿੰਗ ਲੇਤਾ ਹੈਗਾ। ਕੁੱਝ ਨਾ ਕੁੱਝ ਤੋ ਹਮ ਭੀ 'ਮਦਤ' ਕਰਨਾ ਹੈਗਾ। ਪਹਿਲਾਂ ਵਾਲਾ ਐਗਜ਼ਾਮ ਤਾਂ ਪਾਸ ਕਰ ਲਿਆ ਹੈਗਾ, ਹੁਣ ਬੜਾ ਐਗਜ਼ਾਮ ਦੇਣਾ, 'ਮੇਨ ਐਗਜ਼ਾਮ', ਉਸ ਨੂੰ ਬੋਲਦਾ, ਵੋਹ ਪਾਸ ਕਰ ਗੀਆ ਤੋ ਅਫਸਰ ਬਣੇਗਾ ਬਾਊ ਜੀ...।'

ਬਿਸਨੂੰ ਮੈਨੂੰ ਇਉਂ ਸਮਝਾਉਣ ਲੱਗਾ ਜਿਵੇਂ ਇਸ ਬਾਰੇ ਮੈਂ ਅਣਜਾਣ ਹੋਵਾਂ।

ਬਿਸਨੂੰ ਨੂੰ ਫਿਰ ਯਾਦ ਆ ਗਿਆ, 'ਲੜਕੇ ਕੀ ਬਾਤ ਕਰਦੇ ਕਰਦੇ ਮੈਂ ਮਾਲਕਣ ਦੀ ਬਾਤ ਤੋ ਭੁੱਲ ਹੀ ਗੀਆ। ਬਾਊ ਜੀ, ਹੋਇਆ ਕੀ, ਕੋਠੀ ਕਾ ਲੈਂਟਰ ਪੜ ਗਿਆ, ਪਲਸਤਰ ਸ਼ੁਰੂ ਹੋ ਗਿਆ। ਲਕੜੀ ਮਿਸਤਰੀ ਵੀ ਆ ਗਿਆ, ਬਿਜਲੀ ਫਿੱਟ ਕਰਨ ਵਾਲਾ ਆ ਗਿਆ। ਪਲੰਬਰ ਆ ਗਿਆ। ਕੋਠੀ ਮਾ ਪੂਰਾ ਭੀੜ। ਬੋਲੀ ਮਾਲਕਣ, 'ਅਰੇ ਬਿਸਨੂਆਂ, ਤੂੰ ਆਪਣੇ ਕਾਕੇ ਨਾਲ ਕੁੱਝ ਦਿਨ ਇੱਥੇ ਹੀ ਰਹਿ।' ਮੈਂ ਕਹਾ, 'ਬੀਬੀ ਜੀ, ਇੱਥੇ ਥਾਂ ਕਿੱਥੇ ਹੈਗਾ।' ਉਹ ਬੋਲੀ, 'ਆਹ ਰਸੋਈ ਬਣਨਾ ਹੈ ਨਾ ਨਵਾਂ, ਇੱਥੇ ਰਿਹ ਪਓ।' ਕਾਮ ਤਾਂ ਬਾਊ ਜੀ, ਚਾਰ ਪੰਜ ਮਹੀਨੇ ਚਲਨਾ ਸੀਗਾ, ਕਾਕਾ ਬੋਲਿਆ- 'ਬਿਸਨ ਦੇਓ, ਉੱਥੇ ਵੀ ਸੌਣਾ ਹੈ ਆਪਣੇ ਡੇਰੇ, ਇੱਥੇ ਸੌਂ ਰਿਹਾ ਕਰਾਂਗੇ..।'

...ਬਾਊ ਜੀ, ਮੈਂ ਅਸਲ ਗੱਲ ਪਰ ਆਵਾਂ, ਜਿਵੇਂ ਜਿਵੇਂ ਕੋਠੀ ਤਿਆਰ ਹੁੰਦੀ ਗਈ, ਅਸੀਂ ਰਸੋਈ 'ਚੋਂ ਹਾਲ ਕਮਰੇ 'ਚ, ਹਾਲ ਕਮਰੇ 'ਚੋਂ ਸਟੋਰ ਵਿੱਚ, ਫਿਰ ਸਟੋਰ ਤੋਂ ਬਰਾਂਡੇ ਵਿੱਚ ਸ਼ਿਫਟ ਹੁੰਦੇ ਗਏ ਤੇ ਆਖਰ ਕੋਠੀ ਬਣ ਕੇ ਤਿਆਰ ਹੋ ਗਈ। ਬੀਬੀ ਜੀ ਬੋਲਾ, 'ਬਿਸਨੂਆਂ, ਹੁਣ ਤੁਸੀਂ ਆਪਣੇ ਡੇਰੇ 'ਤੇ ਜਾਓ, ਕੋਠੀ ਦੇ ਮਹੂਰਤ ਦੀ ਤਿਆਰੀ ਕਰਨੀ ਹੈ।'

ਆਪਣਾ ਸਾਮਾਨ ਇਕੱਠਾ ਕਰਕੇ ਕਾਕਾ ਨੇ ਮੈਨੂੰ ਕਿਹਾ, 'ਬਿਸਨ ਦੇਓ, ਮਾਲਕਣ ਬੋਲਦੀ ਹੈ, ਮਹੂਰਤ ਕਰਨਾ ਹੈ, ਅਸਲ ਮਹੂਰਤ ਤਾਂ ਹਮ ਲੋਗ ਨੇ ਕੀਆ, ਕਿਚਨ ਕਾ, ਸਟੋਰ ਕਾ, ਪਾਈਖਾਨਿਆਂ ਕਾ...।'

'ਕਾਕਾ, ਜਬ ਕੋਠੀ ਤਿਆਰ ਹੋ ਜਾਤਾ ਹੈ ਤਾਂ ਇਹ ਲੋਕ ਮਜ਼ਦੂਰ ਨੂੰ ਅੰਦਰ ਪੈਰ ਨਹੀਂ ਧਰਨ ਦਿੰਦੇ। ਬਣਾਇਆ ਤਾਂ ਸਭ ਕੁੱਝ ਮਜ਼ਦੂਰ ਨੇ ਹੁੰਦਾ ਹੈ।' ਮੈਂ ਆਪਣੇ ਕਾਕਾ ਨੂੰ ਕਿਹਾ ਤਾਂ ਉਹ ਬਹੁਤ ਹੱਸਿਆ, 'ਹਾਂ, ਬਿਸਨ ਦੇਓ, ਫਿਰ ਕੋਈ ਪੂਜਾ-ਘਰ ਬਨ ਜਾਤਾ ਹੈ, ਕੋਈ ਬੈੱਡ ਰੂਮ, ਕੋਈ ਡਰਾਇੰਗ ਰੂਮ, ਕਿਆ ਕਿਆ ਬੋਲੂੰ!'

ਬਾਊ ਜੀ ਜਾਤੇ ਵਕਤ ਮੈਂ ਪੂਛ ਲੀਆ, 'ਬੀਬੀ ਜੀ, ਮਹੂਰਤ ਵਾਲਾ ਕੌਨ ਸਾ ਦਿਨ ਰੱਖਿਆ ਹੈਗਾ ?'

ਮਾਲਕਣ ਬੋਲੀ, 'ਮੰਗਲਵਾਰ ਰੱਖਿਆ ਹੈ, ਇਹ ਵਾਲਾ ਨਹੀਂ ਅਗਲੇ ਹਫਤੇ ਵਾਲਾ।' ਮੈਂ ਫਿਰ ਪੁੱਛਿਆ, 'ਹਮ ਭੀ ਮਹੂਰਤ ਮੇਂ ਆਏਂ ਕਿਆ ?' ਮਾਲਕਣ ਬੋਲੀ, 'ਜ਼ਰੂਰ ਆਣਾ ਹੈ

ਬਿਸਨੂਆਂ।' ਬਾਊ ਜੀ, ਕੋਈ ਬਿਸਨ ਦੇਓ ਨੂੰ ਬਿਸਨੂਆਂ ਬੋਲੇ, ਮੈਨੂੰ ਬਹੁਤ ਗੁੱਸਾ ਆਉਂਦਾ ਹੈ ਪਰ ਮਾਲਕਣ ਨੂੰ ਕੋਈ ਕੀ ਆਖੇ ? ਅਸੀਂ ਤਾਂ ਖੁਸ਼ ਹੋ ਗਏ, ਮਾਲਕਣ ਨੇ ਮਹੂਰਤ ਪਰ ਆਉਣ ਲਈ ਕਿਹਾ ਹੈ। ਆਖਰ ਮੰਗਲਵਾਰ ਆ ਗੀਆ, ਬਾਊ ਜੀ, ਮੇਰੇ ਕਾਕਾ ਨੇ ਕਿਹਾ, 'ਬਿਸਨ ਦੇਓ, ਉੱਥੇ ਬੜੇ ਲੋਗਾਂ ਕਾ ਮਹੂਰਤ ਹੈ, ਆਪਣੀ ਦਿਹਾੜੀ ਬਰਬਾਦ ਹੋ ਜਾਊ।'

ਬੱਲੀ ਸੁਣਦਾ ਸੀ, ਬੋਲਿਆ, 'ਚੱਚਾ, ਉੱਥੇ ਤਰ੍ਹਾਂ ਤਰ੍ਹਾਂ ਦੇ ਪਕਵਾਨ ਮਿਲਣਗੇ ਖਾਣ ਨੂੰ, ਇਹ ਲੋਕ ਮਹੂਰਤ ਵੀ ਵਿਆਹ-ਸ਼ਾਦੀ ਜੈਸਾ ਕਰਤੇ ਹੈਂ।'

ਚੱਚਾ ਬੋਲਾ, 'ਅਰੇ ਬੱਲੀਆ, ਹਮ ਲੋਗਾਂ ਦੇ ਹਿੱਸੇ ਤਾ ਬੜੇ ਲੋਗਾਂ ਦੀ ਜੂਠ ਹੀ ਆਣੀ ਹੈ, ਮੈਂ ਤਾਂ ਨਹੀਂ ਜਾਊਂਗਾ, ਤੁਮ ਦੋਨੋਂ ਚਲੇ ਜਾਓ' ਖੈਰ ਬਾਊ ਜੀ, ਅਸੀਂ ਆਪਣੇ ਕਾਕਾ ਨੂੰ ਮਨਾ ਕੇ ਨਾਲ ਲੈ ਗਏ। ਮੈਂ ਉਸ ਦਿਨ ਤਿਆਰੀ ਵੀ ਖੂਬ ਕੀਤੀ। ਖੁਸ਼ਬੂਦਾਰ ਸਾਬਣ ਨਾਲ ਨਹਾਇਆ। ਵਾਲਾਂ ਨੂੰ ਭੀ ਵਧੀਆ ਖੁਸ਼ਬੂ ਵਾਲਾ ਤੇਲ ਲਗਾਇਆ। ਸੋਚਿਆ, ਬੜੇ ਬੜੇ ਲੋਗ ਆਉਣਗੇ, ਕਪੜੇ ਵੀ ਨਵੇਂ ਪਹਿਨ ਕੇ ਗੀਆ।...... ਅਰੇ ਬਾਊ ਜੀ, ਕੋਠੀ ਕੇ ਬਾਹਰ ਵੱਡਾ ਸਵਾਗਤੀ ਗੇਟ ਦੇਖ ਕੇ ਪਹਿਲਾਂ ਤਾਂ ਅਸੀਂ ਘਬਰਾ ਗਏ, ਫਿਰ ਸੋਚਾ, ਇੱਥੇ ਤਾਂ ਕੰਮ ਕਰਦੇ ਗਏ ਹੈਗੇ, ਬੜੇ ਗਰਵ ਨਾਲ ਗੇਟ ਲੰਘ ਕੇ ਅੰਦਰ ਗਏ। ਮਾਲਕ ਮਹਿਮਾਨਾਂ ਦੇ ਸਵਾਗਤ ਲਈ ਉੱਥੇ ਖੜਾ ਸੀ, ਸਾਨੂੰ ਦੇਖ ਕੇ ਕਾਹਲੀ ਨਾਲ ਸਾਡੇ ਕੋਲ ਆਇਆ, ਥੋੜ੍ਹਾ ਸਖਤੀ ਨਾਲ ਬੋਲਿਆ, 'ਅੰਦਰ ਪੂਜਾ ਹੋ ਰਹੀ ਹੈ, ਥੋੜ੍ਹੀ ਦੇਰ ਬਾਹਰ ਠਹਿਰੋ।'...

ਮੈਂ ਹੈਰਾਨ, ਕਾਕਾ ਹੈਰਾਨ, ਬੋਲਿਆ, 'ਬਿਸਨ ਦੇਓ, ਚੱਲ ਵਾਪਸ ਚੱਲੀਏ, ਅਬ ਪੂਜਾ ਹੋ ਰਹੀ ਹੈ, ਕੋਠੀ ਪਵਿੱਤਰ ਹੋ ਗਿਆ, ਕੋਈ ਅੰਦਰ ਨਹੀਂ ਜਾਣ ਦੇਗਾ।'

...ਮੈਂ ਚਾਹੁੰਦਾ ਸੀ, ਇੱਕ ਵਾਰ ਮਾਲਕਣ ਦੀ ਨਜ਼ਰ ਪੈ ਜਾਏ ਸਾਡੇ ਉਪਰ, ਉਹ ਆਪ ਹੀ ਸਾਨੂੰ ਅੰਦਰ ਬੁਲਾ ਲਵੇਗੀ। ਮਾਲਕ ਹਾਥ ਜੋੜ ਜੋੜ ਕੇ ਮਹਿਮਾਨਾਂ ਦਾ ਸਵਾਗਤ ਕਰ ਰਿਹਾ ਸੀ। ਵਰਦੀਆਂ ਪਾਈ ਬਹਿਰਾ ਲੋਗ ਕੋਲਡ-ਡਰਿੰਕ ਤੇ ਜੂਸ ਦੀਆਂ ਟਰੇਆਂ ਲੈ ਕੇ ਘੁੰਮ ਰਹੇ ਸਨ। ਮੈਂ ਅੱਡੀਆਂ ਚੁੱਕ ਚੁੱਕ ਕੇ ਔਰਤਾਂ ਦੀ ਭੀੜ ਵਿੱਚੋਂ ਮਾਲਕਣ ਨੂੰ ਪਛਾਨਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਾਕਾ ਨੇ ਮੈਨੂੰ ਇੱਕ ਵਾਰ ਫਿਰ ਵਾਪਸ ਚੱਲਣ ਲਈ ਕਿਹਾ। ਮੈਂ ਹੀ ਢੀਠ ਬਣਾ ਇੱਕ ਵਾਰ ਮਾਲਕਣ ਦੀਆਂ ਨਜ਼ਰਾਂ ਵਿੱਚ ਆ ਜਾਣ ਦੀ ਤਾਕ ਵਿੱਚ ਖੜਾ ਰਿਹਾ। ਅਚਾਨਕ ਮਾਲਕਣ ਮੇਰੇ ਨਜ਼ਰੀਂ ਪੈ ਗਈ। ਬਾਊ ਜੀ, ਮੈਂ ਕਿਸੇ ਦੀ ਪਰਵਾਹ ਕੀਤੇ ਬਿਨਾਂ, ਕਾਕਾ ਦੇ ਰੋਕਦਿਆਂ ਰੋਕਦਿਆਂ ਵੀ ਅੰਦਰ ਲੰਘ ਗਿਆ। ਜਾ ਕੇ ਹਾਥ ਜੋੜ ਕੇ ਕਿਹਾ, 'ਬੀਬੀ ਜੀ, ਬਧਾਈ ਹੋ।'

'ਅਰੇ ਬਿਸਨੂਆਂ ਤੂੰ ਆ ਗਿਆ ?' ਮਾਲਕਣ ਨੇ ਪੁੱਛਿਆ।

'ਬਹੁਤ ਦੇਰ ਸੇ ਆਏ ਰਹੇ ਬੀਬੀ ਜੀ। ਮਾਰਾ ਕਾਕਾ ਔਰ ਬੱਲੀ ਭੀ ਬਧਾਈ ਦੇਨੇ ਆਇਆ ਹੈ।' ਮੈਂ ਖੁਸ਼ ਹੋ ਕੇ ਕਿਹਾ। ਇਸ ਤੋਂ ਬਾਅਦ ਸਭ ਗੜਬੜ ਹੁਆ ਬਾਊ ਜੀ। ਮਾਲਕਣ ਬੋਲੀ, 'ਬਿਸਨੂਆਂ, ਸਾਰੇ ਬਾਹਰ ਹੀ ਰੁਕੋ, ਪੂਜਾ ਕੇ ਬਾਅਦ ਮਹਿਮਾਨ ਖਾਣਾ ਖਾਣਗੇ, ਫਿਰ ਤੁਸੀਂ ਲੋਕਾਂ ਨੂੰ ਖਾਣਾ ਦਿਆਂਗੇ।' ਕਹਿ ਕੇ ਉਹ ਮਹਿਮਾਨਾਂ ਵੱਲ ਚਲੇ ਗਈ।

ਬਹੁਤ ਗੁੱਸਾ ਆਇਆ ਬਾਊ ਜੀ, ਇਤਨੀ ਬੇਇੱਜ਼ਤੀ, ਇਤਨਾ ਤ੍ਰਿਸਕਾਰ, ਮੇਰੀਆਂ ਅੱਖਾਂ 'ਚ ਜਲਣ ਹੋ ਗਈ, ਪਾਨੀ ਨਿਕਲ ਆਇਆ, ਮੈਂ ਤੇਜ਼ੀ ਨਾਲ ਬਾਹਰ ਆਇਆ। ਕਾਕਾ ਨੂੰ ਕਿਹਾ, 'ਆਓ ਚਲੇਂ ਕਾਕਾ...।'

**ਬਾਕੀ ਪੰਨਾ ਨੰ. 13 'ਤੇ**



## ਫਕੀਰੀਆ/ਹਰਪਾਲ ਸਿੰਘ ਪੰਨੂ

1960 ਦੀ ਗੱਲ ਹੈ, ਖੇਤ ਵਿੱਚ ਖੂਹ ਖੋਦਣਾ ਸੀ ਇਸ ਵਾਸਤੇ ਉੱਚ ਕੋਟੀ ਦਾ ਉਸਤਾਦ ਲੱਭਣ ਲਈ ਸਾਰੇ ਚਾਚੇ ਬਾਬੇ ਪੁੱਛ-ਗਿੱਛ ਕਰਨ ਲੱਗੇ। ਪਤਾ ਲੱਗਾ ਫਕੀਰੀਆ ਨਾਮ ਦਾ ਮਾਹਿਰ ਇਨ੍ਹੀ ਦਿਨੀਂ ਕਕਰਾਲੇ ਪਿੰਡ ਵਿੱਚ ਕਿਸੇ ਖੇਤ, ਖੂਹ ਦੀ ਚਿਣਾਈ ਕਰਵਾ ਰਿਹਾ ਹੈ। ਕਕਰਾਲੇ ਗਏ, ਲੱਭ ਲਿਆ, ਕਹਿੰਦਾ ਮਹੀਨਾ ਇੱਥੇ ਲੱਗੇਗਾ, ਫਿਰ ਆਕੇ ਲੈ ਜਾਇਓ। ਸਾਈ ਫੜਾਈ, ਪ੍ਰਸੰਨ-ਚਿੱਤ ਬਾਬੇ ਪਰਤ ਆਏ। ਮਹੀਨੇ ਦਾ ਕੀ ਹੈ, ਆਇਆ ਕਿ ਆਇਆ।

ਪਤਾ ਲੱਗਾ ਬਾਬਾ ਜੀ ਦੇ ਘਰ ਫਕੀਰੀਆ ਆਇਆ ਬੈਠਾ ਹੈ। ਅਸੀਂ ਬੱਚੇ ਉਸਨੂੰ ਦੇਖਣ ਵਾਸਤੇ ਦੌੜੇ। ਮਾਲਵੇ ਦੇ ਲੋਕ ਚੰਗੇ ਭਲੇ ਸ਼ਬਦ ਨੂੰ ਆਰਾਮ ਨਾਲ ਵਿਗਾੜ ਕੇ ਸੱਤਿਆਨਾਸ ਕਰ ਦਿੰਦੇ ਹਨ। ਸਾਰੇ ਉਸਨੂੰ ਪਖੀਰੀਆ ਕਹਿਕੇ ਬੁਲਾਉਂਦੇ, ਸਾਨੂੰ ਬੱਚਿਆਂ ਨੂੰ ਹੁਕਮ ਹੋਇਆ ਕਿ ਪਖੀਰੀਏ ਨੂੰ ਤਾਇਆ ਕਹਿਣਾ ਹੈ।

ਪਿੰਡ ਦਰਜੀ ਹੁੰਦਾ ਸੀ, ਉਸਦਾ ਨਾਮ ਸੀ ਸੇਰਲੀ ਪਖੀਰ। ਮੈਨੂੰ ਸਮਝ ਨਾ ਆਏ ਇਹ ਕੀ ਨਾਮ ਹੋਇਆ- ਸੇਰਲੀ ਪਖੀਰ ! ਇਸ ਦਾ ਕੀ ਮਤਲਬ ? ਇੱਕ ਦਿਨ ਉਸੇ ਨੂੰ ਪੁੱਛ ਲਿਆ- 'ਚਾਚਾ ਤੇਰਾ ਨਾਮ ਅਜੀਬ ਹੈ, ਇਸ ਦਾ ਮਤਲਬ ਕੀ ਹੋਇਆ ਭਲਾ ?' ਉਹ ਹੱਸ ਪਿਆ, ਕਹਿੰਦਾ- 'ਨਾਮ ਤਾਂ ਮੇਰਾ ਬਹੁਤ ਵਧੀਆ ਹੈ, ਤੇਰੀ ਮਾਂ ਨੇ ਵਿਗਾੜ ਦਿੱਤਾ। ਪੁੱਛਿਆ- ਕੀ ਨਾਮ ਹੈ ? ਕਹਿੰਦਾ- ਫਕੀਰ ਸ਼ੇਰ ਅਲੀ। ਫਕੀਰ ਦੀ ਥਾਂ ਪਖੀਰ ਕਹਿੰਦੇ ਨੇ ਸ਼ੇਰ ਅਲੀ ਦੀ ਥਾਂ ਸੇਰਲੀ, ਫਕੀਰ ਸ਼ੇਰ ਅਲੀ ਨੂੰ ਸੇਰਲੀ ਪਖੀਰ ਬਣਾ ਦਿੱਤਾ, ਸ਼ੇਰ ਨੂੰ ਗਿੱਦੜ। ਕੋਈ ਇਨਸਾਫ ਹੋਇਆ ਇਹ ?'

ਪਰ ਆਪਾਂ ਇੱਥੇ ਸੇਰਲੀ ਦਰਜੀ ਦੀ ਨਹੀਂ, ਖੂਹ ਚਿਣਨ ਦੇ ਉਸਤਾਦ ਫਕੀਰੀਏ ਝਿਉਰ ਦੀ ਗੱਲ ਕਰਨ ਲੱਗੇ ਹਾਂ। ਪੱਕਾ ਰੰਗ, ਫਕੀਰੀਆ ਦਰਮਿਆਨੇ ਕੱਦ ਦਾ, ਕੁੱਝ ਕੁ ਕੁੱਬਾ, ਲੰਗ ਮਾਰ ਕੇ ਤੁਰਦਾ ਸੀ। ਹੱਥ ਵਿੱਚ ਡੇਢ ਕੁ ਫੁੱਟ ਦੀ ਨਿੱਕੀ ਜਿਹੀ ਹੁੱਕੀ ਹਰ ਵਕਤ ਰੱਖਦਾ। ਜਦੋਂ ਤੁਰਦਾ, ਖੱਬਾ ਮੋਢਾ ਹੇਠਾਂ ਝੁਕਣ ਵੇਲੇ ਹੁੱਕੀ ਸੱਜੇ ਪਾਸੇ ਉਪਰ ਨੂੰ ਉੱਠਦੀ। ਸਾਨੂੰ ਤਾਂ ਉਸਦੀ ਚਾਲ ਹੀ ਨਿਹਾਲ ਕਰ ਦਿੰਦੀ, ਸਾਰੇ ਬੱਚੇ ਖੂਬ ਹੱਸਦੇ। ਮੈ ਸੋਚਦਾ, ਹੀਰ ਦਾ ਚਾਚਾ ਕੈਦੋ ਹੂਬਹੂ ਇਹੋ ਜਿਹਾ ਹੋਣਾ।

ਆਵਾਜ਼ ਭਾਰੀ ਅਤੇ ਰੇਡੀਓ ਵਿੱਚ ਖ਼ਬਰਾਂ ਪੜ੍ਹਨ ਵਾਲੇ ਵਾਂਗ ਦਾਣੇਦਾਰ। ਬੋਲੀ ਤੋਂ ਅਸੀਂ ਸਮਝ ਗਏ ਪਾਕਿਸਤਾਨੋਂ ਆਇਆ ਰਫੂਜੀ ਹੈ। ਅਗਲੇ ਦਿਨ ਖੇਤ ਦਾ ਦੌਰਾ ਕਰਕੇ ਪਤਾ ਕਰਨਾ ਸੀ ਕਿੱਥੇ ਖੂਹ ਖੋਦਣਾ ਹੈ। ਐਤਵਾਰ ਹੋਣ ਕਰਕੇ ਅਸੀਂ ਵੀ ਖੇਤ ਵੱਲ ਭੱਜੇ। ਇੱਧਰ ਉੱਧਰ ਗੇੜੇ ਲਾਕੇ, ਸਰਵੇਖਣ ਕਰਕੇ ਫਕੀਰੀਏ ਨੇ ਇੱਕ ਥਾਂ ਸੋਟੀ ਗਡਦਿਆਂ ਕਿਹਾ- ਇੱਥੇ, ਇੱਥੇ ਟੱਕ ਲਾਓ। ਮੇਰਾ ਚਾਚਾ ਕਹਿਣ ਲੱਗਾ- ਤਿੰਨ ਘਰਾਂ ਦੀ ਜ਼ਮੀਨ ਹੈ ਇਹ, ਏਸ ਸਾਰੇ ਟੱਕ ਦੇ ਐਨ ਵਿਚਕਾਰ ਖੂਹ ਖੋਦਣਾ ਠੀਕ ਰਹੇਗਾ। ਖੰਘੂਰਾ ਮਾਰ ਕੇ ਫਕੀਰੀਆ ਬੋਲਿਆ- ਮੈਨੂੰ ਕਾਸ ਲਈ ਲੈਕੇ ਆਇਆ ਸੈਂ ਤੂੰ ਜੇ ਤੈਨੂੰ ਈ ਪਤਾ ਸੀ ਖੂਹ ਕਿੱਥੇ ਖੋਦਣਾ ਹੈ ? ਜਿੱਥੇ ਪਾਣੀ ਹੈ ਈ ਨੀ, ਮੈਂ ਪਾਗਲ ਇਆਂ ਉਥੇ ਨਿਸ਼ਾਨੀ ਲਾ ਦਿਆਂ ?

ਅਰਦਾਸ ਕਰਕੇ ਖੁਦਾਈ ਸ਼ੁਰੂ ਹੋ ਗਈ। ਉਹ ਸਿੱਖ ਅਰਦਾਸ ਨਹੀਂ ਸੀ, ਮਾਲਵੇ ਦੀ ਲੋਕ-ਅਰਦਾਸ ਸੀ ਜਿਹੜੀ ਮੇਰੇ ਬਾਪੂ ਜੀ ਬਿਜਾਈ ਸ਼ੁਰੂ ਕਰਨ ਤੋਂ ਪਹਿਲਾਂ ਜੁਤੇ ਹੱਲ ਪਿੱਛੇ ਖਲੋ ਕੇ ਕਰਦੇ- ਸੱਚੇ ਪਾਤਸ਼ਾਹ, ਜਿਹੜੀ ਬਿਜਾਈ ਕਰਨ ਲੱਗਾਂ, ਫਸਲ ਪੱਕੇਗੀ ਤਾਂ ਅੰਨ ਦਾਨਾ

ਮੁਸਾਫਰ, ਫਕੀਰ, ਮੰਗਤੇ, ਦਾਤੇ, ਮਹਿਮਾਨ, ਮੇਜ਼ਬਾਨ, ਚਿੜੀ ਜਨੌਰ ਸਭ ਵੰਡਾਉਣਗੇ। ਮੇਰੇ ਕਰਮਾਂ ਕਰਕੇ ਨਹੀਂ ਇਨ੍ਹਾਂ ਸਾਰਿਆਂ ਦੇ ਕਰਮਾਂ ਕਰਕੇ ਫਸਲ ਨੇਪਰੇ ਚਾੜ੍ਹੀਂ ਮਹਾਰਾਜ। ਮਿੱਟੀ ਮੱਥੇ ਲਾਕੇ ਬਿਜਾਈ ਸ਼ੁਰੂ ਕਰਦੇ। ਇਸੇ ਤਰ੍ਹਾਂ ਟੱਕ ਲਾਉਣ ਤੋਂ ਪਹਿਲਾਂ ਪਾਣੀ ਦੇ ਹਿੱਸੇਦਾਰਾਂ ਦੇ ਨਾਮ ਲਏ ਗਏ। ਖਾਤਾ ਮੁਸ਼ਤਰਕਾ।

ਫਕੀਰੀਏ ਵਾਸਤੇ ਬਾਂਸਾਂ ਉਪਰ ਘਾਹ ਫੂਸ ਦੀ ਝੌਂਪੜੀ ਬਣਾ ਦਿੱਤੀ, ਅੰਦਰ ਮੰਜੀ, ਪਾਣੀ ਦਾ ਘੜਾ, ਘੜੇ ਉਪਰ ਟੂਟੀ ਵਾਲਾ ਕਸੋਰਾ, ਕਸੋਰੇ ਉਪਰ ਚੱਪਣ। ਰੋਟੀ ਪਿੰਡੋਂ ਆਉਂਦੀ, ਦਿਨ ਰਾਤ ਫਕੀਰੀਆ ਝੌਂਪੜੀ ਵਿੱਚ ਰਹਿੰਦਾ। ਇੱਕ ਉਹ, ਦੂਜੀ ਉਸਦੀ ਸਾਥਣ ਹੁੱਕੀ। ਹੁੱਕੀ ਨਾਲ ਪਤਲੀ ਜਿਹੀ ਸੰਗਲੀ, ਕਿਤੇ ਜਾਂਦਾ ਹੁੱਕੀ ਹੱਥ ਵਿੱਚ ਫੜਦਾ ਜਾਂ ਮੋਢੇ ਪਿੱਛੇ ਇਸ ਤਰ੍ਹਾਂ ਲਟਕਾਉਂਦਾ ਜਿਵੇਂ ਬੰਦੂਕ ਲਟਕਾਈਦੀ ਹੈ।

ਗਰਮੀਆਂ ਦੀ ਰੁੱਤ, ਅਸੀਂ ਬੱਚੇ ਦਰੱਖ਼ਤਾਂ ਹੇਠ ਖੇਡ ਰਹੇ ਸਾਂ, ਦੇਖਿਆ ਫਕੀਰੀਆ ਸਿਖਰ ਦੁਪਹਿਰ ਰੋਟੀ ਖਾਕੇ ਘੂਕ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਹੈ। ਇੱਕ ਬੱਚਾ ਕਹਿੰਦਾ- ਉਏ ਉਸਤਾਦ ਸੁੱਤਾ ਪਿਐ, ਹੁੱਕੀ ਪੀਈਏ ? ਸਾਰੇ ਤਿਆਰ। ਜੀ ਮੇਰਾ ਵੀ ਕੀਤਾ ਪਰ ਬਾਪੂ ਦੀਆਂ ਚਪੇੜਾਂ ਤੋਂ ਡਰ ਗਿਆ। ਮਾਂ ਨੇ ਦੱਸਿਆ ਸੀ- ਹੁੱਕੇ ਨੂੰ ਹੱਥ ਲੱਗ ਜਾਵੇ ਤਾਂ ਬੰਦਾ ਭਿੱਟਿਆ ਜਾਂਦੈ। ਗੰਗਾਜਲ ਦੇ ਛਿੱਟੇ ਮਾਰੋ ਤਾਂ ਮਸਾਂ ਭਿੱਟ ਲਹਿੰਦੀ ਐ।

ਮੈਂ ਥਾਂਈਂ ਬੈਠਾ ਰਿਹਾ, ਸੰਗੀ ਸਾਥੀ ਝੌਂਪੜੀ ਵਿੱਚ ਜਾਕੇ ਸੂਟੇ ਲਾਉਣ ਲੱਗੇ। ਕੁੱਝ ਦੇਰ ਬਾਦ ਹੱਥੋਪਾਈ ਖੋਹ ਖਿੰਜ ਵੀ ਹੋਣ ਲੱਗੀ, ਉਏ ਤੂੰ ਇੰਨੇ ਸੂਟੇ ਲਾ ਲਏ ਹੁਣ ਮੈਨੂੰ ਵੀ ਦੇਹ। ਹੁੱਕੀ ਵਿੱਚ ਅੱਗ ਵੀ ਹੈ ਸੀ ਕਿ ਨਹੀਂ, ਪਤਾ ਨਹੀਂ, ਬਸ ਗੁੜ-ਗੁੜ, ਗੁੜ-ਗੁੜ ਦੀ ਆਵਾਜ਼ ਉਨ੍ਹਾਂ ਨੂੰ ਅਨੰਦ ਦੇਈ ਗਈ। ਇਸ ਖਿੱਚ ਧੂਹ ਦੌਰਾਨ ਫਕੀਰੀਏ ਦੀ ਅੱਖ ਖੁੱਲ੍ਹ ਗਈ। ਝਟਕਾ ਮਾਰ ਕੇ ਉੱਠਿਆ, ਗਾਲ੍ਹਾਂ ਦੇਣ ਲੱਗਾ- ਹਰਾਮਜ਼ਾਦੇ। ਪਤਾ ਨ੍ਹੀਂ ਕਿਸ ਜਾਤ ਕੁਜਾਤ ਦੇ ਨੇ। ਮੇਰੀ ਹੁੱਕੀ ਭਿੱਟ ਗਏ। ਥੋੜ੍ਹੀ ਦੂਰ ਉਨ੍ਹਾਂ ਦਾ ਪਿੱਛਾ ਵੀ ਕੀਤਾ ਪਰ ਲੰਗੜੇ ਨੂੰ ਕੀ ਸਮਝਦੇ ਸਨ ਉਹ। ਤਿੱਤਰ ਹੋ ਗਏ। ਉਸਦਾ ਵਾਕ- ਹੁੱਕੀ ਭਿੱਟ ਗਏ, ਸੁਣਕੇ ਮੈਂ ਦੰਗ ਰਹਿ ਗਿਆ। ਕੋਈ ਜਾਤ ਇਸ ਤਰ੍ਹਾਂ ਦੀ ਮਾੜੀ ਵੀ ਹੁੰਦੀ ਹੈ ਜਿਸ ਦੀ ਛੂਹ ਨਾਲ ਹੁੱਕੀ ਵੀ ਭਿੱਟੀ ਜਾ ਸਕਦੀ ਹੈ ?

ਮੈਨੂੰ ਫਕੀਰੀਆ ਕਹਿੰਦਾ- ਜੁਆਨਾ ਪਾਣੀ ਦਾ ਡੋਲੂ ਭਰਕੇ ਲਿਆ ਗਵਾਂਢੀਆਂ ਦੇ ਖੂਹ ਤੋਂ, ਘੜੇ ਵਿੱਚੋਂ ਮੁੱਕ ਗਿਐ। ਮੈਂ ਪੁੱਛਿਆ- ਤਾਇਆ ਮੈਨੂੰ ਤੂੰ ਕੁਸ਼ ਨ੍ਹੀਂ ਕਿਹਾ। ਮੈਂ ਵੀ ਤਾਂ ਸ਼ਰਾਰਤੀ ਬੱਚਿਆਂ ਵਿੱਚ ਹੋ ਸਕਦਾ ਸੀ ? ਉਹ ਹੱਸਿਆ- ਮੈਂ ਬੇਵਕੂਫ ਇਆਂ ਕੋਈ ? ਸੱਠਾਂ ਵਰ੍ਹਿਆਂ ਦਾ ਤਜਰਬਾ ਇਆ ਮੇਰਾ। ਤੂੰ ਉਨ੍ਹਾਂ ਵਿੱਚ ਹੁੰਦਾ ਫੇਰ ਤੂੰ ਆਰਾਮ ਨਾਲ ਇੱਥੇ ਬੈਠਣਾ ਸੀ ? ਉਏ ਪੱਲੇ ਗੱਲ ਬੰਨ੍ਹ ਲੈ ਜੁਆਨਾ ਮੇਰੀ, ਚੋਰ ਭੱਜੇਗਾ, ਸਾਧ ਬੈਠੇਗਾ ਆਰਾਮ ਨਾਲ। ਸਮਝਿਆ ਕਿ ਨਹੀਂ ?

ਅਰਵਿੰਦਰ ਕੌਰ ਧਾਲੀਵਾਲ ਦੀ ਪਲੇਠਾ ਕਹਾਣੀ-ਸੰਗ੍ਰਹਿ
**ਝਾਂਜਰਾਂ ਵਾਲੇ ਪੈਰ**
ਚੇਤਨਾ ਪ੍ਰਕਾਸ਼ਨ, ਲੁਧਿਆਣਾ



## ਦੋਸਤਾਂ ਵਿਚੋਂ ਦੋਸਤ ਐਚ. ਐਸ. ਬਾਂਸਲ/ਮੁਖਤਿਆਰ ਸਿੰਘ

ਯੂਨੀਵਰਸਿਟੀ ਵਿੱਚ ਲੰਮਾ ਸਮਾਂ ਨੌਕਰੀ ਕਰਦਿਆਂ ਬਹੁਤ ਸਾਰੇ ਸਾਥੀਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਕਈ ਖੱਟੇ-ਮਿੱਠੇ ਤਜਰਬੇ ਹੋਏ। ਫਿਰ ਵੀ ਮੇਰੇ ਸੁਭਾਅ ਅਨੁਸਾਰ ਵਧੀਆ ਦੋਸਤਾਂ ਨਾਲ ਚੰਗੀ ਨਿਭੀ। ਮੇਰੇ ਕੰਮ ਕਰਨ ਦੇ ਢੰਗ ਅਨੁਸਾਰ ਬਹੁਤੇ ਸਾਲ ਇੱਕੋ ਬਰਾਂਚ ਵਿੱਚ ਰੱਖਿਆ ਗਿਆ। ਸਿਰਫ ਪੰਜ ਚਾਰ ਸਾਲ ਹੀ ਅੱਡ ਅੱਡ ਬਰਾਂਚਾਂ ਵਿੱਚ ਬਦਲਿਆ। ਯੂਨੀਵਰਸਿਟੀ ਸ਼ੁਰੂ ਹੋਣ ਤੋਂ ਅਸੀਂ ਕੁੱਝ ਕੁ ਬੰਦੇ ਹੀ ਭਰਤੀ ਹੋਏ ਸੀ। ਤਿੰਨ ਕੁ ਸਾਲ ਬਾਅਦ ਐਚ ਐਸ ਬਾਂਸਲ ਕਲੱਰਕ ਭਰਤੀ ਹੋ ਕੇ ਆ ਲੱਗਿਆ। ਇਕੱਠੇ ਕੰਮ ਕਰਨ ਕਰਕੇ ਭਾਈਚਾਰਕ ਸਾਂਝ ਬਣ ਹੀ ਜਾਂਦੀ ਹੈ। ਅਸੀਂ ਬਹੁਤੇ ਮੁਲਾਜ਼ਮ ਦਫਤਰ ਨੇੜੇ ਕੋਟ ਖਾਲਸਾ ਵਿੱਚ ਰਹਿੰਦੇ ਸੀ। ਬਾਂਸਲ ਵੀ ਉੱਥੇ ਹੀ ਆ ਗਿਆ। ਉਹ ਸ਼ਕਲੋਂ ਸਾਊ, ਹੌਲੀ ਬੋਲਣ ਵਾਲਾ, ਗੋਰਾ, ਕੱਟੀ ਦਾਹੜੀ, ਚਿੱਟੀ ਐਨਕ ਲੱਗੀ ਹੋਈ। ਉਸ ਦਾ ਕੱਦ ਮੱਧਰਾ, ਸਰੀਰ ਪਤਲਾ ਤੇ ਤੇਜ਼ ਤੁਰਨ ਵਾਲਾ। ਹਰ ਵੇਲੇ ਕਾਹਲ ’ਚ ਰਹਿੰਦਾ। ਪੱਗ ਨੋਕਦਾਰ ਫਿਫਟੀ ਵਾਲੀ ਕਸਕੇ ਬੰਨੀ ਹੋਈ। ਹਰ ਇੱਕ ਨਾਲ ਹੱਸਕੇ ਬੋਲਦਾ ਤੇ ਬਹੁਤੀ ਗੱਲ ਨਹੀਂ ਸੀ ਕਰਦਾ। ਆਪਣੇ ਆਪ ’ਚ ਰਹਿਣ ਵਾਲਾ।

ਉਹ ਬਾਲ-ਬੱਚੇਦਾਰ, ਸ਼ੁਰੂ ਦੇ ਦੋ ਕੁ ਸਾਲ ਇਕੱਲਾ ਹੀ ਰਿਹਾ। ਅਸੀਂ ਵੀ ਤਿੰਨ ਸਾਲ ਛੜੇ ਰਹੇ। ਦਫਤਰੋਂ ਆ ਕੇ ਅਸੀਂ ਮਿਲਦੇ ਰਹਿੰਦੇ। ਇੱਕ ਦੂਜੇ ਦੇ ਘਰ ਕਦੇ ਕਦੇ ਦਾਰੂ ਵੀ ਪੀ ਲੈਂਦੇ। ਦਫਤਰ ਵਿੱਚ ਕੰਮ ਕਰਦਿਆਂ ਇੱਕ ਦੂਜੇ ਨਾਲ ਹਾਸਾ ਠੱਠਾ ਚਲਦਾ ਰਹਿੰਦਾ। ਉਸ ਨੂੰ ਅਸੀਂ ਗੁੱਲੀ-ਘੱੜ ਕਹਿ ਕੇ ਛੇੜਦੇ ਰਹਿੰਦੇ। ਅਜੇਹਾ ਮਖੌਲ ਸੁਣ ਕੇ ਬਰਾਂਚ ਵਾਲੇ ਵੀ ਰਲ ਜਾਂਦੇ। ਉਸ ਨੂੰ ਐਨਕ ਤੋਂ ਬਿਨਾਂ ਸਾਫ ਨਹੀਂ ਸੀ ਦਿੱਸਦਾ। ਦਫਤਰ ਦੇ ਸਾਹਮਣੇ ਥੋੜ੍ਹੀ ਦੂਰ ਵੱਡਾ ਬੋਹੜ ਖੜ੍ਹਾ ਸੀ। ਉਸ ਨੂੰ ਕਹਿੰਦੇ, ‘ਬਾਂਸਲ ਸਾਹਿਬ, ਬੋਹੜ ਤਾਂ ਦਾਤਣ ਵਰਗਾ ਜਾਪਦਾ ਹੋਏਗਾ।’ ਕਈ ਜਣੇ ਆਪਣੀ ਆਪਣੀ ਤੂਤੀ ਬੋਲ ਕੇ ਹੱਸਦੇ ਰਹਿੰਦੇ। ਉਹ ਘੂਰੀਆਂ ਵਟਦਾ ਲਾਲ ਪੀਲਾ ਹੁੰਦਾ। ਮੂੰਹ ’ਚ ਪਤਾ ਨਹੀਂ ਕੀ ਘੁਰ ਘੁਰ ਕਰਦਾ। ਕਈ ਵਾਰ ਮੈਂ ਕਹਿ ਦਿੰਦਾ, ‘ਗੁੱਲੀ ਘੜ ਐਨੇ ਸਿਆਣੇ ਹੁੰਦੇ ਐ, ਜਦੋਂ ਬਹੋਲੇ ਨਾਲ ਕੀਲਾ ਘੜਨਗੇ, ਆਪਣਾ ਹੀ ਥੁੱਕ ਇੱਕ ਹਥੇਲੀ ਉੱਤੇ ਲਾ ਕੇ ਸੱਕ ਆਪਣੇ ਵੱਲ ਸੁਟਣਗੇ। ਕੀਲ਼ੇ ਨੂੰ ਘੜ ਘੜ ਕੇ ਇੱਕ ਦਿਨ ਦਾ ਬਾਲਣ ਇਕੱਠਾ ਕਰ ਲੈਣਗੇ। ਕੀਲ਼ਾ ਭਾਵੇਂ ਮੱਝ ਦੇ ਇੱਕੋ ਝਟਕੇ ਨਾਲ ਟੁੱਟ ਜਾਵੇ।’

ਹੋਰ ਵੀ ਕਈ ਜਣੇ ਉਸ ਨੂੰ ਮਖੌਲ ਕਰਨ ਲੱਗ ਪਏ। ਉਹ ਕਈ ਮਹੀਨੇ ਸਾਡੇ ਨਾਲ ਹੱਸਦਾ ਰਿਹਾ। ਥੋੜ੍ਹਾ ਗੁੱਸੇ ਜਿਹਾ ਹੋ ਕੇ ਫੇਰ ਉਹੋ ਜਿਹਾ ਹੀ ਹੋ ਜਾਂਦਾ। ਇੱਕ ਦਿਨ ਜਦੋਂ ਹਾਸੇ ਠੱਠੇ ਦੀ ਗੱਲ ਚਲੀ, ਉਸ ਦੀਆਂ ਅੱਖਾਂ ਲਾਲ ਹੋ ਗਈਆਂ। ਐਨਕ ਵਿਚੀਂ ਹੋਰ ਵੀ ਵੱਡੀਆਂ ਲੱਗਣ ਲੱਗ ਪਈਆਂ। ਉਹ ਇੱਕ ਦਮ ਭੁੜਕ ਕੇ ਬੋਲਿਆ, ‘ਉਇ ਤੁਸੀਂ ਜੱਟੋ-ਘੁਲਾੜੀ ਪੁਟੋ, ਜਦੋਂ ਕਹੀ ਨਾਲ ਸਾਂਝੀ ਵੱਟ ਵੱਢਦੇ ਹੋ। ਦੋਹਾਂ ਹੱਥਾਂ ਉੱਤੇ ਆਪਣਾ ਹੀ ਥੁੱਕ ਲਾ ਕੇ ਮਿੱਟੀ ਆਪਣੇ ਹੀ ਖੇਤ ਵੱਲ ਸੁੱਟੀ ਜਾਂਦੇ ਓ। ਅਸੀਂ ਤਾਂ ਇੱਕ ਹੱਥ ਨੂੰ ਥੁੱਕ ਲਾਉਂਦੇ ਹਾਂ ਤੁਸੀਂ ਦੋਵੇਂ ਹੱਥਾਂ ’ਤੇ। ਆਪਣੇ ਘਰ ਨੂੰ ਸਿਆਣੇ ਤੁਸੀਂ ਕੇ ਅਸੀਂ ?’ ਉਸ ਦਿਨ ਤੋਂ ਅਸੀਂ ਕੀਲ਼ਾ ਘੜਨ ਦੀ ਗੱਲ ਕਦੇ ਹੀ ਕਰਦੇ। ਜੇ ਕਰਦੇ ਵੀ ਤਾਂ ਉਹ ਝੱਟ ਨਹਿਲੇ ’ਤੇ ਦਹਿਲਾ ਮਾਰ ਕੇ ਚੁੱਪ ਕਰਾ ਦਿੰਦਾ।

ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਵਿੱਚ ਪਿੰਡ ਅਤੇ ਨਾਨਕੇ ਜਾਣ ਦਾ ਇੰਤਜ਼ਾਰ ਰਹਿੰਦਾ। ਅਜਿਹੇ ਮੌਕੇ ਬੱਚਿਆਂ ਦੀਆਂ ਮਾਵਾਂ ਨੂੰ ਨਾਲ ਜਾਣਾ ਹੀ ਹੁੰਦਾ। ਉਸ ਦੇ ਬੱਚੇ ਵੀ ਪਿੰਡ ਚਲੇ ਗਏ। ਉਹ ਇਕੱਲਾ ਰਹਿ ਗਿਆ। ਅਸੀਂ ਕਈ ਵਾਰ ਰਲ ਮਿਲ ਕੇ ਰੋਟੀ ਬਣਾ ਲੈਂਦੇ। ਇੱਕ ਦਿਨ ਸ਼ਾਮ ਨੂੰ ਉਸ ਕੋਲ ਇੱਕ ਕੁੜੀ ਆ ਗਈ। ਮੈਂ ਉਸ ਕੋਲੋਂ ਖਿਸਕ ਆਇਆ। ਉਸ ਨੇ ਕਦੇ ਅਜਿਹਾ ਜ਼ਿਕਰ ਨਹੀਂ ਸੀ ਕੀਤਾ। ਮੈਂ ਹੈਰਾਨ ਰਹਿ ਗਿਆ। ਉਸ ਨੇ ਦੂਜੇ ਦਿਨ ਛੁੱਟੀ ਭੇਜ ਦਿੱਤੀ। ਤੀਜੇ ਦਿਨ ਉਹ ਦਫਤਰ ਆਇਆ। ਫਿਰ ਆਪ ਹੀ ਦੱਸ ਦਿੱਤਾ ਕਿ ਉਹ ਜਲੰਧਰ ਕਾਲਜ ਦੇ ਹੋਸਟਲ ਵਿੱਚੋਂ ਆਈ ਹੈ। ਮੈਂ ਉਸ ਨੂੰ ਕਿਹਾ ਤਾਂ ਕੁੱਝ ਨਹੀਂ ਸੀ ਕਿ ਬਾਲ ਬੱਚੇਦਾਰ ਹੋ ਕੇ ਅਜੇਹੀਆਂ ਦੋਸਤੀਆਂ ਸ਼ੋਭਾ ਨਹੀਂ ਦਿੰਦੀਆਂ। ਵਿਦਿਆਰਥੀ ਪਾਸ ਕਰਾਉਣ ਦੇ ਲਾਲਚ ਵਿੱਚ ਆ ਕੇ ਅਜੇਹੇ ਗਲਤ ਕੰਮਾਂ ਵਿੱਚ ਫਸ ਜਾਂਦੇ। ਉਸ ਵਰਗੇ ਲਾਰੇ ਲੱਪਿਆਂ ਵਾਲੇ ਕੰਮ ਹਰ ਕੋਈ ਨਹੀਂ ਕਰ ਸਕਦਾ। ਮੈਨੂੰ ਪਤਾ ਸੀ ਕੋਈ ਪਾਸ ਜਾਂ ਵੱਧ ਨੰਬਰ ਨਹੀਂ ਕਰਾ ਸਕਦਾ। ਇਹ ਟੈਕਨੀਕਲ ਲੰਮੀ ਚੇਨ ਅਜਿਹੀ ਹੈ, ਗਲਤ ਕੰਮ ਨਹੀਂ ਹੋ ਸਕਦਾ। ਜੇ ਕੋਈ ਚੇਨ ਤੋੜ ਕੇ ਕਰਦਾ ਵੀ ਹੈ ਤਾਂ ਉਹ ਫੜਿਆ ਜਾਵੇਗਾ। ਖੈਰ ਉਸ ਦਾ ਚਿਹਰਾ ਅਜਿਹਾ ਪਹਿਲੀ ਵਾਰ ਵੇਖਿਆ। ਹੋਰ ਪਤਾ ਨਹੀਂ ਕਿੰਨੇ ਕੁ ਵਿਦਿਆਰਥੀਆਂ ਨੂੰ ਫਸਾਇਆ ਹੋਵੇਗਾ।

ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਸੀਲਬੰਦ ਪ੍ਰਸ਼ਨ ਪੱਤਰਾਂ ਦੇ ਪੈਕਟ ਹਰ ਕੇਂਦਰ ਵਿੱਚ ਕੰਟਰੋਲਰ ਪ੍ਰੀਖਿਆਵਾਂ ਨੂੰ ਸੌਂਪਣੇ ਹੁੰਦੇ ਹਨ। ਦੋ ਦੋ ਬੰਦਿਆਂ ਦੀਆਂ ਉਹਨਾਂ ਨੂੰ ਵੰਡਣ ਦੀਆਂ ਡਿਊਟੀਆਂ ਲੱਗਦੀਆਂ ਰਹੀਆਂ। ਇੱਕ ਵਾਰ ਮੇਰੀ ਡਿਊਟੀ ਬਾਂਸਲ ਨਾਲ, ਜਲੰਧਰ ਤੋਂ ਅੱਗੇ ਫਗਵਾੜੇ ਸਮੇਤ ਆਲੇ ਦੁਆਲੇ ਦੇ ਕਾਲਜਾਂ ਵਿੱਚ ਪਹੁੰਚਾਉਣ ਦੀ ਲੱਗ ਗਈ। ਕੰਟਰੋਲਰ ਪ੍ਰੀਖਿਆ ਨੂੰ ਪੈਕਟ ਚੈਕ ਕਰਾਉਣ ਦਾ ਸਮਾਂ ਲੱਗ ਜਾਂਦਾ। ਪੰਜ ਛੇ ਕੇਂਦਰ ਹੀ ਮਸਾਂ ਭੁਗਤਾ ਹੁੰਦੇ। ਖੈਰ ਆਪਣਾ ਕੰਮ ਮੁਕਾਉਂਦਿਆਂ ਸ਼ਾਮ ਹੋ ਜਾਂਦੀ। ਉਸ ਨੇ ਇੱਕ ਦੋ ਪ੍ਰੀਖਿਆ ਕੇਂਦਰ ਦੇ ਨਿਗਰਾਨ ਅਮਲੇ ਨੂੰ ਸੇਵਾ ਕਰਨ ਲਈ ਸਮਾਂ ਦਿੱਤਾ ਹੋਇਆ। ਖਾਣ-ਪੀਣ ਦੀ ਉਨ੍ਹਾਂ ਨੇ ਸੇਵਾ ਕਰ ਦਿੱਤੀ। ਬਾਂਸਲ ਕਹੇ ਆਪਣੇ ਘਰ ਜਾ ਕੇ ਆਉਣਾ। ਉਸ ਨੇ ਕਾਰ ਡਰਾਈਵਰ ਨੂੰ ਤੀਹ ਕਿਲੋਮੀਟਰ ਦੇ ਫਾਸਲੇ ਵੱਲ ਤੋਰ ਲਿਆ। ਉਸ ਦੇ ਘਰ ਜਾ ਪਹੁੰਚੇ। ਉੱਥੋਂ ਫਿਰ ਪਹਿਲੀ ਥਾਂ ਵੱਲ ਗੱਡੀ ਤੋਰ ਲਈ। ਉਸ ਦਾ ਕਿਸੇ ਹੋਰ ਨੂੰ ਮਿਲਣਾ ਰਹਿ ਗਿਆ ਸੀ। ਤਿੰਨ ਕੁ ਘੰਟੇ ਉਹ ਘੁੰਮਾਈ ਗਿਆ। ਮੈਂ ਜ਼ੋਰ ਦਿੱਤਾ, ਆਪਾਂ ਵਾਪਸ ਚਲੀਏ। ਅੱਧੀ ਰਾਤ ਹੋ ਜਾਵੇਗੀ। ਮਸਾਂ ਉਹ ਮੰਨਿਆਂ। ਰਾਤ ਦੇ ਬਾਰਾਂ ਵਜੇ ਵਾਪਸ ਆਏ। ਮੈਂ ਸੋਚਿਆ ਇਸ ਨਾਲ ਡਿਊਟੀ ਨਹੀਂ ਲਗਾਉਣੀ। ਮੁਫਤ 'ਚ ਮੈਂ ਬਦਨਾਮ ਹੋਵਾਂਗਾ। ਉਸ ਦਾ ਇਹ ਇਲਾਕਾ ਸੀ। ਮੈਂ ਆਪਣੇ ਇਲਾਕੇ ਤੋਂ ਦੋ ਸੌ ਕਿਲੋਮੀਟਰ ਦੂਰ। ਉਸ ਵੇਲੇ ਮਾਝੇ-ਦੁਆਬੇ ਦੇ ਚਾਰ ਜ਼ਿਲ੍ਹਿਆਂ ਦੇ ਕਾਲਜ ਹੀ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਸਨ। ਇਸ ਗੱਲੋਂ ਮੈਂ ਸੁਖੀ ਸੀ। ਉਸ ਦੀ ਡਿਊਟੀ ਬਰਾਂਚ ਦੇ ਸੈਕਸ਼ਨ ਵਿੱਚ ਗੁਰਦਿਆਲ ਰਾਏ ਨਾਲ ਲੱਗੀ ਹੋਈ। ਦੋਵੇਂ ਇੱਕੋ ਸੈਕਸ਼ਨ ਵਿੱਚ। ਉਹਨਾਂ ਦਾ ਪ੍ਰੀਖਿਆ ਕੇਂਦਰਾਂ ਵਿੱਚ ਹਰ ਤਰ੍ਹਾਂ ਦੇ ਨਿਗਰਾਨ ਅਮਲੇ ਦੀਆਂ, ਪ੍ਰੀਖਿਆਵਾਂ ਹੋਣ ਸਮੇਂ ਡਿਊਟੀ ਲਾਉਣਾ ਸੀ। ਪ੍ਰੀਖਿਆ ਕੇਂਦਰਾਂ ਨੂੰ ਉਡਣ ਦਸਤਿਆਂ ਦੀ ਡਿਊਟੀ ਵੀ ਇਸੇ ਸੈਕਸ਼ਨ ਦਾ ਕੰਮ ਸੀ। ਰਾਏ, ਬਾਂਸਲ ਨਾਲੋਂ ਵੀ ਵੱਧ ਚਲਾਕ। ਉਹ ਰਲ ਕੇ ਡਿਊਟੀਆਂ ਲਾਉਂਦੇ। ਰਾਏ ਸਿਆਣਪ 'ਚ ਪਾਸੇ ਰਹਿ ਜਾਂਦਾ। ਬਾਂਸਲ ਅੜਿਕੇ ਆਉਂਦਾ ਆਉਂਦਾ ਕਿਸੇ ਤਰੀਕੇ ਬਚ ਨਿਕਲਦਾ।



ਬਾਂਸਲ ਦਾ ਹੌਸਲਾ ਜ਼ਿਆਦਾ ਹੀ ਖੁੱਲ੍ਹ ਗਿਆ। ਪ੍ਰੀਖਿਆ ਕੇਂਦਰਾਂ ਦੇ ਨਿਗਰਾਨ ਅਮਲੇ ਨੂੰ ਲਾਉਣ ਲਈ ਸਾਰੇ ਕਾਲਜਾਂ ਤੋਂ ਲੈਕਚਰਾਰਾਂ ਦੀਆਂ ਲਿਸਟਾਂ ਮੰਗਵਾ ਲਈਆਂ ਜਾਂਦੀਆਂ। ਉਨ੍ਹਾਂ ਵਿੱਚੋਂ ਪ੍ਰੀਖਿਆ ਕੇਂਦਰਾਂ ਅਨੁਸਾਰ ਡਿਊਟੀ ਲਿਸਟ ਯੂਨੀਵਰਸਿਟੀ ਅਧਿਕਾਰੀਆਂ ਤੋਂ ਪਰਵਾਨ ਕਰਾ ਲਈ ਜਾਂਦੀ। ਉਸ ਸਮੇਂ ਇਹ ਡਿਊਟੀ ਲਿਸਟ ਗੁਪਤ ਰੱਖੀ ਜਾਂਦੀ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ। ਕੋਈ ਵੀ ਵਿਦਿਆਰਥੀ ਜਾਂ ਲੈਕਚਰਾਰ ਨਕਲ ਕਰਨ ਲਈ ਮਿਲ ਨਾ ਸਕੇ। ਪਰ ਨਿਗਰਾਨ ਅਮਲਾ ਆਪ ਵੀ ਦਫਤਰ ਗੇੜੇ ਮਾਰਦਾ ਤਾਂ ਕਿ ਪਤਾ ਲੱਗ ਸਕੇ ਕਿੱਥੇ ਡਿਊਟੀ ਲਗਾਈ ਗਈ ਹੈ। ਉਹ ਆਪਣੇ ਮਨ ਪਸੰਦ ਪ੍ਰੀਖਿਆ ਕੇਂਦਰ ਵਿੱਚ ਡਿਊਟੀ ਲਗਵਾ ਸਕੇ। ਉਸ ਸਮੇਂ ਡਿਊਟੀ ਸੈਕਸ਼ਨ ਵਿੱਚ ਸਿਫਾਰਸ਼ ਚਲਦੀ। ਸੌਦੇਬਾਜ਼ੀ ਹੋ ਜਾਂਦੀ। ਨਿਗਰਾਨ ਅਮਲੇ ਦੀਆਂ ਡਿਊਟੀ ਚਿੱਠੀਆਂ ਗੁਪਤ ਰੱਖ ਕੇ ਤਿਆਰ ਕੀਤੀਆਂ ਜਾਂਦੀਆਂ। ਜਿਹੜੇ ਲੈਕਚਰਾਰ ਨੇ ਮਰਜ਼ੀ ਦੀ ਡਿਊਟੀ ਲਗਵਾਉਣੀ ਹੁੰਦੀ ਉਹ ਮਿਲ ਮਿਲਾ ਕੇ ਦਸਤੀ ਚਿੱਠੀ ਲੈ ਜਾਂਦਾ। ਉਨ੍ਹਾਂ ਨੇ ਕਿਸੇ ਆਪਣੇ ਹਮਦਰਦ ਵਿਦਿਆਰਥੀ ਨੂੰ ਨਕਲ ਕਰਾਉਣੀ ਹੁੰਦੀ।

ਮੈਨੂੰ ਪਹਿਲਾਂ ਇਸ ਕਿੱਸੇ ਦਾ ਪਤਾ ਨਹੀਂ ਸੀ। ਮੈਂ ਆਪਣੇ ਕੰਮ ਤੋਂ ਬਿਨਾਂ ਕਦੇ ਦੂਜੇ ਸੈਕਸ਼ਨਾਂ ਵੱਲ ਧਿਆਨ ਨਹੀਂ ਸੀ ਦਿੱਤਾ। ਮੇਰੇ ਸੈਕਸ਼ਨ ਦਾ ਕੰਮ ਸਾਫ ਸੁਥਰਾ ਸੀ। ਹੋਇਆ ਇਹ ਕਿ ਦਫਤਰ ਬੰਦ ਹੋਣ ਤੋਂ ਪਹਿਲਾਂ ਅਸੀਂ ਸਾਰੇ ਹੀ ਆਪਣਾ ਆਪਣਾ ਕਾਗਜ਼-ਪੱਤਰ ਤੇ ਫਾਈਲਾਂ ਬਰਾਂਡੇ 'ਚ ਪਈਆਂ ਅਲਮਾਰੀਆਂ ਵਿੱਚ ਰੱਖ ਕੇ ਜਾਂਦੇ ਸੀ। ਮੈਂ ਵੀ ਆਪਣੀ ਅਲਮਾਰੀ ਵਿੱਚ ਫਾਈਲਾਂ ਰੱਖ ਕੇ ਬੰਦ ਕਰਨ ਲੱਗਾ। ਬਾਂਸਲ ਦੀ ਅਲ਼ਮਾਰੀ ਮੇਰੀ ਅਲਮਾਰੀ ਦੇ ਨਾਲ ਸੀ। ਉਹ ਆਪਣੀਆਂ ਚਿੱਠੀਆਂ ਰੱਖਣ ਲੱਗਾ, ਅਚਾਨਕ ਮੇਰੀ ਅਲਮਾਰੀ ਵਿੱਚ ਰੱਖਣ ਲਈ ਕਿਹਾ, 'ਇਕ ਬੰਡਲ ਇੱਧਰ ਰੱਖ ਲਓ।' ਮੇਰਾ ਉੱਤਰ ਉਡੀਕੇ ਬਿਨਾਂ ਹੀ ਉਸ ਨੇ ਬਦੋਬਦੀ ਰੱਖ ਦਿੱਤਾ। ਮੈਨੂੰ ਇਹ ਨਹੀਂ ਸੀ ਪਤਾ ਕਿ ਨਿਗਰਾਨ ਅਮਲੇ ਦੀਆਂ ਚਿੱਠੀਆਂ ਹਨ। ਕਾਲਜਾਂ ਦੇ ਲੈਕਚਰਾਰਾਂ ਵਿੱਚ ਪਹਿਲਾਂ ਹੀ ਰੌਲਾ ਪੈ ਗਿਆ ਸੀ ਕਿ ਡਿਊਟੀ ਚਿੱਠੀਆਂ ਲੇਟ ਕਿਉਂ ਹੋ ਰਹੀਆਂ। ਸਮੇਂ ਸਿਰ ਪਹੁੰਚੀਆਂ ਨਹੀਂ। ਬਹੁਤੇ ਲੈਕਚਰਾਰ ਮਰਜ਼ੀ ਦੇ ਪ੍ਰੀਖਿਆ ਕੇਂਦਰ ਵਿੱਚ ਡਿਊਟੀ ਲਗਵਾਉਣ ਲਈ, ਬਾਂਸਲ ਕੋਲ ਆਉਣ ਲੱਗ ਪਏ ਤਾਂ ਕਿ ਮਰਜ਼ੀ ਦੇ ਪ੍ਰੀਖਿਆ ਕੇਂਦਰ ਵਿੱਚ ਡਿਊਟੀ ਲਗਵਾ ਸਕਣ। ਅਧਿਕਾਰੀਆਂ ਕੋਲ ਬਹਾਨਾ ਇਹ ਲਾਇਆ ਜਾਂਦਾ ਕਿ ਨਿਗਰਾਨ ਅਮਲੇ ਨੂੰ ਡਿਊਟੀ ਮਿਲੀ ਨਹੀਂ ਇਸ ਲਈ ਤਤਕਾਲ 'ਚ ਪ੍ਰਵਾਨ ਕਰ ਲਈ ਜਾਵੇ। ਪ੍ਰੀਖਿਆ ਕੇਂਦਰ ਵਿੱਚ ਨਿਗਰਾਨ ਅਮਲੇ ਦੀ ਕੋਈ ਕਮੀ ਨਾ ਰਹਿ ਜਾਵੇ। ਮੈਨੂੰ ਕੋਈ ਪਤਾ ਨਹੀਂ ਕਿ ਬਾਂਸਲ ਤੋਂ ਬਿਨਾਂ ਕੋਈ ਹੋਰ ਕਰਮਚਾਰੀ ਵੀ ਵੇਖ ਰਿਹਾ ਹੈ ਜਾਂ ਨਹੀਂ। ਹੋ ਸਕਦਾ ਹੈ ਕਿ ਬਾਂਸਲ ਨੂੰ ਸੂਹ ਲੱਗ ਗਈ ਹੋਵੇ ਕਿ ਛਾਪਾ ਪੈ ਸਕਦਾ ਹੈ। ਇਸੇ ਕਰਕੇ ਉਸ ਨੇ ਸੋਚਿਆ ਨਾਲ ਦੀ ਅਲਮਾਰੀ ਵਿੱਚ ਕਿਸੇ ਨੂੰ ਸ਼ੱਕ ਨਹੀਂ ਹੋਵੇਗਾ। ਉਸ ਦੀ ਅਲਮਾਰੀ ਦੀ ਹੀ ਚੈਕਿੰਗ ਹੋਵੇਗੀ। ਉਸ ਵਿੱਚੋਂ ਕੋਈ ਚਿੱਠੀ ਨਿਕਲੇਗੀ ਨਹੀਂ।

ਮੈਂ ਰੋਜ਼ਾਨਾ ਦੀ ਤਰ੍ਹਾਂ ਬੇਫਿਕਰ ਹੋ ਕੇ ਚਲਾ ਗਿਆ। ਉਹ ਵੀ ਆਪਣੇ ਵੱਲੋਂ ਸਬੂਤ ਮਿਟਾ ਕੇ ਅੱਧੇ ਕੁ ਫਿਕਰ ਨਾਲ ਚਲਾ ਗਿਆ ਹੋਵੇਗਾ। ਦੂਜੇ ਦਿਨ ਸਵੇਰੇ ਹੀ ਮੈਨੂੰ ਆਉਂਦੇ ਨੂੰ ਹੀ ਸਾਡੇ ਸਹਾਇਕ ਰਜਿਸਟਰਾਰ ਨੇ ਆਪਣੇ ਦਫਤਰ ਵਿੱਚ ਸੱਦ ਲਿਆ। ਮੈਂ ਅਜੇ ਆਪਣੀ ਸੀਟ 'ਤੇ ਨਹੀਂ ਸੀ ਬੈਠਿਆ। ਉਨ੍ਹਾਂ ਨੇ ਕਿਹਾ, 'ਅਲਮਾਰੀ ਖੋਲ੍ਹੋ ?' ਮੈਂ ਜਾ ਕੇ ਖੋਲ੍ਹ ਦਿੱਤੀ। ਇੱਕ ਕਰਮਚਾਰੀ ਜੋ ਉਨ੍ਹਾਂ ਕੋਲ ਪਹਿਲਾਂ ਹੀ ਬੈਠਾ ਸੀ, ਮੇਰੇ ਅਲਮਾਰੀ ਖੋਲ੍ਹਦੀ ਸਾਰ, ਉਸ ਨੇ ਨਿਗਰਾਨ ਅਮਲੇ ਦੀਆਂ ਡਿਊਟੀ ਚਿੱਠੀਆਂ ਦਾ ਬੰਡਲ ਚੁੱਕ ਲਿਆ। ਸ਼ਾਇਦ ਬਾਂਸਲ ਨੂੰ ਰੱਖਦੇ ਸਮੇਂ ਉਸ ਨੇ ਵੇਖ ਲਿਆ

ਸੀ। ਉਸ ਨੇ ਤੇਜ਼ੀ ਨਾਲ ਸਹਾਇਕ ਰਜਿਸਟਰਾਰ ਦੇ ਦਫਤਰ ਵਿੱਚ ਲਿਜਾ ਕੇ ਮੇਜ਼ ਉੱਤੇ ਬੰਡਲ ਰੱਖ ਦਿੱਤਾ। ਮੈਂ ਵੀ ਨਾਲ ਹੀ ਦਫਤਰ ਵਿੱਚ ਜਾ ਬੈਠਿਆ। ਮੈਨੂੰ ਕੁੱਝ ਸਮਝ ਨਹੀਂ ਸੀ ਆ ਰਹੀ ਕਿ ਕੀ ਹੋ ਰਿਹਾ ਹੈ। ਉਨ੍ਹਾਂ ਨੇ ਮੈਨੂੰ ਪੁੱਛਿਆ, 'ਇਹ ਬੰਡਲ ਤੇਰੀ ਅਲਮਾਰੀ ਵਿੱਚ ਕਿਵੇਂ ਆਇਆ ?' ਮੈਂ ਦੱਸ ਦਿੱਤਾ, 'ਬਾਂਸਲ ਨੇ ਰੱਖੇ ਨੇ ਜੀ, ਕਿ ਉਸ ਦੀ ਅਲਮਾਰੀ ਵਿੱਚ ਥਾਂ ਨਹੀਂ ਹੈ। ਇਸ ਤਰ੍ਹਾਂ ਅਸੀਂ ਇੱਕ ਦੂਜੇ ਦੀ ਅਲਮਾਰੀ ਵਿੱਚ ਵਾਧੂ ਫਾਈਲਾਂ ਬਗੈਰਾ ਰੱਖ ਹੀ ਦਿੰਦੇ ਹਾਂ।' ਇਹ ਸੁਣ ਕੇ ਮੈਨੂੰ ਕਿਹਾ, 'ਤੁਸੀਂ ਜਾਓ, ਬੈਠੋ ਆਪਣੀ ਸੀਟ 'ਤੇ।' ਉਨ੍ਹਾਂ ਹੋਰ ਕੁੱਝ ਨਹੀਂ ਪੁੱਛਿਆ ਤੇ ਨਾ ਦੱਸਿਆ। ਉਸੇ ਵੇਲੇ ਬਾਂਸਲ ਨੂੰ ਸੱਦ ਲਿਆ। ਮੈਨੂੰ ਕੋਈ ਪਤਾ ਨਹੀਂ ਉਸ ਨੂੰ ਕੀ ਕਿਹਾ। ਉੱਚ ਅਧਿਕਾਰੀਆਂ ਕੋਲ ਉਸ ਦੀ ਪੇਸ਼ੀ ਹੋਈ ਤੇ ਕੇਸ ਚੱਲਿਆ। ਉਸ ਕੇਸ ਵਿੱਚ ਉਹ ਯੂਨੀਵਰਸਿਟੀ ਦੀ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ।

ਸਾਡੀ ਬਰਾਂਚ ਦਾ ਸਹਾਇਕ ਰਜਿਸਟਰਾਰ ਅਤੇ ਨਿਗਰਾਨ ਸ਼ਾਖਾ ਮੇਰੇ ਕੰਮ ਪ੍ਰਤੀ ਇਮਾਨਦਾਰੀ ਤੋਂ ਭਲੀਭਾਂਤ ਜਾਣੂ ਸਨ। ਇੱਥੋਂ ਤੱਕ ਕਿ ਉੱਚ ਅਧਿਕਾਰੀਆਂ ਤੱਕ ਹਰ ਪੱਖੋਂ ਜਾਣਦੇ ਸਨ। ਇਸੇ ਲਈ ਮੇਰੀ ਕੋਈ ਪੁੱਛ ਗਿੱਛ ਨਹੀਂ ਹੋਈ। ਨਹੀਂ ਤਾਂ ਮੇਰੀ ਅਲਮਾਰੀ ਵਿੱਚੋਂ ਚਿੱਠੀਆਂ ਦਾ ਬੰਡਲ ਨਿਕਲਿਆ ਹੋਵੇ, ਮੈਂ ਸਿੱਧਾ ਹੀ ਫਸਦਾ ਸੀ। ਉਹ ਚਿੱਠੀਆਂ ਉੱਚ ਅਧਿਕਾਰੀਆਂ ਵੱਲੋਂ ਪ੍ਰਵਾਨ ਕੀਤੀਆਂ ਡਿਊਟੀ ਵਾਲੀਆਂ ਸਨ ਜੋ ਸਮੇਂ ਸਿਰ ਭੇਜੀਆਂ ਨਹੀਂ ਗਈਆਂ। ਉਨ੍ਹਾਂ ਬਦਲੇ ਤਤਕਾਲ ਚਿੱਠੀਆਂ ਮਿਲ ਮਿਲਾ ਕੇ ਭੇਜੀਆਂ ਗਈਆਂ ਅਤੇ ਭੇਜੀਆਂ ਜਾਣੀਆਂ ਸਨ।

ਉਸ ਨੇ ਯੂਨੀਵਰਸਿਟੀ ਤੋਂ ਫਾਰਗ ਹੋ ਕੇ ਅਪੀਲਾਂ ਵੀ ਕੀਤੀਆਂ। ਦੁਬਾਰਾ ਰੱਖਿਆ ਨਹੀਂ ਗਿਆ। ਪਹਿਲਾਂ ਹੀ ਕਾਫੀ ਬਦਨਾਮੀ ਹੋ ਚੁੱਕੀ ਸੀ। ਕਈ ਕੁੜੀਆਂ-ਮੁੰਡੇ ਤੇ ਕਾਲਜ ਲੈਕਚਰਾਰ ਮਗਰ ਲਾਈ ਫਿਰਦਾ ਰਿਹਾ। ਪਤਾ ਨਹੀਂ ਉਸ ਕੋਲ ਕੀ ਗਿਦੜ ਸਿੰਗੀ ਸੀ। ਇੱਕ ਲੜਕੀ ਤਾਂ ਉਸ ਦੇ ਹਮੇਸ਼ਾ ਲਈ ਗਲ਼ ਹੀ ਪੈ ਗਈ। ਪਤਾ ਲੱਗਾ ਉਹ ਲਿਵ-ਇਨਰੀਲੇਸ਼ਨ ਵਿੱਚ ਰਹਿਣ ਲੱਗ ਪਏ। ਉਹ ਪਹਿਲਾਂ ਹੀ ਬਾਲ ਬੱਚੇਦਾਰ ਸੀ। ਉਹ ਕਿਸੇ ਦੂਰ ਦੇ ਸ਼ਹਿਰ ਚਲੇ ਗਏ। ਉਸ ਦੀ ਪਹਿਲੀ ਪਤਨੀ, ਬੱਚਿਆਂ ਨੂੰ ਲੈ ਕੇ ਉਸ ਦੇ ਪਿੰਡ, ਟੱਬਰ ਕੋਲ ਚਲੀ ਗਈ। ਉਸ ਕੋਲ ਵੀ ਬਾਂਸਲ ਆਉਂਦਾ ਜਾਂਦਾ। ਉਸ ਨੂੰ ਖਰਚਾ ਵੀ ਦਿੰਦਾ। ਉਹ ਪਤਨੀ ਬਹੁਤ ਹੀ ਸਾਊ ਸੁਭਾਅ ਦੀ ਸੀ। ਉਸ ਨਾਲੋਂ ਲੰਮੀ ਜੁਆਨ ਸੋਹਣੀ ਸੁਨੱਖੀ। ਪਤਾ ਨਹੀਂ ਬਾਂਸਲ ਕਿਉਂ ਭਟਕਦਾ ਫਿਰਦਾ ਰਹਿੰਦਾ। ਮਜ਼ਬੂਰੀਵਸ ਉਸ ਨੇ ਪਤੀ ਦਾ ਇਸ ਤਰ੍ਹਾਂ ਵੱਖ ਰਹਿਣਾ ਸਵੀਕਾਰ ਕਰ ਲਿਆ। ਉਸ ਨੂੰ ਬਹੁਤਾ ਸਹਾਰਾ ਬਾਂਸਲ ਦੇ ਟੱਬਰ ਤੋਂ ਹੋ ਗਿਆ। ਉਸ ਨੇ ਆਪਣੇ ਮਨ ਨੂੰ ਕਾਬੂ 'ਚ ਰੱਖਿਆ। ਮਿਲਣ ਆਏ ਨਾਲ ਖੁਸ਼ ਹੋ ਕੇ ਮਿਲਦੀ। ਉਦੋਂ ਮੇਰੀ ਪਤਨੀ ਨਾਲ ਗੱਲਾਂ ਸਾਂਝੀਆਂ ਕਰ ਲੈਂਦੀ ਸੀ। ਜਿਸ ਦਿਨ ਤੋਂ ਉਸ ਨੇ ਅੰਮ੍ਰਿਤਸਰ ਛੱਡਿਆ ਸੀ ਮੁੜ ਕੇ ਨਾ ਚਿੱਠੀ ਨਾ ਪੱਤਰ। ਕੋਈ ਉਘ ਸੁੱਘ ਨਹੀਂ। ਹੁਣ ਪਤਾ ਨਹੀਂ ਬਾਂਸਲ ਦੇ ਦੋਵੇਂ ਟੱਬਰ ਕਿਸ ਹਾਲਾਤ ਵਿੱਚ ਹਨ। ਉਸ ਵੇਲੇ ਫੋਨ ਤਾਂ ਹੈ ਨਹੀਂ ਸਨ। ਇੱਕ ਵਾਰ ਲਿੰਕ ਟੁੱਟਿਆ ਫਿਰ ਕਿੱਥੇ ਜੁੜਦਾ ਹੈ। ਅਜਿਹਾ ਬੇਇੱਜ਼ਤ ਹੋਇਆ ਕੋਈ ਵੀ ਬੰਦਾ ਆਪ ਹੀ ਮੁੜ ਕੇ ਲਿੰਕ ਨਹੀਂ ਜੋੜਦਾ। ਉਸ ਦੀ ਦੋਸਤੀ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਤਾਂ ਰਹਿਣੀਆਂ ਹੀ ਨੇ। ਜੇ ਹੁਣ ਵੀ ਮਿਲੇ ਤਾਂ ਉਸ ਨੂੰ ਕਹੀਏ, 'ਇਹ ਗੁੱਲੀ ਘੱੜ ਬਹੁਤ ਸਿਆਣੇ ਹੁੰਦੇ ਨੇ।' ਉਹ ਖਿਝ ਕੇ ਉਸੇ ਤਰ੍ਹਾਂ ਨਹਿਲੇ ਤੇ ਦਹਿਲਾ ਮਾਰੇ।



## ਮੇਰਾ ਗੁਆਂਢੀ ਜੌਹਨ/ਦੇਵਿੰਦਰ ਕੌਰ (ਯੂਕੇ)

ਅੱਜ ਵੀ ਉਹ ਵੇਲਾ ਯਾਦ ਕਰਦਿਆਂ ਸਹਿਮ ਜਾਂਦੀ ਹਾਂ। ਹਾਲਾਂਕਿ ਉਸ ਤਰ੍ਹਾਂ ਦੀ ਹੁਣ ਕੋਈ ਗੱਲ ਨਹੀਂ ਰਹੀ।

ਆਖਿਰ ਉਹ ਪਲ ਵੀ ਆ ਹੀ ਗਏ ਜਿਸ ਦੀ ਮੈਂ ਪਿਛਲੇ ਪੌਣੇ ਦੋ ਸਾਲ ਤੋਂ ਉਡੀਕ ਕਰ ਰਹੀ ਸਾਂ। ਕੌਂਸਲ ਦੇ ਫਲੈਟ ਦੀ ਆਫਰ ਆਉਣੀ ਮੇਰੇ ਲਈ ਇੱਕ ਵੱਡੀ ਖੁਸ਼ਖ਼ਬਰੀ ਸੀ।

ਸਵਰਨ ਚੰਦਨ ਤੋਂ ਅਲੱਗ ਹੋਇਆਂ ਦੋ ਸਾਲ ਹੋ ਚੁੱਕੇ ਸਨ। ਮੈਂ ਕਿਰਾਏ ਦੇ ਘਰ ਵਿੱਚ ਰਹਿ ਰਹੀ ਸਾਂ। ਘਰ ਵੱਡਾ ਸੀ, ਕਿਰਾਇਆ ਜ਼ਿਆਦਾ ਹੋਣਾ ਕੁਦਰਤੀ ਸੀ। ਮੁਸ਼ਕਲ ਨੂੰ ਭਾਂਪਦਿਆਂ ਮੈਂ ਕਿਰਾਏ ਦੀ ਪੂਰਤੀ ਲਈ ਵਿਦੇਸ਼ਾਂ ਤੋਂ ਪੜ੍ਹਨ ਆਈਆਂ ਤਿੰਨ ਕੁੜੀਆਂ ਕਿਰਾਏਦਾਰ ਰੱਖ ਲਈਆਂ। ਇਹਨਾਂ ਕੁੜੀਆਂ ਨੇ ਦੋ ਸਾਲਾਂ ਵਿੱਚ ਆਪਣੀ ਪੜ੍ਹਾਈ ਪੂਰੀ ਕਰ ਕੇ ਆਪੋ ਆਪਣੇ ਦੇਸ਼ ਪਰਤ ਜਾਣਾ ਸੀ। ਵੱਡੇ ਘਰ ਦੇ ਵੱਡੇ ਕਿਰਾਏ ਤੋਂ ਬਚਣ ਲਈ ਮੈਂ ਕੌਂਸਲ ਦੇ ਇੱਕ ਬੈੱਡਰੂਮ ਵਾਲੇ ਫਲੈਟ ਲਈ ਅਪਲਾਈ ਕਰ ਦਿੱਤਾ ਸੀ। ਹੁਣ ਪੌਣੇ ਦੋ ਸਾਲ ਬਾਅਦ ਇਸ ਫਲੈਟ ਦੀ ਮੈਨੂੰ ਆਫਰ ਆ ਗਈ ਸੀ। ਮੈਨੂੰ ਲੱਗਿਆ ਕਿ ਇਹ ਜ਼ਿੰਦਗੀ ਦਾ ਸਹੀ ਮੋੜ ਸੀ। ਮੈਂ ਛੇਤੀ ਹੀ ਫਲੈਟ ਦੇਖਣ ਜਾਣ ਦਾ ਫੈਸਲਾ ਕਰ ਲਿਆ। ਮੈਂ ਫਲੈਟ ਦੇਖਿਆ ਹੀ ਨਹੀਂ ਸਗੋਂ ਉਸ ਔਫਰ ਨੂੰ ਮਨਜ਼ੂਰ ਵੀ ਕਰ ਲਿਆ। ਮੈਂ ਅੰਦਰੋਂ-ਅੰਦਰ ਬਹੁਤ ਖੁਸ਼ ਸਾਂ ਕਿਉਂਕਿ ਉਸ ਫਲੈਟ ਦਾ ਕੌਂਸਲ ਵੱਲੋਂ ਮਿਥਿਆ ਕਿਰਾਇਆ ਮੈਂ ਬੜੀ ਆਸਾਨੀ ਨਾਲ ਦੇ ਸਕਦੀ ਸਾਂ।

ਆਖਿਰ ਉਹ ਦਿਨ ਆ ਗਿਆ ਜਦ ਮੈਨੂੰ ਉਸ ਫਲੈਟ ਦੀਆਂ ਚਾਬੀਆਂ ਮਿਲ ਗਈਆਂ। ਮੇਰੇ ਆਪਣੇ ਫਲੈਟ ਦੀਆਂ। ਕਿਰਾਏ ਦਾ ਘਰ ਤਾਂ ਬੇਗਾਨਾ ਹੁੰਦਾ ਹੈ, ਕੌਂਸਲ ਦਾ ਘਰ ਤੁਹਾਡਾ ਆਪਣਾ ਹੀ ਹੁੰਦਾ ਹੈ। ਤੁਸੀਂ ਇਸ ਨੂੰ ਖਰੀਦ ਕੇ ਇਸ ਦੇ ਮਾਲਕ ਵੀ ਬਣ ਸਕਦੇ ਹੋ, ਜੋ ਮੈਂ ਬਾਅਦ ਵਿੱਚ ਬਣ ਵੀ ਗਈ। ਮੈਨੂੰ ਆਪਣੇ ਫਲੈਟ ਦੀਆਂ ਚਾਬੀਆਂ ਤਾਂ ਮਿਲ ਗਈਆਂ ਪਰ ਇਹ ਹਾਲੇ ਰਹਿਣ ਦੇ ਕਾਬਲ ਨਹੀਂ ਸੀ। ਇਸ ਵਿੱਚ ਕਾਫੀ ਕੰਮ ਹੋਣ ਵਾਲਾ ਸੀ। ਪੇਪਰ, ਪੇਂਟ, ਕਾਰਪੇਟ ਆਦਿ ਹੀ ਬਦਲਨ ਵਾਲੇ ਸਨ। ਮੇਰੀ ਪਸੰਦ ਦੀਆਂ ਇਹ ਨਵੀਆਂ ਚੀਜ਼ਾਂ ਪੈਣ ਨਾਲ ਹੀ ਇਸ ਵਿੱਚ ਅਪਣੱਤ ਭਰਨੀ ਸੀ, ਆਪਣਾ-ਆਪਣਾ ਜਾਪਣਾ ਸੀ। ਮੈਂ ਆਪਣੇ ਕਿਰਾਏ ਵਾਲੇ ਘਰ ਵਿੱਚ ਹਾਲੇ ਹੋਰ ਰਹਿ ਸਕਦੀ ਸਾਂ ਇਸ ਲਈ ਫਲੈਟ ਵਿੱਚ ਇਸ ਸਾਰੇ ਕੰਮ ਕਰਵਾਉਣ ਦਾ ਫੈਸਲਾ ਕਰ ਲਿਆ।

ਹਾਲਾਂਕਿ ਵੱਡੇ ਸਾਰੇ ਘਰ ਵਿੱਚ ਮੈਂ ਹੁਣ ਇਕੱਲੀ ਸਾਂ। ਉਹ ਤਿੰਨੋਂ ਕੁੜੀਆ ਵਾਪਸ ਜਾ ਚੁੱਕੀਆਂ ਸਨ।

ਇਹ ਚਾਰ ਫਲੈਟਾਂ ਦਾ ਬਲੌਕ ਸੀ। ਅੰਦਰ ਵੜਦਿਆਂ ਹੀ ਖੱਬੇ ਪਾਸੇ ਮੇਰਾ ਫਲੈਟ ਤੇ ਮੇਰੇ ਉਪਰ ਇੱਕ ਹੋਰ ਫਲੈਟ। ਮੇਰੇ ਬਰਾਬਰ 'ਤੇ ਸੱਜੇ ਪਾਸੇ ਇੱਕ ਫਲੈਟ ਤੇ ਉਸ ਦੇ ਉਪਰ ਇੱਕ ਫਲੈਟ। ਛੋਟਾ ਜਿਹਾ ਬਲੌਕ ਮੈਨੂੰ ਪਸੰਦ ਸੀ। ਬਹੁਤ ਸੇਫ ਜਾਪਦਾ ਸੀ। ਚਾਬੀਆਂ ਲੈ ਕੇ ਮੈਂ, ਫਲੈਟ ਦੀ ਮਾਲਕ ਬਣ ਮੈਂ ਉੱਥੇ ਪੁੱਜੀ। ਫਲੈਟ ਦਾ ਦਰਵਾਜ਼ਾ ਖੋਲ੍ਹਿਆ। ਮੇਰਾ ਆਪਣਾ ਫਲੈਟ ਹੋਣ ਦੀ ਭਾਵਨਾ ਮਨ ਵਿੱਚ ਉਮੜ ਰਹੀ ਸੀ। ਇਸ ਵਿੱਚ ਕਰਾਏ ਜਾਣ ਵਾਲੇ ਕੰਮ ਦਾ ਮੈਂ ਜਾਇਜ਼ਾ ਲੈ ਰਹੀ ਸਾਂ। ਫਲੈਟ ਦਾ ਦਰਵਾਜ਼ਾ ਖੁੱਲ੍ਹਾ ਹੀ ਸੀ। ਅਚਾਨਕ ਅੱਧਖੜ ਉਮਰ ਦਾ ਇੱਕ ਅੰਗਰੇਜ਼ ਅੰਦਰ ਆ ਵੜ੍ਹਿਆ। ਮੈਨੂੰ ਜ਼ਰਾ ਹੋਰਵੇਂ ਲੱਗਿਆ। ਮੈਨੂੰ ਪਤਾ ਹੈ ਕਿ ਗਵਾਂਢੀ ਅੰਗਰੇਜ਼ ਤੁਹਾਡੇ ਪਤਾ

ਲੈਣ, ਤੁਹਾਡੇ ਨਾਲ ਵਾਕਫੀ ਪਾਉਣ ਆਇਆ ਹੀ ਕਰਦੇ ਹਨ। ਉਸ ਨੇ ਆਉਂਦਿਆ ਹੀ ਕਿਹਾ, “ਆਏ'ਮ ਜੌਹਨ, ਓਹ ਸਾਹਮਣਲਾ ਫਲੈਟ ਮੇਰਾ ਏ, ਕਈ ਸਾਲ ਤੋਂ ਮੈਂ ਇੱਥੇ ਰਹਿ ਰਿਹਾਂ। ਮੈਨੂੰ ਖ਼ੁਸ਼ੀ ਹੈ ਕਿ ਤੁਸੀਂ ਇੱਥੇ ਆ ਰਹੇ ਹੋ, ਕੀ ਤੂੰ ਇਕੱਲੀ ਏਂ ਜਾਂ ਤੇਰਾ ਪਾਰਟਨਰ ਵੀ ਨਾਲ ਹੋਵੇਗਾ ?”

ਉਸ ਨੇ ਮੇਰੇ ਵੱਲ ਹੱਥ ਵਧਾਇਆ। ਮੈਂ ਉਸ ਨਾਲ ਹੱਥ ਮਿਲਾਇਆ ਤੇ ਕਿਹਾ, “ਨਹੀਂ, ਮੈਂ ਇਕੱਲੀ ਹਾਂ, ਇਕੱਲੀ ਹੀ ਇੱਥੇ ਰਹਾਂਗੀ।”

“ਫਿਰ ਤਾਂ ਅਸੀਂ ਬਹੁਤ ਚੰਗੇ ਦੋਸਤ ਬਣ ਸਕਦੇ ਹਾਂ ਕਿਉਂਕਿ ਮੈਂ ਵੀ ਇਕੱਲਾ ਹਾਂ।” ਉਸ ਨੇ ਕਿਹਾ।

ਮੈਂ ਉਸ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਮੈਂ ਤਾਂ ਓਪਰੇ ਬੰਦੇ ਨੂੰ ਦੇਖ ਕੇ ਹੀ ਡਰ ਗਈ ਸਾਂ। ਉਹ ਮੇਰੇ ਫਲੈਟ ਨੂੰ ਘੋਖਵੀਆਂ ਨਜ਼ਰਾਂ ਨਾਲ ਦੇਖਣ ਲੱਗਾ ਤੇ ਬੋਲਿਆ, “ਕਾਫੀ ਕੰਮ ਹੋਣ ਵਾਲਾ ਏ, ਮੈਂ ਡੈਕੋਰੇਸ਼ਨ ਦਾ ਮਾਹਰ ਹਾਂ, ਮੈਂ ਤੇਰੇ ਲਈ ਇਹ ਸਾਰਾ ਕੰਮ ਕਰ ਸਕਦਾ ਹਾਂ, ...ਸਸਤਾ ਹੀ।”

“ਪੂਰੀ ਕੀਮਤ ਦੱਸ।” ਮੈਨੂੰ ਪੂਰੇ ਘਰ ਨੂੰ ਡੈਕੋਰੇਟ ਕਰਨ ਦੀ ਕੀਮਤ ਦਾ ਅੰਦਾਜ਼ਾ ਸੀ, ਉਸੇ ਹਿਸਾਬ ਨਾਲ ਫਲੈਟ ਦਾ ਹਿਸਾਬ ਵੀ ਲਗਾ ਰਹੀ ਸਾਂ।

“ਤਿੰਨ ਸੌ ਪੰਜਾਹ ਪੌਂਡ, ਸਾਰਾ ਸਾਮਾਨ ਮੇਰਾ ਹੋਵੇਗਾ।” ਜੌਹਨ ਨੇ ਕਿਹਾ।

ਮੈਨੂੰ ਇਹ ਕੀਮਤ ਠੀਕ ਲੱਗੀ। ਉਸ ਨੇ ਪੇਪਰ, ਪੇਂਟ ਵੀ ਖਰੀਦਣਾ ਸੀ। ਮੈਨੂੰ ਲੱਗਿਆ ਕਿ ਉਹ ਵਿਸ਼ਵਾਸ ਕਰਨਯੋਗ ਵਿਅਕਤੀ ਹੈ, ਮੈਂ ਉਸ ਨੂੰ ਹਾਂ ਕਹਿ ਦਿੱਤੀ। ਮੈਂ ਆਪਣੇ ਫਲੈਟ ਦਾ ਦਰਵਾਜ਼ਾ ਹੀ ਖੁੱਲ੍ਹਾ ਰਹਿਣ ਦਿੱਤਾ ਤਾਂ ਜੋ ਉਸ ਤੋਂ ਚਾਬੀਆਂ ਵਾਪਸ ਮੰਗਣ ਦੀ ਦਿੱਕਤ ਨਾ ਰਹੇ। ਉਸ ਦਾ ਫਲੈਟ ਸਾਹਮਣੇ ਹੀ ਸੀ।

ਕੁੱਝ ਦਿਨਾਂ ਬਾਅਦ ਮੈਂ ਆਪਣਾ ਫਲੈਟ ਤੇ ਉਸ ਦਾ ਕੰਮ ਦੇਖਣ ਗਈ। ਉਹ ਕੰਮ ਵਧੀਆ ਕਰ ਰਿਹਾ ਸੀ ਪਰ ਉਸ ਦੀ ਰਫਤਾਰ ਬਹੁਤ ਧੀਮੀ ਸੀ। ਉਸ ਦੇ ਕੰਮ ਦੀ ਸਫਾਈ ਤੋਂ ਮੈਂ ਖ਼ੁਸ਼ ਸਾਂ। ਮੈਂ ਬੇਫਿਕਰ ਹੋ ਗਈ।

ਸਮਾਂ ਪਾ ਕੇ ਮੇਰਾ ਫਲੈਟ ਤਿਆਰ ਹੋ ਗਿਆ। ਘਰ ਮੂਵ ਕਰਨਾ ਕੋਈ ਆਸਾਨ ਕੰਮ ਤਾਂ ਨਹੀਂ ਹੁੰਦਾ। ਮੈਂ ਕੁੱਝ ਦੋਸਤਾਂ ਦੀ ਮੱਦਦ ਲਈ ਤੇ ਆਪਣੇ ਫਲੈਟ ਵਿੱਚ ਆ ਗਈ। ਮੇਰੇ ਲਈ ਇਹ ਸੁੱਖ ਦਾ ਸਾਹ ਸੀ। ਹੁਣ ਜ਼ਿੰਦਗੀ ਨੇ ਮੁੜ ਆਪਣੀ ਪਟੜੀ ’ਤੇ ਤੁਰ ਪੈਣਾ ਸੀ। ਮੈਂ ਖ਼ੁਸ਼ ਸਾਂ ਕਿ ਜੌਹਨ ਨੇ ਕੰਮ ਵਧੀਆ ਕੀਤਾ ਸੀ। ਫਲੈਟ ਨੂੰ ਪੂਰੀ ਤਰ੍ਹਾਂ ਸਜਾ ਦਿੱਤਾ ਸੀ।

ਜੌਹਨ ਨੇ ਇਹ ਫਲੈਟ ਤਿਆਰ ਕੀਤਾ ਸੀ ਇਸ ਲਈ ਉਹ ਇਸ ਵਿੱਚ ਸ਼ਾਇਦ ਕੋਈ ਅਪਣੱਤ ਮਹਿਸੂਸ ਹੁੰਦੀ ਹੋਵੇ। ਉਹ ਕਈ ਵਾਰ ਦਰਵਾਜ਼ਾ ਨੌਕ ਕਰਦਾ, ਮੇਰਾ ਹਾਲ-ਚਾਲ ਪੁੱਛਦਾ, ਮੈਂ ਸੱਭਿਅਕ ਬਣਦੀ ਉਸ ਨੂੰ ਅੰਦਰ ਆਉਣ ਲਈ ਕਹਿੰਦੀ, ਇਹੀ ਉਹ ਉਡੀਕ ਰਿਹਾ ਹੁੰਦਾ। ਇੱਕ ਦਿਨ ਉਸ ਨੇ ਕਿਹਾ, “ਇੱਥੇ ਪਹਿਲਾਂ ਐਮੀ ਰਹਿੰਦੀ ਸੀ, ਉਹ ਆਪਣੇ ਪਾਰਟਨਰ ਨਾਲ ਸ਼ਿਫਟ ਹੋਈ ਸੀ, ਉਸ ਦਾ ਪਾਰਟਨਰ ਡਾਹਢਾ ਸੀ, ਅਣਬਣ ਹੋ ਗਈ, ਫਲੈਟ ਐਮੀ ਦੇ ਨਾਂ ’ਤੇ ਸੀ, ਉਹਨੇ ਪਾਰਟਨਰ ਕੱਢ ਮਾਰਿਆ।”

“ਵੈਰੀ ਸੈਡ!” ਮੈਂ ਕਿਹਾ।

“ਨੌਟ ਸੈਡ, ਉਹ ਮੇਰੀ ਦੋਸਤ ਬਣ ਗਈ, ਮੇਰੇ ਨਾਲ ਪੱਬ ਜਾਣ ਲੱਗੀ।”

“ਦੈਟ'ਸ ਗੁੱਡ।”



“ਗੁੱਡ ਕਾਹਦਾ, ਉਹਨੇ ਆਪਣਾ ਨਵਾਂ ਪਾਰਟਨਰ ਲੱਭ ਲਿਆ।” ਉਸ ਨੇ ਦੱਸਿਆ।

ਹੁਣ ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਇਸ ਗੱਲ ’ਤੇ ਖ਼ੁਸ਼ ਹੋਵਾਂ ਕਿ ਉਦਾਸ। ਮੈਂ ਉਸ ਦੇ ਡਾਇਲੌਗ ਨੂੰ ਉਵੇਂ ਹੀ ਰਹਿਣ ਦਿੱਤਾ।

ਇੱਕ ਦਿਨ ਫਿਰ ਕਹਿਣ ਲੱਗਾ, “ਮੈਨੂੰ ਇੰਡੀਅਨ ਕੁੜੀਆਂ ਬਹੁਤ ਪਸੰਦ ਨੇ, ਮੇਰੀ ਇੱਕ ਆਂਟ ਨੇ ਪਾਕਿਸਤਾਨੀ ਬੰਦੇ ਨਾਲ ਵਿਆਹ ਕਰਾਇਆ ਸੀ, ਮੈਂ ਉਹਨੂੰ ਮਿਲਣ ਬਰਮੀਘੰਮ ਜਾਇਆ ਕਰਦਾ ਸਾਂ, ਮੇਰਾ ਉਹ ਅੰਕਲ ਲੈਂਬ-ਕਰੀ ਤੇ ਚਪਾਤੀ ਬਹੁਤ ਵਧੀਆ ਬਣਾਉਂਦਾ ਸੀ। ਉਦੋਂ ਹੀ ਮੈਨੂੰ ਇੰਡੀਅਨ ਫੂਡ ਖਾਣ ਦੀ ਆਦਤ ਪੈ ਗਈ।”

ਉਸ ਦਾ ਗੱਲ ਕਰਨ ਦਾ ਲਹਿਜ਼ਾ, ਉਸ ਦੇ ਚਿਹਰੇ ਦੇ ਹਾਵ-ਭਾਵ, ਉਸ ਦੀ ਬੌਡੀ-ਲੈਂਗੁਏਜ ਬਹੁਤ ਹੀ ਅਜੀਬ ਜਿਹੇ ਸਨ। ਗੱਲਾਂ ਗੱਲਾਂ ਵਿੱਚ ਮੈਨੂੰ ਪਤਾ ਲੱਗ ਗਿਆ ਕਿ ਉਹ ਡਿਸਲੈਕਸਿਕ ਸੀ। ਕੁੱਝ ਮੈਂ ਅੰਦਾਜ਼ਾ ਵੀ ਲਾ ਰਹੀ ਸਾਂ ਤੇ ਫਿਰ ਉਸ ਨੇ ਆਪ ਹੀ ਦੱਸ ਦਿੱਤਾ। ਮੈਂ ਇੰਟਰਨੈਟ ਤੋਂ ਇਸ ਬਿਮਾਰੀ ਬਾਰੇ ਹੋਰ ਖੋਜ ਕੀਤੀ ਤਾਂ ਪਤਾ ਲੱਗਾ ਕਿ ਅਜਿਹੇ ਲੋਕ ਅਜੀਬ ਸੁਭਾਅ ਦੇ ਮਾਲਕ ਹੁੰਦੇ ਹਨ। ਮੂਡੀ ਤੇ ਖਾਹਮਖਾਹ ਹੱਕ ਜਮਾਉਣ ਵਾਲੇ। ਇਹਨਾਂ ਵਿੱਚ ਪੜ੍ਹਨ-ਲਿਖਣ ਦੀ ਯੋਗਤਾ ਬਹੁਤ ਘੱਟ ਹੁੰਦੀ ਹੈ। ਕਿਸੇ ਗੱਲ ਦੇ ਗਲਤ ਮਤਲਬ ਵੀ ਕੱਢ ਸਕਦੇ ਹਨ। ਹੁਣ ਉਸ ਤੋਂ ਮੈਨੂੰ ਡਰ ਜਿਹਾ ਵੀ ਲੱਗਣ ਲੱਗਾ ਸੀ। ਉਸ ਨਾਲ ਗੱਲ ਕਰਦਿਆਂ ਬਹੁਤ ਧਿਆਨ ਰੱਖਣ ਦੀ ਲੋੜ ਸੀ। ਗੱਲਾਂ ਕਰਦਾ ਉਹ ਮੇਰੀ ਇਕੱਲ ਬਾਰੇ ਗੱਲਾਂ ਕਰਦਾ ਤੇ ਮੈਨੂੰ ਆਪਣੀ ਦੋਸਤੀ ਦੀ ਆਫਰ ਦਿੰਦਾ। ਮੈਂ ਤਰੀਕੇ ਨਾਲ ਇਨਕਾਰ ਕਰ ਦਿੰਦੀ।

ਹੌਲੀ ਹੌਲੀ ਮੈਨੂੰ ਜੌਹਨ ਦੇ ਵਿਹਾਰ ਦੀ ਸਮਝ ਆਉਣ ਲੱਗੀ। ਇਸ ਲਈ ਜਦ ਉਹ ਮੇਰੀ ਡੋਰ ਨੌਕ ਕਰਦਾ ਤਾਂ ਮੈਂ ਦਰਵਾਜ਼ਾ ਖੋਲ੍ਹ ਦਿੰਦੀ ਤੇ ਕੁੱਝ ਦੇਰ ਉਸ ਨਾਲ ਗੱਲਾਂ ਵੀ ਕਰ ਲੈਂਦੀ।

ਇੱਕ ਸ਼ਾਮ ਜੌਹਨ ਆਇਆ ਤਾਂ ਮੇਰੇ ਤੋਂ ਉਸ ਨੂੰ ਇਗਨੋਅਰ ਕਰ ਹੋ ਗਿਆ। ਉਸ ਦਿਨ ਮੈਂ ਆਪਣੀ ਇੱਕ ਦੋਸਤ ਦੇ ਘਰ ਰਾਤ ਰਹਿਣ ਚਲੇ ਗਈ ਕਿਉਂਕਿ ਅਗਲੇ ਦਿਨ ਸਵੇਰੇ ਮੇਰੀ ਹਸਪਤਾਲ ਵਿੱਚ ਐਪੁਆਏਂਮੈਂਟ ਸੀ ਤੇ ਉਸ ਸਹੇਲੀ ਨੂੰ ਨਾਲ ਲੈ ਕੇ ਜਾਣਾ ਸੀ। ਉਹਨੀਂ ਦਿਨੀਂ ਮੇਰੇ ਕੋਲ ਨਿਸਾਨ ਮਾਈਕਰਾ ਕਾਰ ਹੁੰਦੀ ਸੀ। ਮੈਂ ਤੇ ਮੇਰੀ ਸਹੇਲੀ ਕਾਰ ਵਿੱਚ ਹਸਪਤਾਲ ਗਈਆਂ। ਸ਼ਾਮ ਨੂੰ ਮੈਂ ਉਸ ਵੱਲ ਹੀ ਚਲੇ ਗਈ। ਜੌਹਨ ਨੇ ਮੈਨੂੰ ਫੋਨ ਕੀਤਾ ਪਰ ਮੈਂ ਨਾ ਚੁੱਕਿਆ। ਕੁੱਝ ਦੇਰ ਬਾਅਦ ਫੇਰ ਫੋਨ ਆਇਆ ਪਰ ਮੈਂ ਕਾਲ ਨਾ ਲਈ। ਤੀਜੀ ਵਾਰ ਉਸ ਨੇ ਘੰਟੀ ਕੀਤੀ ਤਾਂ ਮੈਂ ਫੋਨ ਹੀ ਸਵਿੱਚ ਆਫ ਕਰ ਦਿੱਤਾ। ਫੋਨ ਬੰਦ ਕਰਕੇ ਮੈਨੂੰ ਸੁੱਖ ਦਾ ਸਾਹ ਆਇਆ ਪਰ ਅੰਦਰੋਂ ਮੈਂ ਡਰੀ ਹੋਈ ਸਾਂ ਕਿਉਂਕਿ ਜੌਹਨ ਨਾਲ ਕੋਈ ਲੜਾਈ ਮੁੱਲ ਨਹੀਂ ਸੀ ਲੈਣਾ ਚਾਹੁੰਦੀ। ਮੈਂ ਉਸ ਦੀ ਬਿਮਾਰੀ ਤੇ ਉਸ ਦੇ ਸੁਭਾਅ ਨੂੰ ਸਮਝਣ ਲੱਗੀ ਸਾਂ।

ਉਹੋ ਗੱਲ ਹੋਈ ਜਿਸ ਦਾ ਡਰ ਸੀ। ਜਦ ਘਰ ਆਈ ਤਾਂ ਦੇਖਿਆ ਕਿ ਮੇਰੇ ਬਾਥਰੂਮ ਦੀ ਖਿੜਕੀ ਦਾ ਸ਼ੀਸ਼ਾ ਟੁੱਟਿਆ ਪਿਆ ਸੀ ਤੇ ਜੌਹਨ ਵੀ ਆਪਣੇ ਫਲੈਟ ਵਿੱਚ ਨਹੀਂ ਸੀ। ਸਾਫ ਸੀ ਕਿ ਇਹ ਉਸ ਨੂੰ ਇਗਨੋਅਰ ਕਰਨ ਦਾ ਨਤੀਜਾ ਸੀ। ਉਸ ਤੋਂ ਬਿਨਾਂ ਤਾਂ ਸਾਡੇ ਬਲੌਕ ਵਿੱਚ ਕੋਈ ਹੋਰ ਆ ਹੀ ਨਹੀਂ ਸੀ ਸਕਦਾ। ਮੈਂ ਜੌਹਨ ਨੂੰ ਫੋਨ ਕੀਤਾ। ਉਹ ਆਪਣੀ ਮਾਂ ਨੂੰ ਮਿਲਣ ਬਰਮੀਘੰਮ ਜਾ ਚੁੱਕਾ ਸੀ। ਮੇਰੀ ਖਿੜਕੀ ਦਾ ਸ਼ੀਸ਼ਾ ਟੁੱਟੇ ਹੋਣ ਬਾਰੇ ਪਤਾ ਹੋਣ ਤੋਂ ਉਹ ਸਾਫ ਹੀ ਮੁਕਰ ਗਿਆ। ਕਹਿਣ ਲੱਗਾ, “ਮੈਂ ਤਾਂ ਕੱਲ੍ਹ ਦਾ ਹੀ ਆਪਣੀ ਮਾਂ ਦੇ ਘਰ ਹਾਂ।”

ਪਰ ਉਹ ਉਸੇ ਦਿਨ ਹੀ ਵਾਪਸ ਆ ਗਿਆ ਤੇ ਮੈਨੂੰ ਸਲਾਹਾਂ ਦੇਣ ਲੱਗਾ ਕਿ ਕਿਵੇਂ ਪੁਲੀਸ ਨੂੰ ਫੋਨ ਕਰਕੇ ਕਰਾਈਮ ਨੰਬਰ ਲੈਣਾ ਹੈ ਤੇ ਉਹ ਨੰਬਰ ਕੌਂਸਲ ਨੂੰ ਦੇਣਾ ਹੈ ਤੇ ਇਵੇਂ ਉਹ ਆ ਕੇ ਨਵਾਂ ਸ਼ੀਸ਼ਾ ਲਾ ਦੇਣਗੇ। ਇਵੇਂ ਹੀ ਹੋਇਆ। ਸ਼ੀਸ਼ਾ ਨਵਾਂ ਲੱਗ ਗਿਆ। ਮੇਰਾ ਸਲਾਹਕਾਰ ਬਣ ਕੇ ਉਹ ਵਧੀਆ ਗਵਾਂਢੀ ਬਣਨ ਦੇ ਯਤਨ ਵਿੱਚ ਸੀ ਪਰ ਮੈਂ ਉਸ ਦੀ ਅਸਲੀਅਤ ਸਮਝਦੀ ਹੋਈ ਉਸ ਬਾਰੇ ਹੋਰ ਚੇਤੰਨ ਹੋ ਗਈ ਸਾਂ। ਮੈਂ ਸਥਿਤੀ ਨੂੰ ਸੰਭਾਲਦਿਆਂ ਉਸ ਗੱਲ ਨੂੰ ਉੱਥੇ ਹੀ ਖਤਮ ਕਰ ਦਿੱਤਾ।

ਇੱਕ ਦਿਨ ਜੌਹਨ ਨੇ ਮੇਰਾ ਦਰਵਾਜ਼ਾ ਖੜਕਾਇਆ। ਸਵੇਰ ਦਾ ਵੇਲਾ ਸੀ। ਮੁਹੱਲੇ ਵਿੱਚ ਵਾਪਰੀ ਕੋਈ ਘਟਨਾ ਬਾਰੇ ਦੱਸਣ ਆਇਆ ਸੀ। ਮੈਂ ਹਾਲੇ ਨਾਈਟੀ ਵਿੱਚ ਹੀ ਸਾਂ। ਗੱਲਾਂ ਕਰਦਾ ਉਹ ਮੇਰੀ ਨਾਈਟੀ ਵੱਲ ਹੀ ਦੇਖਦਾ ਜਾ ਰਿਹਾ ਸੀ। ਮੈਂ ਉਸ ਦੀ ਅੱਖ ਸਮਝ ਰਹੀ ਸਾਂ ਤੇ ਝਿਜਕ ਰਹੀ ਸਾਂ। ਉਹ ਧਿਆਨ ਨਾਲ ਦੇਖਦਾ ਬੋਲਿਆ, "ਨਾਈਟੀ ਬਹੁਤ ਸੁਹਣੀ ਲੱਗ ਰਹੀ ਏ, ਇਹ ਕਿਸੇ ਲਈ ਸੱਦਾ ਤਾਂ ਨਹੀਂ ?"

ਉਸ ਦੀ ਗੱਲ ਹੈਰਾਨ ਕਰਨ ਵਾਲੀ ਸੀ ਕਿਉਂਕਿ ਅਜਿਹਾ ਕੁਮਿੰਟ ਕਰਨਾ ਅੰਗਰੇਜ਼ਾਂ ਦੇ ਸੁਭਾਅ ਵਿੱਚ ਨਹੀਂ ਹੁੰਦਾ ਪਰ ਜੌਹਨ ਕੁੱਝ ਅਲੱਗ ਸੀ। ਮੈਂ ਕਿਹਾ, "ਨਹੀਂ ਜੌਹਨ, ਅਜਿਹਾ ਕੁੱਝ ਨਹੀਂ।" ਮੇਰੇ ਬੋਲਾਂ ਵਿੱਚ ਕੁੱਝ ਸਖਤੀ ਸੀ। ਉਹ ਗੁੱਸਾ ਖਾ ਗਿਆ ਤੇ ਇੱਕ ਦਮ ਉੱਥੋਂ ਚਲੇ ਗਿਆ। ਮੈਂ ਡਰ ਗਈ ਕਿ ਮੁੜ ਕੋਈ ਗਲਤ ਕੰਮ ਨਾ ਕਰ ਦੇਵੇ ਪਰ ਖੈਰ ਰਹੀ। ਉਸ ਦਿਨ ਤੋਂ ਬਾਅਦ ਮੈਂ ਨਾਈਟੀ ਪਾਉਣੀ ਹੀ ਬੰਦ ਕਰ ਦਿੱਤੀ। ਵੈਸੇ ਮੈਂ ਦਿਲੋਂ ਉਸ ਨਾਲ ਬਹੁਤ ਗੁੱਸੇ ਵਿੱਚ ਸਾਂ ਕਿ ਇਹ ਕੌਣ ਹੁੰਦਾ ਹੈ ਅਜਿਹੀ ਗੱਲ ਕਰਨ ਵਾਲਾ ? ਇਸ ਤਰ੍ਹਾਂ ਤਾਂ ਮੈਨੂੰ ਚੰਦਨ ਸਾਹਿਬ ਨੇ ਵੀ ਕਦੇ ਨਹੀਂ ਕਿਹਾ। ਮੈਂ ਕਈ ਵਾਰ ਸੋਚਣ ਲੱਗਦੀ ਕਿ ਮੈਂ ਕਿਸ ਥਾਂ ਆ ਗਈ ਹਾਂ ? ਮੈਂ ਡਿਸਲੈਕਸਿਕ ਬੰਦਿਆਂ ਬਾਰੇ ਪੜ੍ਹਿਆ ਹੋਇਆ ਸੀ ਕਿ ਇਹ ਬੜੀ ਛੇਤੀ ਭੜਕ ਜਾਂਦੇ ਹਨ। ਆਪਾ ਖੋ ਜਾਂਦੇ ਹਨ। ਉਸ ਦੀਆਂ ਗੱਲਾਂ ਤੋਂ ਮੈਨੂੰ ਇਹ ਵੀ ਪਤਾ ਲੱਗ ਚੁੱਕਾ ਸੀ ਕਿ ਡਾਕਟਰ ਨੇ ਉਸ ਨੂੰ ਐਂਟੀ-ਡਿਪਰੈਸੈਂਟ ਦੀ ਹਾਈ ਡੋਜ਼ 'ਤੇ ਲਾਇਆ ਹੋਇਆ ਸੀ। ਮੈਂ ਉਸ ਦੀ ਹਾਲਤ ਨੂੰ ਸਮਝਦੀ ਹੋਈ ਉਸ ਦੀਆਂ ਕਈ ਗੱਲਾਂ ਨੂੰ ਹਊ-ਪਰੇ ਵੀ ਕਰ ਜਾਂਦੀ ਸਾਂ। ਇਵੇਂ ਹੀ ਆਪਣਾ ਵਕਤ ਲੰਘਾ ਰਹੀ ਸਾਂ। ਉਸ ਦੀਆਂ ਗੱਲਾਂ ਦੀ ਕੋਈ ਪ੍ਰੀਤਕਿਰਿਆ ਨਾ ਦਿੰਦੀ। ਵੈਸੇ ਕੋਈ ਬਹੁਤ ਵੱਡੀ ਮੁਸੀਬਤ ਵੀ ਨਹੀਂ ਸੀ।

ਇੱਕ ਵਾਰ ਉਹ ਆਪਣੀ ਮਾਂ ਨੂੰ ਮਿਲਣ ਬਰਮੀਘੰਮ ਗਿਆ ਤਾਂ ਉੱਥੇ ਉਸ ਦੀ ਇੱਕ ਏਸ਼ੀਅਨ ਕੁੜੀ ਨਾਲ ਮੁਲਾਕਾਤ ਹੋ ਗਈ। ਉਸ ਨੇ ਕੁੜੀ ਨੂੰ ਆਪਣੇ ਫਲੈਟ ਵਿੱਚ ਆਉਣ ਲਈ ਰਾਜ਼ੀ ਕਰ ਲਿਆ। ਉਹ ਬਹੁਤ ਖੁਸ਼ ਸੀ। ਉਸ ਨੇ ਮੇਰੀ ਡੋਰ ਕਰਕੇ ਦੱਸਿਆ ਕਿ ਉਸ ਨੂੰ ਪੈਂਤੀ ਸਾਲ ਦੀ ਕੁੜੀ ਮਿਲਣ ਆ ਰਹੀ ਹੈ, ਸਵੇਰੇ ਆਵੇਗੀ ਤੇ ਸ਼ਾਮ ਉਸ ਨਾਲ ਬਿਤਾ ਕੇ ਚਲੀ ਜਾਵੇਗੀ। ਮੈਂ ਸ਼ੁਕਰ ਕੀਤਾ ਕਿ ਚਲੋ ਚੰਗਾ ਹੋਇਆ, ਉਹਨੂੰ ਕੋਈ ਸਾਥ ਮਿਲਿਆ। ਘੱਟੋ-ਘੱਟ ਹੁਣ ਮੈਨੂੰ ਤਾਂ ਕੁੱਝ ਨਹੀਂ ਕਹੇਗਾ। ਉਹ ਮੇਰੇ ਨਾਲ ਕੁੜੀ ਦੀਆਂ ਗੱਲਾਂ ਕਰਦਾ ਰਹਿੰਦਾ। ਦੱਸਦਾ ਕਿ ਉਸ ਦੇ ਆਉਣ 'ਤੇ ਉਹ ਕੀ ਕੁੱਕ ਕਰੇਗਾ, ਉਸ ਦੀ ਹੋਰ ਸੇਵਾ ਕਿਵੇਂ ਕਰੇਗਾ। ਮੇਰੇ ਲਈ ਇਹ ਸਕੂਨ ਵਾਲੀ ਗੱਲ ਸੀ।

ਇੱਕ ਦਿਨ ਉਸ ਨੇ ਮੇਰਾ ਦਰਵਾਜ਼ਾ ਖੜਕਾਇਆ। ਮੈਂ ਖੋਲ੍ਹਿਆ ਤਾਂ ਦੇਖਿਆ ਕਿ ਉਹ ਕੁੱਝ ਪਰੇਸ਼ਾਨ ਲੱਗ ਰਿਹਾ ਸੀ। ਉਸ ਨੇ ਪੁੱਛਿਆ, "ਮੇ ਆਏ ਕਮ ਇਨ ?" ਮੈਂ ਉਸ ਨੂੰ ਅੰਦਰ ਲੰਘਾ



ਲਿਆ। ਮੈਂ ਉਸ ਦੀ ਪਰੇਸ਼ਾਨੀ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਮੇਰੀ ਬੇਟੀ ਦਾ ਫੋਨ ਆਇਆ, ਉਹ ਕੁੱਝ ਪੈਸਿਆਂ ਦੀ ਮੰਗ ਕਰ ਰਹੀ ਏ।"

"ਤੂੰ ਵਿਆਹਿਆ ਹੋਇਐਂ ? ਕਦੇ ਦੱਸਿਆ ਹੀ ਨਹੀਂ ?" ਮੈਂ ਹੈਰਾਨੀ ਪ੍ਰਗਟ ਕੀਤੀ।

"ਨਹੀਂ, ਉਹ ਮੇਰੀ ਪਾਰਟਨਰ ਸੀ, ਮੇਰੇ ਇੱਕ ਬੇਟੀ ਤੇ ਇੱਕ ਪੁੱਤਰ ਏ। ਉਹ ਟਰਕੀ ਰਹਿੰਦੇ ਨੇ। ਉਹਨੇ ਹੋਰ ਪਾਰਟਨਰ ਲੱਭ ਲਿਆ ਤੇ ਮੈਨੂੰ ਛੱਡ ਦਿੱਤਾ। ਮੇਰਾ ਮੁੰਡਾ ਕੁੜੀ ਉਸ ਕੋਲ ਹੀ ਰਹਿੰਦੇ ਨੇ। ਮੇਰੇ ਬੱਚੇ ਹੁਣ ਵੱਡੇ ਹੋ ਚੁੱਕੇ ਨੇ, ਅਗਾਂਹ ਉਹ ਆਪਣੇ ਪਾਰਟਨਰਜ਼ ਨਾਲ ਰਹਿੰਦੇ ਨੇ, ਮੇਰੀ ਕੁੜੀ ਦੇ ਦੋ ਬੱਚੇ ਨੇ।" ਗੱਲਾਂ ਕਰਦਾ ਕਰਦਾ ਉਹ ਅਤੀਤ ਵੱਲ ਚਲੇ ਗਿਆ ਤੇ ਬਹੁਤ ਉਦਾਸ ਹੋ ਗਿਆ। ਉਸ ਦੀਆਂ ਅੱਖਾਂ ਵਿੱਚ ਅਥਰੂ ਆ ਗਏ। ਮੈਨੂੰ ਉਸ ਨਾਲ ਹਮਦਰਦੀ ਹੋ ਰਹੀ ਸੀ।

ਉਸ ਨੇ ਫਿਰ ਕਿਹਾ, "ਮੈਂ ਪੰਜ-ਪੰਜ ਸੌ ਪੌਂਡ ਮੁੰਡੇ ਤੇ ਕੁੜੀ ਨੂੰ ਭੇਜ ਰਿਹਾਂ, ਜੇ ਇਕੱਲੀ ਕੁੜੀ ਨੂੰ ਭੇਜਾਂਗਾ ਤਾਂ ਮੁੰਡਾ ਬੁਰਾ ਮਨਾਏਗਾ।" ਉਸ ਦੀਆਂ ਗੱਲਾਂ ਸੁਣਦੀ ਮੈਂ ਸੋਚ ਰਹੀ ਸਾਂ ਕਿ ਇਨਸਾਨ ਭਾਵੇਂ ਕਿਸੇ ਵੀ ਦੇਸ਼, ਕੌਮ ਜਾਂ ਖਿੱਤੇ ਦਾ ਹੋਵੇ ਕੁੱਝ ਗੱਲਾਂ ਵਿੱਚ ਸਾਰੇ ਇਨਸਾਨ ਇੱਕੋ ਜਿਹੇ ਹੀ ਹੁੰਦੇ ਹਨ। ਮੇਰੇ ਨਾਲ ਗੱਲਾਂ ਕਰਕੇ ਸ਼ਾਇਦ ਉਸ ਦਾ ਮਨ ਹੌਲ਼ਾ ਹੋ ਗਿਆ ਸੀ। ਥੋੜ੍ਹੀ ਦੇਰ ਬਾਅਦ ਉਹ ਆਪੇ ਹੀ ਉੱਠ ਕੇ ਚਲੇ ਗਿਆ।

ਉਹ ਏਸ਼ੀਅਨ ਕੁੜੀ ਉਸ ਨੂੰ ਮਿਲਣ ਹਰ ਹਫਤੇ ਆਉਂਦੀ। ਉਸ ਸਾਰੀ ਖ਼ਬਰ ਮੈਨੂੰ ਅਗਾਊਂ ਹੀ ਦੇ ਦਿੰਦਾ। ਮੈਂ ਹੈਰਾਨ ਹੁੰਦੀ ਕਿ ਉਹ ਆਪਣੀ ਨਿੱਜੀ ਜ਼ਿੰਦਗੀ ਬਾਰੇ ਮੈਨੂੰ ਕਿਉਂ ਦੱਸਦਾ ਹੈ ? ਸ਼ਾਇਦ ਪੱਛਮੀ ਸੱਭਿਆਚਾਰ ਦਾ ਹਿੱਸਾ ਹੈ ਕਿ ਉਹ ਕਿਸੇ ਗੱਲ ਨੂੰ ਛੁਪਾ ਕੇ ਨਹੀਂ ਰੱਖਦੇ, ਇਸ ਗੱਲ ਵਿੱਚ ਉਹਨਾਂ ਲਈ ਕੋਈ ਸੰਗ-ਸ਼ਰਮ ਵੀ ਨਹੀਂ ਹੈ ਕਿ ਜਵਾਨ ਕੁੜੀ ਉਸ ਨੂੰ ਮਿਲਣ ਆਉਂਦੀ ਹੈ। ਜੋ ਵੀ ਸੀ, ਮੈਂ ਇਸੇ ਗੱਲ 'ਤੇ ਖੁਸ਼ ਸਾਂ ਕਿ ਮੇਰੇ ਤੋਂ ਤਾਂ ਉਸ ਦਾ ਖਹਿੜਾ ਛੁੱਟਿਆ। ਕੁੱਝ ਵੀ ਸੀ, ਮੈਂ ਕਦੇ ਵੀ ਉਸ ਨਾਲ ਬੋਲਣਾ ਨਹੀਂ ਸੀ ਛੱਡਿਆ। ਮੈਂ ਅੰਗਰੇਜ਼ ਗਵਾਂਢੀਆਂ ਦੇ ਪਿਆਰ ਕਰਨ ਵਾਲੇ ਸਿਧਾਂਤ ਨੂੰ ਜਾਣਦੀ ਸਾਂ ਤੇ ਵੈਸੇ ਵੀ ਮੈਂ ਉਸ ਨਾਲ ਕੋਈ ਲੜਾਈ ਮੁੱਲ ਨਹੀਂ ਲੈਣਾ ਚਾਹੁੰਦੀ ਸੀ।

ਕੁੱਝ ਮਹੀਨਿਆਂ ਬਾਅਦ ਉਹ ਕੁੜੀ ਉਹਨੂੰ ਸਦਾ ਲਈ ਛੱਡ ਗਈ। ਜ਼ਰੂਰ ਉਹਨਾਂ ਦਾ ਕੋਈ ਮਸਲਾ ਹੋ ਗਿਆ ਹੋਵੇਗਾ ਜਾਂ ਉਹ ਇਹਦੇ ਤੋਂ ਅੱਕ ਗਈ ਹੋਵੇਗੀ। ਕੁੜੀ ਦੇ ਜਾਣ ਤੋਂ ਬਾਅਦ ਜੌਹਨ ਮੇਰੇ ਨਾਲ ਮੁੜ ਪਹਿਲਾਂ ਵਾਲੀਆਂ ਗੱਲਾਂ ਦੁਹਰਾਉਣ ਲੱਗਾ। ਅੰਦਰ ਹੀ ਅੰਦਰ ਮੈਂ ਫਿਰ ਅਸਹਿਜ ਹੋ ਗਈ। ਦਰਅਸਲ ਡਿਸਲੈਕਸੀਆ ਦਾ ਸ਼ਿਕਾਰ ਹੋਣ ਕਰਕੇ ਉਹ ਆਪਣੇ ਤੇ ਮੇਰੇ ਵਿੱਚ ਕੋਈ ਫਰਕ ਨਹੀਂ ਸੀ ਸਮਝਦਾ। ਉਸ ਨੂੰ ਪਤਾ ਸੀ ਕਿ ਮੈਂ ਕਾਲਜ ਵਿੱਚ ਪੜ੍ਹਾਉਂਦੀ ਹਾਂ ਤੇ ਉਹ ਚਿੱਟਾ ਅਨਪੜ੍ਹ ਸੀ। ਉਸ ਨੂੰ ਸਕੂਲ ਵਿੱਚ ਮੁੰਡੇ ਬੁਲੀ ਕਰਦੇ ਸਨ ਤੇ ਉਸ ਨੇ ਸਕੂਲ ਜਾਣਾ ਹਮੇਸ਼ਾ ਲਈ ਬੰਦ ਕਰ ਦਿੱਤਾ ਸੀ। ਉਹ ਬਚਪਨ ਤੋਂ ਹੀ ਸਰਕਾਰੀ ਬੈਨੇਫਿੱਟ 'ਤੇ ਗੁਜ਼ਾਰਾ ਕਰਦਾ ਆ ਰਿਹਾ ਸੀ। ਵੈਸੇ ਹੌਲੀ ਹੌਲੀ ਉਸ ਨੇ ਘਰਾਂ ਦੀ ਡੈਕੋਰੇਸ਼ਨ ਵਿੱਚ ਮੁਹਾਰਤ ਹਾਸਲ ਕਰ ਲਈ ਸੀ ਤੇ ਗਾਹੇ-ਬਗਾਹੇ ਉਹ ਇਹ ਕੰਮ ਕਰਕੇ ਕੁੱਝ ਪੈਸੇ ਬਣਾ ਲੈਂਦਾ ਸੀ। ਕਈ ਵਾਰ ਉਹ ਬਰਮੀਘੰਮ ਵੀ ਇਹੋ ਕੰਮ ਕਰਨ ਚਲੇ ਜਾਂਦਾ। ਜ਼ਰੂਰ ਕੁੱਝ ਲੋਕ ਉਸ ਨੂੰ ਜਾਣਦੇ ਹੋਣਗੇ ਜੋ ਉਸ ਤੋਂ ਘਰਾਂ ਵਿੱਚ ਕੰਮ ਕਰਾਉਂਦੇ ਹੋਣਗੇ। ਇੱਕ ਵਾਰ ਬਰਮੀਘੰਮ ਗਏ ਨੂੰ ਉਸ ਨੂੰ ਇੱਕ ਹੋਰ ਏਸ਼ੀਅਨ ਕੁੜੀ ਮਿਲ ਗਈ। ਹੁਣ ਉਹ ਉਸ ਨੂੰ ਮਿਲਣ ਆਉਣ ਲੱਗ ਪਈ ਸੀ। ਉਸ ਬਾਰੇ ਵੀ ਮੈਨੂੰ ਸਭ ਕੁੱਝ ਦੱਸ ਦਿੰਦਾ। ਮੈਂ ਇੱਕ ਵਾਰ ਫਿਰ ਖੁਸ਼ ਹੋ ਗਈ ਕਿ ਉਹ ਰੁਝ ਗਿਆ ਹੈ ਪਰ ਉਹ ਕੁੜੀ ਛੇਤੀ ਹੀ ਉਸ ਨੂੰ ਛੱਡ ਗਈ।

ਉਹ ਇੱਕ ਵਾਰ ਫਿਰ ਉਦਾਸ ਹੋ ਗਿਆ। ਪਰ ਜਲਦੀ ਹੀ ਉਸ ਨੂੰ ਇੱਕ ਅੰਗਰੇਜ਼ ਔਰਤ ਮਿਲ ਗਈ ਜਿਸ ਦੇ ਚਾਰ ਬੱਚੇ ਸਨ। ਉਸ ਦਾ ਪਤੀ ਉਸ ਨੂੰ ਛੱਡ ਗਿਆ ਸੀ। ਹੁਣ ਉਹ ਔਰਤ ਉਸ ਨੂੰ ਮਿਲਣ ਆਉਂਦੀ ਸੀ। ਉਹਨਾਂ ਦਿਨਾਂ ਵਿੱਚ ਉਹ ਸ਼ਰਾਬ ਪੀਣ ਲੱਗਾ ਸੀ, ਕੈਨਵਸ ਦਾ ਨਸ਼ਾ ਵੀ ਕਰਦਾ ਤੇ ਸਿਗਰਟਾਂ ਵੀ ਪੀਂਦਾ। ਮੈਂ ਹੈਰਾਨ ਹੁੰਦੀ ਕਿ ਉਸ ਔਰਤ ਨੂੰ ਉਸ ਕੋਲੋਂ ਬੂ ਨਹੀਂ ਆਉਂਦੀ ਹੋਵੇਗੀ? ਸ਼ਾਇਦ ਉਹ ਔਰਤ ਵੀ ਇਹ ਸਾਰੇ ਨਸ਼ੇ ਕਰਦੀ ਹੋਵੇ। ਸਿਗਰਟ ਪੀਣਾ ਇਹਨਾਂ ਦੇ ਕਲਚਰ ਦਾ ਹਿੱਸਾ ਵੀ ਹੈ। ਕੀ ਪਹਿਲੀਆਂ ਏਸ਼ੀਅਨ ਕੁੜੀਆਂ ਨੂੰ ਇਹਦੇ ਕੋਲੋਂ ਬੂ ਨਹੀਂ ਆਉਂਦੀ ਹੋਣੀ? ਫਿਰ ਮੈਂ ਸੋਚਦੀ ਕਿ ਮੈਨੂੰ ਇਵੇਂ ਨਹੀਂ ਸੋਚਣਾ ਚਾਹੀਦਾ, ਇਹਨਾਂ ਦੀ ਆਪਣੀ ਜ਼ਿੰਦਗੀ ਹੈ, ਜਿਵੇਂ ਮਰਜ਼ੀ ਕਰਨ।

ਵਕਤ ਲੰਘਦਾ ਗਿਆ। ਉਹ ਅੰਗਰੇਜ਼ ਔਰਤ ਉਸ ਨੂੰ ਦੋ ਸਾਲ ਮਿਲਦੀ ਰਹੀ। ਫਿਰ ਉਸ ਦਾ ਪਤੀ ਵਾਪਸ ਆ ਗਿਆ ਤੇ ਉਹ ਇਹਨੂੰ ਛੱਡ ਗਈ। ਇਹ ਮੁੜ ਪਹਿਲਾਂ ਵਾਲੀ ਰੌਂਅ ਵਿੱਚ ਆ ਗਿਆ। ਖਾਹਮਖਾਹ ਗੁੱਸੇ ਵਿੱਚ ਆਉਣ ਲੱਗਾ। ਉਸ ਦੇ ਉਪਰਲੇ ਫਲੈਟ ਵਿੱਚ ਇੱਕ ਜਵਾਨ ਅੰਗਰੇਜ਼ ਜੋੜਾ ਰਹਿੰਦਾ ਸੀ। ਉਹਨਾਂ ਨਾਲ ਇਹ ਪਹਿਲਾਂ ਵੀ ਲੜ ਪੈਂਦਾ ਸੀ, ਹੁਣ ਫਿਰ ਝਗੜਾ ਕਰਨ ਲੱਗਾ। ਇੱਕ ਦਿਨ ਤਾਂ ਹੱਥੋ ਪਾਈ ਹੋ ਪਿਆ। ਉਹਨਾਂ ਨੇ ਪੁਲੀਸ ਬੁਲਾ ਲਈ। ਪੁਲੀਸ ਇਸ ਨੂੰ ਫੜ ਕੇ ਲੈ ਗਈ। ਦੋ ਦਿਨ ਬਾਅਦ ਇਹ ਵਾਪਸ ਆ ਗਿਆ। ਹੁਣ ਇਸ ਨੇ ਸ਼ਰਾਬ, ਸਿਗਰਟ ਤੇ ਹੋਰ ਨਸ਼ੇ ਛੱਡਣ ਦਾ ਮਨ ਬਣਾ ਲਿਆ। ਡਾਕਟਰ ਨੇ ਇਸਨੂੰ ਨਿਕੋਟਿਨ ਦੇ ਪੈਚਾਂ 'ਤੇ ਲਗਾ ਦਿੱਤਾ। ਹੌਲੀ ਹੌਲੀ ਇਹ ਸਾਰੇ ਨਸ਼ੇ ਛੱਡਣ ਵਿੱਚ ਕਾਮਯਾਬ ਹੋ ਗਿਆ। ਮੈਨੂੰ ਬਹੁਤ ਹੁੱਬ-ਹੁੱਬ ਕੇ ਦੱਸਦਾ ਕਿ ਉਸ ਨੇ ਨਸ਼ੇ ਛੱਡ ਦਿੱਤੇ ਹਨ।

ਇੱਕ ਦਿਨ ਮੇਰੇ ਕੋਲ ਆ ਕੇ ਕੌਫੀ ਪੀ ਰਿਹਾ ਸੀ। ਗੱਲਾਂ ਗੱਲਾਂ ਵਿੱਚ ਮੈਂ ਉਸ ਨੂੰ ਸਮਝਾ ਦਿੱਤਾ ਕਿ ਜੋ ਉਹ ਮੇਰੇ ਬਾਰੇ ਸੋਚਣ ਲੱਗ ਪੈਂਦਾ ਹੈ ਇਹ ਗਲਤ ਹੈ, ਸਾਡੇ ਸੱਭਿਆਚਾਰ ਵਿੱਚ ਇਹ ਮੁਮਕਿਨ ਨਹੀਂ ਹੈ। ਹਾਲਾਂਕਿ ਮੈਨੂੰ ਪਤਾ ਸੀ ਕਿ ਮੈਂ ਇਹ ਝੂਠ ਕਿਹਾ ਸੀ ਪਰ ਇਹ ਝੂਠ ਮੈਨੂੰ ਰਾਸ ਆ ਗਿਆ ਕਿਉਂਕਿ ਉਸ ਤੋਂ ਬਾਅਦ ਉਸ ਨੇ ਕਦੇ ਵੀ ਮੇਰੇ ਨਾਲ ਕੋਈ ਇਸ ਤਰ੍ਹਾਂ ਦੀ ਗੱਲ ਨਾ ਕਹੀ। ਹੁਣ ਉਹ ਸਿਆਣਾ ਗਵਾਂਢੀ ਬਣ ਗਿਆ ਸੀ।

ਜੌਹਨ ਦੇ ਚਰਿੱਤਰ ਦੀਆਂ ਕਈ ਪਰਤਾਂ ਹਨ ਲੇਕਿਨ ਉਹ ਸਾਰੀਆਂ ਖੋਲ੍ਹ ਦਿੰਦਾ ਹੈ। ਆਪਣੇ ਬਾਰੇ ਉਹ ਕੁੱਝ ਵੀ ਨਹੀਂ ਲੁਕਾਉਂਦਾ। ਆਪਣੀ ਜ਼ਿੰਦਗੀ ਦੇ ਹਰ ਐਕਸ਼ਨ ਬਾਰੇ ਆ ਕੇ ਮੈਨੂੰ ਦੱਸ ਦਿੰਦਾ ਹੈ। ਸਾਡੀ ਇਸਟੇਟ ਦੇ ਫਲੈਟਾਂ ਵਿੱਚ ਇੱਕ ਬਜ਼ੁਰਗ ਅੰਗਰੇਜ਼ ਔਰਤ ਮੈਗੀ ਰਹਿੰਦੀ ਹੈ, ਉਸ ਦੀ ਇਹ ਸਾਰੀ ਸ਼ੌਪਿੰਗ ਕਰਦਾ ਹੈ। ਰੋਜ਼ ਸਵੇਰੇ ਪੋਸਟ ਆਫਿਸ ਤੋਂ ਮੈਗੀ ਲਈ ਅਖ਼ਬਾਰ ਲੈ ਕੇ ਆਉਂਦਾ ਹੈ। ਆਪਣੀ ਬੁੱਤੀ-ਨੱਤੀ ਕਰਾਉਣ ਬਦਲੇ ਮੈਗੀ ਨੇ ਇਸ ਨੂੰ ਪੰਜ ਸੌ ਪੌਂਡ ਉਧਾਰਾ ਦਿੱਤਾ ਹੋਇਆ ਹੈ ਜਿਸ ਨੂੰ ਇਹ ਥੋੜ੍ਹੇ-ਥੋੜ੍ਹੇ ਕਰਕੇ ਮੋੜਦਾ ਰਹਿੰਦਾ ਹੈ। ਜਦ ਸਾਰੇ ਮੁੜ ਜਾਣ ਤਾਂ ਉਹ ਪੰਜ ਸੌ ਪੌਂਡ ਇਹਨੂੰ ਹੋਰ ਦੇ ਦਿੰਦੀ ਹੈ। ਇਹ ਪੂਰੀ ਜ਼ਿੰਮੇਵਾਰੀ ਨਾਲ ਉਸ ਨੂੰ ਪੈਸੇ ਮੋੜਦਾ ਰਹਿੰਦਾ ਹੈ। ਇੱਕ ਦਿਨ ਮੈਗੀ ਕੁੱਝ ਬਿਮਾਰ ਹੋ ਗਈ। ਜੌਹਨ ਮੈਨੂੰ ਕਹਿਣ ਲੱਗਾ, "ਮੈਨੂੰ ਡਰ ਏ ਕਿ ਮੈਗੀ ਹੁਣ ਮਰ ਜਾਵੇਗੀ ਪਰ ਫਿਕਰ ਦੀ ਗੱਲ ਇਹ ਵੇ ਕਿ ਜਦ ਉਹ ਮਰ ਗਈ ਤਾਂ ਜਿਹੜੇ ਪੈਸੇ ਮੈਂ ਉਹਨੂੰ ਵਾਪਸ ਦਿੰਦਾ ਹਾਂ, ਕੀ ਉਹ ਉਹਦੇ ਮੁੰਡੇ ਨੂੰ ਦੇਣੇ ਪੈਣਗੇ?" ਉਹ ਇਸੇ ਸੋਚ ਨੂੰ ਲੈ ਕੇ ਹਰ ਵੇਲੇ ਫਿਕਰਵੰਦ ਹੁੰਦਾ। ਇੱਕ ਦਿਨ ਉਹ ਆਇਆ ਤਾਂ ਬਹੁਤ ਖੁਸ਼ ਸੀ। ਦੱਸਣ ਲੱਗਾ, "ਮੈਗੀ ਦੇ ਮਰਨ ਤੋਂ ਬਾਅਦ ਜਿਹੜੇ ਪੈਸੇ ਉਸ ਦੇ ਰਹਿ ਗਏ, ਹੁਣ ਉਸ ਦੇ ਮੁੰਡੇ ਨੂੰ ਦੇਣ ਦੀ ਲੋੜ ਨਹੀਂ।"



"ਇਹ ਤੂੰ ਕਿਵੇਂ ਕਹਿ ਸਕਦਾਂ?" ਮੈਂ ਪੁੱਛਿਆ।

"ਖੁਦ ਮੈਗੀ ਨੇ ਕਿਹਾ ਮੈਨੂੰ, ਮੈਂ ਉਹਨੂੰ ਹੀ ਸਾਰੀ ਗੱਲ ਪੁੱਛ ਲਈ ਕਿ ਤੇਰੇ ਮਰਨ ਤੋਂ ਬਾਅਦ ਤੈਨੂੰ ਦੇਣ ਵਾਲੇ ਬਾਕੀ ਬਚਦੇ ਪੌਂਡ ਤੇਰੇ ਮੁੰਡੇ ਨੂੰ ਦੇਵਾਂ, ਉਹ ਬੋਲੀ ਕਿ ਨਹੀਂ, ਤੈਨੂੰ ਮੁਆਫ।" ਉਹ ਗੱਲ ਦੱਸਦਾ ਬਹੁਤ ਖੁਸ਼ ਸੀ।

ਹੁਣ ਤਾਂ ਬਹੁਤ ਸਾਲ ਹੋ ਗਏ ਉਸ ਦੇ ਗਵਾਂਢ ਵਿੱਚ ਰਹਿੰਦਿਆਂ। ਉਸ ਦੇ ਸੁਭਾਅ ਦੀਆਂ ਬਹੁਤ ਸਾਰੀਆਂ ਪਰਤਾਂ ਮੇਰੇ ਸਾਹਮਣੇ ਹਨ। ਜਦੋਂ ਕਿਸੇ ਨੇ ਉਸ ਤੋਂ ਕੰਮ ਕਰਾਉਣਾ ਹੁੰਦਾ ਹੈ ਤਾਂ ਕੰਮ ਕਰਨ ਦੀ ਜਿਹੜੀ ਕੀਮਤ ਉਹ ਨਿਰਧਾਰਤ ਕਰਦਾ ਹੈ ਉਸ ਉਪਰ ਉਹ ਉਸੇ ਦਿਨ ਤੋਂ ਹੀ ਹੱਕ ਸਮਝਣ ਲੱਗ ਪੈਂਦਾ ਹੈ ਤੇ ਮਨ ਹੀ ਮਨ ਉਸ ਵਰਤ ਵੀ ਲੈਂਦਾ ਹੈ। ਜੇ ਅਗਲਾ ਕੰਮ ਨਾ ਵੀ ਕਰਵਾਵੇ ਤਾਂ ਵੀ ਉਸ ਤੋਂ ਉਹ ਪੈਸੇ ਮੰਗਣ ਲੱਗਦਾ ਹੈ, ਜੇ ਅਗਲਾ ਨਾ ਦੇਵੇ ਤਾਂ ਝਗੜਾ ਕਰ ਲੈਂਦਾ ਹੈ। ਸੁਭਾਅ ਦਾ ਥੋੜ੍ਹ-ਚਿਰਾ ਹੈ, ਜੇ ਕੋਈ ਪੈਸੇ ਦੇਣ ਵਿੱਚ ਇੱਕ ਦਿਨ ਵੀ ਲੇਟ ਹੋ ਜਾਵੇ ਤਾਂ ਲੜ ਪੈਂਦਾ ਹੈ। ਉਹ ਹਰ ਰੋਜ਼ ਲਾਟਰੀ ਵਾਲੇ ਸਕ੍ਰੈਚ ਕਾਰਡ ਖਰੀਦਦਾ ਹੈ। ਜਿਸ ਦਿਨ ਪੈਸੇ ਨਿਕਲ ਆਉਣ ਤਾਂ ਬਹੁਤ ਖੁਸ਼ ਹੁੰਦਾ ਹੈ, ਜੇ ਨਾ ਨਿਕਲਣ ਤਾ ਚੁੱਪ-ਚੁੱਪ ਤੁਰਿਆ ਫਿਰਦਾ ਹੈ। ਆਪਣਾ ਫਲੈਟ ਬਹੁਤ ਸਾਫ ਰੱਖਦਾ ਹੈ। ਜੇ ਉਸ ਦੇ ਫਲੈਟ ਦੀ ਸਫਾਈ ਜਾਂ ਕੋਈ ਹੋਰ ਨੁਕਸ ਕੱਢ ਦੇਵੇ ਤਾਂ ਉਸ ਨੂੰ ਸੁਧਾਰਨ ਵਿੱਚ ਲੱਗ ਜਾਂਦਾ ਹੈ। ਜੇ ਕਿਤੇ ਪੇਂਟ ਥੋੜ੍ਹਾ ਜਿਹਾ ਵੀ ਖਰਾਬ ਹੋ ਜਾਵੇ ਤਾਂ ਇੱਕ ਦਮ ਦੁਬਾਰਾ ਕਰਨ ਲਗੇਗਾ। ਜੇ ਕਿਤੇ ਥੋੜ੍ਹਾ ਜਿਹਾ ਵੀ ਪੇਪਰ ਉਖੜਿਆ ਹੋਵੇ ਤਾਂ ਸਾਰਾ ਪੇਪਰ ਹੀ ਬਦਲ ਦੇਵੇਗਾ। ਕਿਸੇ ਦੀ ਨਿੱਕੀ ਜਿਹੀ ਗੱਲ ਵੀ ਬਰਦਾਸ਼ਤ ਨਹੀਂ ਕਰਦਾ, ਝੱਟ ਲੜ ਪੈਂਦਾ ਹੈ। ਵਾਅਦੇ ਦਾ ਬਹੁਤ ਪੱਕਾ ਹੈ, ਜੇ ਕਰ ਲਵੇ ਤਾਂ ਪੂਰਾ ਨਿਭਾਉਂਦਾ ਹੈ। ਏਨੇ ਸਾਲਾਂ ਵਿੱਚ ਮੇਰਾ ਉਸ ਉਪਰ ਪੱਕਾ ਵਿਸ਼ਵਾਸ ਬਣ ਗਿਆ ਹੈ। ਮੈਂ ਜਦ ਵੀ ਅਮਨਦੀਪ ਕੋਲ ਰਹਿਣ ਲੰਡਨ ਜਾਂਦੀ ਹਾਂ ਤਾਂ ਘਰ ਦੀ ਚਾਬੀ ਉਸੇ ਨੂੰ ਦੇ ਕੇ ਜਾਂਦੀ ਹਾਂ। ਏਨਾ ਹੀ ਨਹੀਂ, ਮੁਲਕ ਤੋਂ ਬਾਹਰ ਜਾਂਦੀ ਹੋਈ ਵੀ ਚਾਬੀ ਉਸ ਨੂੰ ਦੇ ਜਾਂਦੀ ਹਾਂ। ਮੈਨੂੰ ਯਕੀਨ ਹੈ ਕਿ ਮੇਰਾ ਫਲੈਟ ਉਸ ਦੀ ਨਿਗਰਾਨੀ ਵਿੱਚ ਰਹੇਗਾ ਤੇ ਸੁਰੱਖਿਅਤ ਰਹੇਗਾ ਤੇ ਰਹਿੰਦਾ ਵੀ ਹੈ। ਮੇਰੇ ਵਾਪਸ ਆਉਣ 'ਤੇ ਮੇਰੇ ਲਈ ਕੋਈ ਨਾ ਕੋਈ ਸਰਪਰਾਈਜ਼ ਜ਼ਰੂਰ ਦਿੰਦਾ ਹੈ। ਹੋਰ ਨਹੀਂ ਤਾਂ ਘਰ ਦਾ ਕੋਈ ਕੰਮ ਹੀ ਕਰ ਕੇ ਰੱਖੇਗਾ, ਕੋਈ ਤਬਦੀਲੀ ਆਦਿ ਕਰ ਦੇਵੇਗਾ। ਪਰ ਉਸ ਦੇ ਕੰਮ ਦੀ ਤਾਰੀਫ ਕਰਨੀ ਜ਼ਰੂਰੀ ਹੈ। ਸਿਫਤ ਕਰੋਂ ਤਾਂ ਬਹੁਤ ਖੁਸ਼ ਹੋਵੇਗਾ। ਹੁਣ ਉਹ ਮੇਰੇ ਘਰ ਦਾ ਸ਼ੀਸ਼ਾ ਨਹੀਂ ਤੋੜਦਾ, ਸਗੋਂ ਹਰ ਚੀਜ਼ ਦਾ ਬਕਾਇਦਾ ਧਿਆਨ ਰੱਖਦਾ ਹੈ। ਹੁਣ ਮੈਨੂੰ ਉਹ 'ਉਸ' ਨਜ਼ਰ ਨਾਲ ਵੀ ਨਹੀਂ ਦੇਖਦਾ। ਇੱਕ ਚੰਗਾ ਗਵਾਂਢੀ ਹੋਣ ਦਾ ਪੂਰਾ ਸਬੂਤ ਦਿੰਦਾ ਹੈ। ਪਰ ਜੌਹਨ ਜੌਹਨ ਹੈ, ਇਹ ਸਭ ਕੁੱਝ ਆਖਰੀ ਨਹੀਂ ਹੈ, ਪਹਿਲਾਂ ਵਾਲਾ ਜੌਹਨ ਕਦੇ ਵੀ ਵਾਪਸ ਆ ਸਕਦਾ ਹੈ।

## ਗੁਲਾਬ ਦੇ ਫੁੱਲ ਵਰਗੀ ਕੁੜੀ ਸ਼ੈਰਨ/ਬਲਬੀਰ ਸੰਘੇੜਾ

ਮਹੀਨਾ ਸਤੰਬਰ ਸੀ। ਸਕੂਲ ਦੀਆਂ ਛੁੱਟੀਆਂ ਦਾ ਅੰਤ ਤੇ ਨਵੇਂ ਸਾਲ ਸਕੂਲੀ ਬੱਚਿਆਂ ਦੀ ਪੜ੍ਹਾਈ ਸ਼ੁਰੂ।

ਮੈਨੂੰ ਨੌਟੀਗੱਮ ਐਜੂਕੇਸ਼ਨ ਡਿਪਾਰਟਮੈਂਟ ਤੋਂ ਬਰਮਿੰਘਮ ਐਜੂਕੇਸ਼ਨ ਵਾਲੇ ਲੈ ਆਏ। ਸਮਝੋ ਮੈਨੂੰ ਸਿਲਵਰ ਪਲੇਟ ਵਿੱਚ ਰੱਖ ਕੇ, ਬੈਠਿਆਂ ਬਿਠਾਇਆ ਇੱਕ ਮਹਿਕਮੇ ਤੋਂ ਦੂਜੇ ਵਿੱਚ ਕੰਮ ਮਿਲ ਗਿਆ। ਜਦੋਂ ਬਰਮਿੰਘਮ ਵਾਲਿਆਂ ਨੂੰ ਪਤਾ ਲੱਗਾ ਕਿ ਮੈਂ ਬਰਮਿੰਘਮ ਤੋਂ ਨੌਟੀਗੱਮ ਕੰਮ 'ਤੇ ਜਾ ਰਹੀ ਹਾਂ ਤਾਂ ਬਰਮਿੰਘਮ ਐਜੂਕੇਸ਼ਨ ਵਾਲਿਆਂ ਨੂੰ ਝਟਕਾ ਜਿਹਾ ਲੱਗਿਆ ਕਿ ਅਸੀਂ ਐਨੀ ਦੇਰ ਤੋਂ ਦੁਭਾਸ਼ੀ ਇਨਸਾਨ ਨੂੰ ਭਾਲ ਰਹੇ ਹਾਂ ਤੇ ਇਹ ਕੁੜੀ ਇੱਥੋਂ ਐਡੀ ਦੂਰ ਜਾ ਰਹੀ ਹੈ। ਦੋਹਾਂ ਡਿਪਾਟਮੈਂਟਾਂ ਨੇ ਆਪੋ ਵਿੱਚੀ ਗਿੱਟ-ਮਿੱਟ ਕਰਕੇ ਸਮਝੌਤਾ ਕੀਤਾ ਤੇ ਮੈਨੂੰ ਦੁਗਣੀ ਤਨਖਾਹ ਦੇ ਕੇ, ਬਰਮਿੰਘਮ ਵਾਲ਼ੇ ਲੈ ਆਏ। ਨਾ ਹਿੰਗ ਲੱਗੀ ਨਾ ਫਟਕੜੀ। ਭਾਵ ਨਾ ਐਪਲੀਕੇਸ਼ਨ ਤੇ ਨਾ ਕੋਈ ਇੰਟਰਵਿਊ। ਅੰਨੇ ਨੂੰ ਕੀ ਚਾਹੀਦਾ, ਦੋ ਅੱਖਾਂ ਸੋਚ ਕੇ ਮੈਂ ਨੱਚਦੀ ਫਿਰਾਂ। ਕੰਮ ਮੇਰੇ ਘਰ ਦੇ ਕੋਲ। ਤੇ ਕੰਮ ਵੀ ਉਹੀ ਜਿਹੜਾ ਨੌਟੀਗੱਮ ਕਰਦੀ ਸਾਂ। ਉੱਥੇ ਮੈਨੂੰ ਕਿਰਾਏ ਦੇ ਕਮਰੇ 'ਤੇ ਰਹਿਣਾ ਪੈਂਦਾ ਸੀ ਤੇ ਹਫ਼ਤੇ ਬਾਅਦ ਘਰ ਆਉਂਦੀ ਸਾਂ। ਇੱਥੇ ਮੈਂ ਹਰ ਰੋਜ਼ ਘਰ। ਇੱਕੋ ਤੌਖਲਾ ਸੀ ਕਿ ਨਵੇਂ ਥਾਂ ਆ ਕੇ ਨਵੇਂ ਲੋਕਾਂ ਨਾਲ਼ ਵਾਹ ਪਾਉਣ ਨੂੰ ਸਮਾਂ ਲੱਗ ਸਕਦਾ ਹੈ। ਫੇਰ ਪਤਾ ਨਹੀਂ ਲੋਕ ਕਿੱਦਾਂ ਦੇ ਹੋਣਗੇ ?

ਪਹਿਲੇ ਦਿਨ ਮੈਂ ਬੋਰਡਜ਼ਲੇ ਸੈਂਟਰ ਦੇ ਦਫ਼ਤਰ ਡਰਦੀ ਡਰਦੀ ਪਹੁੰਚੀ। ਨਵੇਂ ਲੋਕ ਨਵੀਂ ਥਾਂ, ਵੱਖਰਾ ਮਹੌਲ। ਸੈਂਟਰ ਵੀ ਬਹੁਤ ਵੱਡਾ। ਅਕਸਰ ਬੰਦੇ ਨੂੰ ਨਵੇਂ ਕੰਮ 'ਤੇ ਜਾਣ ਵੇਲੇ ਡਰ ਲੱਗਦਾ ਹੈ ਕਿ ਮੋਹਰੇ ਕੁਲੀਗ ਕੌਣ ਤੇ ਕਿੱਦਾਂ ਦੇ ਹੋਣਗੇ। ਜਿਸ ਨਿੱਕੇ ਜਿਹੇ ਕਮਰੇ ਵਿੱਚ ਮੈਨੂੰ ਬੈਠਣ ਵਾਸਤੇ ਕਿਹਾ ਗਿਆ, ਕਮਰਾ ਵੀ ਜਿਵੇਂ ਬਾਬੇ ਆਦਮ ਦੇ ਵੇਲੇ ਦਾ ਜਾਪ ਰਿਹਾ ਸੀ। ਪੁਰਾਣੀ ਬਿਲਡਿੰਗ, ਕਈ ਕੋਨੇ ਹਨ੍ਹੇਰੇ ਘੁੱਪ ਜਿਹੇ ਸਨ। ਪਰ ਉਸ ਨਿੱਕੇ ਕਮਰੇ ਦੇ ਵਿੰਡੋ (ਸ਼ੀਸ਼ੇ ਦੀਆਂ ਖਿੜਕੀਆਂ) ਕਾਫ਼ੀ ਵੱਡੇ ਵੱਡੇ, ਮੋਟੇ ਸ਼ੀਸ਼ੇ ਵਾਲੇ ਸਨ। ਉੱਥੇ ਮੋਹਰੇ ਇੱਕ ਹੋਰ ਕੁੜੀ ਸੁੰਗੜ ਕੇ ਬੈਠੀ ਸੀ। ਪੱਕਾ ਕਾਲ਼ਾ ਰੰਗ, ਮੋਟੇ ਨੁੱਲੇ ਬੁੱਲ੍ਹ, ਮੋਟੀਆਂ ਮੋਟੀਆਂ ਗੋਲ਼ ਅੱਖਾਂ। ਗੂੜ੍ਹੀ ਲਿਪਸਟਿੱਕ ਦਾ ਰੰਗ ਵੀ ਉਸਦੇ ਰੰਗ ਵਿੱਚ ਮੱਧਮ ਲੱਗ ਰਿਹਾ ਸੀ। ਮੇਕ ਅੱਪ ਦਾ ਪਤਾ ਨਹੀਂ ਸੀ ਲੱਗ ਰਿਹਾ ਕਿ ਕੀਤੀ ਵੀ ਹੋਈ ਹੈ ਜਾਂ ਨਹੀਂ। ਸ਼ਾਇਦ ਕੰਮ ਦਾ ਪਹਿਲਾ ਦਿਨ ਹੋਣ ਕਾਰਨ ਉਹ ਬਹੁਤਾ ਨਾ ਵੀ ਸੰਵਰੀ ਸੱਜੀ ਹੋਵੇ। ਕੱਸਵੇਂ ਘੁੰਗਰਾਲੇ ਵਾਲ਼। ਉਸ ਵੇਲੇ ਉਸ ਬਾਰੇ ਕੋਈ ਫ਼ੈਸਲਾ ਕਰਨਾ ਮੁਸ਼ਕਲ ਸੀ। ਨਾ ਉਸਨੇ ਮੈਨੂੰ ਬੁਲਾਇਆ ਤੇ ਨਾ ਮੈਂ ਉਸਨੂੰ। ਕਮਰੇ ਵਿੱਚ ਵੜਦੀ 'ਤੇ ਉਸਨੇ ਮਰੀ ਜਿਹੀ ਹੈਲੋ ਆਖੀ ਸੀ ਤੇ ਮੈਂ ਵੀ। ਉਹ ਹੈਲੋ ਸਾਡੇ ਜਿਵੇਂ ਬੁੱਲ੍ਹਾਂ ਦੇ ਅੰਦਰ ਹੀ ਮਰ ਗਈ ਸੀ। ਜਦੋਂ ਨੂੰ ਇੱਕ ਲੰਮ ਸਲੱਮੀ ਗੋਰੀ ਔਰਤ, ਤਿੰਨ ਕੁ ਇੰਚ ਉੱਚੀ ਅੱਡੀ ਵਾਲੀ ਗੁਰਗਾਬੀ, ਸੱਜਦੇ ਫਬਦੇ ਗਹਿਣੇ ਅਤੇ ਗੋਡਿਆਂ ਤੱਕ ਪੈਨਸਲ ਸਕਰਟ ਪਹਿਨੀ, ਸਿਰ ਦੇ ਵਾਲ਼ ਕੱਕੇ, ਉਹ ਕਮਰੇ ਅੰਦਰ ਆਈ। ਉਸਨੇ ਆਉਂਦਿਆਂ ਹੀ ਆਪਣੀ ਜਾਣ-ਪਛਾਣ ਕਰਾਈ। ਉਸਨੇ ਸਾਨੂੰ ਪੁੱਛਿਆ ਕਿ ਤੁਸੀਂ ਇੱਕ ਦੂਜੀ ਨੂੰ ਮਿਲ ਲਿਆ ? ਅਸੀਂ ਦੋਹਾਂ ਨੇ ਇੱਕ ਦੂਜੀ ਵੱਲ ਤੱਕਿਆ ਤੇ ਸਿਰ ਫੇਰ ਦਿੱਤਾ। ਜਿਸਦਾ ਭਾਵ ਸੀ ਨਹੀਂ। ਉਸਦੀਆਂ ਮੇਕ ਅੱਪ ਨਾਲ਼ ਲੱਦੀਆਂ ਅੱਖਾਂ ਨਾਲ਼ ਇੱਕ ਦੂਜੀ ਵੱਲ ਦੇਖ ਕੇ ਕਹਿਣ ਲੱਗੀ, ਮੈਂ ਸੋਚਿਆ, "ਤੁਸੀਂ ਆਪਣੀ ਜਾਣ ਪਛਾਣ ਕਰ ਕਰਾ ਲਈ ਹੋਵੇਗੀ।" ਉਹ ਉਸ ਪੱਕੇ ਰੰਗ ਵਾਲੀ



ਕੁੜੀ ਵੱਲ ਇਸ਼ਾਰਾ ਕਰਕੇ ਬੋਲੀ, "ਯੂ ਮਸਟ ਵੀ ਸ਼ੈਰਨ," ਤੇ ਮੇਰੇ ਵੱਲ ਮੂੰਹ ਕਰਕੇ ਕਹਿਣ ਲੱਗੀ, "ਐਂਡ ਯੂ ਮਸਟ ਵੀ ਬਲਬਰ।"

ਮੇਰਾ ਗ਼ਲਤ ਬੋਲਿਆ ਨਾਂ ਮੈਂ ਕੁਰੈਕਟ ਕੀਤਾ, "ਯੈੱਸ, ਆਈ ਐਮ ਬਲਬੀਰ।"

"ਉਹ ਓਕੇ, ਸੋ ਆਈ ਕੈਨ ਕਾਲ ਯੂ ਬਲ-ਬੀਅਰ।" ਉਸਨੇ ਮੇਰਾ ਨਾਂ ਲਮਕਾ ਕੇ ਕਿਹਾ।

"ਹਾਂ, ਤੂੰ ਮੈਨੂੰ ਬਲ-ਬੀਅਰ ਕਹਿ ਸਕਦੀ ਐਂ।" ਸੋਚਿਆ ਸਾਡੇ ਨਾਂ ਇਹ ਲੋਕ ਇਸੇ ਤਰ੍ਹਾਂ ਹੀ ਬੁਲਾ ਸਕਦੇ ਹਨ।

ਸ਼ੈਰਨ ਬੋਲੀ, "ਤਾਂ ਮੈਂ ਵੀ ਇਹੋ ਬੁਲਾਊਂਗੀ।"

ਅਸੀਂ ਦੋਨੋਂ ਹੱਸ ਪਈਆਂ। ਇਹ ਸਾਡੀ ਪਹਿਲੀ ਜਾਣ-ਪਛਾਣ ਸੀ।

ਪਹਿਲੇ ਦਿਨ ਮੈਨੂੰ ਉਹ ਬਹੁਤ ਚੁੱਪ ਚੁਪੀਤੀ ਲੱਗੀ। ਕੱਦ ਦੀ ਮਧਰੀ, ਗਿੱਠਲ ਜਿਹੀ, ਲਮੂਤਰਾ ਜਿਹਾ ਚਿਹਰਾ। ਪਰ ਜਚਵਾਂ। ਉਸਨੇ ਗੋਡਿਆਂ ਤੱਕ ਕਾਲੀ ਸਕੱਰਟ ਅਤੇ ਚਿੱਟਾ ਬਲਾਊਜ ਪਹਿਨੇ ਹੋਏ ਸਨ। ਗਲ਼ ਚਿੱਟੇ ਮੋਤੀਆਂ ਦੀ ਮਾਲ਼ਾ ਸੀ। ਉਸਦੀ ਜੁੱਤੀ ਦੀ ਅੱਡੀ ਵੀ ਬਹੁਤ ਉੱਚੀ ਸੀ ਤੇ ਤਿੱਖੀ ਕਿੱਲ ਵਾਂਗ ਫਰਸ਼ 'ਤੇ ਵੱਜਦੀ। ਸਾਡੀ ਸੁਪਰਵਾਈਜ਼ ਸਾਨੂੰ ਦੋਹਾਂ ਨੂੰ ਨਾਲ਼ ਲੈ ਕੇ ਸਾਰੇ ਡਿਪਾਰਟਮੈਂਟਾਂ ਵਿੱਚ ਜਾਣ-ਪਛਾਣ ਕਰਾਉਣ ਗਈ। ਉਸਨੇ ਸਾਨੂੰ ਸਾਡੇ ਸੀਨੀਅਰਜ਼, ਸਕੂਲ ਟੀਚਰਜ਼, ਲਾਇਬ੍ਰੇਰੀਅਨ, ਕੰਪਿਊਟਰ ਸੈਕਸ਼ਨ, ਉਪਰਲੀ ਮੰਜ਼ਿਲ ਤੇ ਕੈਫੇਟੇਰੀਆ ਤੇ ਟਰੇਨਿੰਗ ਸੈਂਟਰ ਵਿਖਾਏ। ਤੇ ਮੇਰੇ ਏਸ਼ੀਅਨ ਸਟੱਡੀ ਸੈਂਟਰ ਵੀ ਲੈ ਕੇ ਗਈ ਜਿੱਥੇ ਮੇਰੇ ਬਾਕੀ ਦੇ ਭਾਰਤੀ ਤੇ ਪਾਕਿਸਤਾਨੀ ਕੁਲੀਗ ਵੀ ਸਨ ਤੇ ਮੇਰੇ ਨਾਲ਼ ਦੇ ਲੇਖਕ ਵੀ। ਇਹ ਸੈਂਟਰ ਇੰਗਲਿਸ਼ ਐਜ਼ ਏ ਸੈਕੰਡ ਲੈਂਗੁਏਜ਼ ਦਾ ਸੀ। ਤੇ ਮਦਰ ਟੰਗ ਭਾਵ ਮਾਤਰੀ ਜ਼ੁਬਾਨ ਦੀ ਸਿੱਖਿਆ ਦਾ ਵੀ ਸੀ। ਸਰਕਾਰ ਵੱਲੋਂ ਤੈਅ ਕੀਤਾ ਗਿਆ ਸੀ ਕਿ ਹਰ ਬੱਚੇ ਨੂੰ ਮਾਤ ਭਾਸ਼ਾ ਦਾ ਸਿੱਖਣਾ ਜ਼ਰੂਰੀ ਹੈ। ਖਾਸ ਤੌਰ 'ਤੇ ਜਿਹੜੇ ਚਾਹੁੰਦੇ ਹਨ ਕਿ ਉਹ ਦੂਸਰੀ ਭਾਸ਼ਾ ਪੜ੍ਹਨ, ਉਨ੍ਹਾਂ ਵਾਸਤੇ। ਸਾਡੇ ਕਈ ਬੁੱਧੀਜੀਵੀਆਂ ਨੇ ਰਲ਼ ਕੇ ਸਰਕਾਰ ਤੋਂ ਇਹ ਸੁਵਿਧਾ ਹਾਸਲ ਕੀਤੀ / ਕਰਵਾਈ ਸੀ। ਜਿਸ ਵਿੱਚ ਸਾਡੇ ਕਵੀ ਨਿਰੰਜਣ ਸਿੰਘ ਨੂਰ ਦਾ ਵੀ ਬਹੁਤ ਵੱਡਾ ਯੋਗਦਾਨ ਸੀ। ਬੀ.ਏ. ਲੈਵਲ ਤੱਕ ਪੰਜਾਬੀ, ਹਿੰਦੀ ਅਤੇ ਉਰਦੂ ਜਾਂ ਹੋਰ ਭਾਸ਼ਾਵਾਂ ਪੜ੍ਹੀਆਂ ਜਾ ਸਕਦੀਆਂ ਸਨ। ਫਰੈਂਚ-ਜਰਮਨ-ਸਪੈਨਿਸ਼ ਤਾਂ ਆਮ ਹੀ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਸੀ। ਮੈਂ ਵੀ ਦੋ ਕੁ ਸਾਲ ਇੰਗਲਿਸ਼ ਐਜ਼ ਏ ਸੈਕੰਡ ਲੈਂਗੁਏਜ਼ ਪੜ੍ਹਾ ਚੁੱਕੀ ਸੀ। ਇਹ ਪੰਜਾਬੋਂ ਨਵੇਂ ਆਏ ਸਿਆਣੇ ਲੋਕਾਂ ਜਾਂ ਬੱਚਿਆਂ ਵਾਸਤੇ ਸੀ। ਮਾਂ ਬੋਲੀ ਪੰਜਾਬੀ ਤਾਂ ਮੈਂ ਇੰਗਲੈਂਡ ਵਿੱਚ ਜੰਮੇ ਪਲ਼ੇ ਬੱਚਿਆਂ ਨੂੰ ਸੱਤ ਵਰ੍ਹੇ ਪੜ੍ਹਾਈ ਸੀ।

ਇਹ ਸੈਂਟਰ ਕਿਸੇ ਵੇਲੇ ਸਕੂਲ ਦੀ ਬਿਲਡਿੰਗ ਹੁੰਦੀ ਸੀ। ਅੱਧਾ ਕੁ ਹਿੱਸਾ ਹਾਲੀਂ ਵੀ ਸਕੂਲ ਚੱਲਦਾ ਸੀ। ਪਰ ਹੁਣ ਵਿਦਿਆ ਦਾ ਦਫ਼ਤਰੀ ਸੈਂਟਰ ਵੀ ਅੱਧੇ ਕੁ ਹਿੱਸੇ ਵਿੱਚ ਬਣਾ ਦਿੱਤਾ ਗਿਆ ਸੀ। ਜਿੱਥੇ ਹਰ ਤਰ੍ਹਾਂ ਦੇ, ਹਰ ਬੋਲੀ ਦੇ ਅਧਿਆਪਕ ਇਕੱਠੇ ਹੁੰਦੇ ਅਤੇ ਦਫ਼ਤਰੀ ਸਹਾਇਤਾ ਲੈਂਦੇ। ਸਾਰੇ ਅਧਿਆਪਕ ਇੱਥੇ ਆ ਕੇ ਆਪਣਾ ਪੇਪਰ ਵਰਕ ਵੀ ਕਰਦੇ। ਇਸ ਸੈਂਟਰ ਕੋਲ ਅੰਗਰੇਜ਼ੀ ਜਾਂ ਹੋਰ ਭਾਸ਼ਾਵਾਂ ਦਾ ਹਰ ਤਰ੍ਹਾਂ ਦਾ ਸਟਾਫ਼ ਤਾਂ ਸੀ ਪਰ ਦੁਭਾਸ਼ੀ ਐਡਿਮਨਿਸਟਰੇਟਰ ਕੋਈ ਨਹੀਂ ਸੀ ਜਿਹੜਾ ਹਿੰਦੀ ਪੰਜਾਬੀ ਦੀ ਟਰਾਂਸਲੇਸ਼ਨ ਕਰ ਸਕੇ ਅਤੇ ਟਾਈਪ ਵੀ ਕਰ ਸਕੇ। ਜਿਸ ਵਾਸਤੇ ਮੈਨੂੰ ਰੱਖਿਆ ਗਿਆ ਸੀ। ਪੰਜਾਬੀ, ਹਿੰਦੀ ਤੇ ਉਰਦੂ ਦੇ ਅਧਿਆਪਕ ਸਨ ਪਰ ਉਨ੍ਹਾਂ ਦੀ ਐਡਿਮਨ ਮੈਂ

ਸਾਂ। ਸ਼ੈਰਨ ਵੈਸਟ ਇੰਡੀਜ਼ ਦੇ ਲੋਕਾਂ ਦੀ ਨੁਮਾਇੰਦਗੀ ਕਰਦੀ ਸੀ। ਇਹ ਵਿੰਗ ਨਵਾਂ ਖੁੱਲ੍ਹਾ ਸੀ ਜੋ ਮਲਟੀਕਲਚਰ ਨੂੰ ਰੀਪਰਜੈਂਟ ਕਰਦਾ। ਸਭ ਕੁੱਝ ਦੇਖ ਸੁਣ ਕੇ ਮੈਂ ਤੇ ਸ਼ੈਰਨ ਆਪਣੇ ਕਮਰੇ ਵਿੱਚ ਆ ਗਈਆਂ। ਹਾਲੀਂ ਕੋਈ ਕੰਮ ਸ਼ੁਰੂ ਨਹੀਂ ਸੀ ਹੋਇਆ। ਹਰ ਮਹਿਕਮੇ ਵਿੱਚ ਪਹਿਲੇ ਦਿਨ ਸਿਰਫ਼ ਜਾਣ-ਪਛਾਣ ਹੀ ਕਰਾਈ ਜਾਂਦੀ ਹੈ। ਅਸੀਂ ਦੋਨੋਂ ਸੋਚ ਰਹੀਆਂ ਸਾਂ ਕਿ ਇਸ ਤੋਂ ਅੱਗੇ ਹੁਣ ਕੀ ? ਸਾਡੇ ਦੋਹਾਂ ਕੋਲ ਬੋਲਣ ਵਾਸਤੇ ਹੈ ਕੁੱਝ ਨਹੀਂ ਸੀ। ਜਦੋਂ ਨੂੰ ਸਾਡੀ ਸੁਪਰਵਾਈਜ਼ਰ ਮਾਰਗਰੇਟ ਆ ਕੇ ਕਹਿਣ ਲੱਗੀ ਕਿ ਤੁਸੀਂ ਜਾ ਕੇ ਲੰਚ ਕਰ ਆਵੋ। ਇੱਕ ਦੂਜੀ ਨਾਲ਼ ਗੱਲਾਂ ਬਾਤਾਂ ਕਰੋ। ਇੱਕ ਦੂਜੀ ਨੂੰ ਜਾਣੋ। ਤੁਹਾਨੂੰ ਕੰਮ 'ਤੇ ਸੌਖ ਰਹੇਗੀ। ਲੰਚ ਤੋਂ ਬਾਅਦ ਆਪਾਂ ਆਪਣੀ ਮੈਨੇਜਰ ਈਡਿਥ ਨੂੰ ਮਿਲਣਾ ਹੈ। ਉਸਦੇ ਨਾਲ਼ ਮੀਟਿੰਗ ਹੈ। ਉਸਨੇ ਇਹ ਵੀ ਦੱਸਿਆ ਕਿ ਪਹਿਲੇ ਇੱਕ ਦੋ ਦਿਨ ਸਿਰਫ਼ ਵਾਕਫੀਅਤ ਆਦਿ ਕਰਾਉਣ ਦੇ ਹੀ ਹੋਣਗੇ।

ਅਸੀਂ ਦੋਨੋਂ ਲੰਚ ਕਰਨ ਚਲੇ ਗਈਆਂ। ਉੱਥੇ ਹੀ ਸਾਡੀ ਵਾਕਫੀਅਤ ਵੱਧਣ ਲੱਗੀ। ਪਹਿਲਾਂ ਮੇਰੇ ਮਨ ਵਿੱਚ ਕਈ ਤੌਖਲੇ ਸਨ ਕਿ ਮੈਨੂੰ ਇਸ ਕਾਲ਼ੀ ਕੁੜੀ ਨਾਲ਼ ਕੰਮ ਕਰਨਾ ਪਵੇਗਾ। ਕਾਲ਼ਿਆਂ ਲਈ ਸਾਡੇ ਲੋਕਾਂ ਦੇ ਮਨ ਵਿੱਚ ਕਈ ਤਰ੍ਹਾਂ ਦੇ ਭਿੰਨ ਭੇਦ ਹੁੰਦੇ ਸਨ ਤੇ ਕਈਆਂ ਲਈ ਹਾਲੀਂ ਵੀ ਹਨ । ਜੇ ਕਰ ਨਸਲਵਾਦ ਸਾਡੇ ਨਾਲ਼ ਹੋ ਰਿਹਾ ਸੀ ਤੇ ਅਸੀਂ ਲੋਕ ਵੀ ਘੱਟ ਨਹੀਂ ਸਾਂ। ਅਸੀਂ ਵੀ ਕਾਲ਼ਿਆਂ ਨਾਲ਼ ਦੁਜੈਲਾ ਵਰਤਾ ਕਰਦੇ ਸਾਂ। ਸਾਡੀ ਸੋਚ ਦੇ ਚੌਖਟੇ ਵਿੱਚ ਇਹ ਲੋਕ ਖਰੂਦੀ, ਚੋਰ ਚਕਾਰੀ ਕਰਨ ਵਾਲੇ, ਲੜਾਕੇ, ਕੁੱਟ ਕੁਟਾਪਾ ਕਰਨ ਵਾਲ਼ੇ ਦੀ ਮੂਰਤ ਹੀ ਸਨ। ਅਸੀਂ ਗੋਰੇ-ਗੋਰੀਆਂ ਨੂੰ ਤਾਂ ਘਰ ਸੱਦ ਲੈਂਦੇ ਪਰ ਕਾਲ਼ਿਆਂ ਨੂੰ ਘਰ ਦੀ ਚੌਖਟ ਦੇ ਅੰਦਰ ਕਦਾਚਿੱਤ ਨਹੀਂ ਸੀ ਵੜਨ ਦਿੰਦੇ। ਹਾਂ ਕਿਰਾਏ 'ਤੇ ਜ਼ਰੂਰ ਰੱਖ ਲੈਂਦੇ ਸਾਂ ਕਿਉਂਕਿ ਉਸ ਵੇਲੇ ਸਾਨੂੰ ਪੈਸਿਆਂ ਦੀ ਲੋੜ ਹੁੰਦੀ ਸੀ। ਤੇ ਇੱਥੇ ਮੈਨੂੰ ਇਸ ਕੁੜੀ ਨਾਲ਼ ਕੰਮ ਕਰਨਾ ਪੈਣਾ ਸੀ। ਮੈਂ ਸ਼ੈਰਨ ਨਾਲ਼ ਲੰਚ ਵਾਸਤੇ ਤੁਰ ਤਾਂ ਪਈ ਪਰ ਮੇਰੇ ਮਨ ਵਿੱਚ ਕਈ ਤਰ੍ਹਾਂ ਦੀਆਂ ਸੋਚਾਂ ਉੱਭਰ ਰਹੀਆਂ ਸਨ। ਕਾਲ਼ੀ ਕੁੜੀ ਨਾਲ਼ ਮੈਨੂੰ ਕਿਸੇ ਆਪਣੇ ਬੰਦੇ ਨੇ ਦੇਖ ਲਿਆ ਤਾਂ ਸੋਚੇਗਾ ਕਿ ਮੈਂ ਕਾਲ਼ਿਆਂ ਦੀ ਸੰਗਤ ਵਿੱਚ ਪਤਾ ਨਹੀਂ ਕਿਸ ਤਰ੍ਹਾਂ ਦੀ ਹੋਵਾਂਗੀ। ਸ਼ਾਇਦ ਸ਼ੈਰਨ ਦੇ ਮਨ ਵਿੱਚ ਵੀ ਕਈ ਦੁਵਿਧਾਵਾਂ ਹੋਣਗੀਆਂ। ਪਹਿਲਾ ਦਿਨ ਹੋਣ ਕਾਰਨ ਅਸੀਂ ਦੋਨੋਂ ਆਪਣਾ ਖਾਣਾ ਘਰੋਂ ਲੈ ਕੇ ਆਈਆਂ ਸਾਂ। ਸ਼ੈਰਨ ਕਹਿਣ ਲੱਗੀ ਜੇ ਤੈਨੂੰ ਇਤਰਾਜ਼ ਨਹੀਂ ਤਾਂ ਆਪਾਂ ਕੈਫ਼ੇਟੇਰੀਆ ਵਿੱਚ ਬੈਠ ਚੱਲੀਏ।

"ਵਧੀਆ। ਨਾਲੇ ਉੱਥੋਂ ਕੌਫ਼ੀ ਵੀ ਲੈ ਲਵਾਂਗੇ।" ਮੈਂ ਉੱਤਰ ਦਿੱਤਾ।

ਤੇ ਅਸੀਂ ਦੋਨੋਂ ਉਪਰਲੀ ਮੰਜ਼ਿਲ ਨੂੰ ਪੌੜੀਆਂ ਚੜ੍ਹ ਗਈਆਂ। ਸਾਡੇ ਕੌਫੀ ਵਿੱਚ ਵੜਦਿਆਂ ਬਾਕੀ ਗੋਰੇ ਸਟਾਫ ਨੇ ਸਾਡੇ ਵੱਲ ਦੇਖਿਆ ਤੇ ਚੁੱਪ ਜਿਹੀ ਛਾ ਗਈ। ਇਉਂ ਮਹਿਸੂਸ ਹੋਇਆ ਜਿਵੇਂ ਹਵਾ ਬੋਝਲ ਜਿਹੀ ਹੋ ਗਈ ਹੋਵੇ। ਇਹ ਸ਼ੈਰਨ ਕਾਰਨ ਸੀ ਜਾਂ ਮੇਰੇ ਕਾਰਨ ? ਇਹ ਪਤਾ ਨਹੀਂ ਸੀ ਲੱਗ ਰਿਹਾ। ਸ਼ੈਰਨ ਕਹਿਣ ਲੱਗੀ, ਡਰ ਨਾ ਇਨ੍ਹਾਂ ਵਿੱਚ ਕੋਈ ਰੰਗਦਾਰ ਬੰਦਾ ਦਿਖਾਈ ਨਹੀਂ ਦਿੰਦਾ ਹੋਣ ਕਾਰਨ ਵਿਚਾਰੇ ਡਰ ਗਏ ਹਨ ਕਿ ਅਸੀਂ ਕਿਹੜੇ ਜੰਗਲ ਤੋਂ ਆ ਗਈਆਂ। ਤੇ ਉਹ ਖਿੜ ਖਿੜਾ ਕੇ ਹੱਸ ਪਈ। ਉਸਦੇ ਮੋਤੀਆਂ ਵਰਗੇ ਚਿੱਟੇ ਦੰਦ ਮੈਨੂੰ ਸਾਡੇ ਪਿੰਡ ਵਾਲੇ ਨੌਕਰ ਪਿਆਰੇ ਦੀ ਪਤਨੀ ਸੁਰਜੀਤ ਦੀ ਯਾਦ ਦੁਆ ਗਏ।

ਮੈਂ ਸ਼ੈਰਨ ਦੇ ਮਗਰ ਮਗਰ ਤੁਰੀ ਗਈ। ਉਸਨੇ ਜੂਸ ਦੀ ਬੋਤਲ ਲੈ ਲਈ। ਮੈਂ ਕੌਫ਼ੀ ਦਾ ਆਰਡਰ ਦੇ ਦਿੱਤਾ। ਅਸੀਂ ਕੋਨੇ ਵਿੱਚ ਖਾਲੀ ਪਏ ਟੇਬਲ 'ਤੇ ਜਾ ਬੈਠੀਆਂ। ਉਸਦਾ ਸੈਂਡਵਿੱਚ ਮੋਟਾ ਗਹਿਰੇ ਜਿਹੇ ਰੰਗ ਦਾ ਮੀਟ ਦਾ ਟੁਕੜਾ ਸੀ। ਮੈਂ ਜਮੀਕਣ ਖਾਣੇ ਤੋਂ ਵਾਕਫ਼ ਸਾਂ। ਸਾਡੇ ਵਿੱਟਮੋਰ ਰੋਡ



ਵਾਲੇ ਘਰ ਪਿਤਾ ਜੀ ਨੇ ਤਿੰਨ ਜਮੀਕਣ ਲੋਕ ਕਿਰਾਏ 'ਤੇ ਰੱਖੇ ਹੋਏ ਸਨ ਤੇ ਮੈਨੂੰ ਉਨ੍ਹਾਂ ਦਾ ਖਾਣਾ ਕਦੀ ਜਚਿਆ ਹੀ ਨਹੀਂ ਸੀ। ਇੱਥੇ ਵੀ ਮੇਰੇ ਅੰਦਰਲਾ ਵਿਤਕਰਾ ਉੱਠ ਖੜਾ ਹੋਇਆ ਕਿ ਮੈਂ ਕਿੱਥੇ ਫਸ ਗਈ।

ਮੈਂ ਪਨੀਰ ਤੇ ਸਲਾਦ ਦੀ ਸੈਂਡਵਿੱਚ ਖਾਣ ਲੱਗ ਪਈ। ਸਾਡੀਆਂ ਨਿੱਕੀਆਂ ਨਿੱਕੀਆਂ ਗੱਲਾਂ ਇੱਥੋਂ ਹੀ ਸ਼ੁਰੂ ਹੋਈਆਂ। ਸ਼ੈਰਨ ਬਹੁਤ ਖੁਸ਼ ਸੀ ਕਿ ਉਸਨੂੰ ਇਹ ਪੁਜ਼ੀਸ਼ਨ ਮਿਲੀ ਸੀ। ਉਸਨੇ ਮੈਨੂੰ ਦੱਸਿਆ ਕਿ ਜੇ ਇਹ ਕੰਮ ਉਸਨੂੰ ਨਾ ਮਿਲਦਾ ਤਾਂ ਉਸਦਾ ਤੇ ਉਸਦੇ ਬੱਚੇ ਦਾ ਪਤਾ ਨਹੀਂ ਕੀ ਹਾਲ ਹੋਣਾ ਸੀ। ਸਰਕਾਰੀ ਭੱਤਾ ਐਨਾ ਨਹੀਂ ਸੀ ਕਿ ਉਹ ਦੋਹਾਂ ਦੀ ਦੇਖ ਭਾਲ ਕਰ ਸਕਦੀ। ਉਸਦੀ ਮਾਂ ਵੀ ਉਸਦਾ ਸਾਥ ਨਹੀਂ ਸੀ ਦੇ ਰਹੀ। ਜੇ ਮਾਂ ਉਸਨੂੰ ਆਪਣੇ ਘਰ ਰਹਿਣ ਦਿੰਦੀ ਤਾਂ ਘੱਟੋ-ਘੱਟ ਉਹ ਅਪਾਰਟਮੈਂਟ ਦਾ ਕਿਰਾਇਆ ਦੇਣੋਂ ਬੱਚ ਜਾਂਦੀ। ਉਸਦੇ ਮੁੰਡੇ ਲਈ ਚੰਗੇ ਕੱਪੜੇ ਵੀ ਖਰੀਦੇ ਜਾ ਸਕਦੇ। ਮੁੰਡੇ ਦਾ ਪਿਓ ਮੈਥਿਊ ਤਾਂ ਉਸਨੂੰ ਪਰੈਗਨੈਂਟ ਨੂੰ ਛੱਡ ਕੇ ਤੁਰ ਗਿਆ ਸੀ। ਉਸਦੀ ਥੋੜ੍ਹੀ ਜਿਹੀ ਜਾਣਕਾਰੀ ਤੋਂ ਅਤੇ ਗੱਲਾਂ ਬਾਤਾਂ ਤੋਂ ਮੈਨੂੰ ਉਹ ਸਾਡੀਆਂ ਕੁੜੀਆਂ ਵਰਗੀ ਜਾਪੀ ਜਿਹੜੀਆਂ ਘਰ ਦੇ ਹਾਲਾਤਾਂ ਨਾਲ਼ ਲੜ ਰਹੀਆਂ ਹੁੰਦੀਆਂ। ਨੌਟੀਗੱਮ ਕੰਮ 'ਤੇ ਲੱਗਣ ਤੋਂ ਪਹਿਲਾਂ ਮੈਂ ਵੀ ਇਸੇ ਤਰ੍ਹਾਂ ਦੇ ਹਾਲਾਤ ਨਾਲ਼ ਜੂਝ ਰਹੀ ਸਾਂ। ਸਾਡਾ ਦੋਹਾਂ ਮੀਆਂ ਬੀਵੀ ਦਾ ਕੰਮ ਟੁੱਟ ਗਿਆ ਸੀ। ਵਿਹਲੇ ਬੈਠਿਆਂ ਬਿਜ਼ਨੈੱਸ ਸ਼ੁਰੂ ਕੀਤਾ। ਮਾਂ ਬਿਮਾਰ ਹੋਣ ਕਾਰਨ ਮੈਨੂੰ ਪੰਜਾਬ ਜਾਣਾ ਪਿਆ। ਇਕੱਲੇ ਸੰਘੇੜਾ ਜੀ ਬਿਜ਼ਨੈੱਸ ਸੰਭਾਲ ਨਹੀਂ ਸਨ ਸਕਦੇ। ਬਿਜ਼ਨੈੱਸ ਤਬਾਹ ਹੋ ਗਿਆ ਸੀ। ਅੱਧੇ ਮੁੱਲ 'ਤੇ ਵੇਚਣਾ ਪਿਆ। ਉਪਰੋਂ ਇੰਗਲੈਂਡ ਦੀ ਬੇਰੁਜ਼ਗਾਰੀ। ਮਾਰਗਰੇਟ ਥੈਚਰ ਉਸ ਸਮੇਂ ਦੀ ਪਰਾਈਮ ਮਨਿਸਟਰ ਨੇ ਸਭ ਫੈਕਟਰੀਆਂ ਫਾਉਂਡਰੀਆਂ ਨੂੰ ਜੰਦਰੇ ਲੁਆ ਦਿੱਤੇ ਸਨ। ਤੇ ਅਸੀਂ ਦੋਨੋਂ ਕੰਮ ਤੋਂ ਵਿਹਲੇ ਬੈਠੇ ਸਾਂ ਜਦੋਂ ਮੈਨੂੰ ਸਾਡੇ ਹੀ ਸਾਹਿਤਕਾਰ ਹਰਿੰਦਰ ਸਿੰਘ ਬਜਾਜ ਨੇ ਨੌਟੀਗਾਮ ਦੇ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਨੌਕਰੀ ਕਰਨ ਨੂੰ ਪ੍ਰੇਰਿਆ ਸੀ। ਭਾਵੇਂ ਮੈਨੂੰ ਘਰ ਤੋਂ ਦੂਰ ਰਹਿਣਾ ਪੈਂਦਾ ਸੀ ਪਰ ਚਾਰ ਪੈਸੇ ਤਾਂ ਘਰ ਆਉਂਦੇ ਹੀ ਸਨ। ਮੇਰੇ ਬੱਚਿਆਂ ਦਾ ਖਾਣਾ ਅਤੇ ਘਰ ਦੀਆਂ ਬਿੱਲ ਬੱਤੀਆਂ ਚੱਲ ਰਹੀਆਂ ਸਨ। ਸੈਂਡਵਿੱਚ ਖਾਂਦਿਆਂ ਮੈਂ ਸੋਚ ਰਹੀ ਸਾਂ ਕਿ ਕਿੰਨੀਆਂ ਕੁੜੀਆਂ ਹੋਣਗੀਆਂ ਜਿਨ੍ਹਾਂ ਦਾ ਕੋਈ ਹੋਰ ਸਹਾਰਾ ਨਹੀਂ ਹੁੰਦਾ ਹੋਵੇਗਾ। ਅਸੀਂ ਲੋਕ ਤਾਂ ਫੇਰ ਵੀ ਟੱਬਰ ਇੱਕਠੇ ਰਹਿਣ ਕਾਰਨ ਇੱਕ ਦੂਜੇ ਦਾ ਸਾਥ ਦੇ-ਲੈ ਲੈਂਦੇ ਹਾਂ। ਮੇਰੀ ਸੱਸ ਬੀਜੀ ਮੇਰੇ ਬੱਚੇ ਸਾਂਭ ਲੈਂਦੀ ਸੀ ਜਿਸਦਾ ਮੈਨੂੰ ਬਹੁਤ ਆਸਰਾ ਸੀ। ਮੈਂ ਬਹੁਤ ਕੁੱਝ ਆਪਣੇ ਮਨ ਵਿੱਚ ਸੋਚਦੀ ਗਈ। ਇਹ ਸੋਚਦਿਆਂ ਹੋਇਆਂ ਮੇਰੀ ਸੋਚ ਉਸ ਲਈ ਸਾਡੀਆਂ ਕੁੜੀਆਂ ਵਾਂਗ ਮੋਹ ਜਿਹੇ ਵਿੱਚ ਪਸੀਜ ਗਈ। ਕੰਮ ਕਰਦਿਆਂ ਹੋਇਆਂ ਉਹ ਮੈਨੂੰ ਦਿਨੋਂ ਦਿਨ ਸੋਹਣੀ ਵੀ ਲੱਗਣ ਲੱਗ ਪਈ।

ਸਾਨੂੰ ਦੋ ਦਿਨ ਬਾਅਦ ਉਸੇ ਛੋਟੇ ਕਮਰੇ ਵਿੱਚ ਸਾਡੇ ਡੈਸਕ ਲਾ ਦਿੱਤੇ ਗਏ। ਦੋਹਾਂ ਨੂੰ ਨਵੇਂ ਕੰਪਿਊਟਰ ਸੈੱਟ ਕਰ ਦਿੱਤੇ ਗਏ। ਮੈਂ ਇਲੈਕਟਰੌਨਿਕ ਟਾਈਪਟਾਈਟਰ 'ਤੇ ਕੰਮ ਕੀਤਾ ਹੋਇਆ ਸੀ ਜਾਂ ਵੇਰੀ ਟਾਈਪਰ 'ਤੇ ਕੰਮ ਕੀਤਾ ਸੀ ਪਰ ਕੰਪਿਊਟਰ ਦਾ ਹਾਲੀਂ ਕੋਈ ਖਾਸ ਤਜਰਬਾ ਨਹੀਂ ਸੀ। ਵੈਸੇ ਵੀ ਕੰਪਿਊਟਰ ਹਾਲੀਂ ਨਵੇਂ ਨਵੇਂ ਹੀ ਦਫ਼ਤਰਾਂ ਦਾ ਹਿੱਸਾ ਬਣੇ ਸਨ। ਸ਼ੈਰਨ ਦਾ ਹਾਲ ਮੇਰੇ ਤੋਂ ਵੀ ਬੁਰਾ ਸੀ। ਜੇ ਮੈਨੂੰ ਨਾ ਸਮਝ ਆਉਂਦੀ ਤਾਂ ਸ਼ੈਰਨ ਸਮਝਾ ਦਿੰਦੀ ਤੇ ਜੇ ਸ਼ੈਰਨ ਨੂੰ ਸਮਝ ਨਾ ਆਉਂਦੀ ਤਾਂ ਮੈਂ ਉਸਨੂੰ ਸਮਝਾ ਦਿੰਦੀ। ਮੇਰੇ ਕੋਲ ਦਫ਼ਤਰੀ ਕੰਮ ਦਾ ਤਜਰਬਾ ਕਾਫ਼ੀ ਸੀ ਜੋ ਸ਼ੈਰਨ ਕੋਲ ਨਹੀਂ ਸੀ। ਪਰ ਉਹ ਸਿੱਖਣ ਵਾਸਤੇ ਬਹੁਤ ਤੇਜ਼ ਸੀ। ਅਸੀਂ ਇੱਕ ਦੂਜੀ ਦਾ ਲੁਕ ਲੁਕਾ ਵੀ ਰੱਖ ਲੈਂਦੀਆਂ। ਸਾਨੂੰ ਦੋਹਾਂ ਨੂੰ ਕੰਪਿਊਟਰ ਟਰੇਨਿੰਗ ਵਾਸਤੇ ਉਸੇ ਬਿਲਡਿੰਗ ਵਿੱਚ ਕੋਰਸ ਕਰਨ ਭੇਜਿਆ

ਗਿਆ। ਮੈਂ ਥੋੜ੍ਹੀ ਹੌਲੀ ਹੌਲੀ ਸਿੱਖਣ ਵਾਲੀ ਹਾਂ। ਤੇ ਸ਼ੈਰਨ ਬੜੀ ਹੀ ਤੇਜ਼ੀ ਨਾਲ਼ ਸਿੱਖ ਲੈਂਦੀ। ਉਹੋ ਕੁੜੀ ਦਿਨੋਂ ਦਿਨ ਕੰਮ ਵਿੱਚ ਪੁਖਤਾ ਹੋ ਗਈ। ਪਹਿਲੀ ਤਨਖਾਹ ਮਿਲਣ ਤੋਂ ਬਾਅਦ ਉਹ ਸਜ ਸੰਵਰ ਕੇ ਕੰਮ 'ਤੇ ਆਉਣ ਲੱਗ ਪਈ। ਉਸਦੀ ਦਿੱਖ ਵੀ ਚੰਗੀ ਲੱਗਣ ਲੱਗ ਪਈ। ਸਾਰੇ ਅਧਿਆਪਕ ਸੈਂਟਰ ਵਿੱਚ ਆਏ ਹੋਏ ਉਸਨੂੰ ਬਿਉਟੀਫੁੱਲ ਗਰਲ ਆਖਦੇ। ਉਸਦੀ ਪਰਸਨੈਲਿਟੀ ਵਿੱਚ ਨਿਖਾਰ ਆਉਣ ਲੱਗ ਪਿਆ। ਉਹ ਚੁੱਪ ਚੁਪੀਤੀ ਤੋਂ ਹੱਸਮੁੱਖ ਰਹਿਣ ਲੱਗ ਪਈ। ਉਹ ਜਿੱਧਰ ਦੀ ਲੰਘਦੀ ਜਿਵੇਂ ਮਹਿਕ ਜਿਹੀ ਬਣ ਕੇ ਉੜਦੀ ਜਾਂਦੀ। ਉਸਦੀ ਤਿੰਨ ਇੰਚ ਅੱਡੀ ਵਾਲੀ ਜੁੱਤੀ ਦਾ ਖੜਾਕ ਸਾਰਿਆਂ ਦੇ ਕੰਨ ਖੜੇ ਕਰ ਦਿੰਦਾ। ਉਹ ਤੁਰਦੀ ਨਹੀਂ ਜਿਵੇਂ ਉੜਦੀ ਸੀ। ਸਾਰਿਆਂ ਦਾ ਕੰਮ ਕਰਕੇ, ਉਹ ਉਨ੍ਹਾਂ ਦੇ ਡੈਸਕਾਂ 'ਤੇ ਰੱਖ ਆਉਂਦੀ। ਉਨ੍ਹਾਂ ਨਾਲ਼ ਦੋ ਚਾਰ ਗੱਲਾਂ ਵੀ ਕਰ ਆਉਂਦੀ। ਕਈ ਨਵੀਂਆਂ ਖ਼ਬਰਾਂ ਵੀ ਲੈ ਆਉਂਦੀ। ਕੌਣ ਕੀ ਕਰ ਰਿਹਾ ਹੈ ਤੇ ਕੌਣ ਹੋਮੋਸੈਕਸੁਅਲ ਹੈ ਤੇ ਕੌਣ ਵਿਆਹਿਆ ਤੇ ਕਵਾਰਾ ਹੈ। ਉਹ ਮੇਰਾ ਕੰਮ ਵੀ ਨਾਲ਼ ਲੈ ਜਾਂਦੀ ਤੇ ਮੇਰੇ ਡਿਪਾਰਟਮੈਂਟ ਵਾਲਿਆਂ ਨੂੰ ਫੜਾ ਆਉਂਦੀ। ਮੇਰੇ ਡਿਪਾਰਟਮੈਂਟ ਵਾਲੇ ਬਹੁਤੇ ਪੰਜਾਬੀ ਸਨ। ਸਿੱਖ ਸਨ। ਸਾਡੀ ਸੋਚ ਥੋੜ੍ਹੀ ਜਿਹੀ ਯੂਰਪੀਅਨ ਲੋਕਾਂ ਨਾਲੋਂ ਅੱਡ ਹੈ। ਸ਼ੈਰਨ ਦਾ ਖੁੱਲ੍ਹਾ ਹਾਸਾ ਉਨ੍ਹਾਂ ਦੇ ਰਾਸ ਨਾ ਆਉਂਦਾ। ਸ਼ੈਰਨ ਆ ਕੇ ਆਖਦੀ, "ਮੈਂ ਉਸ ਬੁੱਢੇ ਖੂਸਟ ਨੂੰ ਲਾਈਕ ਨ੍ਹੀਂ ਕਰਦੀ। ਐਨਕਾਂ ਵਿੱਚੀਂ ਕਿੱਦਾਂ ਝਾਕਦਾ ? ਅੱਖਾਂ ਵਿੱਚ ਗਿੱਦ ਜੰਮੀ ਹੋਈ।" ਇੱਕ ਔਰਤ ਬਰੈਡਫੋਰਡ ਤੋਂ ਤਬਾਦਲਾ ਕਰਾ ਕੇ ਸਾਡੇ ਡਿਪਾਰਟਮੈਂਟ ਵਿੱਚ ਆਈ ਸੀ। ਪੰਜਾਬੀ ਸੀ। ਰਹਿੰਦੀ ਗੋਰੀਆਂ ਵਾਂਗਣ ਸੀ। ਉਸਦਾ ਬੁਆਏ ਫਰੈਂਡ ਮੁਸਲਮਾਨ ਸੀ। ਡਾਕਟਰ ਸੀ। ਤੇ ਉਸੇ ਦੇ ਖਿਲਾਫ਼ ਉਸਨੇ ਆਪਣੀ ਔਟੋਬਾਇਓਗਰਫੀ ਲਿਖੀ ਸੀ। ਬੜਾ ਜ਼ਹਿਰ ਉਗਲਿਆ ਸੀ। ਅਸੀਂ ਸਭ ਨੇ ਪੜ੍ਹੀ ਵੀ। ਸ਼ੈਰਨ ਉਸਨੂੰ ਬਿਲਕੁਲ ਪਸੰਦ ਨਾ ਕਰਦੀ। ਕਹਿੰਦੀ, "ਇਹਦੇ 'ਤੇ ਵਾਈਟ ਕਲਰ ਚੜ੍ਹਿਆ ਹੋਇਐ। ਜਿਸ ਦਿਨ ਉਤਰਿਆ ਫੇਰ ਪਤਾ ਲੱਗੂ। ਹੁਣ ਲੱਗੀ ਸੱਚੀ ਬਣਨ। ਪੜ੍ਹੀ ਲਿਖੀ ਸੀ। ਕਿਉਂ ਨਹੀਂ ਅੱਡ ਹੋ ਗਈ। ਕਿਉਂ ਝੱਲਦੀ ਰਹੀ ਇਹ ਸਭ।" ਸੀ ਵੀ ਠੀਕ, ਕੁੱਝ ਹਾਲਾਤ ਬੰਦੇ ਦੇ ਆਪਣੇ ਹੱਥ ਵੀ ਹੁੰਦੇ ਹਨ। ਉਹ ਔਰਤ ਸਾਨੂੰ ਕਦੀ ਬੁਲਾਉਂਦੀ ਹੀ ਨਾ। ਸਾਡੇ ਵੱਲ ਇਉਂ ਝਾਕਦੀ ਜਿਵੇਂ ਅਸੀਂ ਕਿਸੇ ਹੋਰ ਦੁਨੀਆ ਤੋਂ ਹੋਈਏ।

ਸਾਨੂੰ ਦੋ ਕੁ ਮਹੀਨੇ ਹੀ ਹੋਏ ਸਨ ਉੱਥੇ ਕੰਮ ਕਰਦਿਆਂ ਜਦੋਂ ਸਾਡੇ ਵਿੱਚ ਇੱਕ ਹੋਰ ਕੁੜੀ ਦਾਖਲ ਹੋਈ। ਲੰਮੀ ਲੰਝੀ, ਮੋਟੀਆਂ ਮੋਟੀਆਂ ਚੀਰਵੀਆਂ ਅੱਖਾਂ, ਪਤਲੀ ਪਤੰਗ ਜਿਹੀ ਝੂਲ ਝੂਲ ਕੇ ਤੁਰਦੀ। ਫੈਸ਼ਨਪਰਸਤ। ਉਸਦਾ ਨਾਂ ਸੀ ਸਿਲਵੀਆ। ਉਹ ਸੇਂਟ ਜੋਸਫ ਜਜ਼ੀਰੇ ਤੋਂ ਸੀ ਜੋ ਕਰਿਬੀਅਨ ਦਾ ਹੀ ਕੋਈ ਹਿੱਸਾ। ਰੰਗ ਇਸਦਾ ਵੀ ਪੱਕਾ ਸੀ, ਚਮਕਦਾ। ਮੇਕਅਪ ਅਤੇ ਫੈਸ਼ਨ ਨਾਲ਼ ਉਹ ਮਾੜਾ ਨਹੀਂ ਸੀ ਲੱਗਦਾ। ਪਹਿਲੇ ਦਿਨ ਉਹ ਆਪਣੇ ਆਪ ਵਿੱਚ ਮਸਤ ਰਹੀ। ਅਸੀਂ ਦੋਨੋਂ ਵਾਰੀ ਵਾਰੀ ਉਸਨੂੰ ਕੰਮ ਸਮਝਾ ਦਿੰਦੀਆਂ ਰਹੀਆਂ। ਪਰ ਉਹ ਸਾਡੇ ਵਿੱਚ ਭਿੱਜਦੀ ਹੀ ਨਾ। ਮਹੀਨਾ ਕੁ ਉਹ ਕਾਫ਼ੀ ਗ਼ਲਤੀਆਂ ਕਰਦੀ ਰਹੀ। ਮੈਂ ਦੇਖਿਆ ਕਿ ਸ਼ੈਰਨ ਉਸਦੀਆਂ ਗਲਤੀਆਂ ਵੀ ਢੱਕ ਲੈਂਦੀ ਸੀ। ਜੇ ਕਰ ਕੋਈ ਆ ਕੇ ਨੁਕਸ ਕੱਢਦਾ ਤਾਂ ਸ਼ੈਰਨ ਉਸਨੂੰ ਪੈ ਜਾਂਦੀ। ਅਗਲੇ ਦੀ ਲਾਹ ਪਾਹ ਕਰ ਦਿੰਦੀ। ਸ਼ੈਰਨ ਦਾ ਵਤੀਰਾ ਦੇਖ ਕੇ ਸਿਲਵੀਆ ਵਿੱਚ ਤਬਦੀਲੀ ਆਉਣ ਲੱਗ ਪਈ। ਇੱਕ ਦਿਨ ਸ਼ੈਰਨ ਕਹਿਣ ਲੱਗੀ, "ਇਹ ਅਸਰ ਸਾਡੇ ਤੇ ਇਨ੍ਹਾਂ ਗੋਰੇ ਲੋਕਾਂ ਨੇ ਹੀ ਪਾਏ ਹੋਏ ਐ। ਸਾਨੂੰ ਕਿਵੇਂ ਟਰੀਟ ਕੀਤਾ ਇਨ੍ਹਾਂ ਨੇ। ਸਾਡੇ ਬਜ਼ੁਰਗਾਂ ਨਾਲ਼ ਪਸ਼ੂਆਂ ਤੋਂ ਵੀ ਬਦਤਰ ਬੁਰਾ ਵਤੀਰਾ ਕੀਤਾ ਇਨ੍ਹਾਂ ਨੇ। ਜਦੋਂ ਇਹ ਕੁੱਝ ਆਖਦੇ ਹਨ ਤਾਂ ਮੈਨੂੰ ਗੁੱਸਾ ਆ ਜਾਂਦਾ ਹੈ। ਤੇ ਅਸੀਂ ਲੋਕ ਵੀ ਇਨ੍ਹਾਂ ਤੋਂ ਬਦਲੇ ਦੀ ਭਾਵਨਾ ਤਾਂ ਨਹੀਂ, ਪਰ ਜ਼ਰਾ ਆਪਣੇ ਆਪ ਨੂੰ ਬਚਾ ਕੇ ਹੀ ਰੱਖਦੇ



ਹਾਂ। ਸ਼ਾਇਦ ਸਿਲਵੀਆ ਤਾਜ਼ੀ ਤਾਜ਼ੀ ਇੰਗਲੈਂਡ ਆਈ ਹੈ ਤੇ ਇਸਦੇ ਮਨ ਵਿੱਚ ਕੋਈ ਡਰ ਜਿਹਾ ਵੀ ਹੋਵੇ। ਇਸੇ ਲਈ ਇਹ ਹਰ ਇੱਕ ਨਾਲ਼ ਸਹਿਮ ਕੇ ਬੋਲਦੀ ਹੈ।"

ਮੈਂ ਕਿਹਾ, " ਮੈਨੂੰ ਤਾਂ ਇਹ ਹੰਕਾਰੀ ਜਿਹੀ ਲੱਗਦੀ ਹੈ।"

"ਨਹੀਂ ਹੰਕਾਰੀ ਨਹੀਂ। ਮੈਂ ਸਮਝਦੀ ਹਾਂ ਇਸਨੂੰ। ਇਸਨੂੰ ਵਕਤ ਦੇ। ਇਸਨੇ ਰਲ਼ ਮਿਲ਼ ਜਾਣੈ।" ਸ਼ੈਰਨ ਨੇ ਮੈਨੂੰ ਆਪਣੀ ਸੱਭਿਅਤਾ ਬਾਰੇ ਕਈ ਕੁੱਝ ਦੱਸਿਆ।

ਉਹੋ ਗੱਲ ਹੋਈ, ਮਹੀਨੇ ਕੁ ਵਿੱਚ ਸਿਲਵੀਆ ਵੀ ਸਾਡੇ ਵਿੱਚ ਰਲ਼ ਮਿਲ ਗਈ। ਹਰ ਸ਼ੁਕਰਵਾਰ ਅਸੀਂ ਤਿੰਨੋਂ ਖਾਣਾ ਖਾਣ ਨਾਲ਼ ਦੇ ਪੱਬ ਵਿੱਚ ਜਾਂਦੀਆਂ। ਸਾਡੇ ਤਿੰਨਾਂ ਦੇ ਆਰਡਰ ਪੱਬ ਵਾਲਿਆਂ ਨੂੰ ਪਤਾ ਹੁੰਦਾ। ਸਾਡੇ ਵਕਤ ਦਾ ਵੀ ਪਤਾ ਹੁੰਦਾ ਕਿ ਅਸੀਂ ਕਿੰਨੇ ਵਜੇ ਆਵਾਂਗੇ। ਤੇ ਉਹ ਸਾਡਾ ਖਾਣਾ ਪਹਿਲਾਂ ਹੀ ਤਿਆਰ ਕਰ ਦਿੰਦੇ। ਸ਼ੈਰਨ ਹੱਸਦੀ ਆਖਦੀ, "ਭਲਾ ਜੇ ਅਸੀਂ ਨਾ ਆਉਂਦੀਆਂ ?"

"ਕੋਈ ਨ੍ਹੀ ਅਸੀਂ ਤੁਹਾਨੂੰ ਸੈਂਟਰ ਵਿੱਚ ਫੜਾ ਆਉਣਾ ਸੀ ਖਾਣਾ।" ਪੱਬ ਦਾ ਗਮਨਾ ਆਖਦਾ। ਮੈਂ ਕੰਮ ਤਾਂ ਕਈ ਥਾਵਾਂ 'ਤੇ ਕੀਤੇ ਸਨ। ਬਾਹਰਲੀ ਦੁਨੀਆ ਵਿੱਚ ਰਚਣ ਦਾ ਕੰਮ ਮੈਂ ਸ਼ੈਰਨ ਤੋਂ ਸਿੱਖਿਆ।

ਸ਼ੈਰਨ ਦੀ ਪਰਸਨੈਲਿਟੀ ਦਾ ਸਭ ਨੂੰ ਪਤਾ ਲੱਗਣ ਲੱਗ ਪਿਆ ਸੀ। ਉਹ ਦਿਲ ਦੀ ਬਹੁਤ ਚੰਗੀ ਕੁੜੀ ਸੀ। ਨਾ ਕਿਸੇ ਨੂੰ ਮਾੜਾ ਕਹਿੰਦੀ ਸੀ ਤੇ ਨਾ ਕਿਸੇ ਤੋਂ ਮਾੜਾ ਅਖਵਾਉਂਦੀ ਸੀ। ਤੁਰੀ ਜਾਂਦੀ ਹਰ ਇੱਕ ਨੂੰ ਬੁਲਾ ਲੈਂਦੀ। ਕੰਮ ਵਾਲੇ, ਪੱਬ ਵਾਲੇ ਸਾਰੇ ਉਸਦੇ ਦੋਸਤ ਸਨ। ਜਦੋਂ ਕਿ ਸਿਲਵੀਆ ਵਿੱਚ ਥੋੜ੍ਹੀ ਜਿਹੀ ਆਕੜ ਸੀ। ਸ਼ੈਰਨ ਦਿਮਾਗ ਦੀ ਬਹੁਤ ਤੇਜ਼ ਸੀ। ਜਦੋਂ ਸਾਨੂੰ ਕੁੱਝ ਨਵੀਂ ਹਦਾਇਤ ਦਿੱਤੀ ਜਾਂਦੀ ਜਾਂ ਨਵਾਂ ਕੰਮ ਦੱਸਿਆ ਸਮਝਾਇਆ ਜਾਂਦਾ ਤਾਂ ਸਾਡੇ ਮਨ ਵਿੱਚ ਕਈ ਸਵਾਲ ਹੁੰਦੇ। ਈਡਿਥ ਨਾਲ਼ ਸਾਡੀ ਹਰ ਸੋਮਵਾਰ ਦਸ ਵਜੇ ਸਵੇਰੇ ਮੀਟਿੰਗ ਹੁੰਦੀ। ਸ਼ੈਰਨ ਕਾਹਲ਼ੀ ਨਾਲ਼ ਕਹਿ ਦਿੰਦੀ, " ਮੈਂ ਸਮਝ ਗਈ ਹਾਂ, ਤੁਹਾਨੂੰ ਦੱਸ ਦਿਆਂਗੀ।" ਭਾਵੇਂ ਉਸਦੀ ਇਹ ਕਾਹਲ਼ ਚੰਗੀ ਨਾ ਲੱਗਦੀ। ਅਸੀਂ ਕਈ ਵੇਰ ਉਸ ਨਾਲ਼ ਚਿੜ ਵੀ ਜਾਂਦੀਆਂ। ਫੇਰ ਸੋਚਦੀਆਂ ਕਿ ਇਹ ਸਾਡੇ ਹੀ ਭਲੇ ਦੀ ਗੱਲ ਕਰਦੀ ਹੈ। ਸ਼ੈਰਨ ਨੂੰ ਬਾਹਰ ਜਾਣ ਦਾ ਬਹੁਤ ਸ਼ੌਕ ਸੀ। ਉਹ ਆਪਣੇ ਮੁੰਡੇ ਵਾਸਤੇ ਬੇਵੀ ਸਿਟਰ ਦਾ ਪ੍ਰਬੰਧ ਕਰ ਲੈਂਦੀ ਤੇ ਸਹੇਲੀਆਂ ਨਾਲ਼ ਕਲੱਬਿੰਗ ਚਲੀ ਜਾਂਦੀ। ਦੂਜੇ ਦਿਨ ਆ ਕੇ ਨੰਗੇ ਪੈਰੀਂ ਤੁਰੀ ਫਿਰਦੀ। ਕਹਿੰਦੀ, "ਰਾਤੀਂ ਨੱਚ ਨੱਚ ਮੇਰੇ ਪੈਰ ਦੁਖਣ ਲੱਗ ਪਏ।"

ਸਾਰੇ ਕਹਿੰਦੇ, " ਫੇਰ ਕਿਉਂ ਨੱਚੀ ਸੀ ਐਨਾ ?"

ਉਹ ਜਿਸਮ ਨੂੰ ਹੋਰ ਹੀ ਤਰ੍ਹਾਂ ਮਰੋੜਾ ਜਿਹਾ ਦੇ ਕੇ ਆਖਦੀ, " ਨੱਚਣ ਬਿਨਾਂ ਮੈਂ ਰਹਿ ਨ੍ਹੀਂ ਸਕਦੀ। ਰਿਦਮ ਮੇਰੇ ਜਿਸਮ ਵਿੱਚ ਹੈ। ਮੇਰੇ ਕਲਚਰ ਵਿੱਚ ਹੈ।" ਤੇ ਉਹ ਉੱਥੇ ਖੜੀ ਵੱਖੀਆਂ ਮਾਰਨ ਲੱਗ ਪੈਂਦੀ। ਸਾਰੇ ਉਸ ਵੱਲ ਦੇਖ ਕੇ ਹੱਸਦੇ। ਸਾਡੇ ਮਿਸਟਰ ਸੁਰਜੀਤ ਸਿੰਘ ਕਾਲੜਾ (ਪੰਜਾਬੀ ਕਹਾਣੀਕਾਰ) ਆਖਦੇ, "ਇਹ ਕੁੜੀ ਵੀ ਕਮਲ਼ੀ ਹੈ। ਇਹ ਹੋਰਨਾਂ ਕਾਲ਼ਿਆਂ ਵਰਗੀ ਹੈ ਹੀ ਨਹੀਂ।"

ਉਸਨੇ ਨੱਚਣ ਤੋਂ ਖਿਆਲ ਆਇਆ, ਮੇਰੇ ਪੁੱਤਰ ਦਾ ਅਠਾਰ੍ਹਵਾਂ ਜਨਮ ਦਿਨ ਸੀ। ਅਸੀਂ ਪਰਿਵਾਰ, ਕੁੱਝ ਰਿਸ਼ਤੇਦਾਰਾਂ ਸਮੇਤ ਆਪਣੀਆਂ ਤਿੰਨਾਂ ਸਹੇਲੀਆਂ ਨੂੰ ਵੀ ਸੱਦਿਆ। ਸ਼ੈਰਨ, ਸਿਲਵੀਆ, ਸਾਡੀ ਸੁਪਰਵਾਈਜ਼ਰ ਮਾਰਗਰੇਟ ਤੇ ਉਸਦਾ ਪਤੀ ਐਲਿਨ (ਇਹ ਉਹੀ ਮਾਰਗਰੇਟ ਅਤੇ ਐਲਿਨ ਹਨ ਜਿਹੜੇ ਮੇਰੀ ਕਹਾਣੀ ਚੱਪਾ ਕੁ ਸੂਰਜ ਵਿੱਚ ਵੀ ਪਾਤਰ ਹਨ ਤੇ ਮਾਰਗਰੇਟ ਹੋਰ

ਵੀ ਕਈ ਕਹਾਣੀਆਂ ਵਿੱਚ ਆਪਣੇ ਅਸਲੀ ਨਾਂ ਨਾਲ਼ ਖੜੋਤੀ ਹੈ) ਤਿੰਨੋਂ ਆਈਆਂ। ਖਾਣ-ਪੀਣ ਤੋਂ ਬਾਅਦ ਜੋ ਸ਼ੈਰਨ ਅਤੇ ਮੇਰੇ ਬੇਟੇ ਨੇ 'ਇਕ ਕੁੜੀ ਗੁਲਾਬ ਦੇ ਫੁੱਲ ਵਰਗੀ' 'ਤੇ ਡਾਂਸ ਕੀਤਾ, ਉਹ ਯਾਦਗਾਰੀ ਹੈ। 'ਘੜਾ ਵੱਜਦਾ ਘੜੋਲੀ ਵੱਜਦੀ' ਗਾਣੇ 'ਤੇ ਮਾਰਗਰੇਟ ਅਤੇ ਐਲਿਨ ਨੇ ਐਸਾ ਧਮਾਲ ਮਚਾਇਆ ਸਾਡਾ ਟੱਬਰ ਅਤੇ ਰਿਸ਼ਤੇਦਾਰ ਅੱਜ ਤੱਕ ਯਾਦ ਕਰਦੇ ਹਨ। ਕਿਸੇ ਨੂੰ ਮਹਿਸੂਸ ਹੀ ਨਹੀਂ ਹੋਇਆ ਕਿ ਇਹ ਕਾਲ਼ੀਆਂ ਕੁੜੀਆਂ ਜਾਂ ਗੋਰਾ ਜੋੜਾ ਹਨ।

ਸਾਡੇ ਡਿਪਾਰਟਮੈਂਟ ਵਿੱਚ ਜੇ ਕੋਈ ਪਾਰਟੀ ਹੋਵੇ, ਭਾਵ ਕਿਸੇ ਦਾ ਜਨਮ ਦਿਨ ਹੋਵੇ, ਕਿਸੇ ਨੂੰ ਪ੍ਰਮੋਸ਼ਨ ਮਿਲੀ ਹੋਵੇ ਭਾਵ ਕਿਸੇ ਵੀ ਕਿਸਮ ਦਾ ਦਿਨ ਹੋਵੇ ਤਾਂ ਪੂਰਾ ਡਿਪਾਰਟਮੈਂਟ ਉਸਨੂੰ ਸੈਲੀਬਰੇਟ ਕਰਦਾ। ਸਾਥੋਂ ਪਹਿਲਾਂ ਤਾਂ ਉਹ ਦੋ-ਚਾਰ ਦੋਸਤ ਇਕੱਠੇ ਹੁੰਦੇ ਹੋਣਗੇ। ਹਰ ਡਿਪਾਰਟਮੈਂਟ ਆਪਣਾ ਆਪਣਾ ਸੈਲੀਬਰੇਟ ਕਰ ਲੈਂਦੇ ਹੋਣਗੇ। ਪਰ ਸ਼ੈਰਨ ਨੇ ਪੂਰੇ ਡਿਪਾਰਟਮੈਂਟਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦੇ ਦਿਨ ਤੇ ਉਸਦੀ ਹੀ ਜ਼ਿੰਮੇਦਾਰੀ ਬਣਦੀ ਸੀ ਕਿ ਉਹ ਸਨੈਕ ਲਿਆਵੇ, ਵਾਈਨ ਲਿਆਵੇ, ਕੇਕ ਪੇਸਟਰੀਆਂ ਆਦਿ ਇਕੱਠੀਆਂ ਕਰੇ। ਸਭ ਤੋਂ ਪੈਸੇ ਲਵੇ। ਇਹ ਦਿਨ ਸ਼ੈਰਨ ਖੁਸ਼ੀ ਨਾਲ਼ ਕੱਟਦੀ ਕਿਉਂਕਿ ਉਸ ਨੂੰ ਅਕਸਰ ਅੱਧੇ ਦਿਨ ਦੀ ਛੁੱਟੀ ਇਸ ਕੰਮ ਵਾਸਤੇ ਮਿਲ ਜਾਂਦੀ ਸੀ। ਸਾਡੇ ਡਿਪਾਰਟਮੈਂਟ ਵਿੱਚ ਕੋਈ ਨਾ ਕੋਈ ਸੈਲੀਬਰੇਸ਼ਨ ਚੱਲਦੀ ਹੀ ਰਹਿੰਦੀ। ਕ੍ਰਿਸਮਿਸ ਆਉਂਦੀ ਸ਼ੈਰਨ ਪਾਰਟੀ ਦੀ ਤਿਆਰੀ ਕਰਦੀ। ਉਹ ਕਹਿੰਦੀ, "ਸਾਲ ਵਿੱਚ ਇੱਕ ਤਾਂ ਦਿਨ ਆਉਂਦੈ ਖੁਸ਼ੀ ਮਨਾਉਣ ਦਾ। ਸਾਰੇ ਡਿਪਾਰਟਮੈਂਟ ਇਕੱਠੇ ਹੋਣ ਦਾ।" ਉਸ ਨਾਲ਼ ਅਸੀਂ ਵੀ ਰਲ਼ ਜਾਂਦੀਆਂ। ਮਾਰਗਰੇਟ ਮਨ ਦੀ ਤਕੜੀ ਸੀ। ਉਹ ਸਾਨੂੰ ਮਾਵਾਂ ਵਾਂਗ ਡਾਂਟਦੀ ਤੇ ਮਾਵਾਂ ਵਾਂਗ ਹੀ ਪਿਆਰਦੀ। ਉਹ ਸਾਡੇ ਸਭ ਤੋਂ ਉਮਰ ਵਿੱਚ ਵੱਡੀ ਸੀ।

ਸ਼ੈਰਨ ਨੇ ਹੀ ਇੱਕ ਹੋਰ ਰੀਤ ਚਾਲੂ ਕੀਤੀ ਕਿ ਕ੍ਰਿਸਮਿਸ ਦੀਆਂ ਛੁੱਟੀਆਂ ਤੋਂ ਪਹਿਲਾਂ ਅਸੀਂ ਚਾਰੋਂ ਜਣੀਆਂ ਬਾਹਰ ਖਾਣੇ 'ਤੇ ਜਾਇਆ ਕਰਾਂਗੇ। ਇਹ ਰੀਤ ਸਾਡੇ ਦੋਹਾਂ ਦੇ ਉੱਥੇ ਹੁੰਦਿਆਂ ਤੱਕ ਚੱਲਦੀ ਰਹੀ। ਪਹਿਲੀ ਵੇਰ ਸ਼ੈਰਨ ਨੇ ਬਰਮਿੰਘਮ ਦੇ ਮਸ਼ਹੂਰ ਪੰਜ ਤਾਰਾ ਹੋਟਲ ਆਲਬੀਅਨ ਵਿੱਚ ਸਾਡੀ ਚੌਹਾਂ ਦੀ ਬੁਕਿੰਗ ਕਰਵਾਈ। ਇਹ ਸਿਰਫ਼ ਔਰਤਾਂ ਵਾਸਤੇ ਡਿਨਰ ਦਾ ਪ੍ਰੋਗਰਾਮ ਸੀ। ਨਾ ਸ਼ੈਰਨ ਦਾ ਐਕਸ ਜਾਂ ਕੋਈ ਨਵਾਂ ਬੁਆਏ ਫਰੈਂਡ ਨਹੀਂ ਸੀ ਨਾਲ਼ ਤੇ ਨਾ ਹੀ ਸਿਲਵੀਆ ਦਾ ਲਿਵ ਇਨ ਰਿਲੇਸ਼ਨ ਡੇਵਿਡ ਤੇ ਨਾ ਮੇਰਾ ਪਤੀ ਤੇ ਨਾ ਮਾਰਗਰੇਟ ਦਾ ਪਤੀ ਐਲਿਨ। ਅਸੀਂ ਚਾਰੋਂ ਉਸ ਦਿਨ ਸੱਜ-ਧੱਜ ਕੇ ਹੋਟਲ ਵਿੱਚ ਖਾਣਾ ਖਾਣ ਗਈਆਂ। ਸਾਡਾ ਟੇਬਲ ਦੂਜੀ ਮੰਜ਼ਿਲ 'ਤੇ ਪਰਾਈਵੇਟ ਕੋਨੇ ਵਿੱਚ ਸੈੱਟ ਸੀ। ਐਨਾ ਸਜਿਆ ਹੋਇਆ ਟੇਬਲ ਦੇਖ ਕੇ ਮੈਂ ਆਪਣੀ ਜੇਬ ਵੱਲ ਦੇਖਾਂ। ਸੋਚਾਂ ਇਹ ਸ਼ੈਰਨ ਨੇ ਕੀ ਕੀਤਾ ? ਸਿਲਵੀਆ ਮੇਰੇ ਵੱਲ ਦੇਖੇ। ਸਾਡੇ ਦੋਹਾਂ ਦੇ ਇੱਕ ਚੜ੍ਹੇ ਤੇ ਇੱਕ ਉੱਤਰੇ। ਮਾਰਗਰੇਟ ਨੇ ਸਾਡੀ ਦੁਬਿਧਾ ਭਾਂਪ ਲਈ। ਉਹ ਕਹਿਣ ਲੱਗੀ, "ਇਹ ਐਨਾ ਮਹਿੰਗਾ ਨਹੀਂ ਜਿੰਨਾ ਤੁਸੀਂ ਸੋਚਦੀਆਂ।" ਉਹ ਪੰਜ ਕੋਰਸ ਖਾਣਾ ਜਿਵੇਂ ਦੇਖ ਕੇ ਸਾਨੂੰ ਡਰ ਲੱਗੇ। ਸ਼ੈਰਨ ਵਾਰ ਵਾਰ ਬਹਿਰੇ ਨੂੰ ਹੋਰ ਆਰਡਰ ਕਰੀ ਜਾਵੇ। ਅਸੀਂ ਖਾਂਦੀਆਂ ਵੀ ਡਰੀਏ। ਸਾਡੇ ਪਸੀਨੇ ਛੁੱਟਦੇ ਦੇਖਕੇ ਕਹਿਣ ਲੱਗੀ, "ਤੁਸੀਂ ਖਾਣਾ ਖਾਓ। ਪੈਸੇ ਨਾ ਗਿਣੋ।"

ਸਿਲਵੀਆ ਕਹਿਣ ਲੱਗੀ, " ਸੈੱਟ ਅਮਾਉਂਟ ਤੋਂ ਹੋਰ ਕਿੰਨੇ ਕੁ ਉੱਪਰ ਲੱਗਣਗੇ ?"

ਸ਼ੈਰਨ ਤੇ ਮਾਰਗਰੇਟ ਹੱਸ ਪਈਆਂ। ਅਸੀਂ ਜਿਵੇਂ ਦੋਨੋਂ ਹੀ ਇਸ ਦੁਨੀਆ ਤੋਂ ਅਣਜਾਣ। ਮੈਂ ਸੋਚਾਂ ਕਿ ਪਤਾ ਨਹੀਂ ਮੇਰੀ ਜੇਬ ਵਿੱਚ ਐਨੇ ਪੈਸੇ ਹੋਣਗੇ ਵੀ ਕਿ ਨਹੀਂ।



"ਬਸ ਸੈੱਟ ਅਮਾਉਂਟ ਹੀ ਐ ਤੁਸੀਂ ਖਾਈ ਜਾਵੋ। ਮੈਂ ਤੁਹਾਨੂੰ ਦੱਸਿਆ ਹੋਇਆ ਕਿ ਕਿੰਨੇ ਲੱਗਣਗੇ। ਵਾਧੂ ਨਹੀਂ ਲਗਦੇ।"

ਸ਼ੈਰਨ ਨੇ ਕ੍ਰਿਸਮਿਸ ਪੈਕਜ਼ ਖਰੀਦਿਆ ਹੋਇਆ ਸੀ ਜਿਹੜਾ ਅੱਸੀ ਪੌਂਡ ਦਾ ਸੀ ਭਾਵ ਸਾਡੇ ਵੀਹ ਵੀਹ ਪੌਂਡ ਲੱਗਣੇ ਸਨ। ਇਹ ਸਭ ਜਾਣ ਕੇ ਸਾਡਾ ਸਾਹ 'ਚ ਸਾਹ ਆਇਆ ਤੇ ਅਸੀਂ ਜ਼ਰਾ ਆਰਾਮ ਨਾਲ਼ ਬਹਿ ਕੇ ਖਾਣ ਲੱਗੀਆਂ। ਖਾਣੇ ਤੋਂ ਬਾਅਦ ਉਹ ਸਾਨੂੰ ਬਾਰ 'ਤੇ ਲੈ ਗਈ। ਮੈਂ ਸਾੜ੍ਹੀ ਪਹਿਨ ਕੇ ਹੀ ਗਈ ਸਾਂ। ਬਾਰ 'ਤੇ ਜਾ ਕੇ ਸ਼ੈਰਨ ਕਹਿਣ ਲੱਗੀ, "ਫਰੀ ਡਰਿੰਕਸ ਆਰ ਕੰਮਿਗ।" "ਉਹ ਕਿਸ ਤਰ੍ਹਾਂ ?" ਮੈਨੂੰ ਇਸ ਦੁਨੀਆ ਦੀ ਕੋਈ ਜਾਣਕਾਰੀ ਨਹੀਂ ਸੀ। ਕਲੱਬਿੰਗ ਜਾਣਾ ਮੇਰੇ ਹਿੱਸੇ ਕਦੀ ਆਇਆ ਹੀ ਨਹੀਂ ਸੀ। ਮੈਂ ਸੁਣਿਆ ਜ਼ਰੂਰ ਹੋਇਆ ਸੀ। ਸ਼ੈਰਨ ਨੇ ਸਾਡੀ ਜਾਣਕਾਰੀ ਦਿੱਤੀ। ਉਸਨੇ ਸਾਡੇ ਅਸਲੀ ਨਾਂ ਕਿਸੇ ਨੂੰ ਨਾ ਦੱਸੇ। ਮਾਰਗਰੇਟ ਨੂੰ ਇਲੈਜ਼ਬੱਥ ਟੇਲਰ ਦਾ ਨਾਂ ਦਿੱਤਾ ਗਿਆ ਤੇ ਮੈਨੂੰ ਜੋਨ ਕੌਲਨ ਦਾ, ਆਪ ਸ਼ਰਲੀ ਬਾਸੀ ਬਣ ਗਈ ਤੇ ਸਿਲਵੀਆ ਨੂੰ ਉਸਨੇ ਵਿਟਨੀ ਹੂਸਟਨ ਦਾ ਨਾਂ ਦੇ ਦਿੱਤਾ। ਵਾਈਨ, ਮਾਰਟੀਨੀ, ਜਿੱਨ ਐਂਡ ਟੌਨਿਕ, ਜੂਸ ਹਾਜ਼ਰ ਹੋ ਗਏ। ਮੈਂ ਅੱਧਾ ਕੁ ਘੰਟਾ ਉਨ੍ਹਾਂ ਨਾਲ਼ ਠਹਿਰੀ ਤੇ ਸਭ ਤੋਂ ਛੁੱਟੀ ਲੈ ਕੇ ਘਰ ਆ ਗਈ। ਸੋਚਿਆ, ਇਹ ਮੇਰੀ ਦੁਨੀਆ ਨਹੀਂ ਹੈ। ਉਸ ਵਿੱਚ ਰਚਣਾ ਮੇਰੇ ਵਾਸਤੇ ਔਖਾ ਲੱਗਾ। ਦੂਜੇ ਦਿਨ ਉਹ ਤਿੰਨੋਂ ਜਣੀਆਂ ਅੱਧ ਸੁੱਤੀਆਂ ਹੋਈਆਂ ਕੰਮ 'ਤੇ ਪਹੁੰਚੀਆਂ। ਪਤਾ ਨਹੀਂ ਕਿੰਨਾ ਚਿਰ ਰਹੀਆਂ ਹੋਣਗੀਆਂ ਤੇ ਕਿੰਨੀ ਕੁ ਪੀਤੀ ਹੋਵੇਗੀ। ਕੋਈ ਮਾੜਾ ਜਿਹਾ ਖੜਾਕ ਵੀ ਕਰਦਾ ਤਾਂ ਉਹ ਸਿਰ ਫੜ ਲੈਂਦੀਆਂ। ਹਰ ਕ੍ਰਿਸਮਿਸ 'ਤੇ ਇਹੋ ਹਾਲ ਹੁੰਦਾ। ਹਰ ਵੇਰ ਅਸੀਂ ਵੱਖ ਵੱਖ ਸੱਭਿਤਾਵਾਂ ਦੇ ਡਿਨਰ ਕਰਨ ਜਾਂਦੀਆਂ। ਕਦੀ ਚਾਈਨੀਜ਼, ਕਦੀ ਗਰੀਕ ਤੇ ਕਦੀ ਮੈਕਸੀਕਨ।

ਇੱਕ ਦਿਨ ਸ਼ੈਰਨ ਕੰਮ 'ਤੇ ਪਹੁੰਚੀ ਤਾਂ ਉਸਦੀਆਂ ਅੱਖਾਂ ਨੀਲੀਆਂ ਹੋਈਆਂ ਪਈਆਂ ਸਨ। ਉਸਦੀਆਂ ਬਾਹਵਾਂ 'ਤੇ ਵੀ ਨੀਲ ਪਏ ਹੋਏ ਸਨ। ਉਸਦੀ ਪਿੱਠ ਕਾਲ਼ੀ-ਪੀਲੀ ਹੋਈ ਪਈ ਸੀ। ਉਸ ਦਿਨ ਨਾ ਉਸਨੇ ਮੇਕਅੱਪ ਕੀਤੀ ਹੋਈ ਸੀ ਤੇ ਨਾ ਕੱਪੜੇ ਚੱਜ ਦੇ ਪਾਏ ਹੋਏ ਸਨ। ਉਸਦੀ ਹਾਲਤ ਦੇਖ ਕੇ ਅਸੀਂ ਤਿੰਨੋਂ ਹੈਰਾਨ ਸਾਂ। ਪੁੱਛਣ 'ਤੇ ਪਤਾ ਲੱਗਾ ਕਿ ਉਸਦੇ ਐਕਸ ਬੁਆਏ ਫਰੈਂਡ ਨੇ ਉਸਦੀ ਇਹ ਹਾਲਤ ਕੀਤੀ ਸੀ। ਸ਼ੈਰਨ ਨੇ ਆਪਣੇ ਮੁੰਡੇ ਨੂੰ ਉਸਦੇ ਸ਼ਰਾਬੀ ਬਾਪ ਜਿਹੜਾ ਉਸਨੂੰ ਹਾਮਲਾ ਕਰਕੇ ਤੁਰ ਗਿਆ ਸੀ, ਨਾਲ਼ ਤੋਰਨ ਤੋਂ ਇਨਕਾਰ ਕੀਤਾ ਸੀ। ਤੇ ਉਸਨੇ ਮੁੰਡੇ ਦੇ ਸਾਮ੍ਹਣੇ ਸ਼ੈਰਨ ਦਾ ਇਹ ਹਾਲ ਕਰ ਦਿੱਤਾ ਸੀ। ਮੁੰਡਾ ਸੱਤ ਕੁ ਸਾਲ ਦਾ ਸੀ। ਮੁੰਡੇ ਨੇ ਫੋਨ ਚੁੱਕ ਕੇ ਪੁਲੀਸ ਨੂੰ ਫੋਨ ਕਰ ਦਿੱਤਾ। ਸ਼ੈਰਨ ਨੇ ਮੁੰਡੇ ਨੂੰ ਸਮਝਾਇਆ ਹੋਇਆ ਸੀ ਕਿ ਜੇ ਕਰ ਡੈਡ ਕਦੀ ਇਸ ਤਰ੍ਹਾਂ ਕਰੇ ਤਾਂ ਕੀ ਕਰਨਾ ਹੈ। ਪੁਲੀਸ ਆਈ ਤੇ ਸ਼ੈਰਨ ਦੇ ਬੁਆਏ ਫਰੈਂਡ ਨੂੰ ਲੈ ਗਈ। ਮੁੰਡੇ ਦਾ ਪਿਓ ਸੱਤ ਸਾਲ ਬਾਅਦ ਮੁੰਡੇ ਦੀ ਕਸਟੱਡੀ ਲੈਣੀ ਚਾਹੁੰਦਾ ਸੀ। ਸ਼ੈਰਨ ਚਾਹੁੰਦੀ ਸੀ ਕਿ ਉਹ ਉਸਨੂੰ ਦੇਖ ਸਕਦਾ ਹੈ ਪਰ ਕਸਟੱਡੀ ਨਹੀਂ ਸੀ ਦੇਣੀ ਚਾਹੁੰਦੀ। ਸ਼ੈਰਨ ਨੂੰ ਪਤਾ ਸੀ ਕਿ ਬੱਚੇ ਦੇ ਸਰਕਾਰੀ ਪੈਸੇ ਨਾਲ਼ ਉਸਨੇ ਸ਼ਰਾਬ ਪੀਣੀ ਸੀ। ਸ਼ੈਰਨ ਦੀ ਵਿਥਿਆ ਸੁਣ ਕੇ ਸਾਡਾ ਸਾਰਾ ਸੈਂਟਰ ਸ਼ੈਰਨ ਦੇ ਨਾਲ਼ ਖੜ੍ਹਾ ਸੀ। ਸਾਰੇ ਸ਼ੈਰਨ ਦੀ ਖ਼ਬਰ ਲੈਣ ਆਏ। ਉਸਨੂੰ ਦਿਲਾਸਾ ਦਿੰਦੇ ਰਹੇ। ਸ਼ੈਰਨ ਨੇ ਆਪਣੀ ਕਹਾਣੀ ਵੀ ਮੈਨੂੰ ਇੱਕ ਵੇਰ ਦੱਸੀ ਸੀ ਤੇ ਉਹ ਕਹਾਣੀ ਮੇਰੇ ਦਿਮਾਗ ਵਿੱਚ ਘੁੰਮੀ ਜਾਵੇ।

ਸ਼ੈਰਨ ਨੇ ਦੱਸਿਆ ਸੀ ਕਿ ਉਹ ਮਸਾਂ ਨੌਂ-ਦਸ ਸਾਲ ਦੀ ਸੀ ਜਦੋਂ ਉਸਦੀ ਮਾਂ ਉਸਨੂੰ ਜਮੀਕਾ ਤੋਂ ਲੈ ਆਈ ਸੀ। ਉਸਨੇ ਓ ਲੈਵਲ ਕਰ ਲਏ ਸਨ। ਪਰ ਬਹੁਤ ਚੰਗੇ ਨੰਬਰ ਨਾ ਆਉਣ ਕਾਰਨ ਕਾਲਜ ਨਹੀਂ ਸੀ ਜਾ ਸਕੀ। ਉਸਦਾ ਧਿਆਨ ਕਾਲਜ ਨਾਲ਼ੋਂ ਮੈਥਿਊ ਵਿੱਚ ਵੱਧ ਰਹਿੰਦਾ

ਸੀ। ਸਤਾਰ੍ਹਾਂ ਵਰ੍ਹਿਆਂ ਦੀ ਉਮਰ ਵਿੱਚ ਉਹ ਹਾਮਲਾ ਹੋ ਗਈ। ਤੇ ਮਾਂ ਨੇ ਘਰੋਂ ਕੱਢ ਦਿੱਤੀ। ਟੀਨਏਜ਼ ਬੱਚਿਆਂ ਦੇ ਹੋਮ ਵਿੱਚ ਜਾ ਕੇ ਉਸਨੇ ਆਪਣੇ ਮੁੰਡੇ ਨੂੰ ਜਨਮ ਦਿੱਤਾ ਸੀ। ਸਰਕਾਰੀ ਭੱਤਾ ਭਲਾ ਕਿੰਨਾ ਕੁ ਹੋਣਾ ਸੀ? ਉਸਨੇ ਗੁਜ਼ਾਰਾ ਕਿੱਦਾਂ ਕਰਨਾ ਸੀ? ਹੋਮ ਵਾਲਿਆਂ ਉਸਨੂੰ ਛੋਟੀ ਜਿਹੀ ਨੌਕਰੀ ਲੈ ਦਿੱਤੀ। ਬੱਚੇ ਨੂੰ ਸਾਂਭਣ ਸੰਭਾਲਣ ਦੀ ਮਦਦ ਵੀ ਮੁਹੈਇਆ ਕਰਵਾ ਦਿੱਤੀ। ਅਡਲਟ ਬੱਚਿਆਂ ਵਿੱਚ ਉਸਨੇ ਇੱਕ ਦੋ ਕੋਰਸ ਕਰ ਲਏ। ਤੇ ਆਪਣੇ ਮੁੰਡੇ ਨੂੰ ਸਾਂਭ ਸੰਭਾਲਣ ਲੱਗ ਪਈ। ਕਾਉਂਸਲ ਵੱਲੋਂ ਉਸਨੂੰ ਦੋ ਬੈੱਡਰੂਮ ਦਾ ਅਪਾਰਟਮੈਂਟ ਅੱਧੇ ਪੈਸਿਆਂ ਦੇ ਕਿਰਾਏ ’ਤੇ ਮਿਲ ਗਿਆ। ਤੇ ਉਹ ਆਪਣੇ ਮੁੰਡੇ ਨੂੰ ਪਾਲਣ ਲੱਗ ਪਈ। ਮੈਂ ਸੋਚਦੀ ਕਿ ਐਨੀ ਛੋਟੀ ਉਮਰ ਵਿੱਚ ਸ਼ੈਰਨ ਆਪ ਵੀ ਬੱਚੀ ਹੀ ਸੀ। ਕਿਸ ਤਰ੍ਹਾਂ ਉਹ ਜ਼ਿੰਦਗੀ ਨਾਲ਼ ਲੜੀ ਹੋਵੇਗੀ? ਸ਼ੈਰਨ ਨੇ ਆਪ ਮਾੜਾ ਖਾਧਾ, ਮਾੜਾ ਪਹਿਨਿਆਂ ਪਰ ਆਪਣੇ ਮੁੰਡੇ ਡੈਰਿਕ ਨੂੰ ਉਸਨੇ ਬਹੁਤ ਵਧੀਆ ਪਾਲ਼ਿਆ। ਉਸਦੇ ਮਨ ਵਿੱਚ ਆਪਣੀ ਮਾਂ ਲਈ ਗੁੱਸਾ ਜ਼ਰੂਰ ਰਿਹਾ ਕਿ ਜੇ ਮੈਂ ਗਲਤੀ ਕੀਤੀ ਵੀ ਸੀ ਤਾਂ ਉਹ ਮੈਨੂੰ ਸੰਭਾਲ ਸਮਝਾ ਸਕਦੀ ਸੀ। ਪਰ ਨਹੀਂ। ਸ਼ੈਰਨ ਆਪ ਜੱਦੋਜਹਿਦ ਕਰਕੇ ਸਭ ਕੁੱਝ ਸਿੱਖੀ, ਸਮਝੀ ਤੇ ਜ਼ਿੰਦਗੀ ਨਾਲ਼ ਲੜੀ। ਉਸਦੀ ਉਮਰ ਉਸ ਵੇਲੇ ਵੀ ਮਸਾਂ ਚੌਵੀ-ਪੰਝੀ ਕੁ ਸਾਲ ਦੀ ਸੀ। ਐਨੀ ਛੋਟੀ ਉਮਰ ਵਿੱਚ ਉਸਨੇ ਕੀ ਕੁੱਝ ਨਹੀਂ ਸੀ ਝੱਲਿਆ। ਮੈਥਿਊ ਛੇ ਕੁ ਮਹੀਨੀਂ ਆਉਂਦਾ ਤੇ ਉਸਨੂੰ ਡਰਾ ਧਮਕਾ ਜਾਂਦਾ। ਉਸਨੂੰ ਮਾਰਨ ਦੀਆਂ ਧਮਕੀਆਂ ਦਿੰਦਾ। ਇਸ ਵੇਰ ਉਸਨੇ ਹੱਦ ਕਰ ਦਿੱਤੀ ਸੀ। ਅਖੀਰ ਉਸੇ ਦੇ ਸੱਤ ਵਰ੍ਹਿਆਂ ਦੇ ਮੁੰਡੇ ਨੇ ਉਸਨੂੰ ਪੁਲੀਸ ਕੋਲ ਫੜਾ ਦਿੱਤਾ ਸੀ।

ਮੈਂ ਇਸ ਕੁੜੀ ਤੋਂ ਬਹੁਤ ਕੁੱਝ ਸਿੱਖਿਆ। ਕਈ ਵੇਰ ਕਈ ਬੰਦੇ ਆਖ ਦਿੰਦੇ ਕਿ ਸ਼ੈਰਨ ਬੜੀ ਮੂੰਹ ਫੱਟ ਹੈ। ਮੈਨੂੰ ਲੱਗਦਾ ਜਿਵੇਂ ਹਾਲਾਤ ਨੇ ਉਸਨੂੰ ਇਸ ਤਰ੍ਹਾਂ ਦੀ ਬਣਾ ਦਿੱਤਾ ਹੋਵੇਗਾ। ਜੇ ਕਰ ਉਹ ਇਸ ਤਰ੍ਹਾਂ ਦੀ ਨਾ ਹੋਵੇ ਤਾਂ ਦੁਨੀਆ ਉਸਨੂੰ ਨੋਚ ਖਾਂਦੀ। ਪਰ ਨਹੀਂ, ਉਸਨੇ ਆਪਣਾ ਟੀਚਾ ਆਪਣੇ ਮੁੰਡੇ ਤੱਕ ਸੀਮਤ ਰੱਖਿਆ। ਉਸ ਵਾਸਤੇ ਉਹ ਹਰ ਦੁੱਖ ਝੱਲ ਸਕਦੀ ਸੀ।

ਸਾਨੂੰ ਤਿੰਨ ਕੁ ਸਾਲ ਕੰਮ ਕਰਦਿਆਂ ਹੋਏ ਤਾਂ ਪਤਾ ਲੱਗਾ ਕਿ ਈਡਿਥ ਰਿਟਾਇਰਡ ਹੋ ਰਹੀ ਹੈ। ਉਸਦੀ ਜਗ੍ਹਾ ਕੋਈ ਹੋਰ ਮੈਨੇਜਰ ਆਵੇਗਾ। ਸਾਡੇ ਮਨ ਵਿੱਚ ਸੀ ਕਿ ਸ਼ਾਇਦ ਮਾਰਗਰੇਟ ਨੂੰ ਪਰਮੋਟ ਕਰ ਦਿੱਤਾ ਜਾਵੇ। ਪਰ ਨਹੀਂ। ਮਾਰਗਰੇਟ ਨੂੰ ਵੀ ਨਿਰਾਸ਼ਾ ਹੋਈ ਤੇ ਉਸਨੇ ਕਿਸੇ ਹੋਰ ਡਿਪਾਰਟਮੈਂਟ ਵਿੱਚ ਕੰਮ ਕਰਨ ਵਾਸਤੇ ਅਪਲਾਈ ਕਰ ਦਿੱਤਾ ਜਿੱਥੇ ਉਸਦੀ ਤਨਖਾਹ ਵੀ ਵੱਧਣੀ ਸੀ। ਉਹ ਪਰਮੋਟ ਹੋ ਕੇ ਨੇਬਰਹੁੱਡ ਆਫਿਸ ਦੀ ਮੈਨੇਜਰ ਬਣ ਕੇ ਚਲੀ ਗਈ। ਈਡਿਥ ਦੀ ਥਾਂ ਮਿਸਟਰ ਥੌਮਸ ਆ ਗਿਆ। ਮਿਸਟਰ ਥੌਮਸ ਵੀ ਜਮੀਕਣ ਸੀ। ਮੇਰੇ ਡਿਪਾਟਮੈਂਟ ਵਿੱਚ ਮੈਂ ਇਕੱਲੀ ਰਹਿ ਗਈ। ਮਾਰਗਰੇਟ ਦੀ ਥਾਂ ਕਿਸੇ ਨੇ ਭਰਨੀ ਸੀ। ਸਾਡੇ ਕਿਸੇ ਕੋਲੋਂ ਵੀ ਐਪਲੀਕੇਸ਼ਨ ਨਾ ਲਈ ਗਈ। ਪਤਾ ਉਦੋਂ ਲੱਗਾ ਜਦੋਂ ਮਿਸਟਰ ਥੌਮਸ ਨੇ ਅਨਾਊਂਸ ਕਰ ਦਿੱਤਾ ਕਿ ਮਾਰਗਰੇਟ ਦੀ ਥਾਂ ਸ਼ੈਰਨ ਨੂੰ ਦਿੱਤੀ ਜਾ ਰਹੀ ਹੈ। ਮੈਨੂੰ ਦੋ ਇੰਕਰੀਮੈਂਟ ਦੀ ਪਰਮੋਸ਼ਨ ਮਿਲ ਗਈ। ਮੈਨੂੰ ਤਾਂ ਬਹੁਤਾ ਫ਼ਰਕ ਨਾ ਪਿਆ ਕਿਉਂਕਿ ਸ਼ੈਰਨ ਨੂੰ ਵੀ ਦੋ ਇੰਕਰੀਮੈਂਟ ਹੀ ਮਿਲੀਆਂ ਸਨ। ਅਹੁਦਾ ਜ਼ਰੂਰ ਵੱਧ ਗਿਆ ਸੀ। ਤੇ ਸਿਲਵੀਆਂ ਨੂੰ ਇੱਕ ਇੰਕਰੀਮੈਂਟ ਮਿਲੀ ਸੀ। ਮੇਰੇ ਡਿਪਾਰਟਮੈਂਟ ਵਾਲੇ ਬਹੁਤ ਔਖੇ ਹੋਏ। ਕਹਿਣ ਲੱਗੇ ਕਿ, ਸੀਨੀਅਰ ਤੁਸੀਂ ਹੋ ਤੇ ਇਨ੍ਹਾਂ ਨੇ ਸ਼ੈਰਨ ਨੂੰ ਅੱਗੇ ਕਰ ਦਿੱਤਾ। ਇਹ ਸਾਫ਼ ਦਿਖਾਈ ਦਿੰਦਾ ਹੈ ਕਿ ਮਿਸਟਰ ਥੌਮਸ ਨੇ ਆਪਣੀ ਕਲਚਰ ਵੱਲ ਧਿਆਨ ਦਿੱਤਾ ਹੈ। ਖੈਰ ਗੱਲ ਆਈ ਗਈ ਹੋ ਗਈ। ਮਿਸਟਰ ਥੌਮਸ ਨੇ ਮੈਨੂੰ ਇੱਕ ਦਿਨ ਮੀਟਿੰਗ ’ਤੇ ਸੱਦ ਕੇ ਐਨਾ ਹੀ ਕਿਹਾ ਕਿ ਬਲਬੀਰ!



ਨਿਰਾਸ਼ ਨਾ ਹੋ। ਤੇਰੇ ਵਾਸਤੇ ਸਾਡੇ ਹੋਰ ਪਲੈਨ ਹਨ। ਕੀ ਪਲੈਨ ਹਨ? ਮੇਰੇ ਕੋਲੋਂ ਪੁੱਛਿਆ ਨਾ ਗਿਆ।

ਚਾਰ ਕੁ ਹਫ਼ਤੇ ਬੀਤੇ ਤਾਂ ਮੈਨੂੰ ਫੇਰ ਦਫ਼ਤਰ ਸੱਦਿਆ ਗਿਆ। ਤੇ ਇੱਕ ਚਿੱਠੀ ਮੇਰੇ ਹੱਥ ਫੜਾਈ ਗਈ। ਮੈਂ ਖੋਲ੍ਹ ਕੇ ਪੜ੍ਹੀ ਤਾਂ ਦੇਖਿਆ ਮੇਰਾ ਟਰਾਂਸਫਰ ਹੋ ਰਿਹਾ ਸੀ। ਮੈਨੂੰ ਪੂਰੀ ਸਮਝ ਨਾ ਆਈ। ਮੈਂ ਸਵਾਲੀ ਨਜ਼ਰਾਂ ਮਿਸਟਰ ਥੌਮਸ ’ਤੇ ਗੱਡੀ ਖੜੀ ਸੀ। ਮਿਸਟਰ ਥੌਮਸ ਕਹਿਣ ਲੱਗੇ, “ਤੇਰਾ ਟਰਾਂਸਫਰ ਨੇਬਰਹੁੱਡ ਆਫਿਸ ਵਿੱਚ ਐਜ਼ ਏ ਕੋਆਰਡੀਨੇਟਰ ਕੀਤਾ ਜਾ ਰਿਹਾ ਹੈ ਜੋ ਇਸ ਸੁਪਵਾਈਜ਼ ਦੀ ਪੁਜ਼ੀਸ਼ਨ ਤੋਂ ਉੱਪਰ ਹੈ। ਤੇਰੀ ਤਨਖਾਹ ਵੀ ਬਹੁਤ ਵੱਧ ਜਾਵੇਗੀ।” ਇਹ ਖ਼ਬਰ ਫੈਲਦਿਆਂ ਸੈਂਟਰ ਵੱਲੋਂ ਵਧਾਈਆਂ ਆਉਣ ਲੱਗ ਪਈਆਂ। ਦੇਖਿਆ ਸ਼ੈਰਨ ਖੁਸ਼ ਨਾ ਹੋਈ। ਉਸਦਾ ਚਿਹਰਾ ਵਿਗੜਿਆ ਜਿਹਾ ਤੇ ਬੁੱਲ੍ਹ ਲਮਕਿਆ ਹੋਇਆ ਸੀ। ਉਸਦਾ ਰੰਗ ਵੀ ਪੱਕੇ ਤੋਂ ਪੱਕਾ ਲੱਗਣ ਲੱਗ ਪਿਆ। ਉਹ ਮਿਸਟਰ ਥੌਮਸ ਨਾਲ਼ ਲੜ ਪਈ ਕਿ ਮੈਨੂੰ ਕਿਉਂ ਨਹੀਂ ਭੇਜਿਆ ਗਿਆ ਤੇ ਬਲਬੀਰ ਨੂੰ ਇੱਥੇ ਸੁਪਰਵਾਈਜ਼ਰ ਦੀ ਪੁਜ਼ੀਸ਼ਨ ’ਤੇ ਕਿਉਂ ਨਹੀਂ ਰੱਖਿਆ ਗਿਆ। ਮਿਸਟਰ ਥੌਮਸ ਉਸਨੂੰ ਬਹੁਤ ਸਮਝਾ ਚੁੱਕਾ ਕਿ ਉਸਦੀ ਬੋਲੀ ਵਾਸਤੇ ਉਸਦੀ ਉੱਥੇ ਵੱਧ ਲੋੜ ਹੈ। ਉਹ ਸੋਸ਼ਲ ਸਰਵਿਸਜ਼ ਦਾ ਮਹਿਕਮਾ ਹੈ। ਸ਼ੈਰਨ ਇੱਥੋਂ ਮੇਰੇ ਨਾਲ਼ ਬਿਟਰ ਗਈ। ਦੋ ਕੁ ਹਫ਼ਤੇ ਕੰਮ ਕਰਨਾ ਵੀ ਮੇਰੇ ਲਈ ਔਖਾ ਹੋ ਗਿਆ। ਕੋਲ ਦੀ ਲੰਘਦੀ ਤਾਂ ਵੱਖੀ ਜਿਹੀ ਮਾਰ ਜਾਂਦੀ। ਅਖ਼ੀਰਲੇ ਦਿਨ ਜਿਸ ਦਿਨ ਮੈਂ ਕੰਮ ਛੱਡਣਾ ਸੀ, ਉਸ ਦਿਨ ਉਸਨੇ ਮੇਰੇ ਲਈ ਪਾਰਟੀ ਰੱਖੀ। ਸਾਰੇ ਡਿਪਾਰਟਮੈਂਟ ਸੱਦੇ। ਖ਼ੂਬ ਕਮਰਾ ਸਜਾਇਆ। ਤੇ ਉਹ ਮੇਰੇ ਗਲ ਲੱਗ ਰੋਈ। ਕਹਿੰਦੀ ਮੈਨੂੰ ਤੇਰੇ ਨਾਲ਼ ਈਰਖਾ ਹੋਈ ਸੀ ਪਰ ਤੇਰੇ ਜਾਣ ਦਾ ਦੁੱਖ ਉਸ ਤੋਂ ਵੱਧ ਹੈ। ਇਹ ਸੀ ਸਾਡੀ ਸ਼ੈਰਨ। ਤੇ ਇਸ ਪਾਰਟੀ ਵਿੱਚ ਉਹ ਗੁਲਾਬ ਤੇ ਫੁੱਲ ਵਾਂਗ ਖਿੜੀ ਪਈ ਸੀ।

ਬਲਜੀਤ ਸਿੰਘ ਰੈਨਾ ਦਾ ਨਵਾਂ
ਕਹਾਣੀ ਸੰਗ੍ਰਿਹ
ਕਲਾਸ
ਪੰਨੇ : 120 ਮੁੱਲ : 225 ਰੁ:
ਚੇਤਨਾ ਪ੍ਰਕਾਸ਼ਨ, ਲੁਧਿਆਣਾ

## ਨਵਾਂ ਚੈਪਟਰ/ਹਰਜੀਤ ਅਟਵਾਲ

ਸਿੰਘ ਮੇਰਾ ਮੈਨੇਜਰ ਸੀ। ਇੰਗਲੈਂਡ ਵਿੱਚ ਜੰਮਿਆਂ, ਅੰਗਰੇਜ਼ੀ ਵਿੱਚ ਸੋਚਦਾ, ਅੰਗਰੇਜ਼ੀ ਹੀ ਬੋਲਦਾ ਸੀ। ਹਾਂ, ਕਦੇ ਕਦੇ ਗਾਲ਼ ਜ਼ਰੂਰ ਪੰਜਾਬੀ ਵਿੱਚ ਕੱਢਦਾ। ਉਮਰ ਪੰਜਾਹ ਕੁ ਸਾਲ ਪਰ ਚਾਲੀ ਤੋਂ ਵੱਧ ਨਹੀਂ ਸੀ ਲੱਗਦਾ। ਛੀਂਟਕਾ ਜਿਹਾ ਸਰੀਰ ਲਈ ਹਰ ਵੇਲੇ ਭੱਜਾ ਫਿਰਦਾ। ਮੈਂ ਉਸ ਨੂੰ ਕਦੇ ਬੈਠੇ ਨੂੰ ਨਹੀਂ ਸੀ ਦੇਖਿਆ। ਮੈਂ ਕੰਮ 'ਤੇ ਨਵਾਂ ਨਵਾਂ ਲੱਗਾ ਤਾਂ ਉਹ ਮੈਨੂੰ ਮਿਲਣ ਆਇਆ। ਉਸ ਦੇ ਬੋਲਣ ਦਾ ਲਹਿਜ਼ਾ ਕੌਕਨੀ (ਨੌਰਥ-ਈਸਟ ਲੰਡਨ) ਸੀ। ਮੈਂ ਪੁੱਛਿਆ, "ਹੀਥਰੋ 'ਤੇ ਕੌਕਨੀ ਐਕਸੈਂਟ ਕਿੱਥੋਂ ਆ ਗਿਆ?"

"ਮੈਂ ਹਾਈਬਰੀ ਤੋਂ ਆਂ, ਉੱਥੇ ਹੀ ਜੰਮਿਆਂ, ਵੱਡਾ ਹੋਇਆਂ, ਸਕੂਲ ਗਿਆਂ ਤੇ ਹਾਲੇ ਵੀ ਉੱਥੇ ਹੀ ਰਹਿੰਨਾਂ।" ਉਸ ਦਾ ਕੌਕਨੀ ਲਹਿਜ਼ਾ ਹੋਰ ਵੀ ਗੂੜ੍ਹਾ ਹੋ ਗਿਆ।

"ਸੱਚ! ...ਮੈਂ ਵੀ ਹਾਈਬਰੀ ਵਿੱਚ ਪੰਦਰ੍ਹਾਂ ਸਾਲ ਸਟੋਰ ਚਲਾਇਆ।" ਮੈਂ ਵੀ ਕੌਕਨੀ ਵਿੱਚ ਹੀ ਬੋਲਿਆ ਪਰ ਮੈਨੂੰ ਪਤਾ ਸੀ ਕਿ ਮੇਰੀ ਐਕਟਿੰਗ ਪੰਜ ਕੁ ਫਿਕਰਿਆਂ ਤੀਕ ਸੀਮਤ ਹੁੰਦੀ ਹੈ ਤੇ ਮੁੜ ਅਸਲੀ ਲਹਿਜ਼ਾ ਬੋਲਣ ਵਿੱਚ ਆ ਬਹਿੰਦਾ ਹੈ।

"ਕਿੱਥੇ ਕੁ?" ਉਹ ਕੁੱਝ ਕੁ ਹੈਰਾਨ ਸੀ।

"ਹੌਰਨਜ਼ੀ ਰੋਡ 'ਤੇ।"

"ਆਏ ਸੀ! ...ਮੈਨੂੰ ਲੱਗਦਾ ਕਿ ਮੈਂ ਤੇਰੇ ਸਟੋਰ 'ਤੇ ਗਿਆ ਹੋਇਆਂ, ਹੈਨਲੀ ਰੋਡ ਦੇ ਮੋੜ 'ਤੇ?"

"ਬਿਲਕੁਲ ਉਹੀ।" ਮੈਂ ਕਿਹਾ।

ਮੈਨੂੰ ਯਾਦ ਹੈ ਕਿ ਉਸ ਇਲਾਕੇ ਵਿੱਚ ਸਿਰਫ ਇੱਕ ਹੀ ਪੰਜਾਬੀ ਪਰਿਵਾਰ ਸੀ, ਜ਼ਰੂਰ ਉਹ ਸਿੰਘ ਦਾ ਹੀ ਹੋਵੇਗਾ ਪਰ ਮੈਨੂੰ ਨਹੀਂ ਸੀ ਯਾਦ ਕਿ ਸਿੰਘ ਨੂੰ ਮੈਂ ਕਦੇ ਦੇਖਿਆ ਹੋਵੇ।

"ਫਿਰ ਤਾਂ ਤੇਰੀ ਟੀਮ ਵੀ ਆਰਸਨਲ ਹੋਏਗੀ?" ਸਿੰਘ ਨੇ ਪੁੱਛਿਆ ਸੀ।

"ਬਿਲਕੁਲ, ਬਹੁਤ ਸਾਰੇ ਪਲੇਅਰ ਮੇਰੇ ਸਟੋਰ 'ਤੇ ਆਉਂਦੇ ਸਨ, ਗੋਲਕੀਪਰ ਡੇਵਿਡ ਸੀਮੈਨ ਮੈਨੂੰ ਚੰਗੀ ਤਰ੍ਹਾਂ ਜਾਣਦਾ ਸੀ।" ਮੇਰੀ ਗੱਲ ਸੁਣ ਕੇ ਉਸ ਨੇ ਹੱਥ ਦਾ ਮੁੱਕਾ ਬਣਾ ਕੇ ਮੇਰੇ ਵੱਲ ਵਧਾਇਆ।

ਅੱਜਕੱਲ੍ਹ ਮੁੱਕੇ ਨਾਲ ਮੁੱਕ ਮਿਲਾਉਣਾ ਹੱਥ ਮਿਲਾਉਣ ਨਾਲੋਂ ਜ਼ਿਆਦਾ ਪ੍ਰਚੱਲਤ ਹੈ।

"ਮੈਂ ਆਰਸਨਲ ਕਲੱਬ ਦਾ ਮੈਂਬਰ ਹਾਂ, ਸਦਾ ਸੀਜ਼ਨਲ ਟਿਕਟ ਖਰੀਦਿਆ ਕਰਦਾਂ, ਮੇਰਾ ਜੀਣਾ-ਮਰਨਾ ਆਰਸਨਲ!"

"ਮੈਂ ਫੁੱਟਬਾਲ ਦਾ ਏਨਾ ਕਰੇਜ਼ੀ ਨਹੀਂ ਪਰ ਮੇਰਾ ਮੁੰਡਾ ਬਿਲਾਵਲ ਜਿੱਦਣ ਆਰਸਨਲ ਦੀ ਟੀਮ ਹਾਰ ਜਾਵੇ, ਖਾਣਾ ਨਹੀਂ ਖਾਂਦਾ।"

"ਉਹ ਜ਼ਰੂਰ ਮੇਰੀ ਕਲੱਬ (ਭਾਵ ਕਿਸਮ ਤੋਂ) ਦਾ ਮੈਂਬਰ ਹੋਏਗਾ।" ਕਹਿ ਕੇ ਉਹ ਬਹੁਤ ਹੱਸਿਆ।

ਇੰਨੀਆਂ ਕੁ ਗੱਲਾਂ ਨਾਲ ਉਹ ਮੇਰੇ ਕਾਫੀ ਨੇੜੇ ਆ ਗਿਆ। ਦੂਜੇ ਮੈਨਜਰਾਂ ਤੋਂ ਉਲਟ ਉਸ ਦਾ ਸੁਭਾਅ ਬਹੁਤ ਦੋਸਤਾਨਾ ਸੀ। ਆਰਸਨਲ ਦੀ ਸਾਂਝੀ ਟੀਮ ਕਰਕੇ ਮੇਰੇ ਨਾਲ ਬਾਕੀਆਂ ਨਾਲੋਂ ਜ਼ਿਆਦਾ ਨੇੜ ਰੱਖਦਾ। ਵੈਸੇ ਤਾਂ ਉਹ ਘੁੰਮਦਾ ਰਹਿੰਦਾ ਸੀ ਪਰ ਗੱਲਾਂ ਕਰਨ ਲਈ ਮੇਰੇ ਕੋਲ



ਆ ਜਾਂਦਾ। ਉਹ ਮਨਮੌਜੀ ਸੁਭਾਅ ਦਾ ਮਾਲਕ ਸੀ। ਬਿਲਕੁਲ ਗੋਰਾ ਸਟਾਈਲ। ਨਾ ਉਸ ਨੇ ਨੂੰਹ ਲਿਆਉਣੀ ਸੀ ਤੇ ਨਾ ਧੀ ਤੋਰਨੀ ਸੀ। ਲੰਡਨ ਦੀ ਸ਼ਾਇਦ ਹੀ ਕੋਈ ਅਜਿਹੀ ਨਾਈਟ-ਕਲੱਬ ਹੋਵੇ ਜਿਸ ਵਿੱਚ ਉਹ ਨਾ ਗਿਆ ਹੋਵੇ। ਕੋਈ ਸ਼ਾਇਦ ਹੀ ਅਜਿਹਾ ਨਸ਼ਾ ਹੋਵੇ ਜੋ ਉਸ ਨੇ ਚੱਖਿਆ ਨਾ ਹੋਵੇ। ਤੇ ਗਰਲਫਰੈਂਡ ਵੀ ਨਵੀਂ ਤੋਂ ਨਵੀਂ ਹੀ ਰੱਖਦਾ ਹੋਵੇਗਾ। ਸਾਲ ਵਿੱਚ ਉਹ ਦੋ ਵਾਰ ਸਪੇਨ ਜਾਂਦਾ ਸੀ। ਸਪੇਨ ਉਸ ਦੀ ਮਨਭਾਉਂਦੀ ਜਗ੍ਹਾ ਸੀ, ਉੱਥੇ ਹੀ ਘਰ ਖਰੀਦਣਾ ਉਸ ਦਾ ਸੁਫਨਾ ਸੀ। ਆਪਣੇ ਵਿਚਕਾਰਲੇ ਭਰਾ ਨਾਲ ਹੀ ਰਹਿੰਦਾ ਸੀ। ਕੰਮ ਉਪਰ ਉਹ ਅਲਗਰਜ਼ ਬਿਲਕੁਲ ਨਹੀਂ ਸੀ, ਮੈਨੇਜਰ ਹੋਣ ਕਰਕੇ ਉਸ ਦੀਆਂ ਜ਼ਿੰਮੇਵਾਰੀਆਂ ਵੀ ਵੱਧ ਸਨ। ਕੰਮ ਤੋਂ ਬਾਹਰ ਨਿਕਲਦਾ ਹੀ ਉਹ ਮਲੰਗ ਹੋ ਜਾਂਦਾ। ਉਸ ਦੀ ਇੱਕ ਗਰਲਫਰੈਂਡ ਮਹਿਨੂਰ ਸਲੋਹ ਰਹਿੰਦੀ ਸੀ ਜਿਸ ਕੋਲ ਉਹ ਅਕਸਰ ਠਹਿਰਦਾ। ਮਹਿਨੂਰ ਮੁਸਲਿਮ ਪਿਛਕੋੜ ਵਾਲੀ ਕੁੜੀ ਸੀ ਜੋ ਕਿਸੇ ਕੱਪੜੇ ਦੇ ਵੱਡੇ ਸਟੋਰ ਵਿੱਚ ਮੈਨੇਜਰ ਸੀ। ਸਿੰਘ ਅਕਸਰ ਉਸ ਦੇ ਹੁਸਨ ਦੀਆਂ ਗੱਲਾਂ ਕਰਦਾ ਪਰ ਨਾਲ ਹੀ ਦੱਸਦਾ ਕਿ ਉਹ ਬਹੁਤ ਖਰਚੀਲੇ ਸੁਭਾਅ ਦੀ ਹੈ ਇਸ ਕਰਕੇ ਉਹ ਉਹਦੇ ਨਾਲ ਪੱਕੇ ਤੌਰ 'ਤੇ ਨਹੀਂ ਰਹਿਣਾ ਚਾਹੁੰਦਾ। ਉਹ ਆਪਣੇ ਪਰਿਵਾਰ ਬਾਰੇ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਕਰਦਾ। ਉਸ ਦੇ ਤਿੰਨ ਵੱਡੇ ਭਰਾ ਸਨ ਜਿਹਨਾਂ ਵਿੱਚ ਜੱਦੀ ਘਰ ਨੂੰ ਲੈ ਕੇ ਕੋਰਟ ਵਿੱਚ ਮੁਕੱਦਮਾ ਚਲਦਾ ਸੀ। ਭਰਾਵਾਂ ਦੇ ਅੱਗੇ ਕਈ ਕਈ ਬੱਚੇ ਸਨ। ਮੁਕੱਦਮਾ ਚਲਦਾ ਹੋਣ ਕਰਕੇ ਉਹਨਾਂ ਦੀ ਆਪਸ ਵਿੱਚ ਬਹੁਤੀ ਬਣਦੀ ਨਹੀਂ ਸੀ ਪਰ ਸੁਲਾਹ ਦੇ ਦਿਨਾਂ ਵਿੱਚ ਜਦੋਂ ਕਦੇ ਇਕੱਠੇ ਹੁੰਦੇ ਤਾਂ ਮੇਲਾ ਲੱਗ ਜਾਂਦਾ।

ਭਰਾ ਦੇ ਘਰ ਰਹਿਣ ਦੇ ਮਾਮਲੇ ਵਿੱਚ ਉਹ ਕਹਿੰਦਾ ਕਿ ਮੈਂ ਇਕੱਲੀ ਜਾਨ ਹਾਂ ਕਿਤੇ ਵੀ ਰਹਿ ਲਵਾਂ। ਕਈ ਵਾਰ ਉਹ ਏਅਰਪੋਰਟ ਦੇ ਨੇੜੇ ਹੀ ਪ੍ਰੀਮੀਅਰ ਹੋਟਲ ਵਿੱਚ ਰਹਿ ਲੈਂਦਾ ਸੀ। ਇੱਕ ਦਿਨ ਉਹ ਕਹਿਣ ਲੱਗਾ, "ਮੈਂ ਮੂਵ ਹੋ ਗਿਆਂ, ਹੁਣ ਮੈਂ ਜੰਕਸ਼ਨ ਰੋਡ 'ਤੇ ਆ ਗਿਆਂ, ਬਾਰਾਂ ਨੰਬਰ, ਬਚਨੀ ਵਲਾਂ, ਆਰਚਵੇਅ ਸਟੇਸ਼ਨ ਦੇ ਸਾਹਮਣੇ, ਵਿਟਿੰਗਟਨ ਹੌਸਪੀਟਲ ਦੇ ਪਿੱਛੇ।" ਬਚਨੀ ਉਸ ਦੀ ਮਾਵਾਂ ਵਰਗੀ ਵੱਡੀ ਭੈਣ ਸੀ।

"ਵਿਟਿੰਗਟਨ ਹੌਸਪੀਟਲ ਹੀ ਸਾਡਾ ਹੌਸਪੀਟਲ ਸੀ, ਮੇਰੇ ਬੱਚੇ ਉੱਥੇ ਹੀ ਜੰਮੇਂ।"

"ਸ਼ਿੰਦਾ ਵੀ ਉੱਥੇ ਹੀ ਜੰਮਿਆਂ ਸੀ।"

"ਸ਼ਿੰਦਾ ਕੌਣ?"

"ਸ਼ਿੰਦਾ, ਮੇਰਾ ਮੁੰਡਾ।"

"ਮੁੰਡਾ ਵੀ ਹੈਗਾ ਤੇਰਾ? ਕਦੇ ਦੱਸਿਆ ਹੀ ਨਹੀਂ?"

"ਮੈਨੂੰ ਵੀ ਨਹੀਂ ਸੀ ਪਤਾ ਕਿ ਮੇਰੇ ਮੁੰਡਾ ਹੈ ਕੋਈ।" ਆਖਦਿਆਂ ਉਹ ਹੱਸਿਆ।

"ਕਿੰਨੇ ਸਾਲਾਂ ਦਾ ਸ਼ਿੰਦਾ?"

"ਬੱਤੀ ਸਾਲ, ਅੱਗੇ ਦੋ ਬੱਚੇ ਵੀ ਨੇ ਉਹਦੇ।" ਉਸ ਨੇ ਸਹਿਜ ਵਿੱਚ ਕਿਹਾ ਪਰ ਮੇਰੇ ਲਈ ਕੰਨ ਵਿੱਚ 'ਠਾਹ' ਕਰਨ ਵਾਂਗ ਸੀ।

ਸੰਖੇਪ ਵਿੱਚ ਜੋ ਕਹਾਣੀ ਉਸ ਨੇ ਸੁਣਾਈ ਮੁਤਾਬਕ ਸਿੰਘ ਹਾਲੇ ਟੀਨ ਵਿੱਚ ਹੀ ਸੀ ਜਦ ਉਸ ਨੂੰ ਸਿਮਰਨ ਮਿਲ ਪਈ। ਸਿਮਰਨ ਭਾਰਤ ਤੋਂ ਪੜ੍ਹਨ ਲਈ ਆਈ ਕੁੜੀ ਸੀ। ਸਿੰਘ ਨਾਲ ਦੋਸਤੀ ਹੋ ਗਈ। ਸਿਮਰਨ ਵਿਆਹ ਕਰਾਉਣਾ ਚਾਹੁੰਦੀ ਸੀ ਪਰ ਸਿੰਘ ਇੱਕ ਥਾਂ ਠਹਿਰਨ ਵਾਲਾ ਮੁੰਡਾ ਨਹੀਂ ਸੀ। ਜਦੋਂ ਉਸ ਨੇ ਸਿਮਰਨ ਨੂੰ ਛੱਡਿਆ ਤਾਂ ਉਹ ਗਰਭਵਤੀ ਸੀ ਪਰ ਉਸ ਨੇ ਸਿੰਘ ਨੂੰ

ਨਹੀਂ ਸੀ ਦੱਸਿਆ। ਉਸ ਬੱਚੇ ਦੇ ਸਹਾਰੇ ਸਿਮਰਨ ਨੇ ਯੂਕੇ ਵਿੱਚ ਪੱਕੀ ਹੋਣਾ ਸੀ, ਤੇ ਹੋ ਗਈ। ਪੱਕੀ ਹੋ ਕੇ ਉਸ ਨੇ ਸਿੰਘ ਦੇ ਪਰਿਵਾਰ ਨਾਲ ਸ਼ਿੰਦੇ ਨੂੰ ਲੈ ਕੇ ਰਾਬਤਾ ਕੀਤਾ। ਸਿੰਘ ਦੀ ਭੈਣ ਬਚਨੀ ਨੇ ਸਿਮਰਨ ਤੋਂ ਸ਼ਿੰਦੇ ਨੂੰ ਮੰਗਿਆ ਤਾਂ ਬਦਲੇ ਵਿੱਚ ਉਸ ਨੇ ਦਸ ਹਜ਼ਾਰ ਪੌਂਡ ਦੀ ਮੰਗ ਰੱਖੀ। ਬਚਨੀ ਨੇ ਸ਼ਿੰਦੇ ਦਾ ਡੀ. ਐਨ. ਏ. ਕਰਾਇਆ ਕਿ ਵਾਕਿਆ ਹੀ ਉਹ ਸਿੰਘ ਦਾ ਹੀ ਮੁੰਡਾ ਹੈ ਤੇ ਦਸ ਹਜ਼ਾਰ ਪੌਂਡ ਸਿਮਰਨ ਨੂੰ ਦੇ ਕੇ ਸ਼ਿੰਦਾ ਲੈ ਲਿਆ। ਬਚਨੀ ਨੇ ਹੀ ਉਸ ਪਾਲ਼ਿਆ, ਵੱਡਾ ਕੀਤਾ ਤੇ ਫਿਰ ਵਿਆਹਿਆ ਵੀ। ਸਿੰਘ ਨੇ ਤਾਂ ਪੂਰੀ ਕਹਾਣੀ ਕੁੱਝ ਸ਼ਬਦਾਂ ਵਿੱਚ ਇਵੇਂ ਸੁਣਾ ਦਿੱਤੀ ਜਿਵੇਂ ਕਿਸੇ ਪੁਰਾਣੇ ਵਾਕਫ ਦੀ ਗੱਲ ਕਰ ਰਿਹਾ ਹੋਵੇ ਪਰ ਮੈਨੂੰ ਕਈ ਦਿਨ ਹੌਂਟ ਕਰਦੀ ਰਹੀ। ਉਸਦਾ ਕਹਾਣੀ ਸੁਣਾਉਣ ਦਾ ਇਹੋ ਤਰੀਕਾ ਸੀ।

***

ਜਦ ਕਦੇ ਮੈਂ ਉਸ ਦੀ ਵਰਕ-ਟੀਮ ਵਿੱਚ ਹੁੰਦਾ ਤਾਂ ਸਾਡਾ ਵਕਤ ਬਹੁਤ ਵਧੀਆ ਗੁਜ਼ਰਦਾ। ਅਸੀਂ ਇਕੱਠੇ ਖਾਣਾ ਖਾਂਦੇ। ਉਸ ਦਾ ਮੈਨੂੰ ਫੋਨ ਆ ਜਾਂਦਾ ਕਿ ਬਰੇਕ ਵਿੱਚ ਕੰਟੀਨ ਵਿੱਚ ਪਹੁੰਚ। ਉਸ ਨੇ ਮੇਰੇ ਲਈ ਵੀ ਖਾਣ ਲਿਆ ਰੱਖਿਆ ਹੁੰਦਾ। ਸਾਡੀ ਵੇਵ-ਲੈਂਗਥ ਮਿਲਦੀ ਹੋਣ ਕਰਕੇ ਅਸੀਂ ਕਈ ਕਈ ਘੰਟੇ ਗੱਲਾਂ ਕਰਦੇ ਰਹਿੰਦੇ, ਆਰਸਨਲ ਟੀਮ ਦੀਆਂ, ਗਨਰਜ਼ ਪੱਬ ਦੀਆਂ ਜੋ ਕਿ ਆਰਸਨਲ ਗਰਾਊਂਡ ਦੇ ਨਾਲ ਸੀ, ਅੰਗਰੇਜ਼ੀ ਫਿਲਮਾਂ ਦੀਆਂ, ਅੰਗਰੇਜ਼ੀ ਸੰਗੀਤ ਦੀਆਂ। ਉਹ ਆਪਣੀ ਨਵੀਂ ਬਣੀ ਕਿਸੇ ਸਹੇਲੀ ਦੀਆਂ ਗੱਲਾਂ ਸੁਣਾਉਂਦਾ ਤੇ ਆਪਣੀਆਂ ਪੁਰਾਣੀਆਂ ਸਹੇਲੀਆਂ ਦੀਆਂ ਵੀ। ਕੰਮ ਉਪਰ ਵੀ ਉਸ ਦੀਆਂ ਦੋ ਕੁ ਸਹੇਲੀਆਂ ਰਹੀਆਂ ਸਨ। ਇੱਕ ਕੁੜੀ ਉਪਰ ਉਹ ਕੋਸ਼ਿਸ਼ ਕਰ ਵੀ ਰਿਹਾ ਸੀ। ਕਦੇ ਕਦੇ ਉਹ ਜ਼ਰੂਰ ਆਖਦਾ ਕਿ ਵਿਆਹ ਕਰਕੇ ਸੈਟਲ ਵੀ ਹੋਣਾ ਚਾਹੁੰਦਾ ਸੀ। ਇਵੇਂ ਸ਼ਾਇਦ ਉਸ ਦੀ ਭੈਣ ਵੀ ਉਸ ਨੂੰ ਕਹਿੰਦੀ ਰਹਿੰਦੀ ਹੋਵੇਗੀ ਤੇ ਉਹ ਵੀ ਸੋਚਣ ਲੱਗਦਾ ਹੋਵੇਗਾ ਪਰ ਉਸ ਦੇ ਚਾਲੇ ਸੈਟਲ ਹੋਣ ਵਾਲੇ ਨਹੀਂ ਸਨ।

ਇੱਕ ਦਿਨ ਮੈਂ ਦੇਖਿਆ ਕਿ ਸਿੰਘ ਬਹੁਤ ਉਦਾਸ ਸੀ। ਮੈਂ ਕਾਰਨ ਪੁੱਛਿਆ ਤਾਂ ਬੋਲਿਆ, "ਡੂਡ, ਕੱਲ੍ਹ ਮੇਰਾ ਕੋਰਟ ਵਿੱਚ ਕੇਸ ਸੀ।"

"ਕਾਹਦਾ ਕੇਸ ?"

"ਚਾਈਲਡ ਐਕਸਸ ਦਾ।"

"ਤੇਰੇ ਚਾਈਲਡ ਵੀ ਹੈਗਾ ?"

"ਹਾਂ, ਪਿੰਕੀ ਮੇਰੀ ਕੁੜੀ ਐ, ਮੈਂ ਐਕਸਸ ਦਾ ਕੇਸ ਕੀਤਾ ਸੀ ਪਰ ਪੂਜਾ ਨੇ ਦਿੱਤਾ ਨਹੀਂ।"

"ਪੂਜਾ, ਜਾਣੀ ਕਿ ਤੇਰੀ ਵਾਈਫ ?"

"ਨਹੀਂ, ਐਕਸ-ਵਾਈਫ।" ਉਸ ਨੇ ਸਹਿਜ ਨਾਲ ਕਿਹਾ, ਫਿਰ ਬੋਲਿਆ, "ਮੇਰੇ ਵਕੀਲ ਨੇ ਪਹਿਲਾਂ ਹੀ ਕਹਿ ਦਿੱਤਾ ਕਿ ਮੈਂ ਸ਼ਾਇਦ ਹੀ ਕੇਸ ਜਿੱਤ ਸਕਾਂ, ਕਈ ਸਾਲ ਹੋ ਗਏ ਪਿੰਕੀ ਨੂੰ ਦੇਖਿਆਂ।" ਗੱਲ ਕਰਦਾ ਉਹ ਬਹੁਤ ਉਦਾਸ ਹੋ ਗਿਆ।

"ਆਪਣੀ ਧੀ ਨੂੰ ਮਿਲਣ ਦਾ ਤਾਂ ਤੈਨੂੰ ਪੂਰਾ ਹੱਕ ਐ।"

"ਹਾਂ, ਪਰ ਪੂਜਾ ਨੇ ਦਲੀਲ ਦਿੱਤੀ ਕਿ ਮੈਂ ਡਰੱਗੀ ਹਾਂ ਤੇ ਸ਼ਰਾਬੀ ਵੀ, ਪਿੰਕੀ ਨੂੰ ਮੇਰੇ ਤੋਂ ਖਤਰਾ ਹੋ ਸਕਦਾ।"

"ਇਹ ਤਾਂ ਝੂਠ ਨ੍ਹੀਂ ?"



"ਇਕ ਵਾਰ ਮੇਰੇ ਕੋਲੋਂ ਥੋੜ੍ਹੀ ਜਿਹੀ ਕੁਕੀਨ ਫੜੀ ਗਈ ਸੀ ਤੇ ਮੈਨੂੰ ਜੁਰਮਾਨਾ ਹੋ ਗਿਆ ਸੀ, ਪਿੱਛੇ ਜਿਹੇ ਸ਼ਰਾਬ ਪੀ ਕੇ ਗੱਡੀ ਚਲਾਉਣ ਕਾਰਨ ਲਾਇਸੰਸ ਵੀ ਚਲੇ ਗਿਆ ਸੀ, ਉਹਨੇ ਇਹ ਸਾਰਾ ਰਿਕਾਰਡ ਕੇਸ ਨਾਲ ਲਾਇਆ ਹੋਇਆ ਸੀ।" ਉਸ ਨੇ ਦੱਸਿਆ।

ਪੂਜਾ ਨੂੰ ਉਸ ਦੀ ਭੈਣ ਬਚਨੀ ਨੇ ਲੱਭਿਆ ਸੀ। ਅਸਲ ਵਿੱਚ ਬਚਨੀ ਇੰਡੀਆ ਗਈ ਫਗਵਾੜੇ ਦੇ ਜਿਸ ਦੁਕਾਨਦਾਰ ਤੋਂ ਕੱਪੜੇ ਖਰੀਦਿਆ ਕਰਦੀ ਸੀ ਉਸੇ ਨੇ ਪੂਜਾ ਦੀ ਦੱਸ ਪਾਈ ਸੀ। ਅਗਲੀ ਫੇਰੀ ਵਿੱਚ ਭੈਣ ਸਿੰਘ ਨੂੰ ਇੰਡੀਆ ਲੈ ਗਈ। ਪੂਜਾ ਉਸ ਨੂੰ ਪਸੰਦ ਆ ਗਈ ਤੇ ਵਿਆਹ ਕਰਾ ਲਿਆਇਆ। ਛੇਤੀ ਹੀ ਪੂਜਾ ਇੰਗਲੈਂਡ ਆ ਗਈ ਤੇ ਸਾਲ ਕੁ ਬਾਅਦ ਹੀ ਪਿੰਕੀ ਦਾ ਜਨਮ ਹੋਇਆ। ਹੁਣ ਪਿੰਕੀ ਅੱਠ ਸਾਲ ਦੀ ਸੀ। ਪੂਜਾ ਨਾਲ ਉਸ ਦਾ ਤਲਾਕ ਹੋ ਚੁੱਕਾ ਸੀ। ਸਿੰਘ ਆਪਣੀ ਕੁੜੀ ਨੂੰ ਮਿਲਣਾ ਚਾਹੁੰਦਾ ਸੀ ਪਰ ਪੂਜਾ ਇਜਾਜ਼ਤ ਨਹੀਂ ਦੇ ਰਹੀ। ਇਸੇ ਕਰਕੇ ਉਹ ਕੋਰਟ ਵਿੱਚ ਚਲੇ ਗਿਆ ਸੀ।

ਕੁੱਝ ਦਿਨ ਸਿੰਘ ਉਦਾਸ ਰਿਹਾ ਤੇ ਫਿਰ ਹੌਲੀ ਹੌਲੀ ਮੁੜ ਆਇਆ, ਆਮ ਵਾਂਗ ਵਿਚਰਨ ਲੱਗਾ। ਪਰ ਉਹ, ਪੂਜਾ ਤੇ ਪਿੰਕੀ ਨੂੰ ਲੈ ਕੇ ਮੇਰੇ ਲਈ ਕਈ ਦਿਨ ਤੱਕ ਇਹ ਅਜੀਬ ਜਿਹਾ ਹਾਦਸਾ ਬਣਿਆ ਰਿਹਾ।

***

ਇੱਕ ਦਿਨ ਅਸੀਂ ਕੰਟੀਨ ਵਿੱਚ ਬੈਠੇ ਸਾਂ ਕਿ ਸਿੰਘ ਦੂਰ ਬੈਠੀ ਇੱਕ ਔਰਤ ਵੱਲ ਦੇਖੀ ਜਾ ਰਿਹਾ ਸੀ। ਮੈਂ ਮਜ਼ਾਕ ਵਿੱਚ ਕਿਹਾ, "ਸਿੰਘ, ਕੋਈ ਨਵਾਂ ਸ਼ਿਕਾਰ... ?"

"ਨਹੀਂ, ਉਹ ਚੀਜ਼ ਜਿਹਨੇ ਮੈਨੂੰ ਸ਼ਿਕਾਰ ਬਣਾਇਆ।"

"ਕੌਣ ?"

"ਓਹ ਸਾਹਮਣੇ ਖੂੰਜੇ ਵਾਲੇ ਮੇਜ਼ 'ਤੇ ਬੈਠੀ ਔਰਤ ਨੂੰ ਜਾਣਦਾਂ ?"

"ਜਾਣਦਾ ਤਾਂ ਨਹੀਂ ਪਰ ਅਕਸਰ ਇਹਨੂੰ ਦੇਖਦਾਂ, ਕੌਣ ਐ ਉਹ ?"

"ਪੂਜਾ।"

"ਪੂਜਾ, ਜਾਣੀ ਕਿ ਤੇਰੀ ਵਾਈਫ ?" ਮੈਂ ਹੈਰਾਨ ਹੁੰਦੇ ਪੁੱਛਿਆ।

'ਨਹੀਂ, ਐਕਸ-ਵਾਈਫ।' ਉਸ ਨੇ ਕਿਹਾ।

ਮੈਂ ਇੱਕ ਵਾਰ ਫਿਰ ਸਕਤੇ ਵਿੱਚ ਸਾਂ। ਏਨੇ ਚਿਰ ਵਿੱਚ ਅਸੀਂ ਏਨੇ ਕੁ ਦੋਸਤ ਤਾਂ ਸਾਂ ਕਿ ਇੱਕ ਦੂਜੇ ਬਾਰੇ ਸਭ ਕੁੱਝ ਜਾਣਦੇ ਹੁੰਦੇ। ਪਹਿਲਾਂ ਤਾਂ ਪੂਜਾ ਤੇ ਪਿੰਕੀ ਦੀ ਹੋਂਦ ਨੇ ਮੈਨੂੰ ਝਟਕਾ ਦਿੱਤਾ ਤੇ ਹੁਣ ਪੂਜਾ ਕੰਮ ਵੀ ਏਅਰਪੋਰਟ 'ਤੇ ਹੀ ਕਰਦੀ ਦੀ ਖ਼ਬਰ ਵੀ ਮਿਲ ਗਈ।

"ਤੂੰ ਕਦੇ ਦੱਸਿਆ ਹੀ ਨਹੀਂ ਕਿ ਤੇਰੀ ਐਕਸ ਵੀ ਇੱਥੇ ਕੰਮ ਕਰਦੀ ਐ ?" ਮੈਂ ਪੁੱਛਿਆ।

"ਕਦੇ ਕੋਈ ਗੱਲ ਜਿਉਂ ਨਹੀਂ ਹੋਈ, ਏਸ ਕਰਕੇ।" ਉਸ ਨੇ ਆਸਾਨੀ ਜਿਹੀ ਨਾਲ ਕਿਹਾ।

ਆਪਣੀ ਸਾਬਕਾ ਪਤਨੀ ਨੂੰ ਰੋਜ਼ਾਨਾ ਦੇਖਣ ਕਾਰਨ ਸਿੰਘ ਨੂੰ ਹੋਣ ਵਾਲੀ ਸੰਭਾਵਿਤ ਤਕਲੀਫ ਬਾਰੇ ਕਈ ਦਿਨ ਸੋਚਦਾ ਰਿਹਾ।

***

ਇੱਕ ਦਿਨ ਮੈਂ ਖੜਾ ਇੱਕ ਬੰਦੇ ਮਹਿੰਦਰ ਨਾਲ ਗੱਲਾਂ ਕਰ ਰਿਹਾ ਸਾਂ। ਅਸੀਂ ਨੇੜੇ ਨੇੜੇ ਕਾਰਾਂ ਖੜੀਆਂ ਕਰਦੇ ਹੋਣ ਕਰਕੇ ਥੋੜ੍ਹੇ ਵਾਕਫ ਹੋ ਗਏ ਸਾਂ। ਵੈਸੇ ਉਹ ਏਅਰਪੋਰਟ ਦੇ ਕਿਸੇ ਹੋਰ ਪਾਸੇ

ਕੰਮ ਕਰਦਾ ਸੀ। ਸਿੰਘ ਨੇ ਮੈਨੂੰ ਉਹਦੇ ਕੋਲ ਖੜਿਆਂ ਦੇਖਿਆ ਤਾਂ ਪੰਜਾਬੀ ਵਿੱਚ ਗਾਲ਼ ਕੱਢਦਾ ਬੋਲਿਆ, "ਜਾਣਦਾਂ ਏਸ ਬੰਦੇ ਨੂੰ ?"

"ਮਹਿੰਦਰ ਨੂੰ ? ਬਹੁਤਾ ਨਹੀਂ, ਏਨਾ ਪਤਾ ਕਿ ਇਹ ਪਲੰਮਰ ਵੀ ਐ।"

"ਇਹ ਪੂਜਾ ਦਾ ਹਸਬੈਂਡ ਐ, ਇਹਦੀ ਖਾਤਰ ਹੀ ਉਹ ਮੈਨੂੰ ਛੱਡ ਗਈ ਸੀ। ਇਹ ਇੰਡੀਆ ਤੋਂ ਹੀ ਉਹਦਾ ਦੋਸਤ ਸੀ, ਉਹਦੇ ਮਗਰ ਹੀ ਇੰਗਲੈਂਡ ਆ ਗਿਆ ਤੇ ਪੂਜਾ ਇਹਦੇ ਨਾਲ ਤੁਰ ਗਈ।" ਹਿਰਦਾ ਵਲੂੰਧ ਦੇਣ ਵਾਲੀ ਗੱਲ ਆਪਣੇ ਖਾਸ ਅੰਦਾਜ਼ ਵਿੱਚ ਦੱਸ ਰਿਹਾ ਸੀ।

***

ਉਹ ਰੋਜ਼ਾਨਾ ਹੀ ਹਾਈਬਰੀ ਤੋਂ ਹੀਥਰੋ 'ਤੇ ਕੰਮ ਕਰਨ ਆਇਆ ਕਰਦਾ ਸੀ। ਟਰੈਫਿਕ ਵਾਲਾ ਰਾਹ ਹੋਣ ਕਰਕੇ ਘੰਟਾ-ਸਵਾ ਘੰਟਾ ਤਾਂ ਸਹਿਜੇ ਹੀ ਲੱਗ ਜਾਂਦਾ ਹੋਵੇਗਾ ਤੇ ਫਿਊਲ ਵੀ ਕਾਫੀ ਲੱਗਦਾ ਹੋਵੇਗਾ। ਮੈਂ ਅਕਸਰ ਕਹਿੰਦਾ, "ਸਿੰਘ, ਤੂੰ ਕਿਤੇ ਨੇੜੇ-ਤੇੜੇ ਘਰ ਕਿਉਂ ਨਹੀਂ ਦੇਖ ਲੈਂਦਾ ?"

"ਤੈਨੂੰ ਦੱਸਿਆ ਨਾ ਕਿ ਘਰ ਮੈਂ ਸਪੇਨ ਵਿੱਚ ਹੀ ਲੈਣਾ, ...ਨਾਲੇ ਹਾਈਬਰੀ ਮੇਰਾ ਸਾਰਾ ਪਰਿਵਾਰ ਰਹਿੰਦਾ, ਮੈਂ ਫੈਮਿਲੀ-ਮੈਨ ਆਂ।" ਕਹਿੰਦਾ ਉਹ ਫੋਨ ਤੋਂ ਮੈਨੂੰ ਆਪਣੇ ਟੱਬਰ ਦੀਆਂ ਫੋਟੋ ਦਿਖਾਉਣ ਲੱਗਾ। ਪਹਿਲੀ ਤਸਵੀਰ ਵਿੱਚ ਉਹ ਇੱਕ ਵੱਡੇਰੀ ਉਮਰ ਦੀ ਔਰਤ ਨਾਲ ਖੜਾ ਸੀ। ਮੈਂ ਕਿਹਾ, "ਵੱਡੀ ਭੈਣ ?"

"ਨਹੀਂ, ਮੇਰੀ ਭਾਣਜੀ ਸੁਖਮਨੀ...। ਓਦਾਂ ਮੇਰੇ ਤੋਂ ਵੱਡੀ ਐ। ਮੇਰੇ ਦੋ ਭਤੀਜੇ ਤੇ ਇਹ ਸੁਖਮਨੀ ਮੇਰੇ ਤੋਂ ਵੱਡੇ ਨੇ।" ਦੱਸ ਕੇ ਉਹ ਹੱਸਣ ਲੱਗਾ। ਫਿਰ ਬੋਲਿਆ, "ਮੇਰੀ ਮਾਂ ਛੇਤੀ ਹੀ ਮਰ ਗਈ ਸੀ, ਮੈਂ ਭੈਣ ਦੇ ਨਾਲ ਹੀ ਰਿਹਾਂ, ਇਹ ਭਾਣਜੇ-ਭਾਣਜੀਆਂ ਹੀ ਮੇਰੇ ਭੈਣ-ਭਰਾ ਨੇ, ਮੇਰੇ ਤਿੰਨੇ ਭਰਾ ਤਾਂ ਮੇਰੇ ਤੋਂ ਬਹੁਤ ਵੱਡੇ ਨੇ। ਤੈਨੂੰ ਦੱਸਿਆ ਸੀ ਨਾ ਕਿ ਬਹੁਤ ਵੱਡਾ ਪਰਿਵਾਰ ਐ ਸਾਡਾ, ਪਤਾ ਹੀ ਨਹੀਂ ਚਲਦਾ ਕਿ ਕੌਣ ਚਲੇ ਗਿਆ, ਕੌਣ ਆ ਗਿਆ। ਕਈ ਵਾਰ ਵਿਆਹਾਂ ਜਾਂ ਹੋਰ ਪ੍ਰੋਗਰਾਮਾਂ ਵਿੱਚ ਅੱਧੇ ਕੁ ਬੰਦੇ ਰੁੱਸੇ ਹੋਏ ਹੁੰਦੇ ਨੇ ਤਾਂ ਵੀ ਕਿਸੇ ਦੀ ਘਾਟ ਮਹਿਸੂਸ ਨਹੀਂ ਹੁੰਦੀ।" ਉਸ ਕੋਲ ਹਮੇਸ਼ਾ ਹੀ ਆਪਣੇ ਟੱਬਰ ਦੀਆਂ ਦਿਲਚਸਪ ਕਹਾਣੀਆਂ ਹੁੰਦੀਆਂ।

ਇੱਕ ਦਿਨ ਸਿੰਘ ਆਖਣ ਲੱਗਾ, "ਭੂਡ, ਨੌਰਥ ਲੰਡਨ ਵਿੱਚ ਨਵੀਂ ਹੁੱਕਾ ਬਾਰ ਖੁੱਲ੍ਹੀ ਐ, ਚੱਲ ਚੱਲੀਏ ਕਿਸੇ ਦਿਨ।"

ਮੈਂ ਉਸ ਨਾਲ ਚਲੇ ਗਿਆ। ਮੈਂ ਹੁੱਕਾ ਬਾਰ ਵਿੱਚ ਕਦੇ ਨਹੀਂ ਸਾਂ ਗਿਆ। ਮੈਨੂੰ ਹੁੱਕਾ ਪੀਣ ਦਾ ਵੀ ਕੋਈ ਤਜਰਬਾ ਨਹੀਂ ਸੀ। ਇਹਨਾਂ ਹੁੱਕਿਆਂ ਵਿੱਚ ਕੋਈ ਨਸ਼ਾ ਵੀ ਹੁੰਦਾ ਹੋਵੇਗਾ ਪਰ ਆਮ ਤੌਰ 'ਤੇ ਕਿਸੇ ਨਾ ਕਿਸੇ ਸਵਾਦ ਵਾਲਾ ਧੂੰਆਂ ਜਿਹਾ ਨਿਕਲਦਾ ਸੀ। ਇਸ ਨੂੰ ਕਿਵੇਂ ਪੀਵੀਦਾ ਹੈ ਇਸ ਦਾ ਸਿੰਘ ਨੂੰ ਵੀ ਪੂਰਾ ਨਹੀਂ ਸੀ ਪਤਾ। ਅਸੀਂ ਦੋ ਹੁੱਕੇ ਤਾਂ ਲੈ ਲਏ ਪਰ ਇਹਨਾਂ ਨੂੰ ਕਿਵੇਂ ਵਰਤਣਾ ਹੈ ਇਸ ਦੀ ਕੋਈ ਸਮਝ ਨਹੀਂ ਸੀ ਲੱਗ ਰਹੀ। ਸਾਨੂੰ ਹੁੱਕਿਆਂ ਨਾਲ ਜੂਝਦਿਆਂ ਦੇਖ ਕੇ ਕੋਲ ਬੈਠੀਆਂ ਦੋ ਭਾਰਤੀ ਮੂਲ ਦੀਆਂ ਕੁੜੀਆਂ ਸਾਡੀ ਮੱਦਦ ਕਰਨ ਲੱਗੀਆਂ। ਅਸੀਂ ਉਹਨਾਂ ਨਾਲ ਗੱਲੀਂ ਪੈ ਗਏ। ਇੱਕ ਕੁੜੀ ਨੂੰ ਸਿੰਘ ਚੈਟ-ਅੱਪ ਕਰਨ ਲੱਗ ਪਿਆ। ਚੈਟ-ਅੱਪ ਭਾਵ ਦੋਸਤੀ ਤੋਂ ਪਹਿਲੀ ਸਥਿਤੀ। ਕਾਫੀ ਦੇਰ ਦੇਰ ਬਾਅਦ ਜਦ ਗੱਲ ਅਗਲੇ ਪੜਾਅ ਵੱਲ ਤੁਰੀ ਤਾਂ ਉਸ ਕੁੜੀ ਨੇ ਪੁੱਛਿਆ, "ਤੇਰਾ ਨਾਂ ਕੀ ਐ ?"

"ਸਿੰਘ, ਮੇਰਾ ਨਾਂ ਸਿੰਘ।"



"ਸਿੰਘ ?" ਕੁੜੀ ਨੇ ਹੈਰਾਨ ਹੁੰਦੀ ਨੇ ਪੁੱਛਿਆ, "ਨਾਂ ਸੁਣਿਆਂ ਲੱਗਦੈ, ਕਿੱਥੇ ਰਹਿੰਦਾ ਏਂ ?"

"ਹਾਈਬਰੀ, ਮੈਂ ਹਾਈਬਰੀ ਬੁਆਏ ਆਂ, ਉੱਥੇ ਹੀ ਜੰਮਿਆਂ ਤੇ ਉੱਥੇ ਹੀ ਮਰਨਾਂ।" ਸਿੰਘ ਨੇ ਹੱਸਦਿਆਂ ਕਿਹਾ।

"ਹਾਈਬਰੀ ਤਾਂ ਮੇਰੀ ਫੈਮਿਲੀ ਵੀ ਰਹਿੰਦੀ ਐ, ਚੌਹਾਨ ਫੈਮਿਲੀ।"

"ਮੇਰੀ ਫੈਮਿਲੀ ਵੀ ਤਾਂ ਚੌਹਾਨ ਐ, ਤੂੰ ਕਿਹਦੀ ਕੁੜੀ ਐਂ ?"

"ਤਰਸੇਮ ਮੇਰਾ ਡੈਡ, ਅਵਤਾਰ ਸਿੰਘ ਮੇਰਾ ਗਰੈਂਡ ਡੈਡ।" ਕੁੜੀ ਨੇ ਦੱਸਿਆ।

"ਫਿਟੇ ਮੂੰਹ ਮੇਰੇ !" ਸਿੰਘ ਨੇ ਮੱਥੇ 'ਤੇ ਹੱਥ ਮਾਰਦਿਆਂ ਪੰਜਾਬੀ ਵਿੱਚ ਕਿਹਾ। ਫਿਰ ਮੈਨੂੰ ਦੱਸਣ ਲੱਗਾ, "ਭੂਡ, ਇਹ ਤਾਂ ਮੇਰੇ ਭਤੀਜੇ ਦੀ ਕੁੜੀ ਐ।" ਅਸੀਂ ਸਾਰੇ ਹੀ ਹੱਸਣ ਲੱਗੇ।

ਆਪਣੇ ਭਤੀਜੇ ਨੂੰ ਮਿਲਿਆਂ ਉਸ ਨੂੰ ਕਈ ਬਹੁਤ ਸਾਲ ਹੋ ਗਏ ਸਨ। ਭਤੀਜੇ ਦੇ ਅੱਗੇ ਬੱਚਿਆਂ ਬਾਰੇ ਕੀ ਪਤਾ ਹੋਣਾ ਸੀ।

***

ਇੱਕ ਦਿਨ ਉਹ ਬੋਲਿਆ, "ਭੂਡ, ਚੱਲ ਤੈਨੂੰ ਵਿਆਹ 'ਤੇ ਲੈ ਕੇ ਜਾਵਾਂ, ਸਾਡੀ ਫੈਮਲੀ ਵਿੱਚ ਵਿਆਹ ਐ, ਮੇਰੀ ਭਾਣਜੀ ਸੁਖਮਨੀ ਦੇ ਮੁੰਡੇ ਦਾ।"

ਮੈਂ ਉਹਨਾਂ ਦਿਨਾਂ ਵਿੱਚ ਘਰ ਨੂੰ ਮੁਰੰਮਤ ਕਰਾਉਣ ਵਿੱਚ ਰੁਝਿਆ ਹੋਇਆ ਸਾਂ ਇਸ ਲਈ ਮੈਂ ਉਸ ਨਾਲ ਨਾ ਜਾ ਸਕਿਆ। ਵਿਆਹ ਤੋਂ ਆ ਕੇ ਉਸ ਨੇ ਮੈਨੂੰ ਕੁੱਝ ਵੀਡੀਓ ਦਿਖਾਏ। ਇੱਕ ਔਰਤ ਵੱਲ ਇਸ਼ਾਰਾ ਕਰਦਾ ਬੋਲਿਆ, "ਆਹ ਜਿਹੜੀ ਔਰਤ ਨੱਚਦੀ ਐ ਇਹ ਪਤਾ ਕੌਣ ਐ ?"

"ਕੌਣ ਐ ?"

'ਇਹ ਰੁਪਿੰਦਰ ਐ।"

"ਰੁਪਿੰਦਰ ਕੌਣ ?" ਮੈਨੂੰ ਲੱਗਿਆ ਕਿ ਉਹ ਵੱਖੀ ਵਿੱਚੋਂ ਕੋਈ ਹੋਰ ਮੂੰਗਲੀ ਕੱਢ ਲਵੇਗਾ।

"ਇਹ ਮੇਰੀ ਸਭ ਤੋਂ ਪਹਿਲੀ ਵਾਈਫ ਐ, ਮੇਰੀ ਭੈਣ ਨੇ ਇੰਡੀਆ ਤੋਂ ਮੰਗਾਈ ਸੀ, ਮੈਨੂੰ ਪੁੱਛੇ ਬਿਨਾਂ।"

"ਫਿਰ ਕੀ ਹੋਇਆ ? ਤੂੰ ਰੱਖੀ ਨਹੀਂ ?"

"ਰੱਖੀ ਕਿਉਂ ਨਹੀਂ ! ਸਾਲ ਤੋਂ ਉੱਤੇ ਮੇਰੇ ਨਾਲ ਰਹੀ ਪਰ ਉਹ ਬਹੁਤੀ ਇੰਡੀਅਨ ਸੀ, ਮੈਂ ਆਪਣੀ ਗਰਲਫਰੈਂਡ ਮਾਰਗਰੇਟ ਨਾਲ ਬਰਾਜ਼ੀਲ ਚਲੇ ਗਿਆ, ਕਈ ਮਹੀਨਿਆਂ ਬਾਅਦ ਮੁੜਿਆ ਤਾਂ ਰੁਪਿੰਦਰ ਮੈਨੂੰ ਉਡੀਕ ਉਡੀਕ ਕੇ ਘਰੋਂ ਚਲੇ ਗਈ ਸੀ। ਮੇਰੀ ਭੈਣ ਨੇ ਮੇਰੇ ਨਾਲ ਬਹੁਤ ਝਗੜਾ ਕੀਤਾ ਸੀ।"

"ਫਿਰ।"

"ਫਿਰ ਕੀ, ਮੈਂ ਮਾਰਗਰੇਟ ਤੋਂ ਬਾਅਦ ਹੋਰ ਗਰਲਫਰੈਂਡ ਲੱਭ ਲਈ ਤੇ ਰੁਪਿੰਦਰ ਵੀ ਪਾਕਿਸਤਾਨੀ ਮੁੰਡੇ ਜ਼ੁਬੇਰ ਨਾਲ ਰਹਿਣ ਲੱਗ ਪਈ ਸੀ, ਉਸ ਨਾਲ ਹੀ ਵਿਆਹ ਕਰਾ ਲਿਆ।"

"ਮੁੜ ਕੇ ਨਹੀਂ ਮਿਲੀ ?"

"ਮੁੜ ਕੇ ਕੀ ਮਿਲਣਾ ਸੀ, ਜਦ ਪਾਕਿਸਤਾਨੀ ਨਾਲ ਹੀ ਵਿਆਹ ਕਰਾ ਲਿਆ, ਫਿਰ ਉਹਦੇ ਤਿੰਨ ਮੁੰਡੇ ਵੀ ਹੋ ਗਏ।"

"ਹੁਣ ਵਿਆਹ 'ਤੇ ਅਚਾਨਕ ਮਿਲ ਗਈ ?"

"ਨਹੀਂ, ਮੈਨੂੰ ਨਹੀਂ ਮਿਲੀ, ਇਹ ਤਾਂ ਭੈਣ ਨਾਲ ਉਸ ਦੀ ਪਹਿਲੇ ਦਿਨ ਤੋਂ ਹੀ ਵਾਹਵਾ ਬਣਦੀ ਐ, ਉਹ ਨੇ ਵਿਆਹ 'ਤੇ ਵੀ ਸੱਦੀ ਹੋਈ ਸੀ।"

"ਉਹਦਾ ਪਤੀ ਜੁਬੇਰ ਵੀ ਆਇਆ ਹੋਣਾਂ ?"

"ਨਹੀਂ ਜੁਬੇਰ ਉਹਨੇ ਛੱਡ ਦਿੱਤਾ ਸੀ, ਮੁੰਡੇ ਵੀ ਹੁਣ ਵੱਡੇ ਹੋ ਕੇ ਉਡਾਰੂ ਹੋ ਗਏ।" ਉਸ ਨੇ ਦੱਸਿਆ।

ਮੇਰੇ ਲਈ ਉਹਦੀ ਜ਼ਿੰਦਗੀ ਦਾ ਇੱਕ ਹੋਰ ਚੈਪਟਰ ਖੁੱਲ੍ਹ ਰਿਹਾ ਸੀ।

***

ਇੱਕ ਦਿਨ ਸਿੰਘ ਮੇਰੇ ਘਰ ਆਇਆ। ਘਰ ਦੇਖਦਾ ਕਹਿਣ ਲੱਗਾ, "ਡੂਡ, ਤੇਰਾ ਘਰ ਬਹੁਤ ਟਿਕਾਣੇ 'ਤੇ ਐ, ਸਾਡਾ ਘਰ ਵੀ ਕੌਰਨਰ ਦਾ ਐ, ਹਾਈਬਰੀ ਵਿੱਚ ਕੌਰਨਰ ਦੇ ਘਰ ਘੱਟ ਹੁੰਦੇ ਨੇ। ਹੁਣ ਤਾਂ ਡੇਢ ਮਿਲੀਅਨ ਤੋਂ ਘੱਟ ਨਹੀਂ ਹੋਣਾ।"

"ਫਿਰ ਤਾਂ ਤੂੰ ਮੋਟੀ ਸਾਮੀ ਐਂ।"

"ਨਹੀਂ, ਮੇਰੇ ਭਰਾਵਾਂ ਨੇ ਮੇਰਾ ਹਿੱਸਾ ਉਦੋਂ ਹੀ ਕੱਢ ਦਿੱਤਾ ਸੀ ਜਦੋਂ ਮੈਨੂੰ ਹਿੱਸੇ ਦੀ ਸਮਝ ਵੀ ਨਹੀਂ ਸੀ ਹੁੰਦੀ। ਮੈਂ ਆਪਣੇ ਹਿੱਸੇ ਦੀ ਕਾਰ ਖਰੀਦ ਲਈ, ਛੁੱਟੀਆਂ ਕਰ ਲਈਆਂ, ਭੈਣ ਨੇ ਬਥੇਰਾ ਸਮਝਾਇਆ ਪਰ ਉਹ ਉਮਰ ਹੀ ਕੁੱਝ ਐਸੀ ਹੁੰਦੀ ਐ।" ਉਸ ਨੇ ਕਿਹਾ। ਕਿਉਂਕਿ ਉਸ ਦੇ ਭਰਾਵਾਂ ਵਿਚਕਾਰ ਘਰ ਨੂੰ ਲੈ ਕੇ ਮੁਕੱਦਮੇਬਾਜ਼ੀ ਚਲਦੀ ਸੀ, ਉਹ ਜਿਸ ਨਾਲ ਵੀ ਖੜਦਾ, ਦੂਜੇ ਉਸ ਨਾਲ ਨਰਾਜ਼ ਹੋ ਜਾਂਦੇ। ਜ਼ਿਆਦਾਤਰ ਭਰਾ ਉਸ ਨਾਲ ਗੁੱਸੇ ਹੀ ਰਹਿੰਦੇ ਸਨ। ਭੈਣ ਬਚਨੀ ਹੀ ਉਸ ਲਈ ਸਭ ਕੁੱਝ ਸੀ।

"ਮੈਂ ਤਾਂ ਕਹਾਂਗਾ ਕਿ ਘਰ ਖਰੀਦ ਲੈ।" ਮੈਂ ਆਪਣੇ ਮਨ ਦੀ ਗੱਲ ਇੱਕ ਵਾਰ ਫਿਰ ਕਹੀ।

"ਘਰ ਸਪੇਨ ਵਿੱਚ, ਮਲਾਗਾ ਸ਼ਹਿਰ ਮੈਨੂੰ ਬਹੁਤ ਪਸੰਦ ਐ, ਕਦੇ ਚੱਲ ਮੇਰੇ ਨਾਲ, ਬਹੁਤ ਸੁਹਣਾ ਦੇਸ਼ ਐ।"

ਇੱਕ ਦਿਨ ਉਹ ਕਹਿਣ ਲੱਗਾ, "ਚੱਲ ਅਗਲੇ ਮਹੀਨੇ ਛੁੱਟੀਆਂ 'ਤੇ ਚਲੀਏ, ਸਪੇਨ, ...ਮੈਂ ਜਾ ਰਿਹਾਂ।"

ਮੈਨੂੰ ਪਤਾ ਸੀ ਕਿ ਉਹ ਉੱਥੇ ਜਾਂਦਾ ਹੀ ਰਹਿੰਦਾ ਸੀ। ਮੈਂ ਉਸ ਨਾਲ ਛੁੱਟੀਆਂ 'ਤੇ ਜਾਣ ਲਈ ਤਿਆਰ ਹੋ ਗਿਆ। ਸਿੰਘ ਨੇ ਹੀ ਟਿਕਟ ਤੇ ਹੋਟਲ ਆਦਿ ਬੁੱਕ ਕਰਾਏ।

ਮੈਂ ਪਹਿਲਾਂ ਬਾਰਸਾਲੋਨਾ ਗਿਆ ਹੋਇਆ ਸਾਂ ਪਰ ਮਲਾਗਾ ਸਪੇਨ ਦੇ ਬਿਲਕੁਲ ਹੇਠਾਂ ਪੈਂਦਾ ਹੈ। ਮੌਸਮ ਬਹੁਤ ਸੁਹਾਵਣਾ ਸੀ। ਅਗਲੇ ਦਿਨ ਅਸੀਂ ਆਪਣੇ ਹੋਟਲ ਵਿੱਚੋਂ ਨਿਕਲ ਕੇ ਬਾਹਰ ਸਮੁੰਦਰ ਕੰਢੇ ਘੁੰਮ ਰਹੇ ਸਾਂ ਕਿ ਸਾਹਮਣਿਓਂ ਇੱਕ ਪੰਜਾਬੀ ਬੰਦਾ ਤੁਰਿਆ ਆ ਰਿਹਾ ਦਿੱਸਿਆ। ਉਹ ਬੰਦਾ ਸਾਡੇ ਵੱਲ ਦੇਖ ਕੇ ਮੁਸਕਰਾਉਣ ਲੱਗਾ ਜਿਵੇਂ ਖਾਸ ਵਾਕਫ ਹੋਵੇ। ਉਸ ਨੇ ਨੇੜੇ ਆ ਕੇ ਸਾਡੇ ਨਾਲ ਵੱਲ ਹੱਥ ਵਧਾਇਆ। ਸਿੰਘ ਬੋਲਿਆ, "ਡੂਡ, ਮਿਲ ਮੇਰੇ ਵੱਡੇ ਭਰਾ ਵਚਿੱਤਰ ਸਿੰਘ ਨੂੰ।"



ਵਚਿੱਤਰ ਸਿੰਘ ਦਾ ਇੱਥੇ ਆਪਣਾ ਘਰ ਸੀ, ਹੋਟਲ ਤੋਂ ਨੇੜੇ ਹੀ। ਅਸਲ ਵਿੱਚ ਉਹ ਹਾਈਬਰੀ ਹੀ ਰਹਿੰਦਾ ਸੀ, ਇੱਥੇ ਉਸ ਦਾ ਹੌਲੀਡੇ ਹੋਮ ਸੀ। ਅਸੀਂ ਉਸ ਦੇ ਭਰਾ ਦੇ ਘਰ ਗਏ। ਉਸ ਦੀ ਪਤਨੀ ਵੀ ਉੱਥੇ ਸੀ, ਉਹਨਾਂ ਨੇ ਸਾਡੀ ਵਾਹਵਾ ਸੇਵਾ ਕੀਤੀ। ਸਿੰਘ ਦਾ ਭਰਾ-ਭਰਜਾਈ ਉਸ ਨੂੰ ਵਾਹਵਾ ਮੋਹ ਕਰ ਰਹੇ ਸਨ। ਮੈਂ ਸਿੰਘ ਨੂੰ ਪੁੱਛਿਆ, "ਡੂਡ, ਤੂੰ ਦੱਸਿਆ ਹੀ ਨਹੀਂ ਕਿ ਤੇਰਾ ਭਰਾ ਇੱਥੇ ਰਹਿੰਦਾ ?"

"ਯਾਰ, ਕੋਈ ਮੌਕਾ ਹੀ ਨਹੀਂ ਬਣਿਆਂ, ...ਨਾਲੇ ਮੈਨੂੰ ਨਹੀਂ ਸੀ ਪਤਾ ਕਿ ਅੱਜਕੱਲ੍ਹ ਉਹ ਇੱਥੇ ਆਇਆ ਹੋਇਆ।" ਉਸ ਨੇ ਆਦਤਨ ਕਿਹਾ।

***

ਇੱਕ ਦਿਨ ਸਿੰਘ ਕਹਿਣ ਲੱਗਾ, "ਡੂਡ, ਅਗਲੇ ਸੋਮਵਾਰ ਤੇਰੀ ਛੁੱਟੀ ਐ ਨਾ, ...ਬਰਮੀਘੰਮ ਚੱਲ ਮੇਰੇ ਨਾਲ।"

"ਕੋਈ ਕੰਮ ਐ ?"

"ਜੇ ਫਰੀ ਐਂ ਤਾਂ ਚੱਲ, ਗੱਲਾਂ ਕਰਦੇ ਚਲੇ ਜਾਵਾਂਗੇ।" ਉਸ ਨੇ ਕਿਹਾ। ਕਿਹੜੇ ਕੰਮ ਜਾਣਾ ਬਾਰੇ ਉਸ ਨੇ ਜਵਾਬ ਹੀ ਨਾ ਦਿੱਤਾ। ਮੈਂ ਉਸ ਨਾਲ ਤੁਰ ਪਿਆ।

ਬਰਮੀਘੰਮ ਉਸ ਨੇ ਇੱਕ ਗੈਰਜ ਮੁਹਰੇ ਕਾਰ ਲੈ ਜਾ ਰੋਕੀ। ਅਸੀਂ ਉਤਰ ਕੇ ਗੈਰਜ ਅੰਦਰ ਗਏ। ਉਹ ਲੱਭਦਾ-ਲੱਭਦਾ ਇੱਕ 'ਕਨਵਰਟੇਬਲ ਬੀ. ਐਮ. ਡਬਲਯੂ. ਸਪੋਰਟ' ਕਾਰ ਕੋਲ ਜਾ ਖੜਿਆ ਤੇ ਬੋਲਿਆ, "ਆਹ ਗਰਲ ਖਰੀਦੀ ਐ, ਹੈ ਨਾ ਬਿਊਟੀਫੁੱਲ !"

"ਵੈਰੀ ਬਿਊਟੀਫੁੱਲ ! ਇਹ ਲੈਣ ਆਏ ਆਂ ?"

"ਹਾਂ, ਮੈਂ ਵੀਡੀਓ-ਕਾਲ ਰਾਹੀਂ ਕਾਰ ਦੇਖੀ ਸੀ, ਮੇਰੀ ਪੁਰਾਣੀ ਕਾਰ ਇਹਨਾਂ ਨੇ ਦੋ ਹਜ਼ਾਰ ਵਿੱਚ ਲੈ ਲਈ ਤੇ ਇਹ ਮੈਨੂੰ ਪੰਦਰ੍ਹਾਂ ਗਰੈਂਡ ਵਿੱਚ ਪੈ ਗਈ, ਹਾਲੇ ਚੱਲੀ ਵੀ ਵੀਹ ਹਜ਼ਾਰ ਮੀਲ ਹੀ ਐ। ਇੱਕੋ ਓਨਰ ਐ।" ਉਹ ਦੱਸ ਰਿਹਾ ਸੀ। ਮੇਰਾ ਦਿਲ ਕੀਤਾ ਕਿ ਉਸ ਨੂੰ ਪੁੱਛਾਂ ਕਿ ਸਾਰੀ ਰਾਹ ਉਸ ਨੇ ਇੱਕ ਵਾਰ ਵੀ ਇਸ ਬਾਰੇ ਗੱਲ ਨਹੀਂ ਕੀਤੀ ਪਰ ਉਸ ਨੇ ਢਿਲੇ ਜਿਹੇ ਮੂੰਹ ਨਾਲ ਕਹਿ ਦੇਣਾ ਸੀ ਕਿ ਮੌਕਾ ਹੀ ਨਹੀਂ ਮਿਲਿਆ।

***

ਹੁਣ ਉਹ ਆਪਣੀ ਸਪੋਰਟ ਕਾਰ ਵਿੱਚ ਕੰਮ 'ਤੇ ਆਉਂਦਾ ਸੀ। ਇਹ ਕਾਰ ਆਮ ਕਾਰ ਨਾਲੋਂ ਦੁੱਗਣੀ ਮਹਿੰਗੀ ਪੈਂਦੀ ਸੀ ਪਰ ਉਹ ਖੁਸ਼ ਸੀ। ਉਸ ਕਾਰ ਨਾਲ ਉਸ ਨੂੰ ਬਹੁਤ ਮੋਹ ਸੀ। ਹਰ ਕਿਸੇ ਨੂੰ ਉਹ ਕਾਰ ਦੀਆਂ ਤਸਵੀਰਾਂ ਦਿਖਾਉਂਦਾ ਫਿਰਦਾ ਤੇ ਵਡਿਆਈਆਂ ਮਾਰਦਾ।

ਇੱਕ ਦਿਨ ਮੈਂ ਹਾਈਬਰੀ ਦੇ ਇਲਾਕੇ ਵਿੱਚ ਗਿਆ। ਉਸ ਦਿਨ ਸਿੰਘ ਦੀ ਵੀ ਛੁੱਟੀ ਸੀ। ਮੈਂ ਸੋਚਿਆ ਕਿ ਉਸ ਨੂੰ ਮਿਲਦਾ ਜਾਵਾਂ। ਮੈਂ ਫੋਨ ਕੀਤੇ ਬਿਨਾਂ ਹੀ ਚਲੇ ਗਿਆ ਸਾਂ। ਜੰਕਸ਼ਨ ਰੋਡ 'ਤੇ ਗਿਆ ਜਿੱਥੇ ਉਸ ਦੀ ਭੈਣ ਦਾ ਘਰ ਸੀ। ਬਾਰਾਂ ਨੰਬਰ ਘਰ ਦੇ ਬਾਹਰ ਉਸ ਦੀ ਕਾਰ ਨਹੀਂ ਸੀ ਖੜੀ। ਇਸ ਦਾ ਮਤਲਬ ਸੀ ਕਿ ਉਹ ਘਰ ਨਹੀਂ ਹੋਵੇਗਾ।

**ਬਾਕੀ ਪੰਨਾ ਨੰ. 13 'ਤੇ**

## ਖੁਸ਼ ਮਿਜ਼ਾਜ ਗੁਰਮਿੰਦਰ ਬਰਾੜ/ਹਰਮਹਿੰਦਰ ਚਹਿਲ

ਮੈਂ 1978 ਵਿੱਚ ਫਰਵਰੀ ਦੇ ਪਹਿਲੇ ਹਫਤੇ ਨੌਕਰੀ ਸ਼ੁਰੂ ਕੀਤੀ। ਇਹ ਮੇਰੀ ਐਡਹਾਕ ਨੌਕਰੀ ਸੀ ਤੇ ਮਹਿਕਮਾ ਮਿਲਿਆ ਸੀ ਇਰੀਗੇਸ਼ਨ ਲਾਈਨਿੰਗ। ਮੁਕਤਸਰ ਡਿਵੀਜ਼ਨ ਦੀ ਸੱਤ ਨੰਬਰ ਸਬ-ਡਿਵੀਜ਼ਨ ਦਾ ਮੇਰਾ ਐੱਸ. ਡੀ. ਓ. ਮਹਿੰਦਰ ਸਿੰਘ ਧੰਝੂ ਸੀ। ਉਹ ਬਹੁਤ ਸਖਤ ਸੁਣੀਂਦਾ ਸੀ। ਮੇਰਾ ਨੌਕਰੀ ਦਾ ਕੋਈ ਤਜੁਰਬਾ ਵੀ ਨਹੀਂ ਸੀ। ਉਸ ਸਬ-ਡਿਵੀਜ਼ਨ ਵਿੱਚ ਚਾਰ ਉਵਰਸੀਅਰ ਸਨ। ਦੋ ਨਹਿਰੀ ਕੋਠੀਆਂ 'ਚ ਲੱਗੇ ਹੋਏ ਸਨ। ਦੋ ਲਾਈਨਿੰਗ ਦਾ ਕੰਮ ਕਰਵਾਉਂਦੇ ਸਨ ਤੇ ਹੁਣ ਪੰਜਵਾਂ ਮੈਂ ਆ ਗਿਆ ਸੀ। ਨਵਾਂ ਹੋਣ ਕਾਰਨ ਮੈਨੂੰ ਕਿਸੇ ਹੋਰ ਉਵਰਸੀਅਰ ਨਾਲ ਲਾ ਦਿੱਤਾ ਗਿਆ। ਪਰ ਉਸ ਵੇਲੇ ਕੰਮ ਬੰਦ ਪਏ ਸਨ। ਬਸ ਐਵੇਂ ਕੰਮ 'ਤੇ ਗੇੜਾ ਕੱਢ ਕੇ ਮੁੜ ਆਈਦਾ ਸੀ। ਮੇਰੀ ਸਭ ਤੋਂ ਵੱਡੀ ਸਮੱਸਿਆ ਸੀ ਕਿ ਮੈਂ ਇੱਥੇ ਕਿਸੇ ਨੂੰ ਜਾਣਦਾ ਨਹੀਂ ਸੀ। ਮੈਂ ਮੁਕਤਸਰ ਸ਼ਹਿਰ 'ਚ ਹੀ ਪਹਿਲੀ ਵਾਰ ਆਇਆ ਸੀ। ਕੋਈ ਇੱਕ ਵੀ ਬੰਦਾ ਅਜਿਹਾ ਨਹੀਂ ਸੀ ਜਿਸ ਨਾਲ ਕੋਈ ਮਾੜੀ ਮੋਟੀ ਪਹਿਲਾਂ ਦੀ ਪਹਿਚਾਣ ਹੋਵੇ। ਇਸ ਹਾਲਤ 'ਚ ਦਿਲ ਲੱਗਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ। ਕੁੱਝ ਦਿਨਾਂ ਬਾਅਦ ਐੱਸ. ਡੀ. ਓ. ਨੇ ਮੈਨੂੰ ਅਤੇ ਦੂਸਰੇ ਉਵਰਸੀਅਰ ਰਘਵੀਰ ਚੰਦ ਨੂੰ ਕੰਮ ਨੇੜੇ, ਕਿਸੇ ਪਿੰਡ 'ਚ ਰਹਿਣ ਦਾ ਹੁਕਮ ਚਾੜ੍ਹ ਦਿੱਤਾ। ਇਸ ਨਾਲ ਦਿਲ ਹੋਰ ਵੀ ਉਦਾਸ ਹੋ ਗਿਆ। ਕਿਉਂਕਿ ਚਿੱਤ ਤਾਂ ਸ਼ਹਿਰ 'ਚ ਨਹੀਂ ਲੱਗਦਾ ਸੀ ਤੇ ਅੱਗੇ ਪਿੰਡ ਵਿੱਚ ਹੋਰ ਵੀ ਔਖਾ ਹੋ ਜਾਣਾ ਸੀ। ਪਰ ਨੌਕਰੀ ਤੇ ਨਖਰਾ ਕੀ, ਰਹਿਣਾ ਪੈਣਾ ਸੀ। ਦੋ ਚੌਂਹ ਦਿਨ ਇੱਥੇ ਪਿੰਡ 'ਚ ਰਹਿੰਦਿਆਂ ਹੋਏ ਸਨ ਕਿ ਇੱਕ ਦਿਨ ਮੈਂ ਘਰ ਵੱਲ ਆਉਂਦੀ ਗਲੀ 'ਚੋਂ ਕਿਸੇ ਦੀ ਉੱਚੀ ਬੋਲਣ ਅਤੇ ਹੱਸਣ ਦੀ ਆਵਾਜ਼ ਸੁਣੀ। ਮੈਂ ਹੈਰਾਨ ਹੋਇਆ ਜਦੋਂ ਉਹ ਬੰਦਾ ਸਾਡੇ ਹੀ ਘਰ ਆ ਵੜਿਆ। ਰਘਵੀਰ ਉਸਨੂੰ ਜਾਣਦਾ ਸੀ ਪਰ ਮੈਂ ਪਹਿਲੀ ਵਾਰ ਮਿਲ ਰਿਹਾ ਸੀ। ਉਸਦਾ ਵਾਰਤਾਲਾਪ, ਬਿੰਦ ਕੁ ਪਿੱਛੋਂ ਹੱਸਣਾ ਅਤੇ ਚੁਟਕਲਿਆਂ ਵਰਗੀਆਂ ਗੱਲਾਂ ਨੇ ਮੇਰੀ ਰੂਹ ਖੁਸ਼ ਕਰ ਦਿੱਤੀ। ਉਸਨੇ ਮੇਰਾ ਪਿੰਡ ਪੁੱਛਿਆ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸਨੇ ਮੇਰੇ ਪਿੰਡ ਰਿਸ਼ਤੇਦਾਰੀ ਕੱਢ ਲਈ। ਪਿਛਲੇ ਇੱਕ ਮਹੀਨੇ ਤੋਂ ਉਦਾਸ ਫਿਰਦੇ ਨੂੰ ਪਹਿਲੀ ਵਾਰ ਕੋਈ ਅਜਿਹਾ ਮਿਲਿਆ ਜਿਸਨੇ ਰੂਹ ਖੁਸ਼ ਕਰ ਦਿੱਤੀ। ਉਸ ਬੰਦੇ ਦਾ ਨਾਂ ਸੀ ਗੁਰਬਿੰਦਰ ਬਰਾੜ ਜੋ ਕਿ ਮੇਰੇ ਵਾਲੀ ਸਬ-ਡਿਵੀਜ਼ਨ 'ਚ ਹੀ ਉਵਰਸੀਅਰ ਸੀ। ਉਸਨੂੰ ਤਿੰਨ ਕੁ ਮਹੀਨੇ ਹੋ ਗਏ ਸਨ ਨੌਕਰੀ ਕਰਦਿਆਂ ਪਰ ਉਂਝ ਮੇਰੀ ਤਰ੍ਹਾਂ ਨਵਾਂ ਹੀ ਸੀ। ਉਸਨੇ ਉਸੇ ਵੇਲੇ ਨੌਕਰ ਭੇਜ ਕੇ ਠੇਕੇ ਤੋਂ ਬੋਤਲ ਮੰਗਵਾ ਲਈ। ਸੁਣੀਂਦਾ ਸੀ ਕਿ ਨਹਿਰ ਮਹਿਕਮਾ ਅਜਿਹਾ ਹੈ ਜਿੱਥੇ ਸ਼ਰਾਬ ਆਮ ਗੱਲ ਹੈ। ਪਰ ਅੱਜ ਪਹਿਲੀ ਵਾਰ ਮੈਂ ਇੱਥੇ ਪੀ ਰਿਹਾ ਸੀ। ਦੇਰ ਰਾਤ ਤੱਕ ਖਾਂਦੇ-ਪੀਂਦੇ ਰਹੇ ਤੇ ਗੱਲਾਂ ਕਰਦੇ ਰਹੇ। ਦੂਸਰਾ ਮੁੰਡਾ ਰਘਵੀਰ ਚੰਦ ਪੰਡਤ ਸੀ ਤੇ ਸ਼ਰਾਬ ਮੀਟ ਤੋਂ ਦੂਰ ਰਹਿੰਦਾ ਸੀ। ਪਰ ਬਰਾੜ ਨੂੰ ਮਿਲ ਕੇ ਦਿਲ ਬਾਗੋਬਾਗ ਹੋ ਗਿਆ। ਉਹ ਹਫਤਾ ਪਹਿਲਾਂ ਹੀ ਜੈਤੋ ਸਬ-ਡਿਵੀਜ਼ਨ ਤੋਂ ਬਦਲ ਕੇ ਮੇਰੇ ਵਾਲੀ ਸਬ-ਡਿਵੀਜ਼ਨ 'ਚ ਆਇਆ ਸੀ। ਉਸਨੂੰ ਆਉਂਦੇ ਨੂੰ ਕੰਮ ਮਿਲ ਗਿਆ। ਉਸਦਾ ਕੰਮ ਰਘਵੀਰ ਚੰਦ ਦੇ ਨਾਲ ਹੀ ਸੀ। ਇਸ ਦੇ ਕੁੱਝ ਦਿਨਾਂ ਪਿੱਛੋਂ ਮੈਨੂੰ ਵੀ ਨਿੱਜੀ ਤੌਰ 'ਤੇ ਕੰਮ ਮਿਲ ਗਿਆ। ਮੇਰਾ ਕੰਮ ਬਰਾੜ ਵਾਲੇ ਕੰਮ ਦੇ ਨਾਲ ਲੱਗਦਾ ਸੀ। ਹੁਣ ਬਰਾੜ ਨੇ ਵੀ ਸ਼ਹਿਰ ਜਾਣਾ ਛੱਡ ਦਿੱਤਾ ਤੇ ਸਾਡੇ ਨਾਲ ਉਸੇ ਪਿੰਡ 'ਚ ਰਹਿਣ ਲੱਗਿਆ। ਕਿਉਂਕਿ ਕੰਮ



ਤੋਂ ਪਹਿਲਾਂ ਦੋ ਮੀਲ ਚੱਲ ਕੇ ਇਸ ਪਿੰਡ ਦੇ ਅੱਡੇ 'ਤੇ ਆਉਣਾ ਪੈਂਦਾ ਸੀ ਤੇ ਅੱਗੋਂ ਫਿਰ ਮੁਕਤਸਰ ਦੂਰ ਪੈਂਦਾ ਸੀ। ਸੋ ਉੱਥੇ ਪਿੰਡ 'ਚ ਰਹਿਣਾ ਸੌਖਾ ਸੀ। ਪਰ ਬਰਾੜ ਨੇ ਆ ਕੇ ਤਾਂ ਉਸ ਪਿੰਡ ਵਾਲੇ ਘਰ ਨੂੰ ਹੀ ਸ਼ਹਿਰ ਬਣਾ ਦਿੱਤਾ ਸੀ। ਉਹ ਹਰ ਵਕਤ ਖੁਸ਼ ਰਹਿਣ ਵਾਲਾ, ਕਦੇ ਵੀ ਮੱਥੇ ਤਿਉੜੀ ਨਾ ਪਾਉਣ ਵਾਲਾ ਖੁਸ਼ ਦਿਲ ਬੰਦਾ ਸੀ। ਪਤਾ ਨਹੀਂ ਉਸਨੂੰ ਇੰਨੀਆਂ ਗੱਲਾਂ ਕਿੱਥੋਂ ਆਉਂਦੀਆਂ ਸਨ। ਨਾਲ ਹੀ ਉਸਦੀ ਹਰ ਗੱਲ ਹਾਸੇ ਵਾਲੀ ਹੁੰਦੀ ਸੀ। ਉਹ ਬੇਪਰਵਾਹ ਬੰਦਾ ਸੀ। ਉਸਨੂੰ ਕੰਮ ਦਾ ਜਾਂ ਕਿਸੇ ਅਫਸਰ ਦਾ ਕੋਈ ਫਿਕਰ ਨਹੀਂ ਸੀ। ਉਹ ਆਪਣੇ ਕੰਮ 'ਤੇ ਰਹਿਣ ਦੀ ਬਜਾਇ ਸਾਰਾ ਦਿਨ ਮੇਰੇ ਵਾਲੇ ਕੰਮ 'ਤੇ ਹੀ ਰਹਿੰਦਾ ਸੀ। ਅਸਲ ਵਿੱਚ ਉਸਨੂੰ ਕੰਮ 'ਚ ਕੋਈ ਦਿਲਚਸਪੀ ਹੀ ਨਹੀਂ ਸੀ। ਕੰਮ ਤੋਂ ਉਹ ਹਮੇਸ਼ਾ ਟਾਲ਼ਾ ਵੱਟਦਾ। ਜਿੰਨਾ ਕੁ ਉਵਰਸੀਅਰ ਦਾ ਕੰਮ ਹੁੰਦਾ ਉਹ ਮੈਂ ਉਸ ਨਾਲ ਕਰਵਾ ਆਉਂਦਾ। ਉਸ ਪਿੱਛੋਂ ਸ਼ਾਮ ਤੱਕ ਉਹ ਮੇਰੇ ਕੰਮ ਨਾਲ ਹੀ ਰਹਿੰਦਾ। ਉਸਦੀ ਕੋਈ ਵੱਡੀ ਸਿਫਾਰਸ਼ ਸੀ ਜਿਸ ਕਰਕੇ ਕੋਈ ਉਸਨੂੰ ਕੁੱਝ ਨਹੀਂ ਕਹਿੰਦਾ ਸੀ।

ਉਸਦੇ ਨਿਵੇਕਲੇ ਸ਼ੌਕ ਸਨ। ਉਹ ਨਹਾਉਂਦਾ ਬਹੁਤ ਦੇਰ ਲਾਉਂਦਾ ਸੀ। ਪਤਾ ਨਹੀਂ ਕੀ ਸਾਬਣ ਮਲ਼ਦਾ ਰਹਿੰਦਾ ਸੀ ਕਿ ਘੰਟਾ ਘੰਟਾ ਬਾਥਰੂਮ 'ਚੋਂ ਬਾਹਰ ਨਹੀਂ ਨਿਕਲਦਾ ਸੀ। ਫਿਰ ਉਸਦਾ ਵੱਡਾ ਸ਼ੌਕ ਸੀ ਵਧੀਆ ਪੱਗ ਬੰਨਣਾ। ਪੱਗ 'ਤੇ ਉਹ ਬਹੁਤ ਚਿਰ ਲਾਉਂਦਾ। ਬੰਨਣ ਪਿੱਛੋਂ ਉਹ ਮੇਰੇ ਮੂਹਰੇ ਬਹਿ ਕੇ ਪੁੱਛਦਾ ਕਿ ਪੱਗ ਕਿਵੇਂ ਬੱਝੀ ਹੈ। ਆਮ ਤੌਰ 'ਤੇ ਮੈਂ ਕਹਿ ਦਿੰਦਾ ਕਿ ਵੱਟ ਕੱਢੇ ਪਏ ਨੇ। ਪਰ ਕਈ ਵਾਰੀ ਜੇ ਵਿਹਲੇ ਹੁੰਦੇ ਤਾਂ ਮੈਂ ਕਹਿ ਦਿੰਦਾ ਕਿ ਬਰਾੜਾ ਯਾਰ ਅੱਜ ਪੱਗ ਟੇਹਢੀ ਜਿਹੀ ਹੈ। ਉਹ ਉਸੇ ਵੇਲੇ ਢਾਹ ਦਿੰਦਾ ਤੇ ਫਿਰ ਤੋਂ ਬੰਨਣ ਲੱਗਦਾ। ਕਈ ਵਾਰੀ ਤਾਂ ਮੈਂ ਵਾਰ ਵਾਰ ਉਸਦੀ ਪੱਗ ਢੁਹਾਈ ਜਾਂਦਾ। ਉਹ ਹਮੇਸ਼ਾ ਪਰੈੱਸ ਕੀਤੀ ਕਮੀਜ਼ ਪਾਉਂਦਾ। ਜੇਕਰ ਜ਼ਰਾ ਕੁ ਵੀ ਪਾਣੀ ਦਾ ਛਿੱਟਾ ਕਮੀਜ਼ 'ਤੇ ਪੈ ਜਾਂਦਾ ਤਾਂ ਉਹ ਉਸੇ ਵੇਲੇ ਕਮੀਜ਼ ਬਦਲ ਲੈਂਦਾ। ਉਸਦੀ ਪੱਗ ਅਤੇ ਕਮੀਜ਼ ਇੱਕੋ ਰੰਗ ਦੇ ਹੁੰਦੇ। ਉਸਦੀ ਦਿੱਖ ਬਹੁਤ ਰੋਅਬ ਵਾਲੀ ਸੀ। ਛੇ ਫੁੱਟ ਤੋਂ ਉੱਚਾ ਕੱਦ, ਗੋਰਾ ਰੰਗ, ਵਧੀਆ ਦਾਹੜੀ ਤੇ ਮੁੱਛਾਂ ਖੜ੍ਹੀਆਂ ਕਰਕੇ ਰੱਖਦਾ। ਬੜੇ ਸੋਹਣੇ ਢੰਗ ਨਾਲ ਪੱਗ ਬੰਨਦਾ। ਕੱਪੜੇ ਬਹੁਤ ਹੀ ਸਲੀਕੇ ਦੇ ਪਾਉਂਦਾ ਸੀ। ਜਦੋਂ ਪੂਰੀ ਟੌਅਰ ਕੱਢੀ ਹੁੰਦੀ ਤਾਂ ਉਸਨੂੰ ਵੇਖ ਕੇ ਭੁੱਖ ਲਹਿੰਦੀ ਸੀ। ਪਰ ਉਹ ਫੂਕ ਵੀ ਬਹੁਤ ਛੱਕਦਾ ਸੀ। ਬਾਕੀ ਉਹ ਸ਼ਾਮ ਵੇਲੇ ਪੀਣ ਦਾ ਤੇ ਨਾਲ ਹੀ ਬੱਕਰੇ ਦੇ ਮੀਟ ਦਾ ਬੜਾ ਸ਼ੁਕੀਨ ਸੀ। ਇੱਕ ਉਸਦਾ ਸ਼ੌਕ ਸੀ ਗਾਉਣਾ ਪਰ ਗਾਉਂਦਾ ਉਹ ਪੀ ਕੇ ਹੀ ਸੀ। ਉਂਝ ਇਸਦਾ ਮਾੜਾ ਪੱਖ ਇਹ ਸੀ ਕਿ ਉਸਨੂੰ ਗਾਉਣਾ ਬਿਲਕੁਲ ਨਹੀਂ ਆਉਂਦਾ ਸੀ। ਪਰ ਉਸਨੂੰ ਇਹ ਭੁਲੇਖਾ ਸੀ ਕਿ ਉਹ ਬਹੁਤ ਵਧੀਆ ਗਾਉਂਦਾ ਹੈ। ਸੋ ਜਦੋਂ ਪੀਣ ਬੈਠਦੇ ਜਾਂ ਤਾਂ ਉਹ ਗੱਲ ਨਾ ਟੁੱਟਣ ਦਿੰਦਾ ਤੇ ਜਾਂ ਫਿਰ ਗਾਉਣ ਲੱਗਦਾ। ਜੇਕਰ ਉਸਦੇ ਗਾਣੇ ਵੱਲ ਧਿਆਨ ਨਾ ਦਿੰਦੇ ਤਾਂ ਉਹ ਉਦਾਸ ਹੋ ਜਾਂਦਾ। ਕਈ ਵਾਰੀ ਰੁੱਸ ਵੀ ਜਾਂਦਾ। ਜਦੋਂ ਉਸਨੂੰ ਕਹਿਣਾ ਕਿ ਤੂੰ ਬਹੁਤ ਸੋਹਣਾ ਗਾਇਆ ਫਿਰ ਉਹ ਟਹਿਕ 'ਚ ਆ ਜਾਂਦਾ। ਪਰ ਮੁਸ਼ਕਲ ਇਹ ਸੀ ਕਿ ਇੰਨਾ ਕਹਿੰਦਿਆਂ ਹੀ ਉਹ ਅਗਲਾ ਗਾਣਾ ਸ਼ੁਰੂ ਕਰ ਦਿੰਦਾ। ਉਸਦਾ ਸਭ ਤੋਂ ਵੱਡਾ ਸ਼ੌਕ ਸੀ ਟੌਅਰ ਕੱਢ ਕੇ ਆਸ਼ਕੀ ਕਰਨਾ। ਮੁਕਤਸਰ ਉਸ ਵੇਲੇ ਦੋ ਕਾਲਜ ਸਨ। ਉਸਦਾ ਵਿਹਲਾ ਵਕਤ ਇਨ੍ਹਾਂ ਕਾਲਜਾਂ ਦੇ ਗੇੜੇ ਮਾਰਦਿਆਂ ਗੁਜ਼ਰਦਾ। ਉਸ ਵੇਲੇ ਅਸੀਂ ਤੇਈ ਚੌਵੀਂ ਸਾਲ ਦੀ ਉਮਰ ਦੇ ਸੀ ਤੇ ਜਿੰਮੇਵਾਰ ਪੋਸਟ 'ਤੇ ਤਾਇਨਾਤ ਸੀ। ਇਸ ਤਰ੍ਹਾਂ ਦਾ ਕੰਮ ਸਾਨੂੰ ਸ਼ੋਭਾ ਨਹੀਂ ਦਿੰਦਾ ਸੀ। ਪਰ ਉਸਨੂੰ ਕੋਈ ਫਿਕਰ ਨਹੀਂ ਸੀ। ਅਸਲ 'ਚ ਉਹ ਆਪਣੇ ਆਪ ਨੂੰ ਕਿਸੇ ਕਾਲਜ ਦਾ ਵਿਦਿਆਰਥੀ ਹੀ ਸਮਝਦਾ ਸੀ। ਇਸੇ ਕਰਕੇ ਉਹ ਕੰਮ 'ਤੇ

ਧਿਆਨ ਨਹੀਂ ਦਿੰਦਾ ਸੀ। ਨਾ ਕਿਸੇ ਦੀ ਪ੍ਰਵਾਹ ਮੰਨਦਾ ਸੀ। ਮਹਿਕਮੇ 'ਚ ਭਾਵੇਂ ਕੋਈ ਪੁਰਾਣਾ ਹੋਵੇ ਜਾਂ ਨਵਾਂ, ਹਰ ਇੱਕ ਨੂੰ ਇਹ ਹੁੰਦਾ ਹੈ ਕਿ ਉਸ ਕੋਲ ਵਧੀਆ ਤੇ ਜ਼ਿਆਦਾ ਕੰਮ ਹੋਵੇ ਤੇ ਉਸਦੀ ਮਹਿਕਮੇ 'ਚ ਚੰਗੀ ਦਿੱਖ ਰਹੇ। ਪਰ ਬਰਾੜ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਲੈਣ-ਦੇਣ ਨਹੀਂ ਸੀ। ਇਸ ਕਰਕੇ ਉਹ ਖੁਦ ਦਾ ਕੰਮ ਬਹੁਤੀ ਦੇਰ ਚਲਾ ਨਾ ਸਕਿਆ। ਉਸਦੀਆਂ ਬੇਪ੍ਰਵਾਹੀ ਵਾਲੀਆਂ ਆਦਤਾਂ ਵੇਖਦਿਆਂ ਉਸਦਾ ਕੰਮ ਖੋਹ ਕੇ ਕਿਸੇ ਹੋਰ ਨੂੰ ਦੇ ਦਿੱਤਾ ਗਿਆ। ਫਿਰ ਉਹ ਵਿਹਲਾ ਹੀ ਘੁੰਮਣ ਲੱਗਿਆ। ਕੰਮ ਖੁੱਸਣ ਦਾ ਅਫਸੋਸ ਹੋਣ ਦੀ ਬਜਾਇ ਉਹ ਸਗੋਂ ਆਜ਼ਾਦ ਹੋਇਆ ਮਹਿਸੂਸ ਕਰ ਰਿਹਾ ਸੀ। ਇਨ੍ਹੀਂ ਹੀ ਦਿਨੀਂ ਜਦੋਂ ਅਸੀਂ ਸਵੇਰ ਵੇਲੇ ਘਰੋਂ ਤੁਰਦੇ ਤਾਂ ਉਹ ਕੋਈ ਬਹਾਨਾ ਮਾਰ ਕੇ ਪਿੱਛੇ ਰੁਕ ਜਾਂਦਾ ਤੇ ਫਿਰ ਦੋ-ਤਿੰਨ ਘੰਟੇ ਪਿੱਛੋਂ ਆਉਂਦਾ। ਇਸਦਾ ਇੱਕ ਦਿਨ ਮੈਨੂੰ ਪਤਾ ਲੱਗ ਗਿਆ। ਅਸਲ 'ਚ ਉਹ ਗੁਆਂਢੀਆਂ ਦੀ ਕੁੜੀ ਨਾਲ ਇਸ਼ਕ ਲੜਾ ਰਿਹਾ ਸੀ। ਉਹ ਤਾਂ ਕਿਸੇ ਸ਼ੁਭਚਿੰਤਕ ਨੇ ਪਹਿਲਾਂ ਦੱਸ ਦਿੱਤਾ ਤਾਂ ਬਚਾਅ ਹੋ ਗਿਆ। ਨਹੀਂ ਉਸਨੇ ਕਸਰ ਨਹੀਂ ਛੱਡਣੀ ਸੀ। ਇੱਕ ਠੇਕੇਦਾਰ ਕੋਲ ਕੰਮ ਕਰਦੇ ਉਸੇ ਪਿੰਡ ਦੇ ਬੰਦੇ ਨੇ ਸਾਨੂੰ ਦੱਸ ਦਿੱਤਾ ਕਿ ਬਰਾੜ ਦੀ ਗੁਆਂਢਣ ਕੁੜੀ ਨਾਲ ਗੱਲਬਾਤ ਚੱਲਦੀ ਹੈ। ਨਾਲ ਹੀ ਉਸਨੇ ਕਿਹਾ ਕਿ ਜੇਕਰ ਕੁੜੀ ਦੇ ਘਰ ਵਾਲਿਆਂ ਨੂੰ ਪਤਾ ਲੱਗ ਗਿਆ ਤਾਂ ਉਹ ਬਰਾੜ ਦੀਆਂ ਲੱਤਾਂ ਤੋੜ ਦੇਣਗੇ। ਮੈਂ ਬਰਾੜ ਨੂੰ ਪੁੱਛਿਆ ਤਾਂ ਉਹ ਮੰਨ ਗਿਆ। ਮੈਂ ਉਸ ਨਾਲ ਲੜਿਆ ਕਿ ਆਪਾਂ ਬੇਗਾਨੇ ਪਿੰਡ 'ਚ ਬੈਠੇ ਹਾਂ ਜੇਕਰ ਕੋਈ ਊਚ ਨੀਚ ਹੋ ਗਈ ਤਾਂ ਪਿੰਡ ਵਾਲੇ ਕੁਟਾਪਾ ਚਾੜਨਗੇ। ਉਸ 'ਤੇ ਜ਼ਿਆਦਾ ਅਸਰ ਨਾ ਹੋਇਆ। ਫਿਰ ਮੈਂ ਰਘਵੀਰ ਚੰਦ ਨੂੰ ਕਿਹਾ ਕਿ ਆਪਾਂ ਸ਼ਹਿਰ ਹੀ ਰਹਿਣ ਲੱਗ ਜਾਈਏ ਨਹੀਂ ਬਰਾੜ ਮਰਵਾ ਦਊਗਾ। ਐੱਸ. ਡੀ. ਓ. ਨਾਲ ਗੱਲ ਕਰਕੇ ਅਸੀਂ ਸ਼ਹਿਰ ਚਲੇ ਗਏ।

ਰਘਵੀਰ ਚੰਦ ਕਿਧਰੇ ਹੋਰ ਰਹਿਣ ਲੱਗਿਆ ਪਰ ਬਰਾੜ ਨੇ ਮੈਥੋਂ ਜੁਦਾਅ ਹੋਣਾ ਨਾ ਮੰਨਿਆਂ। ਮੈਂ ਵੀ ਸੋਚਿਆ ਕਿ ਖਤਰਾ ਤਾਂ ਰਿਹਾ ਨਹੀਂ ਹੁਣ ਕੋਈ ਗੱਲ ਨਹੀਂ। ਅਸੀਂ ਕਿਸੇ ਦਾ ਖਾਲੀ ਪਿਆ ਪੂਰਾ ਘਰ ਕਿਰਾਏ 'ਤੇ ਲੈ ਕੇ ਰਹਿਣ ਲੱਗੇ। ਉਸਦੀ ਡਿਊਟੀ ਦਫਤਰ ਦੀ ਲੱਗ ਗਈ। ਪਰ ਉਹ ਦਫਤਰ ਜਾਂਦਾ ਹੀ ਨਹੀਂ ਸੀ। ਮੈਂ ਸਵੇਰੇ ਤਿਆਰ ਹੋ ਕੇ ਕੰਮ ਨੂੰ ਤੁਰ ਜਾਂਦਾ ਤੇ ਉਹ ਕਾਲਜਾਂ ਵੱਲ ਅਵਾਰਾਗਰਦੀ ਕਰਨ ਨਿਕਲ ਤੁਰਦਾ। ਆਥਣੇ ਉਹ ਪੰਜ ਵੱਜਦੇ ਨੂੰ ਘਰ ਪਹੁੰਚ ਜਾਂਦਾ ਸੀ। ਘਰ ਕੰਮ ਕਰਨ ਵਾਸਤੇ ਗੋਰਖਾ ਰੱਖਿਆ ਹੋਇਆ ਸੀ। ਸ਼ਾਮ ਵੇਲੇ ਸੰਦੇਹਾਂ ਹੀ ਉਹ ਗੋਰਖੇ ਨਾਲ ਲੱਗ ਕੇ ਮੀਟ ਬਣਵਾ ਰਿਹਾ ਹੁੰਦਾ। ਮੀਟ ਦਾ ਉਹ ਬਹੁਤ ਸ਼ੌਕੀਨ ਸੀ। ਮੀਟ ਬਣਨਾ ਸ਼ੁਰੂ ਹੁੰਦਿਆਂ ਹੀ ਉਹ ਪੈੱਗ ਪਾ ਲੈਂਦਾ ਸੀ। ਜਦੋਂ ਨੂੰ ਮੈਂ ਆਉਂਦਾ ਤਾਂ ਉਹ ਪੂਰੇ ਤਰਾਰੇ 'ਚ ਹੁੰਦਾ ਸੀ। ਮੇਰੇ ਬੈਠਣ ਦੀ ਦੇਰ ਹੁੰਦੀ ਕਿ ਉਹ ਕਹਿੰਦਾ ਕਿ ਪਹਿਲਾਂ ਮੈਂ ਉਸਦਾ ਗਾਣਾ ਸੁਣ ਲਵਾਂ। ਜਦੋਂ ਉਹ ਗਾਣਾ ਸੁਣਾਉਣ ਦੀ ਜ਼ਿੱਦ ਕਰਦਾ ਤਾਂ ਮੈਂ ਸਮਝ ਜਾਂਦਾ ਕਿ ਇਸ ਵੇਲੇ ਇਸਦਾ ਪੂਰਾ ਰੰਗ ਬੱਝਿਆ ਹੋਇਆ ਹੈ। ਪੀਤੀ ਹੋਈ 'ਚ ਕਈ ਵਾਰੀ ਉਹ ਰੁੱਸ ਜਾਂਦਾ ਤੇ ਵਿਚਕਾਰੋਂ ਉੱਠ ਕੇ ਹੀ ਘਰੋਂ ਨਿਕਲ ਜਾਂਦਾ। ਮੈਨੂੰ ਪਤਾ ਹੁੰਦਾ ਕਿ ਉਹ ਨਹਿਰੀ ਕਲੋਨੀ 'ਚ ਕਿਸੇ ਦੋਸਤ ਕੋਲ ਜਾ ਕੇ ਰਹੇਗਾ। ਪਰ ਅਗਲੇ ਦਿਨ ਉਹ ਬਿਨਾਂ ਵਕਤ ਖੁੰਝਾਇਆਂ ਵਾਪਸ ਆ ਕੇ ਸ਼ਾਮ ਨੂੰ ਗੋਰਖੇ ਨਾਲ ਮਿਲ ਕੇ ਮੀਟ ਬਣਾ ਰਿਹਾ ਹੁੰਦਾ। ਉਹ ਇਹ ਗੱਲ ਛੇੜਦਾ ਹੀ ਨਾ ਕਿ ਰਾਤ ਕੀ ਹੋਇਆ ਸੀ। ਇਸ ਤੋਂ ਇਲਾਵਾ ਉਹ ਬੜਾ ਪੰਗੇ ਹੱਥਾ ਸੀ। ਇੱਕ ਵਾਰ ਗੋਰਖਾ ਛੁੱਟੀ 'ਤੇ ਚਲਾ ਗਿਆ। ਕਈ ਦਿਨ ਅਸੀਂ ਸਟੇਸ਼ਨ ਨੇੜਲੇ ਇੱਕ ਢਾਬੇ 'ਤੇ ਰੋਟੀ ਖਾਧੀ। ਇੱਕ ਦਿਨ ਅਸੀਂ ਦੋਨੋਂ ਤੇ ਤੀਸਰਾ ਸਾਡੇ ਨਾਲ ਠੇਕੇਦਾਰ, ਜੋ ਕਿ ਨਵਾਂ ਸੀ ਤੇ ਸਾਡੀ ਕੁ ਉਮਰ ਦਾ ਸੀ, ਤਿੰਨੋਂ ਢਾਬੇ 'ਤੇ ਰੋਟੀ ਖਾਣ ਗਏ। ਪਹਿਲਾਂ ਵੀ ਪੀਤੀ ਹੋਈ ਸੀ ਤੇ ਉੱਥੇ ਢਾਬੇ 'ਚ ਬੈਠੇ ਹੋਰ ਪੀਂਦੇ ਰਹੇ। ਫਿਰ ਉਹ ਹਾਲਤ ਆ ਗਈ ਜਦੋਂ ਬਰਾੜ ਆਪੇ ਤੋਂ ਬਾਹਰ ਹੋ ਜਾਂਦਾ ਸੀ। ਸਾਡੇ ਬਰਾਬਰ ਵਾਲੇ ਟੇਬਲ 'ਤੇ ਤਿੰਨ ਜਣੇ ਬੈਠੇ ਸਨ। ਉਹ ਵੀ ਪੀ ਰਹੇ ਸਨ। ਹੈ ਤਾਂ ਉਹ ਪੁਲਸ ਵਾਲੇ ਸਨ ਪਰ ਸਾਦੇ ਕੱਪੜੇ ਪਾਏ ਹੋਣ ਕਰਕੇ ਪਤਾ ਨਹੀਂ ਲੱਗਦਾ ਸੀ। ਬਰਾੜ ਨੇ ਉਨ੍ਹਾਂ ਨਾਲ ਪੰਗਾ ਪਾ ਲਿਆ। ਬੜੀ ਛੇਤੀ ਉੱਥੇ ਯੁੱਧ ਦਾ ਮੈਦਾਨ ਬਣ ਗਿਆ। ਅਸੀਂ ਦੂਜੇ ਜਣਿਆਂ ਦੇ ਉੱਪਰ ਦੀ ਰਹੇ। ਬਰਾੜ ਦੇ ਹੱਥ ਵੱਡਾ ਖੁਰਚਣਾ ਆ ਗਿਆ ਤੇ ਉਸਨੇ ਖੁਰਚਣਾ ਊਰੀ ਵਾਂਗੂੰ ਘੁਕਾਇਆ ਸੀ। ਲੜਦੇ ਹੋਏ ਬਾਹਰ ਨਿਕਲ ਆਏ। ਦੂਜੇ ਗਰੁੱਪ ਦਾ ਇੱਕ ਜਣਾ ਸਾਡੇ ਕਾਬੂ ਆ ਗਿਆ ਜਿਸਨੂੰ ਖੂਬ ਫੈਂਟਾ ਚਾੜ੍ਹਿਆ। ਉਸਦੇ ਨਾਲ ਦੇ ਭੱਜ ਗਏ। ਮੈਂ ਮੋਟਰਸਾਈਕਲ ਦੀ ਕਿੱਕ ਮਾਰਨ ਲੱਗਿਆ ਪਰ ਉਹ ਸਟਾਰਟ ਨਾ ਹੋਵੇ। ਪੁਰਾਣੇ ਬੁਲਟ ਮੋਟਰਸਾਈਕਲ ਕਈ ਵਾਰ ਸਟਾਰਟ ਹੋਣ ਵੇਲੇ ਪਟਾਖਾ ਮਾਰ ਦਿੰਦੇ ਸਨ। ਸਾਡੇ ਵਾਲੇ ਨੇ ਵੀ ਉਹੀ ਕੁੱਝ ਕੀਤਾ। ਪਟਾਖਾ ਪੈਣ ਦੀ ਦੇਰ ਸੀ ਉੱਥੋਂ ਹਰ ਕੋਈ ਭੱਜ ਨਿਕਲਿਆ। ਕਿਉਂਕਿ ਲੋਕਾਂ ਨੂੰ ਲੱਗਿਆ ਕਿ ਸ਼ਾਇਦ ਫਾਇਰ ਹੋ ਗਿਆ ਹੈ। ਪਰ ਹੋਟਲ ਮਾਲਕ ਕੈਬਿਨ 'ਚੋਂ ਸਭ ਕੁੱਝ ਵੇਖੀ ਜਾ ਰਿਹਾ ਸੀ। ਉਸ ਨਾਲ ਪੁਰਾਣੀ ਲਿਹਾਜ ਸੀ। ਜਦੋਂ ਸਭ ਭੱਜ ਗਏ ਤਾਂ ਉਹ ਛੇਤੀ ਦੇਣੇ ਸਾਡੇ ਕੋਲ ਆਇਆ ਤੇ ਬੋਲਿਆ ਕਿ ਉਹ ਪੁਲਸ ਵਾਲੇ ਸਨ ਤੇ ਹੋ ਸਕਦਾ ਹੈ ਥਾਣੇ 'ਚੋਂ ਹੋਰ ਪੁਲਸ ਲੈ ਕੇ ਆਉਣ। ਪਰ ਹੁਣ ਮੋਟਰਸਾਈਕਲ ਸਟਾਰਟ ਨਾ ਹੋਵੇ। ਦੋ ਕੁ ਕਿੱਕਾਂ ਬਾਅਦ ਪਟਾਖਾ ਮਾਰ ਦਿਆ ਕਰੇ। ਛੱਡ ਕੇ ਅਸੀਂ ਇਸ ਲਈ ਨਹੀਂ ਜਾ ਰਹੇ ਸੀ ਕਿ ਇਸ ਤਰ੍ਹਾਂ ਪਹਿਚਾਣੇ ਜਾਵਾਂਗੇ। ਫਿਰ ਇੱਕ ਜਣਾ ਉੱਪਰ ਬਹਿ ਗਿਆ ਤੇ ਦੋ ਧੱਕਾ ਮਾਰਨ ਲੱਗੇ ਤਾਂ ਕਿ ਕਮ ਸੇ ਕਮ ਉਸ ਢਾਬੇ ਤੋਂ ਦੂਰ ਹੋ ਜਾਈਏ। ਫਿਰ ਅਚਾਨਕ ਮੋਟਰਸਾਈਕਲ ਸਟਾਰਟ ਹੋਇਆ ਤੇ ਅਸੀਂ ਤਿੰਨੋਂ ਬਹਿੰਦੇ ਰਫੂ ਚੱਕਰ ਹੋ ਗਏ। ਮੁੜ ਕੇ ਅਸੀਂ ਰਾਹ ਬਦਲ ਲਿਆ। ਉੱਧਰ ਦੀ ਲੰਘਣਾ ਹੀ ਛੱਡ ਦਿੱਤਾ। ਫਿਰ ਇੱਕ ਦਿਨ ਹੋਟਲ ਮਾਲਕ ਲੱਭਦਾ ਹੋਇਆ ਕਲੋਨੀ ਆ ਪਹੁੰਚਿਆ। ਉਸਨੇ ਦੱਸਿਆ ਕਿ ਉਸ ਦਿਨ ਵਾਕਿਆ ਹੀ ਸਾਡੇ ਜਾਣ ਦੇ ਥੋੜ੍ਹੀ ਦੇਰ ਬਾਅਦ ਹੀ ਪੁਲਸ ਦੀ ਜੀਪ ਆ ਗਈ ਸੀ। ਪਰ ਉਸਨੇ ਪੁਲਸ ਨੂੰ ਕਿਹਾ ਕਿ ਲੜਨ ਵਾਲੇ ਬਾਹਰ ਦੇ ਸਨ ਤੇ ਸਟੇਸ਼ਨ ਵੱਲ ਚਲੇ ਗਏ ਸਨ। ਫਿਰ ਉਸਨੇ ਦੱਸਿਆ ਕਿ ਉਸ ਦਿਨ ਲੜਾਈ 'ਚ ਉਸਦਾ ਤਿੰਨ ਸੌ ਦਾ ਨੁਕਸਾਨ ਹੋ ਗਿਆ। ਅਸੀਂ ਉਸਦਾ ਨੁਕਸਾਨ ਭਰਿਆ ਤੇ ਧੰਨਵਾਦ ਕੀਤਾ ਕਿ ਉਸਨੇ ਪੁਲਸ ਤੋਂ ਬਚਾਇਆ। ਫਿਰ ਬਰਾੜ ਨੇ ਕਿਸੇ ਰਿਸ਼ਤੇਦਾਰ ਨੂੰ ਵਿੱਚ ਪਾ ਕੇ ਥਾਣੇਦਾਰ ਤੱਕ ਸਿਫਾਰਸ਼ ਪੁਆਈ। ਅੱਗੇ ਚੱਲ ਕੇ ਇਸ ਮਾਮਲੇ 'ਚ ਰਾਜ਼ੀਨਾਮਾ ਹੋਇਆ ਸੀ।

ਬਰਾੜ ਦੀਆਂ ਗੱਲਾਂ ਇੰਨੀਆਂ ਰੌਚਕ ਹੁੰਦੀਆਂ ਸਨ ਕਿ ਭਾਵੇਂ ਸਾਰਾ ਦਿਨ ਸੁਣਾਈ ਜਾਂਦੇ ਤਾਂ ਵੀ ਜੀਅ ਨਹੀਂ ਅੱਕਦਾ ਸੀ। ਕੁੱਝ ਉਸ ਨਾਲ ਵਾਪਰੀਆਂ ਹੁੰਦੀਆਂ ਪਰ ਬਹੁਤੀਆਂ ਉਹ ਹੋਰਾਂ ਦੀਆਂ ਵੀ ਆਪਣੀ ਹੱਡਬੀਤੀ ਕਹਿ ਕਿ ਸੁਣਾਉਂਦਾ ਰਹਿੰਦਾ। ਫਿਰ ਕੰਮ ਬੰਦ ਹੋ ਗਏ ਕਿਉਂਕਿ ਸੀਮਿੰਟ ਮੁੱਕ ਗਿਆ ਤੇ ਨਵਾਂ ਆਉਣਾ ਬੰਦ ਹੋ ਗਿਆ। ਹੁਣ ਅਸੀਂ ਕਲੋਨੀ ਲਈ ਸਵੇਰ ਵੇਲੇ ਇਕੱਠੇ ਘਰੋਂ ਤੁਰਦੇ। ਉਹ ਰਾਹ 'ਚ ਹੀ ਕੋਟਕਪੂਰਾ ਚੌਂਕ 'ਚ ਉੱਤਰ ਜਾਂਦਾ। ਉੱਥੋਂ ਉਹ ਕਾਲਜ ਵੱਲ ਜਾਂਦੀ ਬੱਸ ਚੜ੍ਹ ਜਾਂਦਾ। ਫਿਰ ਕਿਧਰੇ ਸ਼ਾਮ ਵੇਲੇ ਹੀ ਮਿਲਦਾ। ਹੁਣ ਸ਼ਾਮ ਵੇਲੇ ਉਹ ਪੰਜ ਕੁ ਵੱਜਦੇ ਨੂੰ ਸਾਡੇ ਇੱਕ ਠੇਕੇਦਾਰ ਦੇ ਸ਼ਰਾਬ ਦੇ ਠੇਕੇ 'ਤੇ ਮਿਲਦਾ। ਉਦੋਂ ਨੂੰ ਮੈਂ ਦਫਤਰੋਂ ਆ ਜਾਂਦਾ। ਉੱਥੇ ਪਿੱਛੇ ਕਮਰਾ ਸੀ ਜਿੱਥੇ ਬਹਿ ਕੇ ਅਸੀਂ ਸ਼ਰਾਬ ਪੀਂਦੇ। ਨਵੇਂ ਠੇਕੇਦਾਰ ਬਣੇ ਮੁੰਡੇ ਦਾ ਕੰਮ ਮੇਰੇ ਕੋਲ ਸੀ।

ਹੌਲੀ ਹੌਲੀ ਨੇੜਤਾ ਵਧਦੀ ਗਈ ਜੋ ਕਿ ਅਖੀਰ ’ਤੇ ਦੋਸਤੀ ’ਚ ਬਦਲ ਗਈ। ਫਿਰ ਉਹ ਵੀ ਮੇਰੇ ਵਾਲੇ ਘਰ ’ਚ ਹੀ ਰਹਿਣ ਲੱਗਿਆ। ਹੁਣ ਅਸੀਂ ਤਿੰਨ ਜਣੇ ਹੋ ਗਏ ਸੀ। ਇੰਨੇ ਨੂੰ ਪਤਾ ਲੱਗਿਆ ਕਿ ਕੁੱਝ ਸਮੇਂ ਬਾਅਦ ਸੀਮਿੰਟ ਆ ਰਿਹਾ ਹੈ। ਐੱਸ. ਡੀ. ਓ. ਨੇ ਅਗਲੇ ਚੱਲਣ ਵਾਲੇ ਕੰਮ ਦਾ ਸਰਵੇ ਕਰਵਾਉਣਾ ਸ਼ੁਰੂ ਕਰ ਦਿੱਤਾ। ਦੋ ਟੀਮਾਂ ਸਰਵੇ ਨੂੰ ਲੱਗ ਗਈਆਂ। ਡਬਲ ਲੈਵਲਿੰਗ ਲਈ ਮੇਰੇ ਨਾਲ ਬਰਾੜ ਨੂੰ ਲਾ ਦਿੱਤਾ। ਉਸਨੇ ਸਪੱਸ਼ਟ ਕਹਿ ਦਿੱਤਾ ਕਿ ਰਹੇਗਾ ਉਹ ਸਾਰਾ ਦਿਨ ਨਾਲ ਪਰ ਕੰਮ ਨਹੀਂ ਕਰ ਸਕਦਾ। ਮੈਂ ਕਿਹਾ ਯਾਰ ਕੋਸ਼ਿਸ਼ ਕਰ ਸਭ ਕੁੱਝ ਕਰ ਲਏਂਗਾ। ਅਸੀਂ ਲੈਵਲਿੰਗ ਸ਼ੁਰੂ ਕਰ ਦਿੱਤਾ। ਪਰ ਉਹ ਹੱਦ ਦਰਜ਼ੇ ਦਾ ਕੰਮਚੋਰ ਬੰਦਾ ਸੀ। ਜਦੋਂ ਹੀ ਰੀਡਿੰਗ ਪੜ੍ਹਿਆ ਕਰੇ ਤਾਂ ਉੱਥੇ ਸ਼ਰਾਰਤ ਕਰਿਆ ਕਰੇ। ਡਬਲ ਲੈਵਲਿੰਗ ਵਿੱਚ ਦੋਨਾਂ ਪਾਰਟੀਆਂ ਦੀ ਲੈਵਲ ਦੀ ਰੀਡਿੰਗ ਮਿਲਦੀ ਹੋਣੀ ਚਾਹੀਦੀ ਹੈ। ਪਰ ਉਹ ਮਿਲਣ ਦਿੰਦਾ ਹੀ ਨਹੀਂ ਸੀ। ਉਹ ਜਾਣ ਬੁੱਝ ਕੇ ਗਲਤ ਪੜ੍ਹਦਾ। ਉਦਾਹਰਣ ਦੇ ਤੌਰ ’ਤੇ ਮੈਂ ਕਹਿਣਾ ਕਿ ਬਰਾੜਾ ਮੇਰੀ ਰੀਡਿੰਗ 6.4 ਹੈ ਤਾਂ ਉਸਨੇ ਕਹਿਣਾ ਕਿ ਉਸਦੀ ਰੀਡਿੰਗ 8.4 ਹੈ। ਮੈਂ ਕਹਿਣਾ ਕਿ ਇਹ ਕਿਵੇਂ ਹੋ ਸਕਦਾ ਹੈ। ਉਸਦੇ ਲੈਵਲ ’ਚੋਂ ਵੇਖਣਾ ਤਾਂ ਰੀਡਿੰਗ ਉਸਦੀ ਵੀ 6.4 ਹੀ ਹੁੰਦੀ। ਮੈਂ ਕਹਿਣਾ ਕਿ ਯਾਰ ਸਾਹਮਣੇ 6.4 ਦਿੱਸੀ ਤਾਂ ਜਾ ਰਹੀ ਹੈ। ਉਸਨੇ ਕਹਿਣਾ ਕਿ ਇਹ ਛੇ ਨਹੀਂ ਬਲਕਿ ਅੱਠ ਹੈ। ਜ਼ਿਆਦਾ ਜ਼ੋਰ ਪਾਉਣਾ ਤਾਂ ਉਸਨੇ ਕਹਿਣਾ ਕਿ ਹੁਣ ਉਸਨੂੰ ਜਦੋਂ ਦਿੱਸਦਾ ਹੀ ਅੱਠ ਹੈ ਤਾਂ ਉਹ ਕੀ ਕਰੇ। ਮੈਂ ਐੱਸ. ਡੀ. ਓ. ਨੂੰ ਦੱਸਿਆ ਕਿ ਬਰਾੜ ਸਰਵੇ ਨਹੀਂ ਕਰਵਾ ਸਕਦਾ। ਉਸਨੇ ਕਿਸੇ ਹੋਰ ਨੂੰ ਮੇਰੇ ਨਾਲ ਲਾ ਦਿੱਤਾ ਤਾਂ ਬਰਾੜ ਦੀਆਂ ਵਾਛਾਂ ਖਿੱਲਰ ਗਈਆਂ। ਹੁਣ ਉਹ ਨਾਲ ਨਾਲ ਤੁਰਿਆ ਫਿਰਦਾ ਬਸ ਗੱਲ ਤੇ ਗੱਲ ਸੁੱਟੀ ਆਉਂਦਾ। ਲੈਵਲ ਦਾ ਕੰਮ ਹਾਲੇ ਨਿਪਟਿਆ ਹੀ ਸੀ ਕਿ ਸੀਮਿੰਟ ਆ ਗਿਆ। ਹੁਣ ਕੰਮ ਬਹੁਤ ਜ਼ੋਰਾਂ ’ਤੇ ਚੱਲਣ ਦੀ ਉਮੀਦ ਸੀ। ਐੱਸ. ਡੀ. ਓ. ਨੇ ਬਰਾੜ ਨੂੰ ਕਿਹਾ ਕਿ ਉਹ ਵੀ ਕੁੱਝ ਕੰਮ ਸੰਭਾਲ ਲਵੇ। ਬਰਾੜ ਦੇ ਪਿੱਸੂ ਪੈ ਗਏ। ਐਕਸੀਅਨ ਨੇ ਵੀ ਉਸਨੂੰ ਬੁਲਾ ਕੇ ਕਿਹਾ ਕਿ ਕੰਮ ਕਰੇ ਜਾਂ ਛੁੱਟੀ ਲੈ ਲਵੇ। ਫਿਰ ਉਹ ਅਣਸਰਦੇ ਨੂੰ ਲੱਗ ਗਿਆ। ਕੰਮ ਤਾਂ ਉਸਨੇ ਸ਼ੁਰੂ ਕਰਵਾ ਦਿੱਤਾ ਪਰ ਸ਼ੁਰੂ ’ਚ ਹੀ ਪਤਾ ਲੱਗ ਜਾਣ ਕਾਰਨ ਉਹ ਸਸਪੈਂਡ ਹੋਣੋਂ ਬਚ ਗਿਆ। ਹੋਇਆ ਇਹ ਕਿ ਉਸਨੇ ਇੱਕ ਬੁਰਜੀ ਜਾਣੀ ਕਿ ਹਜ਼ਾਰ ਫੁੱਟ ਲਾਈਨਿੰਗ ਕਰਵਾ ਕੇ ਪਾਣੀ ਛੱਡਿਆ ਤਾਂ ਪਾਣੀ ਅੱਗੇ ਨੂੰ ਜਾਣ ਦੀ ਬਜਾਇ ਪਿੱਛੇ ਨੂੰ ਜਾਵੇ। ਉਸਨੇ ਉਲਟਾ ਲੈਵਲ ਕਰ ਦਿੱਤਾ ਸੀ। ਢਾਲ ਹੇਠਾਂ ਨੂੰ ਦੇਣ ਦੀ ਬਜਾਇ ਉੱਪਰ ਨੂੰ ਦੇ ਦਿੱਤੀ ਸੀ। ਐਕਸੀਅਨ ਨੇ ਉਸਦੀ ਬਹੁਤ ਬੇਇੱਜ਼ਤੀ ਕੀਤੀ ਤੇ ਕੰਮ ਖੋਹ ਲਿਆ। ਉਸਨੂੰ ਬੇਇੱਜ਼ਤੀ ਦਾ ਕੋਈ ਫਿਕਰ ਨਹੀਂ ਸੀ ਪਰ ਖੁਸ਼ ਸੀ ਕਿ ਜ਼ਿੰਮੇਦਾਰੀ ਤੋਂ ਖਹਿੜਾ ਛੁੱਟ ਗਿਆ। ਇੱਥੇ ਕੰਮ ਖਤਮ ਹੋਣ ਤੱਕ ਉਹ ਮੇਰੇ ਨਾਲ ਹੀ ਆਉਂਦਾ ਜਾਂਦਾ ਰਿਹਾ। ਕੰਮ ਮੁੱਕ ਗਿਆ ਤੇ ਸੀਮਿੰਟ ਵੀ ਮੁੱਕ ਗਿਆ। ਹੁਣ ਅਗਲੇ ਪੰਜ ਸੱਤ ਮਹੀਨੇ ਫਿਰ ਵਿਹਲੇ ਲੰਘਣੇ ਸਨ। ਹੁਣ ਫਿਰ ਦਫਤਰ ਜਾਣ ਲੱਗੇ। ਦਫਤਰ ਵੀ ਕੰਮ ਕੋਈ ਨਹੀਂ ਹੁੰਦਾ ਸੀ। ਹਾਂ ਸ਼ਾਮ ਵੇਲੇ ਮਹਿਫਲਾਂ ਵੱਡੀਆਂ ਹੋ ਗਈਆਂ। ਬਰਾੜ ਦੀ ਇੱਕ ਆਦਤ ਹੋਰ ਸੀ। ਕਈ ਵਾਰੀ ਉਹ ਸ਼ਰਾਬੀ ਹੋ ਜਾਂਦਾ ਤਾਂ ਬੋਚ ਕੇ ਘਰੋਂ ਨਿਕਲ ਜਾਂਦਾ। ਫਿਰ ਸ਼ਹਿਰ ’ਚ ਪਤਾ ਨਹੀਂ ਕਿੱਥੇ ਕਿੱਥੇ ਤੁਰਿਆ ਫਿਰਦਾ। ਕਿਧਰੇ ਤਿੰਨ ਚਾਰ ਵੱਜੇ ਸ਼ਰਾਬ ਉੱਤਰੀ ਤੋਂ ਮੁੜਦਾ। ਸੋ ਇਹ ਉਸਦਾ ਬੜਾ ਫਿਕਰ ਰਹਿੰਦਾ ਸੀ। ਆਮ ਤੌਰ ’ਤੇ ਅਸੀਂ ਮੁੱਖ ਦਰਵਾਜ਼ੇ ਨੂੰ ਜੰਦਰਾ ਮਾਰ ਦਿੰਦੇ ਪਰ ਕਈ ਵਾਰੀ ਉਹ ਕੰਧ ਟੱਪ ਕੇ ਬਾਹਰ ਨਿਕਲ ਜਾਂਦਾ। ਅੱਗੇ ਰੋਡਵੇਜ਼ ਦਾ ਬੱਸ ਡਿਪੂ ਸੀ। ਆਮ ਤੌਰ ’ਤੇ ਸ਼ਾਮ ਵੇਲੇ ਬੱਸਾਂ ਦੇ ਡਰਾਈਵਰ ਕੰਡਕਟਰ, ਕਿਸੇ ਬੱਸ



ਦੀ ਛੱਤ ’ਤੇ ਬਹਿ ਕੇ ਮਹਿਫਲ ਲਾਉਂਦੇ। ਉਹ ਕਿਸੇ ਨਾ ਕਿਸੇ ਬੱਸ ’ਤੇ ਜਾ ਚੜ੍ਹਦਾ। ਆਮ ਤੌਰ ’ਤੇ ਕੋਈ ਨਾ ਕੋਈ ਉਸਨੂੰ ਜਾਣ-ਪਛਾਣ ਵਾਲਾ ਮਿਲ ਜਾਂਦਾ ਜੋ ਉਸਨੂੰ ਟਿਕਾਣੇ ’ਤੇ ਪਹੁੰਚਾ ਦਿੰਦਾ। ਇੱਕ ਦਿਨ ਉਹ ਡਿਪੂ ਦੇ ਭੁਲੇਖੇ ਸਵਾਰੀਆਂ ਚੜ੍ਹਾ ਰਹੀ ਬੱਸ ’ਤੇ ਚੜ੍ਹ ਗਿਆ। ਬੱਸ ਚੱਲ ਪਈ ਤਾਂ ਉਹ ਉੱਥੇ ਹੀ ਪੈ ਗਿਆ ਤੇ ਸੌਂ ਗਿਆ। ਕੋਟਕਪੂਰੇ ਪਹੁੰਚ ਕੇ ਕਿਸੇ ਸਵਾਰੀ ਨੇ ਕੰਡਕਟਰ ਨੂੰ ਦੱਸਿਆ ਕਿ ਉੱਪਰ ਕੋਈ ਬੰਦਾ ਪਿਆ ਹੈ। ਉਨ੍ਹਾਂ ਉਸਨੂੰ ਜਗਾਇਆ ਤੇ ਬੜੀ ਮੁਸ਼ਕਲ ਮੁਕਤਸਰ ਨੂੰ ਮੁੜ ਰਹੀ ਬੱਸ ਚੜ੍ਹਾਇਆ।

ਬਰਾੜ ਹੁਣ ਤੱਕ ਸਸਪੈਂਡ ਹੋਣੋਂ ਬਚਦਾ ਆ ਰਿਹਾ ਸੀ। ਇਹ ਸ਼ਾਇਦ ਉਸਦੀ ਸਿਫਾਰਸ਼ ਕਰਕੇ ਸੀ। ਪਰ ਉਹ ਕਸਰ ਕੋਈ ਨਹੀਂ ਛੱਡਦਾ ਸੀ। ਜਦੋਂ ਪੁਰਾਣਾ ਐਕਸੀਅਨ ਰਿਟਾਇਰ ਹੋਇਆ ਤਾਂ ਉਸਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਚਾਹ ਪਾਣੀ ਦੇ ਇੰਤਜ਼ਾਮ ਵਾਲੀ ਟੀਮ ਵਿੱਚ ਬਰਾੜ ਸ਼ਾਮਲ ਸੀ। ਚਾਹ ਬਗੈਰਾ ਪੀਣ ਪਿੱਛੋਂ ਭਾਸ਼ਣ ਸ਼ੁਰੂ ਹੋ ਗਏ। ਬੁਲਾਰੇ ਪੰਜ ਪੰਜ ਮਿੰਟ ਬੋਲ ਕੇ ਐਕਸੀਅਨ ਦਾ ਗੁਣਗਾਨ ਕਰ ਰਹੇ ਸਨ। ਉਦੋਂ ਹੀ ਅਕਾਊਂਟੈਂਟ ਆਪਣੀ ਕੁਰਸੀ ਤੋਂ ਧੜੱਮ ਕਰਕੇ ਡਿੱਗਿਆ। ਅਸਲ ’ਚ ਉਹ ਬੈਠਾ ਬੈਠਾ ਸੌਂ ਗਿਆ ਸੀ। ਦੋ ਚੌਂਹ ਜਣਿਆਂ ਨੇ ਉਸਨੂੰ ਉਠਾ ਕੇ ਕੁਰਸੀ ’ਤੇ ਬਿਠਾਇਆ। ਪਰ ਉਹ ਫਿਰ ਘੁਰਾੜੇ ਮਾਰਨ ਲੱਗਿਆ। ਇੰਨਾ ਹੀ ਨਹੀਂ ਉਸਦੇ ਦਫਤਰ ਦੇ ਦੋ ਜਣੇ ਹੋਰ ਉਸੇ ਦੀ ਤਰ੍ਹਾਂ ਕੁਰਸੀਆਂ ਤੋਂ ਡਿੱਗ ਪਏ। ਸਾਰੇ ਹੈਰਾਨ ਹੋ ਰਹੇ ਸਨ ਕਿ ਉਹ ਇਉਂ ਸੌਂ ਕਿਉਂ ਰਹੇ ਹਨ। ਕਿਵੇਂ ਨਾ ਕਿਵੇਂ ਪਾਰਟੀ ਖਤਮ ਹੋਈ। ਅਗਲੇ ਦਿਨ ਨਵਾਂ ਐਕਸੀਅਨ ਆਇਆ ਤਾਂ ਸਭ ਤੋਂ ਪਹਿਲੀ ਪੇਸ਼ੀ ਬਰਾੜ ਦੀ ਹੋਈ। ਪਿਛਲੇ ਦਿਨ ਡਿੱਗਣ ਵਾਲਿਆਂ ਦਾ ਕਾਰਨ ਪਤਾ ਲੱਗ ਗਿਆ ਸੀ। ਅਸਲ ’ਚ ਬਰਾੜ ਨੇ ਉਨ੍ਹਾਂ ਤਿੰਨਾਂ ਦੀ ਚਾਹ ’ਚ ਨੀਂਦ ਵਾਲੀਆਂ ਗੋਲੀਆਂ ਘੋਲ ਦਿੱਤੀਆਂ ਸਨ। ਨਵੇਂ ਐਕਸੀਅਨ ਨੇ ਪੁੱਛਿਆ ਤਾਂ ਬਰਾੜ ਮੰਨ ਗਿਆ ਕਿ ਹਾਂ ਉਸਨੇ ਇਹ ਕੰਮ ਕੀਤਾ ਹੈ। ਨਾਲ ਹੀ ਉਸਨੇ ਕਾਰਨ ਦੱਸਿਆ। ਉਸਦਾ ਕਹਿਣਾ ਸੀ ਕਿ ਅਕਾਊਂਟੈਂਟ ਦਫਤਰ, ਕਿੰਨੇ ਹੀ ਮਹੀਨਿਆਂ ਤੋਂ ਉਸਦਾ ਟੀ. ਏ. ਪਾਸ ਨਹੀਂ ਕਰ ਰਿਹਾ। ਨਵਾਂ ਹੋਣ ਕਾਰਨ ਐਕਸੀਅਨ ਨੇ ਉਸਨੂੰ ਵਾਰਨਿੰਗ ਦੇ ਕੇ ਛੱਡ ਦਿੱਤਾ।

ਉਦੋਂ ਹੀ ਕਲੋਨੀ ਵੱਲ ਬੀ. ਐੱਡ. ਕਾਲਜ ਖੁੱਲ੍ਹ ਗਿਆ। ਕਾਲਜ ਤਾਂ ਕੋਈ ਦੂਸਰਾ ਸੀ, ਬਸ ਉੱਥੇ ਬੀ. ਐੱਡ. ਦੀਆਂ ਕਲਾਸਾਂ ਸ਼ੁਰੂ ਹੋ ਗਈਆਂ। ਉਸ ਕਾਲਜ ਦਾ ਦਾਖਲਾ ਕਾਫੀ ਵਧ ਗਿਆ ਤੇ ਮੋਗੇ ਤੱਕ ਦੇ ਮੁੰਡੇ ਕੁੜੀਆਂ ਉੱਥੇ ਆਉਂਦੇ। ਬਰਾੜ ਨੇ ਕੁੜੀਆਂ ਮਗਰ ਫਿਰ ਗੇੜੇ ਕੱਢਣੇ ਸ਼ੁਰੂ ਕਰ ਦਿੱਤੇ। ਇੱਥੇ ਹੀ ਇੱਕ ਦਿਨ ਉਸਨੇ ਕਿਸੇ ਕੁੜੀ ਨੂੰ ਵੇਖਿਆ। ਉਸਨੂੰ ਵਿਹੰਦਾ ਹੀ ਬਰਾੜ ਉਸ ’ਤੇ ਮਰ ਮਿਟਿਆ। ਬਾਅਦ ’ਚ ਦੱਸਣ ਮੁਤਾਬਕ ਉਸਨੂੰ ਪਹਿਲੀ ਵਾਰ ਪਤਾ ਲੱਗਿਆ ਕਿ ਪਿਆਰ ਕੀ ਹੁੰਦਾ ਹੈ ਅਤੇ ਇਹ ਬੰਦੇ ਨੂੰ ਤੰਗ ਕਿਵੇਂ ਕਰਦਾ ਹੈ। ਕਿਉਂਕਿ ਉਸਦਾ ਇਹ ਇੱਕ ਪਾਸੜ ਪਿਆਰ ਸੀ। ਕੁੜੀ ਦਾ ਨਾਂ ਪਰਮਿੰਦਰ ਸੀ। ਉਹ ਹਰ ਰੋਜ਼ ਦੋ ਹੋਰ ਕੁੜੀਆਂ ਨਾਲ ਫਰੀਦਕੋਟ ਤੋਂ ਆਉਂਦੀ ਸੀ। ਉਸਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਹ ਬਰਾੜ ਨਾਮੀਂ ਸ਼ਖ਼ਸ ਉਸਦੇ ਪਿਆਰ ਵਿੱਚ ਡੁੱਬ ਚੁੱਕਿਆ ਹੈ। ਉਹ ਉਮਰ ਇਸ ਤਰ੍ਹਾਂ ਦੀ ਤਾਂ ਹੁੰਦੀ ਨਹੀਂ ਜਿਵੇਂ ਚੜ੍ਹਦੀ ਉਮਰ ਦਾ ਪਿਆਰ ਹੁੰਦਾ ਹੈ। ਕੁੜੀ ਪੜ੍ਹੀ-ਲਿਖੀ ਤੇ ਪਰੌੜ ਸੀ। ਦੂਸਰਾ ਬਰਾੜ ਤਾਂ ਉਸਨੂੰ ਪਤਾ ਵੀ ਨਹੀਂ ਲੱਗਣ ਦੇ ਰਿਹਾ ਸੀ ਕਿ ਉਹ ਉਸਨੂੰ ਪਿਆਰ ਕਰਦਾ ਹੈ। ਇਹ ਵੀ ਸ਼ਾਇਦ ਪਤਾ ਨਾ ਲੱਗਦਾ ਜੇਕਰ ਉਹ ਇੱਕ ਦਿਨ ਪੀਣ ਪਿੱਛੋਂ ਰੋਣ ਨਾ ਲੱਗਦਾ। ਮੈਂ ਪੁੱਛਿਆ ਕਿ ਕੀ ਹੋ ਗਿਆ। ਪਹਿਲਾਂ ਤਾਂ ਉਹ ਚੁੱਪ ਚਾਪ

ਹੰਝੂ ਬਹਾਈ ਗਿਆ। ਆਖਰ ਬੋਲਿਆ ਕਿ ਜੇਕਰ ਉਸਨੂੰ ਪਰਮਿੰਦਰ ਨਾ ਮਿਲੀ ਤਾਂ ਉਹ ਮਰ ਜਾਵੇਗਾ। ਮੈਨੂੰ ਤਾਂ ਪਤਾ ਵੀ ਨਹੀਂ ਸੀ ਉਹ ਕਿਸਦੀ ਗੱਲ ਕਰਦਾ ਹੈ। ਅਗਲੇ ਦਿਨ ਲੁਕ ਕੇ ਉਸਨੇ ਮੈਨੂੰ ਪਰਮਿੰਦਰ ਵਿਖਾਈ। ਕੁੜੀ ਵਾਕਿਆ ਹੀ ਸੋਹਣੀ ਸੀ ਤੇ ਬਰਾੜ ਨਾਲ ਉਸਨੇ ਬੜਾ ਜਚਣਾ ਸੀ। ਪਰ ਸਾਰਾ ਕੁੱਝ ਆਪ ਦੇ ਹੱਥ ਨਹੀਂ ਹੁੰਦਾ। ਮੈਂ ਬਰਾੜ ਨੂੰ ਕਿਹਾ ਕਿ ਉਹ ਕੋਈ ਸਕੂਲ ਪੜ੍ਹਦੀ ਕੁੜੀ ਤਾਂ ਹੈ ਨਹੀਂ ਕਿ ਉਹ ਉਸਦੇ ਮਗਰ ਮਗਰ ਘੁੰਮਦਾ ਫਿਰੇ। ਸੋ ਚੰਗਾ ਇਹੀ ਹੈ ਕਿ ਉਸ ਨਾਲ ਸਿੱਧੀ ਗੱਲ ਕਰੇ। ਕਿਧਰੇ ਮਿਲ ਪਵੇ ਤੇ ਅਸਲੀ ਗੱਲ ਦੱਸ ਦੇਵੇ। ਫਿਰ ਜੇਕਰ ਕੁੱਝ ਬਣ ਸਕਦਾ ਹੋਇਆ ਜਾਂ ਪਰਮਿੰਦਰ ਨੂੰ ਦਿਲਚਸਪੀ ਹੋਈ ਤਾਂ ਕੋਈ ਰਾਹ ਕੱਢਾਂਗੇ। ਪਰ ਬਰਾੜ ਨੇ ਸਖਤੀ ਨਾਲ ਰੋਕ ਦਿੱਤਾ। ਉਸਨੂੰ ਡਰ ਸੀ ਕਿ ਕਿਧਰੇ ਕੁੜੀ ਗੁੱਸਾ ਨਾ ਮੰਨ ਜਾਵੇ। ਉਹ ਅਸਲ ’ਚ ਹਰ ਵਕਤ ਕੋਈ ਵਿਉਂਤ ਸੋਚਦਾ ਰਹਿੰਦਾ ਕਿ ਕਿਵੇਂ ਉਸ ਨਾਲ ਗੱਲ ਕਰੇ। ਪਰ ਗੱਲ ਵਿਚਕਾਰ ਹੀ ਰਹੀ। ਮੇਰੇ ਬਹੁਤਾ ਜ਼ੋਰ ਦੇਣ ’ਤੇ ਵੀ ਉਹ ਉਸ ਨਾਲ ਗੱਲ ਨਾ ਕਰ ਸਕਿਆ। ਆਖਰ ਕੁੜੀਆਂ ਦੀ ਕਲਾਸ ਪੂਰੀ ਹੋ ਗਈ। ਇਹ ਵੀ ਪਤਾ ਲੱਗ ਗਿਆ ਕਿ ਕਿਸ ਦਿਨ ਉਨ੍ਹਾਂ ਨੇ ਆਖਰੀ ਵਾਰ ਕਾਲਜ ਆਉਣਾ ਹੈ। ਮੈਂ ਬਰਾੜ ਨੂੰ ਕਿਹਾ ਕਿ ਤੂੰ ਸਾਰਾ ਸਾਲ ਲੰਘਾ ਦਿੱਤਾ। ਹੁਣ ਉਸਨੇ ਸਿਰਫ ਕੱਲ੍ਹ ਦਾ ਦਿਨ ਆਉਣਾ ਹੈ। ਜੇ ਇਸ ਦਿਨ ਵੀ ਗੱਲ ਨਾ ਕੀਤੀ ਤਾਂ ਮੁੜ ਕੇ ਉਸਨੂੰ ਭੁੱਲ ਜਾਈਂ। ਅਗਲੇ ਦਿਨ ਉਸਨੂੰ ਤਿਆਰ ਕੀਤਾ। ਜਿਉਂ ਜਿਉਂ ਮੌਕਾ ਨੇੜੇ ਆਉਂਦਾ ਜਾਵੇ ਉਸਦੀ ਹਾਲਤ ਖਰਾਬ ਹੁੰਦੀ ਜਾਵੇ। ਆਖਰ ਉਸਨੇ ਸ਼ਰਾਬ ਦਾ ਸਹਾਰਾ ਲਿਆ। ਦੋ ਤਿੰਨ ਪੈੱਗ ਪੀ ਕੇ ਉਹ ਗੱਲ ਕਰਨ ਦੇ ਕਾਬਲ ਹੋਇਆ। ਫਿਰ ਉਹ ਤਿੰਨੋਂ ਕੁੜੀਆਂ ਦਾ ਗਰੁੱਪ ਅੱਡੇ ਵੱਲ ਜਾਂਦਾ ਦਿੱਸਿਆ। ਮੈਂ ਬਰਾੜ ਨੂੰ ਮੋਟਰਸਾਈਕਲ ’ਤੇ ਬੈਠਾ ਕੇ ਬੱਸ ਅੱਡੇ ਵੱਲ ਚੱਲ ਪਿਆ। ਉਨ੍ਹਾਂ ਕੁੜੀਆਂ ਦੇ ਕੋਲ ਜਾ ਕੇ ਉਸਨੂੰ ਹੱਲਾਸ਼ੇਰੀ ਦੇ ਅਗਾਂਹ ਤੋਰ ਦਿੱਤਾ। ਉਹ ਕੋਲ ਗਿਆ ਤੇ ਜਾ ਕੇ ਪਰਮਿੰਦਰ ਨੂੰ ਬੁਲਾ ਲਿਆ। ਉਸਨੂੰ ਕਹਿਣ ਲੱਗਿਆ ਕਿ ਮੈਂ ਤੇਰੇ ਨਾਲ ਗੱਲ ਕਰਨੀ ਹੈ। ਕਹਿੰਦਾ ਪਾਸੇ ਹੋ ਕੇ ਗੱਲ ਕਰਲੈ। ਉਹ ਪਾਸੇ ਹੋ ਗਈ। ਪਾਸੇ ਹੁੰਦਿਆਂ ਹੀ ਬਰਾੜ ਬੋਲਿਆ,“ਪਰਮਿੰਦਰ, ਮੈਂ ਤੈਨੂੰ ਬਹੁਤ ਪਿਆਰ ਕਰਦਾ ਆਂ।” ਉਹ ਜੁਆਬ ’ਚ ਕਹਿਣ ਲੱਗੀ ਕਿ ਬਾਈ ਇੱਦਾਂ ਦੀ ਗੱਲ ਨਹੀਂ ਕਰਦੇ ਹੁੰਦੇ। ਇਹ ਫਿਰ ਕਹਿਣ ਲੱਗਿਆ ਕਿ ਜੇਕਰ ਤੂੰ ਮੈਨੂੰ ਨਾ ਮਿਲੀ ਤਾਂ ਮੈਂ ਖਤਮ ਹੋ ਜਾਵਾਂਗਾ। ਇਸਦੇ ਜੁਆਬ ’ਚ ਉਸਨੇ ਕਿਹਾ, “ਬਾਈ ਐਵੇਂ ਬੱਚਿਆਂ ਵਾਂਗੂੰ ਨਾ ਕਰ। ਨਾਲੇ ਸਾਰੇ ਵੇਖ ਰਹੇ ਨੇ ਆਪਾਂ ਇਉਂ ਗੱਲ ਕਰਦੇ ਚੰਗੇ ਨ੍ਹੀਂ ਲੱਗਦੇ।” ਇੰਨਾ ਕਹਿ ਕੇ ਉਹ ਤੁਰਨ ਲੱਗੀ। ਜਾਪਿਆ ਕਿ ਉਸਦੀ ਬਰਾੜ ’ਚ ਕੋਈ ਦਿਲਚਸਪੀ ਨਹੀਂ ਸੀ। ਬਰਾੜ ਨੇ ਫਿਰ ਕਿਹਾ ਕਿ ਪਰਮਿੰਦਰ ਪਲੀਜ਼ ਮੇਰੀ ਗੱਲ ’ਤੇ ਧਿਆਨ ਦੇਹ। ਮੈਂ ਪਿਛਲੇ ਇੱਕ ਸਾਲ ਤੋਂ ਤੇਰੇ ਪਿਆਰ ’ਚ ਡੁੱਬਿਆ ਹੋਇਆ ਹਾਂ। ਉਸਦਾ ਅੱਗੋਂ ਉਹੀ ਜੁਆਬ ਸੀ ਕਿ ਇਸ ਤਰ੍ਹਾਂ ਗੱਲ ਕਰਦੇ ਸ਼ੋਭਾ ਨਹੀਂ ਦਿੰਦੇ। ਇੰਨੇ ਨੂੰ ਉਨ੍ਹਾਂ ਦੀ ਬੱਸ ਆ ਗਈ ਤੇ ਕੁੜੀਆਂ ਬੱਸ ਚੜ੍ਹ ਗਈਆਂ। ਉਸ ਦਿਨ ਬਰਾੜ ਨੇ ਰੱਜ ਕੇ ਸ਼ਰਾਬ ਪੀਤੀ ਤੇ ਰੱਜ ਕੇ ਰੋਇਆ। ਪਰ ਇਸਦਾ ਹੱਲ ਕਿਸੇ ਕੋਲ ਵੀ ਨਹੀਂ ਸੀ। ਅਗਲਾ ਕਾਫੀ ਸਮਾਂ ਉਹ ਤਾਬ ਨਾ ਆਇਆ। ਕਮਲ੍ਹਾ ਇਤਨਾ ਸੀ ਕਿ ਇੱਕ ਦਿਨ ਫਰੀਦਕੋਟ ਪਰਮਿੰਦਰ ਦੇ ਘਰ ਹੀ ਜਾ ਵੜਿਆ। ਚੰਗਾ ਇਹ ਰਿਹਾ ਕਿ ਉਹ ਬਾਹਰ ਹੀ ਮਿਲ ਗਈ। ਉਹ ਆਪ ਹੀ ਬਰਾੜ ਨੂੰ ਘਰ ਲੈ ਗਈ ਤੇ ਆਪਣੇ ਘਰਦਿਆਂ ਨਾਲ ਮਿਲਾਉਂਦਿਆਂ ਕਿਹਾ ਕਿ ਇਹ ਬਾਈ ਵੀ ਮੁਕਤਸਰ ਪੜ੍ਹਦਾ ਹੁੰਦਾ ਸੀ। ਮੌਕਾ ਮਿਲਦਿਆਂ ਹੀ ਬਰਾੜ ਨੇ ਫਿਰ ਉਹੀ ਗੱਲ ਛੇੜੀ। ਪਰ ਹੁਣ ਪਰਮਿੰਦਰ ਨੇ ਉਸਨੂੰ ਚੰਗੀ ਤਰ੍ਹਾਂ ਝਾੜ ਦਿੱਤਾ। ਇੰਨੀ ਝਾੜ ਖਾ ਕੇ ਉਹ ਕੁੱਝ



ਦਿਨ ਪਰੇਸ਼ਾਨ ਤਾਂ ਰਿਹਾ ਪਰ ਉਸਦਾ ਇੱਕ ਪਾਸੜ ਪਿਆਰ ਹੌਲੀ ਹੌਲੀ ਖਤਮ ਹੋਣ ਲੱਗਿਆ ਤੇ ਬੜੀ ਛੇਤੀ ਸਾਨੂੰ ਪੁਰਾਣਾ ਬਰਾੜ ਮਿਲ ਗਿਆ।

ਉਦੋਂ ਹੀ ਮੇਰੀ ਬਦਲੀ ਅਬੋਹਰ ਡਿਵੀਜ਼ਨ ਦੀ ਹੋ ਗਈ। ਇਹ ਰਨਿੰਗ ਸੈਕਸ਼ਨ ਦੀ ਪੋਸਟਿੰਗ ਸੀ। ਮੈਨੂੰ ਸੀਤੋ ਸੈਕਸ਼ਨ ਮਿਲਿਆ ਸੀ ਤੇ ਮੈਂ ਉੱਥੇ ਹੀ ਨਹਿਰੀ ਕੋਠੀ ’ਚ ਰਹਿਣਾ ਸੀ। ਇਹ ਨਹਿਰੀ ਕੋਠੀ ਸੀਤੋ ਗੁੰਨੋ ਤੋਂ ਪੰਜ ਕਿਲੋਮੀਟਰ ਦੂਰ ਟਿੱਬਿਆਂ ਜਿਹਿਆਂ ’ਚ ਪੈਂਦੀ ਸੀ। ਕੋਲ ਦੀ ਵੱਡੀ ਸੜਕ, ਡੀਫੈਂਸ ਰੋਡ ਲੰਘਦੀ ਸੀ। ਇਸ ਸੜਕ ’ਤੇ ਆਮ ਟਰੈਫਿਕ ਨਹੀਂ ਚੱਲਦਾ ਸੀ। ਕਦੇ ਕਦੇ ਮਿਲਟਰੀ ਲੰਘਦੀ ਤਾਂ ਉਦੋਂ ਇਹ ਸੜਕ ਵਗਦੀ ਲੱਗਦੀ ਨਹੀਂ ਤਾਂ ਇਹ ਸੁੰਨੀ ਪਈ ਰਹਿੰਦੀ। ਮੈਂ ਪਿੱਛੇ ਮੁਕਤਸਰ ਸ਼ਹਿਰ ’ਚ ਰਹਿ ਕੇ ਆਇਆ ਸੀ। ਉੱਥੇ ਬੜੀ ਜਾਣ-ਪਛਾਣ ਬਣ ਗਈ ਸੀ ਇਸ ਕਰਕੇ ਇਸ ਨਵੀਂ ਜਗ੍ਹਾ ਦਿਲ ਨਹੀਂ ਲੱਗਦਾ ਸੀ। ਮਹੀਨੇ ਭਰ ਦੇ ਕਰੀਬ ਵਕਤ ਲੰਘ ਗਿਆ ਪਰ ਇੱਥੇ ਪਲ ਭਰ ਵੀ ਰੁਕਣ ਨੂੰ ਦਿਲ ਨਹੀਂ ਕਰਦਾ ਸੀ। ਇੱਕ ਦਿਨ ਸ਼ਾਮ ਵੇਲੇ ਮੈਂ ਕੰਮ ਵੱਲੋਂ ਵਾਪਸ ਕੋਠੀ ਵੱਲ ਜਾ ਰਿਹਾ ਸੀ ਪਰ ਚਿੱਤ ਉੱਧਰ ਜਾਣ ਨੂੰ ਨਹੀਂ ਕਰਦਾ ਸੀ। ਮੈਂ ਬਾਹਰ ਮੋਟਰਸਾਈਕਲ ਲਾ ਕੇ ਜਿਉਂ ਹੀ ਕੋਠੀ ਅੰਦਰ ਵੜਿਆ ਤਾਂ ਹੈਰਾਨੀ ਨਾਲ ਅੱਖਾਂ ਟੱਡੀਆਂ ਰਹਿ ਗਈਆਂ। ਅਗਾਂਹ ਵਿਹੜੇ ’ਚ ਬਰਾੜ ਬੈਠਾ ਸੀ। ਮੇਰਾ ਦਿਲ ਖਿੜ ਉੱਠਿਆ। ਉਹ ਪੈਂਦੀ ਸੱਟੇ ਰੇਡੀਉ ਵਾਂਗੂੰ ਸਟਾਰਟ ਹੋ ਗਿਆ। ਮੈਂ ਕਿਹਾ, ‘ਯਾਰ ਜ਼ਰਾ ਹੌਲੀ ਚਲਾ ਆਪਨਾ ਰੇਡੀਉ। ਮੈਨੂੰ ਤਾਂ ਤੇਰੀ ਪੂਰੀ ਗੱਲ ਦੀ ਸਮਝ ਵੀ ਨਹੀਂ ਲੱਗ ਰਹੀ।’ ਉਸਨੇ ਦੱਸਿਆ ਕਿ ਉਸਦੀ ਮਲੋਟ ਕਿਸੇ ਲਾਈਨਿੰਗ ਸਬ-ਡਿਵੀਜ਼ਨ ’ਚ ਬਦਲੀ ਹੋ ਗਈ ਹੈ। ਇੱਧਰ ਹੀ ਕਿਧਰੇ ਉਸਦਾ ਕੰਮ ਹੋਵੇਗਾ ਤੇ ਹੁਣ ਉਹ ਮੇਰੇ ਕੋਲ ਹੀ ਰੁਕੇਗਾ। ਮੈਨੂੰ ਹੋਰ ਕੀ ਚਾਹੀਦਾ ਸੀ। ਉਸਦੀ ਮੰਗ ’ਤੇ ਉਸੇ ਵੇਲੇ ਠੇਕੇ ਨੂੰ ਚੱਲ ਪਏ। ਉਹ ਰਾਤ ਉਸਦੀਆਂ ਗੱਲਾਂ ਕਰਦਿਆਂ ਲੰਘੀ। ਹਾਲਾਂ ਕਿ ਸਾਨੂੰ ਅੱਡ ਹੋਇਆਂ ਦੋ ਮਹੀਨੇ ਹੀ ਹੋਏ ਸਨ ਪਰ ਉਸ ਕੋਲ ਇਸ ਸਮੇਂ ਦਰਮਿਆਨ ਵਾਪਰੀਆਂ ਘਟਨਾਵਾਂ ਦਾ ਢੇਰ ਸੀ। ਉਹ ਚਾਹ ਰਿਹਾ ਸੀ ਕਿ ਸਭ ਕੁਛ ਇੱਕੋ ਦਮ ਉਲੱਦ ਦੇਵੇ ਪਰ ਗੱਲਾਂ ਨੇ ਮੁੱਕਦਿਆਂ ਹੀ ਮੁੱਕਣਾ ਸੀ। ਅਗਲੇ ਦਿਨ ਤੋਂ ਉਹ ਚੱਤੋ ਪਹਿਰ ਮੇਰੇ ਨਾਲ ਰਹਿਣ ਲੱਗਿਆ। ਹਫਤੇ ’ਚ ਇੱਕ ਵਾਰ ਅਸੀਂ ਮਲੋਟ ਜਾਂਦੇ ਤੇ ਉਹ ਐੱਸ. ਡੀ. ਓ. ਦੇ ਦਫਤਰ ਗੇੜਾ ਕੱਢ ਕੇ ਮੁੜ ਆਉਂਦਾ। ਇੱਥੇ ਅਸੀਂ ਦੋਨੋਂ ਨਵੇਂ ਸੀ। ਆਲੇ-ਦੁਆਲੇ ਦੀ ਬਹੁਤੀ ਆਬਾਦੀ ਜਾਟ ਜਾਂ ਬਿਸ਼ਨੋਈ ਸਨ। ਪਰ ਬੜੀ ਛੇਤੀ ਸਾਡੀਆਂ ਲਿਹਾਜਾਂ ਬਣ ਗਈਆਂ। ਮੁਕਤਸਰ ਤਾਂ ਕੰਮ ਹੁੰਦਾ ਸੀ ਪਰ ਇੱਥੇ ਬਿਲਕੁਲ ਹੀ ਵਿਹਲੇ ਸੀ। ਰਨਿੰਗ ਸੈਕਸ਼ਨ ਵਿੱਚ ਸਿਰਫ ਚੱਲ ਰਹੀਆਂ ਨਹਿਰਾਂ ਦੀ ਦੇਖਭਾਲ ਦਾ ਕੰਮ ਹੁੰਦਾ ਹੈ। ਸੋ ਅਸੀਂ ਕਦੇ ਕਿਸੇ ਚੌਧਰੀ ਦੇ ਮਹਿਮਾਨ ਹੁੰਦੇ ਤੇ ਕਦੇ ਕਿਸੇ ਦੇ। ਸਮਾਂ ਬਹੁਤ ਵਧੀਆ ਗੁਜ਼ਰ ਰਿਹਾ ਸੀ। ਇਹ ਥਾਂ ਬਰਾੜ ਨੂੰ ਬਹੁਤ ਪਸੰਦ ਸੀ। ਛੇਤੀ ਹੀ ਉਸਨੇ ਕੋਠੀ ਦੇ ਚੌਥਾ ਦਰਜਾ ਜਾਣੀ ਕਿ ਵੇਲ੍ਹਦਾਰ ਬਗੈਰਾ ਨਾਲ ਸਾਂਝ ਬਣਾ ਲਈ। ਰਾਤ ਨੂੰ ਪੀਣ-ਖਾਣ ਪਿੱਛੋਂ ਮੈਂ ਤਾਂ ਸੌਂ ਜਾਂਦਾ ਪਰ ਉਸਨੂੰ ਚੈਨ ਨਹੀਂ ਸੀ ਹੁੰਦਾ। ਉਦੋਂ ਰਾਤ ਨੂੰ ਨਹਿਰ ’ਤੇ ਪਹਿਰਾ ਦੇਣ ਵਾਲੀ ਵੱਖਰੀ ਟੀਮ ਰੱਖੀ ਹੁੰਦੀ ਸੀ। ਉਹ ਦਸ ਕੁ ਵਜੇ ਘਰੋਂ ਤੁਰਦੇ ਤਾਂ ਬਰਾੜ ਕਈ ਵਾਰ ਉਨ੍ਹਾਂ ਨਾਲ ਚਲਾ ਜਾਂਦਾ। ਫਿਰ ਪਤਾ ਨਹੀਂ ਕਿਸ ਵੇਲੇ ਮੁੜਦਾ ਪਰ ਸਵੇਰੇ ਸੰਦੇਹਾਂ ਹੀ ਤਿਆਰ ਹੋ ਰਿਹਾ ਹੁੰਦਾ। ਮੈਂ ਪੁੱਛਣਾ ਕਿ ਇੰਨੀ ਜਲਦੀ ਤੂੰ ਕਿੱਧਰ ਜਾਣਾ ਹੈ ਤਾਂ ਉਹ ਕਹਿੰਦਾ ਕਿ ਬੰਦੇ ਨੂੰ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਅੱਗੇ ਦੀਵਾਲੀ ਦੇ ਦਿਨ ਆ ਗਏ। ਇਨ੍ਹਾਂ ਮੁਲਾਜ਼ਮਾਂ ਦਾ ਕੋਈ ਤਿਉਹਾਰ ਹੁੰਦਾ ਸੀ। ਜਿਸਦੀ ਸ਼ੁਰੂਆਤ ਉਹ ਪੰਦਰ੍ਹਾਂ ਦਿਨ ਪਹਿਲਾਂ ਕਰ ਦਿੰਦੇ। ਹੁੰਦਾ ਇਹ ਕਿ ਚਾਰ ਵਜੇ

ਕੁਆਰੀਆਂ ਕੁੜੀਆਂ ਨਹਿਰ 'ਚ ਨਹਾਉਂਦੀਆਂ, ਨਾਲੇ ਗੀਤ ਗਾਉਂਦੀਆਂ। ਉਹ ਤਕਰੀਬਨ ਘੰਟਾ ਭਰ ਨਹਾਉਂਦੀਆਂ। ਮੈਨੂੰ ਤਾਂ ਕਦੇ ਪਤਾ ਨਹੀਂ ਲੱਗਿਆ ਸੀ ਪਰ ਇੱਕ ਦਿਨ ਬਰਾੜ ਨੇ ਹੀ ਦੱਸਿਆ ਕਿ ਦਸ ਬਾਰ੍ਹਾਂ ਜੁਆਨ ਕੁੜੀਆਂ ਸਵੇਰ ਵੇਲੇ ਨਗਨ ਅਵਸਥਾ 'ਚ ਨਹਿਰ ਵਿੱਚ ਨਹਾਉਂਦੀਆਂ ਹਨ। ਮੈਂ ਉਸਨੂੰ ਕਿਹਾ ਕਿ ਯਾਰ ਇਹ ਮੇਰਾ ਘਰ ਹੈ ਅਤੇ ਇੱਥੇ ਦੇ ਮੁਲਾਜ਼ਮ ਮੇਰੇ ਮੁਤੈਹਿਤ ਹਨ। ਤੂੰ ਕਿਧਰੇ ਕੋਈ ਪੰਗਾ ਨਾ ਪਾ ਦਈਂ। ਪਰ ਉਹ ਕਿੱਥੇ ਹੱਟਣ ਵਾਲਾ ਸੀ। ਕੋਈ ਸ਼ਰਾਰਤ ਤਾਂ ਉਸਨੇ ਨਾ ਕੀਤੀ ਪਰ ਇੱਕ ਦਿਨ ਮੇਟ ਨੇ ਮੈਨੂੰ ਪਾਸੇ ਕਰਦਿਆਂ ਗੱਲ ਕੀਤੀ। ਉਸ ਮੁਤਾਬਕ ਉਸਨੇ ਬਰਾੜ ਨੂੰ ਦਰੱਖ਼ਤਾਂ ਉਹਲੇ ਲੁਕ ਕੇ, ਨਹਾ ਰਹੀਆਂ ਕੁੜੀਆਂ ਨੂੰ ਤੱਕਦਿਆਂ ਵੇਖਿਆ ਸੀ। ਮੇਟ ਨੇ ਕਿਹਾ ਕਿ ਜੇਕਰ ਸਾਰੇ ਮੁਲਾਜ਼ਮਾਂ ਨੂੰ ਪਤਾ ਲੱਗ ਗਿਆ ਤਾਂ ਉਹ ਬਰਾੜ ਦਾ ਇੱਥੇ ਰਹਿਣਾ ਦੁੱਬਰ ਕਰ ਦੇਣਗੇ। ਬਰਾੜ ਨੂੰ ਬੜਾ ਮੁਸ਼ਕਲ ਰੋਕਿਆ। ਉਦੋਂ ਸਾਡੇ ਨਾਲ ਤੀਸਰਾ ਸਾਥੀ ਸ਼ੇਰੇਵਾਲੇ ਦਾ ਨੰਬਰਦਾਰ ਰਲ਼ ਗਿਆ ਸੀ। ਉਹ ਇੱਕ ਵੱਡਾ ਜ਼ਿਮੀਦਾਰ ਸੀ। ਪਰ ਉਸਨੂੰ ਤੁਰਨਾ ਫਿਰਨਾ ਤੇ ਬਰਾੜ ਵਰਗਾ ਘੁਮੱਕੜਪੁਣਾ ਪਸੰਦ ਸੀ। ਉਸ ਕੋਲ ਜੀਪ ਸੀ। ਉਹ ਦਿਨ ਭਰ ਸਾਡੇ ਨਾਲ ਰਹਿੰਦਾ ਤੇ ਸ਼ਾਮ ਵੇਲੇ ਆਪਦੇ ਪਿੰਡ ਨੂੰ ਮੁੜ ਜਾਂਦਾ। ਜਾਂ ਬਹੁਤੀ ਵਾਰ ਅਸੀਂ ਉਸਦੇ ਕੋਲ ਜਾ ਰੁਕਦੇ। ਉਹ ਵੇਲਾ ਹੀ ਅਜਿਹਾ ਸੀ ਤੇ ਨਾਲ ਨੌਕਰੀ ਵੀ ਨਿਵੇਕਲੀ ਸੀ ਕਿ ਲੱਗਦਾ ਜਿਵੇਂ ਕਿਸੇ ਟੂਰ 'ਤੇ ਆਏ ਹਾਂ। ਬੇਫਿਕਰੀ ਦੀ ਜ਼ਿੰਦਗੀ। ਮੇਰੀ ਰਿਹਾਇਸ਼ ਵਾਲੀ ਕੋਠੀ ਤੋਂ ਬਿਨਾਂ ਇਸ ਸੈਕਸ਼ਨ ਵਿੱਚ ਦੋ ਕੋਠੀਆਂ ਹੋਰ ਪੈਂਦੀਆਂ ਸਨ। ਹੇਠਾਂ ਵੱਲ ਸ਼ੇਰੇਵਾਲਾ ਅਤੇ ਉੱਪਰ ਵੱਲ ਕੰਦੂਖੇੜਾ। ਫਿਰ ਇੱਕ ਦਿਨ ਬਰਾੜ ਦੀ ਸਬ-ਡਿਵੀਜ਼ਨ ਦਾ ਕੋਈ ਉਵਰਸੀਅਰ ਉਸਨੂੰ ਲੈਣ ਆ ਗਿਆ ਕਿ ਐੱਸ. ਡੀ. ਓ. ਨੇ ਬੁਲਾਇਆ ਹੈ। ਬਰਾੜ ਚਲਾ ਗਿਆ। ਪਿੱਛੇ ਖਲਾਅ ਜਿਹਾ ਪੈਦਾ ਹੋ ਗਿਆ। ਉਸ ਬਿਨਾਂ ਦਿਲ ਨਾ ਲੱਗੇ। ਤੀਸਰੇ ਦਿਨ ਆਖਰੀ ਬੱਸ ਤੋਂ ਉਤਰ ਕੇ ਬਰਾੜ ਕੋਠੀ ਵੱਲ ਤੁਰਿਆ ਆਵੇ। ਉਸਨੇ ਦੱਸਿਆ ਕਿ ਐੱਸ. ਡੀ. ਓ. ਕਹਿੰਦਾ ਹੈ ਕਿ ਕੰਮ ਸ਼ੁਰੂ ਕਰ ਪਰ ਮੇਰਾ ਉੱਥੇ ਦਿਲ ਹੀ ਨਹੀਂ ਲੱਗਦਾ। ਫਿਰ ਮੈਂ ਪੁੱਛਿਆ ਕਿ ਹੁਣ ਕਿਸ ਬਹਾਨੇ ਆਇਆ ਹੈਂ। ਉਸਨੇ ਦੱਸਿਆ ਕਿ ਉਸਦਾ ਐੱਸ. ਡੀ. ਓ. ਮੀਟ ਦਾ ਸ਼ੌਕੀਨ ਹੈ। ਕਹਿੰਦਾ, ਮੈਂ ਉਸਨੂੰ ਕਹਿ ਕੇ ਆਇਆ ਹਾਂ ਕਿ ਤੇਰੇ ਵਾਸਤੇ ਮਿਰਗ ਦਾ ਆਚਾਰ ਪਾ ਕੇ ਲਿਆਉਂਦਾ ਹਾਂ। ਮੈਂ ਉਸੇ ਵੇਲੇ ਸਾਵਧਾਨ ਹੋ ਗਿਆ ਕਿਉਂਕਿ ਉੱਥੇ ਬਹੁਤ ਮਿਰਗ ਬਹੁਤ ਸਨ। ਪਰ ਬਿਸ਼ਨੋਈਆਂ ਦਾ ਗੜ੍ਹ ਹੋਣ ਕਰਕੇ ਇਹ ਪਾਬੰਦੀਸ਼ੁਦਾ ਇਲਾਕਾ ਸੀ। ਸੋ ਮੈਂ ਉਸਨੂੰ ਕਿਹਾ ਕਿ ਬਰਾੜਾ ਤੈਨੂੰ ਵੀ ਪਤਾ ਹੈ ਕਿ ਇਹ ਇਲਾਕਾ ਬਿਸ਼ਨੋਈਆਂ ਦਾ ਹੈ ਤੇ ਇਨ੍ਹਾਂ ਪਿੰਡਾਂ 'ਚ ਸ਼ਿਕਾਰ ਖੇਡਣ ਦੀ ਮਨਾਹੀ ਹੈ। ਕੋਈ ਜੰਗਲੀ ਜਾਨਵਰ ਨਹੀਂ ਮਾਰ ਸਕਦੇ। ਉਹ ਕਹਿੰਦਾ ਕਿ ਚੁੱਪ ਕਰਕੇ ਇੱਕ ਰੋੜ ਲੈਨੇ ਆਂ ਇੱਥੇ ਕਿਹੜਾ ਕਿਸੇ ਨੂੰ ਪਤਾ ਲੱਗਦਾ ਹੈ। ਮੈਂ ਸਮਝ ਗਿਆ ਕਿ ਜਿਹੜੀ ਗੱਲ ਉਸਦੇ ਦਿਮਾਗ 'ਚ ਆ ਜਾਵੇ ਉਸ ਤੋਂ ਉਹ ਪਿੱਛੇ ਨਹੀਂ ਹੱਟਦਾ ਹੁੰਦਾ। ਨੰਬਰਦਾਰ ਕੋਲ ਬੰਦੂਕ ਸੀ। ਵੈਸੇ ਵੀ ਉਹ ਜਾਟ ਸੀ, ਨਾ ਕਿ ਬਿਸ਼ਨੋਈ। ਸੋ ਉਸਨੂੰ ਮਿਰਗ ਮਾਰਨ 'ਚ ਕੋਈ ਦਿੱਕਤ ਨਹੀਂ ਸੀ। ਦੋਨਾਂ ਨੇ ਮੇਰੇ ਤੋਂ ਉਹਲਾ ਰੱਖਿਆ ਤੇ ਆਖਰ ਸ਼ਾਮ ਵੇਲੇ ਇੱਕ ਮਿਰਗ ਮਾਰ ਲਿਆ। ਜਿਹੜੀ ਗੱਲ ਦਾ ਡਰ ਸੀ ਉਹੀ ਹੋਈ। ਮਿਰਗ ਮਾਰਨ ਦੇ ਕੁੱਝ ਦੇਰ ਬਾਅਦ ਹੀ ਆਲੇ ਦੁਆਲੇ ਦੇ ਖੇਤਾਂ ਵਾਲਿਆਂ ਰੌਲਾ ਪਾ ਦਿੱਤਾ। ਕਾਫੀ ਸਾਰੇ ਲੋਕ ਮਾਰੇ ਹੋਏ ਮਿਰਗ ਨੂੰ ਘੇਰ ਕੇ ਬੈਠ ਗਏ ਤਾਂ ਕਿ ਕੋਈ ਚੁੱਕ ਨਾ ਸਕੇ ਤੇ ਉਹ ਪੁਲਸ ਕਾਰਵਾਈ ਕਰਵਾਉਣ। ਉੱਥੋਂ ਬਰਾੜ ਭੱਜਿਆ ਭੱਜਿਆ ਕੋਠੀ ਆਇਆ। ਉਸਦਾ ਸਾਹ ਨਾਲ ਸਾਹ ਨਹੀਂ ਰਲ਼ ਰਿਹਾ ਸੀ। ਉਸਨੇ ਆਉਂਦਿਆਂ ਹੀ ਦੱਸ ਦਿੱਤਾ ਕਿ ਉਸਨੇ ਮਿਰਗ ਮਾਰ



ਦਿੱਤਾ ਤੇ ਅੱਗੇ ਲੋਕਾਂ ਵੱਲੋਂ ਇਕੱਠੇ ਹੋਣਾ ਵੀ ਦੱਸ ਦਿੱਤਾ। ਨੰਬਰਦਾਰ ਤਾਂ ਆਪਦੇ ਪਿੰਡ ਨੂੰ ਨਿਕਲ ਗਿਆ। ਪਿੱਛੇ ਰਹਿ ਗਏ ਅਸੀਂ ਦੋਨੋਂ। ਆਲੇ ਦੁਆਲੇ ਰੌਲਾ ਪੈ ਗਿਆ। ਪਹਿਲੇ ਵੇਲਿਆਂ 'ਚ ਤਾਂ ਲੋਕ ਕੱਠੇ ਹੋ ਕੇ ਜਾਨਵਰਾਂ ਮਾਰਨ ਵਾਲਿਆਂ ਦੀ ਕੁੱਟਮਾਰ ਕਰਦੇ ਸਨ ਪਰ ਹੁਣ ਪੁਲਸ ਤੱਕ ਪਹੁੰਚ ਕਰਕੇ ਕੇਸ ਬਗੈਰਾ ਬਣਵਾਉਂਦੇ ਸਨ। ਮੇਰੇ ਪੱਖ 'ਚ ਇਹ ਗੱਲ ਜਾਂਦੀ ਸੀ ਕਿ ਜਿਨ੍ਹਾਂ ਨੇ ਬਰਾੜ ਨੂੰ ਮਾਰਦੇ ਨੂੰ ਵੇਖਿਆ ਜਾਂ ਜੋ ਮੌਕੇ ਦੇ ਗਵਾਹ ਸਨ ਉਹ ਕਹਿ ਰਹੇ ਸਨ ਕਿ ਮਿਰਗ, ਕੋਠੀ ਵਾਲੇ ਉਵਰਸੀਅਰ ਨੇ ਨਹੀਂ ਮਾਰਿਆ ਸਗੋਂ ਕਿਸੇ ਹੋਰ ਨੇ ਮਾਰਿਆ ਹੈ। ਪਰ ਗਿਆ ਉਹ ਵੀ ਕੋਠੀ ਵੱਲ ਹੀ ਹੈ। ਸ਼ਾਮ ਦਾ ਵੇਲਾ ਸੀ। ਮੈਂ ਉਸੇ ਵੇਲੇ ਬਰਾੜ ਨੂੰ ਨਾਲ ਬਿਠਾਇਆ ਤੇ ਅਬੋਹਰ ਨੂੰ ਨਿਕਲ ਗਏ। ਅਸੀਂ ਬਚਾਅ ਦੇ ਪ੍ਰਬੰਧ ਸ਼ੁਰੂ ਕਰ ਦਿੱਤੇ। ਪੁਲਸ ਵਾਲਿਆਂ ਨੇ ਇਸ ਗੱਲ 'ਚ ਖਾਸ ਦਿਲਚਸਪੀ ਨਾ ਲਈ ਕਿਉਂਕਿ ਉੱਥੇ ਅਸੀਂ ਬੰਦਾ ਲੱਭ ਲਿਆ ਸੀ। ਫਿਰ ਜੋ ਮਹਿਕਮਾ ਇਸ ਤਰ੍ਹਾਂ ਦੇ ਕੇਸਾਂ ਨੂੰ ਹੈਂਡਲ ਕਰਦਾ ਹੈ ਅਸੀਂ ਉਸ ਨੂੰ ਲੱਭਿਆ। ਤਿੰਨ ਚਾਰ ਦਿਨ ਦੀ ਭੱਜ-ਨੱਸ ਬਾਅਦ ਕੇਸ ਤੋਂ ਤਾਂ ਬਚ ਰਹੇ ਪਰ ਤਿੰਨ ਚਾਰ ਹਜ਼ਾਰ ਰੁਪਏ ਲੱਗ ਗਏ। ਬਰਾੜ ਅੱਠ ਦਸ ਦਿਨ ਵਾਪਸ ਨਾ ਆਇਆ। ਫਿਰ ਮੈਂ ਉਸ ਕੋਲ ਗਿਆ ਤੇ ਦੱਸਿਆ ਕਿ ਸਭ ਸੈੱਟ ਹੋ ਗਿਆ ਤੇ ਹੁਣ ਤੂੰ ਆ ਸਕਦਾ ਹੈਂ। ਚੁਸਤ ਉਹ ਇੰਨਾ ਕਿ ਪਹਿਲਾਂ ਜਾ ਕੇ ਐੱਸ. ਡੀ. ਓ. ਨੂੰ ਇਹੀ ਕਿਹਾ ਸੀ ਕਿ ਇਸ ਵੇਲੇ ਮਿਰਗਾਂ ਦੀ ਡਾਰ ਕਿਧਰੇ ਦੂਰ ਚਲੀ ਗਈ ਹੈ। ਦੋ ਕੁ ਹਫਤੇ ਬਾਅਦ ਪਤਾ ਕਰਾਂਗਾ। ਮੇਰੇ ਗਏ ਤੋਂ ਐੱਸ. ਡੀ. ਓ. ਨੂੰ ਕਹਿੰਦਾ ਕਿ ਚਹਿਲ ਮੈਨੂੰ ਲੈਣ ਆਇਆ ਹੈ ਕਿ ਮਿਰਗ ਵਾਪਸ ਆ ਗਏ ਹਨ। ਐੱਸ. ਡੀ. ਓ. ਨੇ ਉਸੇ ਵੇਲੇ ਤੋਰ ਦਿੱਤਾ। ਤੁਰਨ ਤੋਂ ਪਹਿਲਾਂ ਉਸਦੇ ਐੱਸ. ਡੀ. ਓ. ਨੇ ਮੈਨੂੰ ਪਾਸੇ ਕਰਕੇ ਪੁੱਛਿਆ ਕਿ ਯਾਰ ਇਹ ਕਿਹੋ ਜਿਹਾ ਬੰਦਾ ਹੈ ਕਿ ਕੰਮ 'ਚ ਦਿਲਚਸਪੀ ਹੀ ਨਹੀਂ ਲੈਂਦਾ। ਮੈਂ ਸਹੀ ਗੱਲ ਦੱਸ ਦਿੱਤੀ ਕਿ ਇਹ ਘੁਮੱਕੜ ਕਿਸਮ ਦਾ ਇਨਸਾਨ ਹੈ। ਨਾ ਹੀ ਇਸਨੂੰ ਕੰਮ ਆਉਂਦਾ ਹੈ। ਖੈਰ! ਬਰਾੜ ਮੇਰੇ ਨਾਲ ਹੀ ਆ ਗਿਆ। ਅਗਾਂਹ ਮਿਰਗ ਵਾਲੀ ਗੱਲ ਮੁੱਕ ਚੁੱਕੀ ਸੀ ਸੋ ਅਸੀਂ ਪਹਿਲਾਂ ਦੀ ਤਰ੍ਹਾਂ ਹੀ ਘੁੰਮਣ ਫਿਰਨ ਲੱਗ ਪਏ।

ਇਸ ਵਿਚਕਾਰ ਮੇਰਾ ਮੰਗਣਾ ਹੋ ਗਿਆ ਸੀ। ਅੱਗੇ ਸਰਦੀਆਂ 'ਚ ਵਿਆਹ ਹੋ ਜਾਣਾ ਸੀ। ਉਹ ਉਦਾਸ ਰਹਿਣ ਲੱਗਿਆ। ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗਿਆ ਕਿ ਸਭ ਦੇ ਵਿਆਹ ਹੋ ਗਏ ਪਰ ਮੈਂ ਹਾਲੇ ਉਵੇਂ ਹੀ ਫਿਰਦਾ ਹਾਂ। ਮੈਂ ਕਿਹਾ ਕਿ ਇਹ ਕਿਹੜਾ ਵੱਡੀ ਗੱਲ ਹੈ ਤੂੰ ਘਰਦਿਆਂ ਨੂੰ ਕਹਿ ਤੇ ਤੇਰਾ ਤੁਰੰਤ ਵਿਆਹ ਹੋ ਜਾਵੇਗਾ। ਕਿਉਂਕਿ ਉਵਰਸੀਅਰ ਲੱਗੇ ਮੁੰਡੇ ਨੂੰ ਰਿਸ਼ਤਿਆਂ ਦੀ ਘਾਟ ਨਹੀਂ। ਪਰ ਉਸਦਾ ਜੁਆਬ ਸੀ ਕਿ ਪਹਿਲਾਂ ਉਹ ਕਿਸੇ ਨਾਲ ਪਿਆਰ ਕਰੇਗਾ, ਬਾਅਦ 'ਚ ਉਸੇ ਨਾਲ ਵਿਆਹ ਕਰਵਾਏਗਾ। ਅੱਗੇ ਦਸੰਬਰ 'ਚ ਮੇਰਾ ਵਿਆਹ ਹੋ ਗਿਆ। ਉਹ ਮੇਰੇ ਨਾਲ ਹੀ ਗਿਆ ਤੇ ਵਿਆਹ ਦਾ ਵੱਧ ਚੜ੍ਹ ਕੇ ਆਨੰਦ ਮਾਣਿਆਂ। ਜਦੋਂ ਮੈਂ ਪੰਦਰ੍ਹਾਂ ਦਿਨਾਂ ਦੀ ਛੁੱਟੀ ਪਿੱਛੋਂ ਘਰ ਵਾਲੀ ਨਾਲ ਕੋਠੀ ਮੁੜਿਆ ਤਾਂ ਬਰਾੜ ਉੱਥੇ ਨਹੀਂ ਸੀ। ਉਹ ਆਪਣੇ ਕੱਪੜੇ ਬਗੈਰਾ ਚੁੱਕ ਕੇ ਲੈ ਗਿਆ ਸੀ। ਮੈਨੂੰ ਇਸ ਗੱਲ ਨੇ ਬਹੁਤ ਉਦਾਸ ਕਰ ਦਿੱਤਾ। ਮੈਂ ਅਗਲੇ ਦਿਨ ਹੀ ਮਲੋਟ ਪਹੁੰਚ ਕੇ ਉਸਨੂੰ ਲੱਭ ਲਿਆ। ਮੈਂ ਉਸਦੇ ਇਸ ਤਰ੍ਹਾਂ ਤੁਰ ਆਉਣ 'ਤੇ ਰੋਸਾ ਜ਼ਾਹਰ ਕੀਤਾ। ਉਸਨੇ ਕਿਹਾ ਕਿ ਹੁਣ ਉਸਦਾ ਮੇਰੇ ਕੋਲ ਰਹਿਣਾ ਸ਼ੋਭਾ ਨਹੀਂ ਦਿੰਦਾ। ਪਰ ਨਾਲ ਹੀ ਉਸਨੇ ਕਿਹਾ ਕਿ ਉਸ ਕੋਲ ਖੁਸ਼ਖਬਰੀ ਹੈ। ਮੈਂ ਪੁੱਛਿਆ, ਕੀ ਤਾਂ ਉਸਨੇ ਦੱਸਿਆ ਕਿ ਉਸਦਾ ਰਿਸ਼ਤਾ ਪੱਕਾ ਹੋ ਗਿਆ। ਕਮਾਲ ਦੀ ਗੱਲ ਇਹ ਸੀ ਕਿ ਉਸਦਾ ਪਿੰਡ ਮੁਕਤਸਰ ਕੋਲ ਸੀ ਪਰ ਉਸਦਾ ਹੋਣ ਵਾਲਾ

ਸੁਹਰਾ ਪਿੰਡ ਮੇਰੇ ਪਿੰਡ ਤੋਂ ਸਿਰਫ ਚਾਰ ਕੁ ਕਿਲੋਮੀਟਰ ਸੀ। ਮੈਨੂੰ ਪਤਾ ਸੀ ਕਿ ਹੁਣ ਉਹ ਕੀ ਕਮਲ਼ ਮਾਰੂਗਾ ਤੇ ਉਸਨੇ ਉਹੀ ਕੀਤਾ। ਕਹਿਣ ਲੱਗਿਆ ਕਿ ਕਿਵੇਂ ਨਾ ਕਿਵੇਂ ਕੁੜੀ ਬਾਰੇ ਪਤਾ ਕਰ। ਮੈਂ ਉਸਦੇ ਹੋਣ ਵਾਲੇ ਸੁਹਰੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਉਸਨੂੰ ਝਿੜਕਿਆ ਕਿ ਇਸ ਤਰ੍ਹਾਂ ਦੀ ਗੱਲ ਸ਼ੋਭਾ ਨਹੀਂ ਦਿੰਦੀ। ਮੈਂ ਉਸਨੂੰ ਮਸਾਂ ਮਨਾਇਆ। ਫਿਰ ਉਸਦਾ ਮੰਗਣਾ ਹੋ ਗਿਆ ਪਰ ਵਿਆਹ ਹਾਲੇ ਕੁੱਝ ਮਹੀਨੇ ਠਹਿਰ ਕੇ ਹੋਣਾ ਸੀ। ਮੈਂ ਉਸਦੇ ਮੰਗਣੇ ਵੇਲੇ ਗਿਆ। ਉਹ ਬੜਾ ਖੁਸ਼ ਸੀ। ਪਰ ਮੰਗਣੇ ਦੇ ਮਹੀਨੇ ਕੁ ਬਾਅਦ ਹੀ ਉਹ ਮੇਰੇ ਕੋਲ ਕੋਠੀ ਆ ਗਿਆ। ਘੁੱਟ ਕੁ ਅੰਦਰ ਜਾਣ ਦੀ ਦੇਰ ਸੀ ਕਿ ਉਹ ਬਰਾੜ ਦੇ ਅਸਲੀ ਰੂਪ 'ਚ ਆ ਗਿਆ। ਕਹਿਣ ਲੱਗਿਆ ਕਿ ਚਹਿਲਾ ਮੈਂ ਤੇਰੇ ਕੋਲ ਬਹੁਤ ਉਮੀਦ ਲੈ ਕੇ ਆਇਆ ਹਾਂ। ਆਪਣੀ ਸਾਰੀ ਉਮਰ ਦੀ ਦੋਸਤੀ ਹੈ ਮੈਨੂੰ ਨਿਰਾਸ਼ ਨਾ ਕਰੀਂ। ਮੈਂ ਪੁੱਛਿਆ, ਦੱਸ ਕੀ ਗੱਲ ਹੈ ਤਾਂ ਉਹ ਕਹਿੰਦਾ ਕਿ ਇੱਕ ਵਾਰੀ ਮੈਂ ਉਸਨੂੰ ਉਸਦੀ ਮੰਗੇਤਰ ਨਾਲ ਮਿਲਾ ਦਿਆਂ। ਮੈਂ ਕੋਰਾ ਜੁਆਬ ਦੇ ਦਿੱਤਾ। ਫਿਰ ਉਹ ਇਸ ਗੱਲ 'ਤੇ ਅੜ ਗਿਆ ਕਿ ਜੇਕਰ ਮਿਲਾ ਨਹੀਂ ਸਕਦਾ ਤਾਂ ਕਮ ਸੇ ਕਮ ਵਿਖਾ ਹੀ ਦੇਵਾਂ। ਮੈਂ ਪੁੱਛਿਆ ਕਿ ਮਹੀਨਾ ਪਹਿਲਾਂ ਤਾਂ ਤੂੰ ਵੇਖ ਕੇ ਆਇਆ ਹੈਂ। ਮਤਲਬ ਮੰਗਣਾ ਹੋਣ ਤੋਂ ਪਹਿਲਾਂ ਉਸਨੂੰ ਕੁੜੀ ਵਿਖਾਈ ਗਈ ਸੀ। ਉਹ ਕਹਿੰਦਾ, ਅਸਲ 'ਚ ਯਾਰ ਮੈਨੂੰ ਭੁੱਲ ਗਿਆਂ ਕਿ ਉਹ ਕਿਹੋ ਜਿਹੀ ਹੈ। ਮੈਂ ਕਿਹਾ, ਕਮਾਲ ਹੈ ਯਾਰ। ਮਹੀਨਾ ਪਹਿਲਾਂ ਵੇਖ ਕੇ ਆਇਆ ਹੈਂ ਤੇ ਐਡੀ ਛੇਤੀ ਭੁੱਲ ਵੀ ਗਿਆ। ਕਹਿੰਦਾ, ਭਾਵੇਂ ਸੌਂਹ ਖੁਆ ਲੈ ਮੈਨੂੰ ਸੱਚੀਂ ਹੀ ਭੁੱਲ ਗਈ। ਕਹਿਣ ਲੱਗਿਆ ਕਿ ਮੈਂ ਬਹੁਤ ਕੋਸ਼ਿਸ ਕਰਦਾ ਹਾਂ ਕਿ ਉਹ ਯਾਦ ਆ ਜਾਵੇ ਪਰ ਮੇਰੇ ਜ਼ਿਹਨ 'ਚ ਉਸਦਾ ਚਿਹਰਾ ਹੀ ਨਹੀਂ ਆਉਂਦਾ। ਫਿਰ ਮੈਂ ਕਿਹਾ ਕਿ ਆਹ ਦੋ ਚੌਂਹ ਮਹੀਨਿਆਂ ਤੱਕ ਵਿਆਹ ਹੋ ਜਾਵੇਗਾ ਫਿਰ ਤੇਰੇ ਕੋਲ ਹੀ ਰਹੂਗੀ ਜਿੰਨਾ ਮਰਜ਼ੀ ਵੇਖੀ ਜਾਇਆ ਕਰੀਂ। ਪਰ ਉਹ ਜੁਆਕਾਂ ਵਾਂਗੂੰ ਅੜ ਕੇ ਬਹਿ ਗਿਆ। ਕਹਿੰਦਾ, ਮੈਂ ਉਦੋਂ ਤੱਕ ਇੱਥੋਂ ਨਹੀਂ ਜਾਂਦਾ ਜਦੋਂ ਤੱਕ ਮੈਨੂੰ ਵਿਖਾ ਕੇ ਨਹੀਂ ਲਿਆਉਂਦਾ। ਮੈਂ ਬੜਾ ਫਸਿਆ। ਕੋਈ ਰਾਹ ਨਾ ਰਿਹਾ। ਨਾ ਹੀ ਉਸਦੀ ਗੱਲ ਮੈਂ ਮੰਨ ਸਕਦਾ ਸੀ। ਆਖਰ ਮੈਂ ਉਸਨੂੰ ਮੇਰੇ ਪਿੰਡ ਲੈ ਗਿਆ। ਉੱਥੇ ਪੀਣ ਲਾ ਲਿਆ। ਕਾਫੀ ਹਨੇਰੇ ਹੋਏ ਉਸਦੇ ਸੁਹਰੇ ਪਿੰਡ ਕਿਸੇ ਦੋਸਤ ਦੇ ਘਰ ਜਾ ਬੈਠੇ। ਦੋਸਤ ਨੂੰ ਮੈਂ ਪਹਿਲਾਂ ਸਾਰੀ ਗੱਲ ਸਮਝਾ ਹੋਈ ਸੀ। ਥੋੜ੍ਹੀ ਦੇਰ ਪਿੱਛੋਂ ਹੀ ਗੁਆਂਢ ਰਹਿੰਦੇ ਕਿਸੇ ਹੋਰ ਪਰਿਵਾਰ ਦੀ ਕੁੜੀ ਲੰਘੀ ਤਾਂ ਦੋਸਤ ਨੇ ਬਰਾੜ ਨੂੰ ਉਸਦੀ ਜ਼ਰਾ ਕੁ ਝਲਕ ਵਿਖਾ ਦਿੱਤੀ। ਕੁੜੀ ਸੁਣੱਖੀ ਸੀ ਤੇ ਬਰਾੜ ਬੜਾ ਖੁਸ਼ ਹੋਇਆ। ਫਿਰ ਮੈਨੂੰ ਅੰਦਾਜ਼ਾ ਹੋਇਆ ਕਿ ਉਹ ਵਾਕਿਆ ਹੀ ਵੇਖੀ ਹੋਈ ਕੁੜੀ ਦੀ ਸ਼ਕਲ ਭੁੱਲ ਚੁੱਕਿਆ ਹੈ। ਫਿਰ ਉਸਦਾ ਵਿਆਹ ਹੋ ਗਿਆ। ਵਿਆਹ ਦੇ ਤਿੰਨ ਚਾਰ ਮਹੀਨੇ ਬਾਅਦ ਮੇਰੇ ਕੋਲ ਆਇਆ ਤਾਂ ਉਸਦੀਆਂ ਅੱਖਾਂ 'ਚ ਰੋਸ ਸੀ। ਦੋ ਕੁ ਪੈੱਗ ਲਾ ਕੇ ਕਹਿੰਦਾ ਕਿ ਮੈਂ ਉਸ ਨਾਲ ਧੋਖਾ ਕੀਤਾ ਹੈ। ਮੈਂ ਪੁੱਛਿਆ, ਕਿਵੇਂ ਤਾਂ ਕਹਿਣ ਲੱਗਿਆ ਕਿ ਜੋ ਕੁੜੀ ਤੂੰ ਮੈਨੂੰ ਵਿਖਾ ਕੇ ਲਿਆਇਆ ਸੀ ਮੇਰੀ ਘਰਵਾਲੀ ਉਹ ਨਹੀਂ ਹੈ। ਮੈਂ ਕਿਹਾ, ਕੀ ਤੈਨੂੰ ਮੰਗਣੇ ਤੋਂ ਪਹਿਲਾਂ ਇਹੋ ਨਹੀਂ ਵਿਖਾਈ ਸੀ। ਉਹ ਕਹਿੰਦਾ, ਪਤਾ ਨਹੀਂ ਕਿਉਂਕਿ ਉਹ ਤਾਂ ਉਸਦੇ ਯਾਦ ਹੀ ਨਹੀਂ ਰਹੀ ਸੀ। ਉਂਝ ਉਸਦੀ ਘਰ ਵਾਲੀ ਸੁਹਣੀ ਸੁਣੱਖੀ ਸੀ ਪਰ ਉਸਦਾ ਕੱਦ ਥੋੜ੍ਹਾ ਛੋਟਾ ਸੀ। ਸੁਭਾਅ ਮੁਤਾਬਕ ਉਸਦੇ ਅੰਦਰ ਇਹ ਗੱਲ ਬੈਠ ਗਈ ਕਿ ਉਹ ਲੰਬਾ ਲੰਝਾ ਤੇ ਘਰਵਾਲੀ ਮਧਰੀ। ਕੁੱਝ ਕੁ ਉਸਦੇ ਨਾਲ ਦੇ ਸ਼ਰਾਰਤੀਆਂ ਨੇ ਉਸਨੂੰ ਕਿਹਾ ਕਿ ਤੇਰੀ ਘਰ ਵਾਲੀ ਤੇਰੇ ਕੱਦ ਨਾਲ ਮੇਲ ਨਹੀਂ ਖਾਂਦੀ। ਅਗਲੇ ਦਿਨ ਉਹ ਚੁੱਪਚਾਪ ਮੁੜ ਗਿਆ। ਇਸਦੇ ਮਹੀਨਾ ਕੁ ਬਾਅਦ ਉਸਦਾ ਇੱਕ ਸਾਲ਼ਾ ਮੈਨੂੰ ਮਿਲਣ ਆਇਆ। ਉਹ ਉਦਾਸ ਆਵਾਜ਼ 'ਚ ਬੋਲਿਆ ਕਿ ਚਹਿਲਾ, ਤੇਰਾ ਯਾਰ ਬਰਾੜ ਸਾਡੇ ਨਾਲ ਸਹੀ



ਨਹੀਂ ਕਰ ਰਿਹਾ। ਮੈਂ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗਿਆ ਕਿ ਬਰਾੜ ਸਾਡੀ ਭੈਣ ਨੂੰ ਪਿੰਡ ਛੱਡ ਕੇ ਗਿਆ ਸੀ ਮੁੜ ਕੇ ਲੈਣ ਨਹੀਂ ਆਇਆ। ਮੈਂ ਹੈਰਾਨ ਹੋਇਆ ਤਾਂ ਉਸਨੇ ਕਾਰਨ ਦੱਸਿਆ। ਉਸ ਮੁਤਾਬਕ ਬਰਾੜ ਦਾ ਕਹਿਣਾ ਸੀ, "ਜਦੋਂ ਵੇਖਾ ਵਿਖਾਈ ਹੋਈ ਸੀ ਤਾਂ ਉਸ ਵੇਲੇ ਜਾਂ ਤਾਂ ਕੁੜੀ ਹੋਰ ਵਿਖਾਈ ਗਈ ਜਾਂ ਫਿਰ ਲੰਬੀ ਹੀਲ ਪਾ ਕੇ ਇਸਨੂੰ ਵਿਖਾਇਆ ਗਿਆ ਤਾਂ ਕਿ ਮਧਰਾ ਕੱਦ ਲਕੋਇਆ ਜਾ ਸਕੇ।" ਮੈਂ ਕਿਹਾ, ਬਾਈ ਜੀ ਆਪਾਂ ਪਿੰਡਾਂ ਦੇ ਹਾਂ। ਇਸ ਪੱਖੋ ਤੁਹਾਡੀ ਭੈਣ ਮੇਰੀ ਵੀ ਭੈਣ ਹੈ। ਤੁਸੀਂ ਫਿਕਰ ਨਾ ਕਰੋ ਆਪਾਂ ਸਭ ਠੀਕ ਕਰ ਲਵਾਂਗੇ। ਮੈਂ ਕੱਲ੍ਹ ਨੂੰ ਹੀ ਜਾਵਾਂਗਾ। ਮੈਨੂੰ ਬਰਾੜ ਦੇ ਸੁਭਾਅ ਦਾ ਪਤਾ ਸੀ ਕਿ ਜੇਕਰ ਉਸਨੂੰ ਕੋਈ ਵਹਿਮ ਹੋ ਜਾਵੇ ਤਾਂ ਫਿਰ ਉਸਦਾ ਖਹਿੜਾ ਨਹੀਂ ਛੱਡਦਾ। ਮੈਂ ਉਸਦੇ ਦਫਤਰ ਜਾ ਕੇ ਉਸਨੂੰ ਸਮਝਾਇਆ। ਪਰ ਉਸਦਾ ਕਹਿਣਾ ਸੀ ਕਿ ਉਸ ਨਾਲ ਧੋਖਾ ਹੋਇਆ ਹੈ। ਮੈਂ ਕਿਹਾ, ਬਰਾੜਾ ਕਿਉਂ ਜਲੂਸ ਕੱਢਦਾ ਹੈਂ। ਮੈਨੂੰ ਪਤਾ ਸੀ ਕਿ ਉਸਦਾ ਸੁਹਰਾ ਪਰਿਵਾਰ ਨਾਮੀਂ ਪਰਿਵਾਰ ਸੀ। ਕੁੜੀ ਦੇ ਚਾਰ ਭਰਾਵਾਂ 'ਚੋਂ ਇੱਕ ਕਿਸੇ ਦੇ ਕਤਲ ਦੀ ਸਜ਼ਾ ਭੁਗਤ ਰਿਹਾ ਸੀ। ਮੈਂ ਬਰਾੜ ਨੂੰ ਡਰਾਇਆ ਕਿ ਜੇਕਰ ਤੂੰ ਬੰਦਾ ਨਾ ਬਣਿਆ ਤਾਂ ਉਨ੍ਹਾਂ ਤੈਨੂੰ ਛੱਡਣਾ ਨਹੀਂ। ਉਸ 'ਤੇ ਕੋਈ ਖਾਸ ਅਸਰ ਨਾ ਹੋਇਆ। ਫਿਰ ਕੁੱਝ ਕੁ ਹਫਤੇ ਗੁਜ਼ਰੇ ਸਨ ਕਿ ਉਹ ਨੇੜਲੇ ਸ਼ਹਿਰ ਬੁਢਲਾਡੇ ਗੇੜੇ ਕੱਢਣ ਲੱਗ ਪਿਆ। ਇਹ ਗੱਲ ਉਸਦੇ ਸਾਲੇ ਨੇ ਮੇਰੇ ਤੱਕ ਪਹੁੰਚਾਈ। ਮੈਂ ਸਮਝ ਗਿਆ ਕਿ ਹੁਣ ਇਸਨੂੰ ਘਰ ਵਾਲੀ ਦੀ ਯਾਦ ਸਤਾ ਰਹੀ ਹੈ। ਮੈਂ ਉਸਦੇ ਉਸੇ ਸਾਲੇ ਨੂੰ ਮਿਲ ਕੇ ਕਿਹਾ ਕਿ ਬਰਾੜ ਨੂੰ ਮੈਂ ਮੇਰੇ ਪਿੰਡ ਲੈ ਆਊਂਗਾ। ਉੱਥੇ ਤੁਸੀਂ ਅਚਾਨਕ ਆਇਆ ਵਿਖਾਵਾ ਕੇ ਆਪਦੇ ਘਰ ਲੈ ਜਾਇਉ। ਉਸਨੂੰ ਸਕੀਮ ਜਚ ਗਈ। ਉਵੇਂ ਹੋਇਆ ਤੇ ਮੈਂ ਬਰਾੜ ਨੂੰ ਮਿੱਥੇ ਦਿਨ ਮੇਰੇ ਪਿੰਡ ਲੈ ਗਿਆ। ਉਦੋਂ ਹੀ ਉਹੀ ਸਾਲਾ ਮੋਟਰਸਾਈਕਲ 'ਤੇ ਆ ਨਿਕਲਿਆ। ਉਸਨੇ ਵਿਖਾਵਾ ਕੀਤਾ ਕਿ ਉਹ ਤੁਰਿਆ ਜਾਂਦਾ ਵੈਸੇ ਹੀ ਰੁਕ ਗਿਆ ਸੀ। ਬਰਾੜ ਵੀ ਇੱਕਦਮ ਇਉਂ ਹੋ ਗਿਆ ਜਿਵੇਂ ਸੰਨ 'ਚ ਫੜ੍ਹਿਆ ਗਿਆ ਹੋਵੇ। ਫਿਰ ਉਸਨੇ ਪੂਰਾ ਜ਼ੋਰ ਪਾ ਕੇ ਤੇ ਆਪਣਾਪਣ ਵਿਖਾ ਕੇ ਬਰਾੜ ਨੂੰ ਨਾਲ ਤੋਰ ਲਿਆ। ਉਹੀ ਗੱਲ ਹੋਈ ਕਿ ਘਰ ਜਾਣ ਦੀ ਦੇਰ ਸੀ। ਸਭ ਰੋਸੇ ਮੁੱਕ ਗਏ। ਉੱਪਰੋਂ ਉਸਨੂੰ ਉਦੋਂ ਹੀ ਪਤਾ ਲੱਗਿਆ ਕਿ ਉਸਦੀ ਘਰ ਵਾਲੀ ਗਰਭਵਤੀ ਹੈ। ਵਾਪਸ ਜਾਣ ਲਈ ਉਸਨੇ ਮੇਰੇ ਪਿੰਡ ਵਿਚੋਂ ਦੀ ਲੰਘਣਾ ਸੀ। ਅਗਲੇ ਦਿਨ ਮੈਂ ਹਾਲੇ ਘਰ ਹੀ ਸੀ ਜਦੋਂ ਉਹ ਲੰਘਿਆ ਜਾਂਦਾ ਰੁਕ ਗਿਆ। ਬੜੀ ਖੁਸ਼ੀ ਹੋਈ ਕਿ ਉਹ ਛੇਤੀ ਹੀ ਰਾਹ 'ਤੇ ਆ ਗਿਆ। ਮੈਂ ਉਸਨੂੰ ਤੁਰਨ ਲੱਗੇ ਨੂੰ ਕਿਹਾ ਕਿ ਹੁਣ ਕਿਸੇ ਚੰਗੀ ਥਾਂ ਪੋਸਟਿੰਗ ਕਰਾ ਕੇ ਚਾਰ ਪੈਸੇ ਬਣਾ ਲੈ। ਮੁੜ ਕੇ ਵਕਤ ਹੱਥ ਨਹੀਂ ਆਉਣਾ। ਪਰ ਉਸਨੇ ਮੇਰੀ ਗੱਲ 'ਤੇ ਕੋਈ ਧਿਆਨ ਨਾ ਦਿੱਤਾ। ਥੋੜ੍ਹੀ ਦੇਰ ਰੁਕਦਿਆਂ ਉਹ ਆਪਣੇ ਪਿੰਡ ਨੂੰ ਤੁਰ ਗਿਆ। ਫਿਰ ਮੇਰਾ ਅਮਰੀਕਾ ਆਉਣ ਦਾ ਬਣ ਗਿਆ। ਮੈਂ ਅਮਰੀਕਾ ਤੁਰਨ ਤੋਂ ਪਹਿਲਾਂ ਉਸਨੂੰ ਮਿਲਣ ਗਿਆ। ਹਾਲੇ ਉਸਦੇ ਬੱਚੇ ਦਾ ਜਨਮ ਨਹੀਂ ਹੋਇਆ ਸੀ। ਥੋੜ੍ਹੀ ਦੇਰ ਰੁਕਦਿਆਂ ਮੈਂ ਉਹੀ ਗੱਲ ਸਮਝਾਈ ਕਿ ਕੋਈ ਚਾਰ ਪੈਸੇ ਕਮਾ। ਇਸ ਪਿੱਛੋਂ ਮੈਂ ਇੱਧਰ ਆ ਗਿਆ। ਇਹ ਵੀ ਕੁਦਰਤ ਦਾ ਸਬੱਬ ਸੀ ਕਿ ਇੰਨਾ ਨੇੜੇ ਰਹਿਣ ਵਾਲੇ ਅਸੀਂ ਦੋਨੋਂ ਦੋਸਤ, ਬਹੁਤ ਸਾਲ ਮਿਲ ਨਾ ਸਕੇ। ਉਸਦੇ ਘਰ ਮੁੰਡੇ ਦਾ ਜਨਮ ਹੋਇਆ ਸੀ। ਮੈਨੂੰ ਇਹ ਵੀ ਪਤਾ ਲੱਗਿਆ ਸੀ ਕਿ ਉਸਨੇ ਮੁੰਡੇ ਦਾ ਨਾਂ ਬੜਾ ਨਿਵੇਕਲਾ ਰੱਖਿਆ ਹੈ। 'ਨਿਪੋਲੀਅਨ ਸਿੰਘ ਬਰਾੜ'। ਮੁੰਡੇ ਨੇ ਵਕਾਲਤ ਦੀ ਪੜ੍ਹਾਈ ਕੀਤੀ ਤੇ ਚੰਗੀ ਪਰੈਕਟਿਸ ਕਰਨ ਲੱਗਿਆ।

ਮੈਂ ਬਠਿੰਡੇ ਵਿੱਚੋਂ ਦੀ ਲੰਘ ਰਿਹਾ ਸੀ ਕਿ ਅੱਗੇ ਜਾ ਰਹੀ ਜੀਪ 'ਤੇ ਨਾਂ ਵੇਖ ਕੇ ਬਹੁਤ ਕੁੱਝ ਯਾਦ ਆ ਗਿਆ। ਜੀਪ 'ਤੇ ਲਿਖਿਆ ਸੀ ਨਿਪੋਲੀਅਨ ਬਰਾੜ। ਮੈਂ ਨੇੜੇ ਹੋਇਆ ਤਾਂ ਮੈਨੂੰ

ਜਾਪਿਆ ਜਿਵੇਂ ਬੀਹ ਬਾਈ ਸਾਲ ਪਹਿਲਾਂ ਵਾਲਾ ਬਰਾੜ ਜੀਪ ਚਲਾ ਰਿਹਾ ਹੋਵੇ। ਮੈਂ ਉਸਨੂੰ ਰੋਕ ਲਿਆ। ਜਦੋਂ ਮੈਂ ਥੋੜ੍ਹਾ ਗੱਲ ਤੋਰੀ ਤਾਂ ਉਹ ਹੈਰਾਨ ਹੁੰਦਾ ਬੋਲਿਆ ਕਿ ਤੁਸੀਂ ਕਿਤੇ ਮੰਦਰਾਂ ਵਾਲੇ ਚਹਿਲ ਅੰਕਲ ਤਾਂ ਨਹੀਂ। ਜਦੋਂ ਮੈਂ ਦੱਸਿਆ ਕਿ ਮੈਂ ਉਹੀ ਹਾਂ ਤਾਂ ਉਹ ਘੁੱਟ ਕੇ ਜੱਫੀ ਪਾਉਂਦਾ ਬੋਲਿਆ, "ਅੰਕਲ, ਕਿਹੜਾ ਦਿਨ ਐ ਜਦੋਂ ਪਾਪਾ ਤੁਹਾਨੂੰ ਯਾਦ ਨ੍ਹੀਂ ਕਰਦਾ। ਤੁਹਾਡੀਆਂ ਤਾਂ ਬੜੀਆਂ ਸਾਂਝਾਂ ਰਹੀਆਂ ਨੇ।" ਮੈਂ ਕਿਹਾ, ਹਾਂ ਗੱਲ ਤਾਂ ਸਹੀ ਹੈ। ਫਿਰ ਮੈਨੂੰ ਉਹ ਆਪਦੀ ਕੋਠੀ ਛੱਡ ਆਇਆ। ਅੱਗੇ ਵਿਹੜੇ 'ਚ ਬਰਾੜ ਖੜ੍ਹਾ ਸੀ। ਮੈਨੂੰ ਵੇਖ ਕੇ ਉਹ ਖੁੱਲ੍ਹ ਕੇ ਹੱਸਿਆ। ਉਸਦੀ ਹਾਸੀ ਬੜੀ ਨਿਵੇਕਲੀ ਹੁੰਦੀ ਸੀ। ਬਹੁਤ ਦੇਰ ਬਾਅਦ ਮੈਂ ਉਹ ਹਾਸੀ ਵੇਖੀ ਸੀ। ਉਸਨੇ ਰੇਡੀਉ ਉਦੋਂ ਹੀ ਚਲਾ ਦਿੱਤਾ। ਪਰ ਮੈਂ ਰੋਕਦਿਆਂ ਕਿਹਾ ਕਿ ਥੋੜ੍ਹਾ ਸਬਰ ਕਰ। ਉਹ ਫਿਰ ਹੱਥ 'ਤੇ ਹੱਥ ਮਾਰਦਿਆਂ ਹੱਸਿਆ। ਗੱਲਾਂਬਾਤਾਂ ਕਰਦਿਆਂ ਮੈਂ ਪੁੱਛਿਆ ਕਿ ਕੁੱਝ ਬਣਾਇਆ ਵੀ ਕਿ ਸਾਰੀ ਉਮਰ ਘੁਮੱਕੜ ਹੀ ਰਿਹਾ। ਉਹ ਕਹਿਣ ਲੱਗਿਆ ਕਿ ਰੱਬ ਨੇ ਜਦੋਂ ਦਿੱਤਾ ਤਾਂ ਛੱਤ ਪਾੜ ਕੇ ਹੀ ਦਿੱਤਾ। ਉਸਨੇ ਆਪ ਹੀ ਦੱਸਿਆ ਕਿ ਹੜ੍ਹਾਂ ਵੇਲੇ ਉਸਦੀ ਪੂਰੀ ਦੀ ਪੂਰੀ ਨਵੀਂ ਕੱਸੀ ਬਣਨੀ ਸੀ। ਪਰ ਉਦੋਂ ਹੀ ਹੜ ਆ ਗਏ। ਕਹਿੰਦਾ ਬਣਾਇਆ ਤਾਂ ਕੁੱਝ ਵੀ ਨਹੀਂ ਸੀ ਪਰ ਸਭ ਕੁੱਝ ਬਣਿਆਂ ਬਣਾਇਆ ਵਿਖਾ ਕੇ ਝੋਲੇ ਭਰ ਲਏ। ਕਾਗਜ਼ਾਂ 'ਚ ਵਿਖਾ ਦਿੱਤਾ ਕਿ ਕੱਸੀ ਤਾਂ ਪੂਰੀ ਬਣਾ ਦਿੱਤੀ ਸੀ ਜਿਸ 'ਤੇ ਕਿ ਹਜ਼ਾਰਾਂ ਬੋਰੀ ਸੀਮਿੰਟ, ਲੱਖਾਂ ਹੀ ਇੱਟਾਂ ਤੇ ਬੜਾ ਪੈਸਾ ਲੱਗਿਆ ਸੀ। ਪਰ ਹੜ੍ਹ ਸਭ ਕੁੱਝ ਰੋੜ੍ਹ ਕੇ ਲੈ ਗਏ। ਇਨਕੁਆਰੀ ਹੋਈ ਤਾਂ ਸਭ ਝੂਠ ਨਿਕਲਿਆ। ਇਸ ਕੇਸ 'ਚ ਉਸਦਾ ਐਸ. ਡੀ. ਓ., ਉਸਦਾ ਐਕਸੀਅਨ ਤੇ ਉਹ ਖੁਦ ਮੁਅੱਤਲ ਹੋਏ। ਪਰ ਕੁੱਝ ਸਾਲਾਂ ਬਾਅਦ ਸਭ ਬਹਾਲ ਹੋ ਗਏ। ਤੁਰਨ ਲੱਗਿਆਂ ਮੈਂ ਪੁੱਛਿਆ ਕਿ ਬਰਾੜਾ ਜੇਕਰ ਕੋਈ ਤੈਨੂੰ ਪੁੱਛੇ ਕਿ ਮੰਗ ਕੀ ਮੰਗਣਾ ਹੈ ਤਾਂ ਕੀ ਮੰਗੇਗਾ। ਉਸਦਾ ਜੁਆਬ ਸੀ, "ਮੈਂ ਉਹ ਦਿਨ ਮੰਗੂਗਾ ਜਦੋਂ ਆਪਾਂ ਚਾਰ ਪੰਜ ਸਾਲ ਕੱਠੇ ਰਹੇ ਸੀ।"

---

**ਪੰਨਾ ਨੰ. 94 ਦਾ ਬਾਕੀ**

ਔਰਤ ਤਾਂ ਗਊ ਹੁੰਦੀ ਇਹੋ ਜਿਹੀਆਂ ਧਾਰਨਾਵਾਂ ਔਰਤ ਲਈ ਬਣਾਉਣ ਪਿੱਛੇ ਵੀ ਕਿਤੇ ਨਾ ਕਿਤੇ ਉਸਦੇ ਜ਼ਜਬਾਤਾਂ ਦਾ, ਉਸਦੇ ਅਰਮਾਨਾਂ ਦਾ ਸ਼ੋਸ਼ਣ ਹੀ ਹੈ। ਧਰਤੀ ਕੁਦਰਤ ਅਤੇ ਔਰਤ ਇੱਕੋ ਜਿਹੀਆਂ ਹਨ। ਜੇਕਰ ਉਹ ਸਹਿਨਸ਼ੀਲ ਅਤੇ ਸ਼ਕਤੀਸ਼ਾਲੀ ਹੁੰਦੀਆਂ ਹਨ ਤਾਂ ਸਮੇਂ ਸਮੇਂ ਸਿਰ ਇਸ ਹੀ ਸ਼ਕਤੀ ਨੂੰ ਵਰਤ ਕੇ ਆਪਣੇ ਵਜੂਦ ਦੀ ਰਖਵਾਲੀ ਕਰ ਆਪਣੀ ਹੋਂਦ ਨੂੰ ਹੋਰ ਨਿਖਾਰਦੀਆਂ ਵੀ ਹਨ। ਮੈਨੂੰ ਆਪਣੀ ਇਸ ਦੋਸਤ 'ਤੇ ਮਾਣ ਹੈ ਜਿਸ ਨੇ ਜਿੱਥੇ ਆਪਣੇ ਫ਼ਰਜ਼ ਖ਼ੂਬ ਨਿਭਾਏ ਆਪਣਾ ਹੱਕ ਵੀ ਬਾਖ਼ੂਬੀ ਵਾਪਸ ਲੈ ਦੂਸਰੀਆਂ ਔਰਤਾਂ ਨੂੰ ਵੀ ਰਾਹ ਦਿਖਾਇਆ।

ਇਹ ਲੋਕ ਜੋ ਸਦੀਆਂ ਪੁਰਾਣੇ ਅੰਧ-ਵਿਸ਼ਵਾਸੀ ਪਰੰਪਰਾਵਾਂ ਰੀਤੀ ਰਿਵਾਜਾਂ ਨੂੰ ਬਦਲਣ ਦੀ ਸੋਚ ਅਤੇ ਹਿੰਮਤ ਰੱਖਦੇ, ਆਪਣੇ ਆਪ ਅਤੇ ਦੂਸਰਿਆਂ ਲਈ ਵਰਦਾਨ ਹੁੰਦੇ ਹਨ।ਜਦ ਕਿਸੇ ਦੀ ਮਸਤੀ, ਕਿਸੇ ਦਾ ਭੋਲ਼ਾਪਣ, ਕਿਸੇ ਦੀ ਸੂਝ, ਸਮਾਜ ਨਾਮੀ ਵਾੜ ਟੱਪਦੀ ਉਸ ਨੂੰ ਚੀਰ ਕੇ ਸੁੱਟ ਜਾਂਦੀ ਤਦ ਸਮਾਜਿਕ ਠੇਕੇਦਾਰ ਆਪਣੀ ਹੋਂਦ ਬਚਾਈ ਰੱਖਣ ਲਈ ਇਹਨਾਂ ਕੰਧਾਂ ਨੂੰ ਮੁੜ ਤੋਂ ਮਜ਼ਬੂਤ ਬਣਾਉਂਦੇ ਕਿਤੇ ਨਾ ਕਿਤੇ ਉਸਾਰੂ ਮੋੜ ਤੇ ਆ ਹੀ ਖੜਦੇ, ਯੁੱਗ ਇਸੇ ਤਰ੍ਹਾਂ ਹੀ ਪਲਟਦੇ। ਇਹ ਅਨੋਖੇ ਲੋਕ ਜੋ ਸਮਾਜ ਦੀਆ ਨੀਂਹਾਂ ਹਿਲਾਉਂਦੇ ਨੇ, ਇਹਨਾਂ ਦੇ ਦਿਲਾਂ ਵਿੱਚ ਲੋਕਾਈ ਲਈ ਬਹੁਤ ਪਿਆਰ ਹੁੰਦਾ। ਇਹ ਹਰ ਇੱਕ ਦੇ ਖੁਸ਼ ਜੀਵਨ ਦੀ ਕਾਮਨਾ ਰੱਖਦੇ ਆਪਣੇ ਤੋਂ ਵੱਧ ਦੂਸਰਿਆਂ ਦਾ ਖਿਆਲ ਰੱਖਣ ਵਾਲੇ- 'ਉਹ ਬਹੁਤ ਪਿਆਰੇ ਹੁੰਦੇ... ।'



## ਜ਼ਿੰਦਗੀ ਦੇ ਅਖਾੜੇ ਦਾ ਭਲਵਾਨ-ਦੇਵ/ਭੋਲਾ ਸਿੰਘ ਸੰਘੇੜਾ

ਸਾਲ 2008,

ਜੂਨ ਦਾ ਮਹੀਨਾ,

ਬਹੁਤ ਸੋਚ ਵਿਚਾਰ ਕਰਨ ਤੋਂ ਬਾਅਦ, ਮੇਰੇ ਜ਼ਿਹਨ ਵਿੱਚ ਗੁਰਦੇਵ ਸਿੰਘ ਦਾ ਹੀ ਨਾਂ ਉਭਰਿਆ। ਮੈਂ ਸਕੂਟਰੀ ਸਟਾਰਟ ਕਰ ਕੇ, ਉਹ ਦੇ ਘਰ ਵੱਲ ਚੱਲ ਪੈਂਦਾ ਹਾਂ।

ਘਰ ਦੇ ਨੇੜੇ ਜਾ ਕੇ ਦੇਖਿਆ, ਉਹ ਆਪਣੇ ਘਰ ਦੇ ਬਾਹਰ, ਇੱਕ ਥੜੇ 'ਤੇ ਇਕੱਲਾ ਹੀ ਬੈਠਾ ਸੀ। ਹਲਕੇ ਖਾਕੀ ਰੰਗ ਦਾ ਕੁੜਤਾ-ਪਜਾਮਾ। ਸਿਰ 'ਤੇ ਚਿੱਟੀ ਪੱਗ । ਪੈਰਾਂ ਵਿੱਚ ਚੱਪਲਾਂ । ਐਨਕਾਂ ਲੱਗੀਆਂ ਹੋਈਆਂ । ਨਿਗਾਹ ਸੜਕ ਤੋਂ ਦੀ ਲੰਘਣ ਵਾਲਿਆਂ ਨੂੰ ਘੋਖਦੀ ਹੋਈ ।

ਜਦੋਂ ਕੋਲ ਜਾ ਕੇ ਸਕੂਟਰੀ ਰੋਕੀ, ਉਸ ਨੂੰ ਮੇਰੀ ਪਛਾਣ ਨਾ ਆਈ । ਉਹ ਮੱਥੇ 'ਤੇ ਹੱਥ ਰੱਖਕੇ ਇੱਕ ਟੱਕ ਮੇਰੇ ਵੱਲ ਦੇਖਣ ਲੱਗਿਆ। ਸਕੂਟਰੀ ਨੂੰ ਸਟੈਂਡ 'ਤੇ ਲਾ ਕੇ, ਜਦੋਂ ਮੈਂ ਉਸ ਦੇ ਸਾਹਮਣੇ ਹੋਇਆ, ਉਹ ਫੇਰ ਵੀ ਕੁੱਝ ਨਾ ਬੋਲਿਆ ।

"ਸਾਸਰੀ ਕਾਲ ਬਾਈ ਜੀ," ਮੈਂ ਕਿਹਾ ।

"ਓਹ ਬੱਲੇ ...ਭੋਲਾ ਸਿਓਂ ਐ ?...ਝਾਓਲਾ ਜਾ ਤਾਂ ਮੈਨੂੰ ਪਿਆ ਸੀ ..ਆ ਤੇਰੇ ਬੋਲੇ ਤੋਂ ਤਾਂ ...," ਆਖਦਾ ਉਹ ਖੜ੍ਹਾ ਹੋ ਗਿਆ ।

"ਬੈਠੋ ਬਾਈ... ਬੈਠੋ," ਕਹਿ ਕੇ ਮੈਂ ਉਸ ਦੇ ਹੋਰ ਨੇੜੇ ਹੋ ਗਿਆ ।

ਉਹ ਬੈਠਿਆ ਤਾਂ ਮੈਂ ਵੀ ਕੋਲ ਹੀ ਥੜ੍ਹੇ 'ਤੇ ਬੈਠ ਗਿਆ ।

"ਆਹ ਤਾ ਬਈ ਅੱਜ, ਚੰਗਾ ਈ ਦਿਨ ਚੜ੍ਹਿਐ ...ਜਿਹੜਾ ਤੂੰ ਆ ਗਿਆ ..ਮੈਂ ਕਈ ਦਿਨਾਂ ਦਾ ਤੈਨੂੰ ਯਾਦ ਕਰੀ ਜਾਂਦਾ ਸੀ ...ਮੈਂ ਕਹਿਨਾ ਆਪਾਂ ਅੰਦਰ ਚਲਦੇ ਆਂ...ਘੁੱਟ ਘੁੱਟ ਚਾਹ ਪੀ 'ਲਾਂ 'ਗੇ।"

ਕਹਿ ਕੇ ਉਹ ਅੰਦਰ ਜਾਣ ਲਈ ਖੜ੍ਹਾ ਹੋਇਆ । ਮੇਰੇ ਨਾਂਹ-ਨੁੱਕਰ ਕਰਨ 'ਤੇ ਫੇਰ ਆਪਣੀ ਥਾਂ ਬੈਠ ਗਿਆ ।

ਮੈਨੂੰ ਗੁਰਦੇਵ ਸਿੰਘ ਦੀ ਸਿਹਤ ਠੀਕ ਲੱਗੀ । ਆਮ ਕਰਕੇ ਉਸ ਨੂੰ 'ਦੇਵ' ਦੇ ਨਾਂ ਨਾਲ ਸੱਦਿਆ ਜਾਂਦਾ ਸੀ । ਉਹ ਭਾਵੇਂ ਸੱਤਰ-ਬਹੱਤਰ ਨੂੰ ਢੁੱਕਣ ਵਾਲਾ ਸੀ ਪਰ ਫਿਰ ਵੀ ਕਾਇਮ ਸੀ । ਹਾਂ ਥੋੜ੍ਹਾ ਜਿਹਾ ਨਿਗਾਹ 'ਤੇ ਜ਼ਰੂਰ ਅਸਰ ਪਿਆ ਸੀ । ਉਸ ਦੀ ਤੋਰ ਵਿੱਚ ਕੋਈ ਅੰਤਰ ਨਹੀਂ ਆਇਆ ਸੀ । ਉਹ ਸਾਈਕਲ ਚਲਾ ਲੈਂਦਾ ਸੀ । ਅਜੇ ਪਿਛਲੇ ਮਹੀਨੇ ਹੀ ਉਸ ਨੇ ਬਰਨਾਲਾ ਸ਼ਹਿਰ ਵਿੱਚ ਰਾਤ ਦਾ ਚੌਕੀਦਾਰਾ ਛੱਡਿਆ ਸੀ ।

ਦਰਅਸਲ ਮੈਂ ਵੀ ਉਸ ਨੂੰ ਸ਼ਹਿਰ ਵਿਚ, ਆਪਣੀ ਸੁੰਨ੍ਹੀ ਪਈ ਕੋਠੀ ਦੇ ਚੌਕੀਦਾਰੇ ਦੀ ਜ਼ਿੰਮੇਵਾਰੀ ਸੰਭਾਲਣ ਲਈ ਆਇਆ ਸੀ । ਕਿਸੇ ਨੇ ਉਸ ਦੇ ਵਿਹਲੇ ਹੋਣ ਦੀ ਦੱਸ ਪਾਈ। ਕਿਸੇ ਹੋਰ ਨਵੇਂ ਤੇ ਓਪਰੇ ਬੰਦੇ ਨਾਲੋਂ, ਮੈਨੂੰ ਉਹ ਵਧੇਰੇ ਠੀਕ ਲੱਗਿਆ। ਅਸੀਂ ਇੱਕ ਦੂਜੇ ਦੇ ਭੇਤੀ ਸਾਂ। ਉਸ ਨੇ ਸਾਡੇ ਪਰਿਵਾਰ ਨਾਲ, ਕਈ ਸਾਲ 'ਸੀਰ' ਲਾਇਆ ਸੀ।

ਭਾਵੇਂ ਉਸ ਨੇ, ਹੁਣ ਕੋਈ ਕੰਮ-ਧੰਦਾ ਕਰਨ ਤੋਂ, ਆਪਣਾ ਹੱਥ ਪਿੱਛਾਂਹ ਖਿੱਚਿਆ ਹੋਇਆ ਸੀ ਪਰ ਮੈਨੂੰ ਨਾਂਹ ਨਹੀਂ ਕਰ ਸਕਿਆ ।ਉਸ ਨੇ ਔਖੇ- ਸੌਖੇ ,ਬਜ਼ੁਰਗਾਂ ਦੀ ਲਿਹਾਜ਼ਦਾਰੀ ਦੀ ਲੱਜ ਰੱਖ ਦਿੱਤੀ ਸੀ ।

ਉਸ ਤੋਂ ਪਹਿਲਾਂ, ਉਸ ਦੇ ਬਾਪ ਲਾਲ ਸਿੰਘ ਨੇ ਵੀ, ਸਾਡੇ ਸਾਂਝੇ ਪਰਿਵਾਰ ਨਾਲ ਕਈ ਸਾਲ ਸੀਰ ਕਮਾਇਆ ਸੀ ।ਓਦੋਂ 'ਦੇਵ' ਸਾਡੇ ਨਾਲ ਪਾਲ਼ੀ ਰਲਿਆ ਹੁੰਦਾ ਸੀ ।ਉਸ ਦੀ ਮਾਂ ਗਿਆਨ ਕੌਰ ਵੀ ਸਾਡੇ ਘਰ ਗੋਹਾ-ਕੂੜਾ ਤੇ ਹੋਰ ਨਿੱਕੇ-ਮੋਟੇ ਕੰਮ ਕਰਦੀ ਹੁੰਦੀ ।ਗਿਆਨ ਕੌਰ, ਜਿੰਨਾ ਸਨੇਹ ਸਾਡੇ ਪਰਿਵਾਰ ਨਾਲ ਰੱਖਦੀ ਸੀ, ਓਨਾਂ ਤਾਂ ਦੋਵੇਂ ਪਿਉ-ਪੁੱਤ ਵੀ ਨਹੀਂ ਰੱਖਦੇ ਸਨ। ਮੇਰੀ ਮਾਂ ਨਾਲ, ਉਸ ਦੀ ਬਹੁਤ ਨੇੜਤਾ ਸੀ ।ਇਹ ਨੇੜਤਾ ਅਖ਼ੀਰ ਤੱਕ ਨਿਭਦੀ ਰਹੀ ।ਭਾਵੇਂ ਦੇਵ ਸਾਡੇ ਨਾਲ ਸੀਰੀ ਹੁੰਦਾ ਚਾਹੇ ਨਾ ਪਰ ਉਹ ਮਾਂ ਨਾਲ, ਸਕੀਆਂ ਭੈਣਾਂ ਵਾਂਗ ਵਿਚਰਦੀ।

ਲਾਲ ਸਿੰਘ ਨੇ ਤਾਂ ਸੀਰ ਦੇ ਕੰਮ ਤੋਂ ਪਾਸਾ ਵੱਟ ਲਿਆ ਸੀ। ਉਹ ਸਾਈਕਲ ਲੈ ਕੇ ਨੇੜੇ-ਤੇੜੇ ਦੇ ਪਿੰਡਾਂ ਵਿੱਚ ਸਬਜ਼ੀ ਵੇਚਣ ਲੱਗ ਗਿਆ ਸੀ ।ਪਰ ਦੇਵ ਸਾਡੇ ਨਾਲ ਹੀ ਰਿਹਾ । ਫਰਕ ਇਹ ਸੀ ਕਿ ਦੇਵ ਨੇ ਸਾਡੀਆਂ ਮੱਝਾਂ-ਗਾਵਾਂ ਦੇ ਨਾਲ ਆਪਣੀਆਂ ਦੋ ਮੱਝਾਂ ਵੀ ਰਲਾ ਲਈਆਂ ਸਨ ।ਮੇਰੇ ਵੱਡੇ ਭਰਾ ਦਲੀਪ ਸਿੰਘ ਤੋਂ ਉਹ ਚਾਰ-ਪੰਜ ਸਾਲ ਵੱਡਾ ਸੀ ।ਉਹ ਇੱਕ ਦੂਜੇ ਨਾਲ ਖੇਡਦੇ-ਖੇਡਦੇ ਵੱਡੇ ਹੋਏ ਸਨ ।ਇੱਕ ਦੂਜੇ ਦੇ ਭੇਤੀ ਹੋਣ ਕਰਕੇ ,ਆਪਸ ਵਿੱਚ ਖੁੱਲ੍ਹ ਕੇ ਗੱਲਾਂ ਕਰ ਲੈਂਦੇ ਸਨ ।

ਦੇਵ ਨਾਲ ਗੱਲ ਮੁਕਾ ਕੇ, ਜਦੋਂ ਮੈਂ ਘਰ ਆਇਆ ਤਾਂ ਇੰਜ ਲੱਗਿਆ ਜਿਵੇਂ ਉਹ ਇੱਕ ਵਾਰੀ ਫਿਰ ਆਪਣਾ 'ਕੌਲਾ' ਚੱਕ ਕੇ ਸਾਡੇ ਘਰ ਆ ਗਿਆ ਹੋਵੇ ।

ਮੈਨੂੰ ਉਹ, ਵੱਖਰੀ ਹੀ ਮਿੱਟੀ ਦਾ ਬਣਿਆ ਹੋਇਆ ਲੱਗਿਆ ।ਮੇਰੀਆਂ ਅੱਖਾਂ ਅੱਗੇ, ਮਿੱਟੀ ਨਾਲ ਮਿੱਟੀ ਹੁੰਦੇ, ਇੱਕ ਕਿਰਤੀ ਦੀ ਜ਼ਿੰਦਗੀ ਦੇ ਕਿੰਨੇ ਹੀ ਦ੍ਰਿਸ਼ ਉਭਰ ਆਏ ।ਉਸ ਦੀ ਸਾਰੀ ਜ਼ਿੰਦਗੀ, ਕੰਮ-ਧੰਦਾ ਕਰਦਿਆਂ ਕਰਦਿਆਂ ਹੀ ਲੰਘਣ ਜਾ ਰਹੀ ਸੀ ।ਉਹ ਸੱਚਮੁੱਚ ਹੀ, ਹੱਡ ਦਾ ਬੜਾ ਚੀੜ੍ਹਾ ਸੀ ।ਨਹੀਂ ਤਾਂ ਉਸ ਦੇ ਹਾਣ ਦੇ, ਮੰਜੇ ਮੱਲੀ ਬੈਠੇ ਸਨ ।ਕਦੇ ਉਸਦੇ 'ਕਿਰਤ ਦੇ ਸਫ਼ਰ' ਦਾ ਆਗਾਜ਼ ਸਾਡੇ ਘਰ ਤੋਂ ਹੋਇਆ ਸੀ। ਮੈਨੂੰ ਲੱਗਿਆ ਜਿਵੇਂ ਅੱਜ ਅਖ਼ੀਰ ਵੀ ਸਾਡੇ ਘਰ ਤੋਂ ਹੀ ਹੋਣ ਜਾ ਰਿਹਾ ਹੋਵੇ ।

ਉਸ ਨੇ 'ਸੀਰ' ਦੇ ਕਿੱਤੇ ਦੀ ਸ਼ੁਰੂਆਤ ਸਾਡੇ ਘਰ ਤੋਂ ਹੀ ਕੀਤੀ ਸੀ ।ਉਹ ਨੌਂ-ਦਸ ਸਾਲ ਸਾਡੇ ਨਾਲ ਕੰਮ ਕਰਦਾ ਰਿਹਾ। ਸ਼ੁਰੂ-ਸ਼ੁਰੂ ਵਿੱਚ, ਉਸ ਨੇ ਲਗਾਤਾਰ ਤਿੰਨ ਸਾਲ ਲਾਏ। ਉਸ ਤੋਂ ਬਾਅਦ ਫਿਰ ਟੁਟਵੇਂ ਸਾਲ ਲਾਉਂਦਾ ਰਿਹਾ। ਕਦੇ ਇੱਕ ਤੇ ਕਦੇ ਦੋ ।ਵਿਚਕਾਰ ਦੀ, ਬਦਲਵੇਂ ਘਰਾਂ ਨਾਲ ਰਲਦਾ ਰਿਹਾ ਜਾਂ ਫੇਰ ਹੋਰ ਕੰਮ ਧੰਦੇ ਵੀ ਕਰਦਾ ਰਿਹਾ ।

***

ਹੁਣ ਤਾਂ ਐਨਾ ਕੁ ਯਾਦ ਹੈ ਕਿ ਸਾਲ 1966 ਵਿੱਚ, ਉਸ ਨੂੰ ਪਹਿਲੀ ਵਾਰ, ਸੀਰੀ ਦੇ ਰੂਪ ਵਿੱਚ ਦੇਖਿਆ ਸੀ ।ਓਦੋਂ ਉਸ ਦੀ ਉਮਰ, ਕੋਈ ਸਤਾਈ-ਅਠਾਈ ਸਾਲ ਤੇ ਮੇਰੀ ਪੰਜ-ਛੇ ਸਾਲ ਦੀ ਹੋਵੇਗੀ।

ਦੇਖਣੀ-ਪਾਖਣੀ ਕੰਨੀਓਂ, ਉਸ ਵੱਲ ਕੋਈ ਉਂਗਲ ਨਹੀਂ ਕਰ ਸਕਦਾ ਸੀ ।ਚੱਜ ਦੇ ਕੱਪੜੇ ਵਗੈਰਾ ਪਾ ਕੇ, ਉਹ ਬਣਦਾ-ਫਬਦਾ ਜਾਨੀ ਲੱਗਦਾ ।



ਲੰਮਾ-ਲੰਝਾ ਕੱਦ ।ਸਰੀਰ, ਨਾ ਪਤਲਾ ਨਾ ਭਾਰਾ ।ਰੰਗ ਗੋਰਾ ਨਿਛੋਅ ।ਚੁਸਤ ਅੱਖਾਂ। ਤਿੱਖੇ ਨੈਣ ਨਕਸ਼ ।

ਉਹ ਇੱਕ ਫੁਰਤੀਲਾ ਗੱਭਰੂ ਸੀ ।ਕਾਹਲ਼ੀ-ਕਾਹਲ਼ੀ ਤੁਰਨ ਵਾਲਾ ।ਹਰ ਕੰਮ ਨੂੰ ਚੁਣੌਤੀ ਵਾਂਗ ਲੈਣ ਵਾਲਾ ।ਉਸ ਨੂੰ ਸੁਸਤੀ ਪਸੰਦ ਨਹੀਂ ਸੀ ।ਕਈ ਵਾਰ, ਮੇਰਾ ਭਰਾ ਜਦੋਂ ਸੁਸਤੀ ਕਰਦਾ ਤਾਂ ਉਹ ਟੋਕ ਵੀ ਦਿੰਦਾ ।ਉਹ ਜਦੋਂ ਕੰਮ ਕਰਦਾ, ਉਸ ਦਾ ਸਾਰਾ ਧਿਆਨ ਕੰਮ ਵੱਲ ਹੁੰਦਾ। ਜਦੋਂ ਹੱਸਣ-ਖੇਡਣ ਕਰਦਾ, ਫੇਰ ਕਿਸੇ ਨੂੰ ਬੋਲਣ ਦਾ ਮੌਕਾ ਨਹੀਂ ਸੀ ਦਿੰਦਾ ।

ਉਹ ਹੋਰ ਸੀਰੀਆਂ ਵਰਗਾ ਸੀਰੀ ਨਹੀਂ ਸੀ। ਪਿੰਡ ਵਿੱਚ ਉਸ ਦੀ ਤਸਵੀਰ ਹੋਰ ਸੀਰੀਆਂ ਨਾਲੋਂ ਜ਼ਰਾ ਵੱਖਰੀ ਬਣ ਗਈ ਸੀ ।

ਸ਼ਾਇਦ ਉਹ ਸੀਰ ਦੇ ਕਿੱਤੇ ਵਿੱਚ ਨਹੀਂ ਪੈਣਾ ਚਾਹੁੰਦਾ ਸੀ ।

ਉਸ ਦੇ ਅੰਦਰ ਸੁਲਗਦੀ ਚੰਗਿਆਰੀ ਨੇ, ਉਸ ਦੇ ਪੈਰੀਂ ਚੱਕਰ ਪਾ ਦਿੱਤਾ ਸੀ ।ਪਤਾ ਨਹੀਂ ਇਹ ਚਿਣਗ ਉਸ ਦੇ ਅੰਦਰ ਕਿਵੇਂ ਪੈਦਾ ਹੋ ਗਈ। ਇਹ ਚਿਣਗ, ਸ਼ਾਇਦ ਇੱਕ ਸਾਧਾਰਣ ਬੰਦੇ ਵੱਲੋਂ, ਆਪਣੀ ਅੱਡ 'ਪੱਛਾਣ' ਬਣਾਉਣ ਦੀ ਸੀ ।ਸੀਰ ਦੇ ਕੰਮ ਦੇ ਨਿਸਬਤਨ, ਉਸ ਨੂੰ ਕਈ ਹੋਰ ਖੇਤਰ ਸੌਖੇ ਤੇ ਪੱਛਾਣ ਬਣਾਉਣ ਵਾਲੇ ਲੱਗੇ। ਏਹੀ ਕਾਰਨ ਸੀ ਕਿ ਉਹ ਅਣਪੜ੍ਹ ਹੋਣ ਦੇ ਬਾਵਜੂਦ ਆਪਣੀ ਹਿੰਮਤ ਨਾਲ, ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖ ਗਿਆ ਸੀ ।

ਸਿਆਲ ਦੀਆਂ ਰਾਤਾਂ ਨੂੰ, ਉਨ੍ਹਾਂ ਦੇ ਘਰ ਕੁੜੀਆਂ ਦੀ ਤ੍ਰਿੰਜਣ ਜੁੜਦੀ ।ਉਸ ਦੀ ਭੈਣ, ਭਰਜਾਈ ਤੋਂ ਬਿਨਾਂ ਆਂਢ-ਗੁਆਂਢ ਦੀਆਂ ਔਰਤਾਂ ਗਈ ਰਾਤ ਤੱਕ ਚਰਖਾ ਕੱਤਦੀਆਂ । ਉਸ ਨੂੰ ਜਦੋਂ ਵੀ ਮੌਕਾ ਮਿਲਦਾ, ਤ੍ਰਿੰਜਣ ਵਿੱਚ ਬੈਠ ਕੇ 'ਪੂਰਨ ਭਗਤ' ਜਿਹੇ ਚਿੱਠੇ (ਕਿੱਸੇ) ਗਾ ਕੇ ਸੁਣਾਉਂਦਾ ।ਉਸ ਨੂੰ 'ਰੂਪ ਬਸੰਤ' ਤੇ 'ਸ਼ਾਹਣੀ ਕੌਲਾਂ' ਦੇ ਕਿੱਸੇ ਸੁਣਾਉਣ ਦੀ ਫਰਮਾਇਸ਼ ਅਕਸਰ ਹੁੰਦੀ ਰਹਿੰਦੀ ।

ਇੱਕ ਦਿਨ ਉਹ ਆਪਣੇ ਬਾਪ ਨਾਲ ਗੁੱਸੇ ਹੋ ਕੇ ਘਰੋਂ ਨਿਕਲ ਗਿਆ ।ਫਿਰ ਪਤਾ ਲੱਗਿਆ ਕਿ ਉਹ 'ਨਚਾਰਾਂ' ਨਾਲ ਰਲ ਗਿਐ। ਕਦੇ-ਕਦੇ ਉਸ ਦੇ 'ਭਲਵਾਨੀ' ਕਰਨ ਦੀਆਂ ਗੱਲਾਂ ਵੀ ਲੋਕਾਂ ਦੇ ਕੰਨੀਂ ਪੈਂਦੀਆਂ ਰਹੀਆਂ ।ਉਹਨਾਂ ਦਿਨਾਂ ਵਿੱਚ 'ਨਚਾਰਾਂ' ਤੇ 'ਭਲਵਾਨਾਂ' ਦੀ ਬਹੁਤ ਚੜ੍ਹਤ ਹੁੰਦੀ। ਵਿਆਹ-ਸ਼ਾਦੀ ਵਿੱਚ ਨਚਾਰਾਂ ਦੇ ਅਖਾੜੇ ਲੱਗਦੇ ਤੇ ਭਲਵਾਨਾਂ ਦੀਆਂ ਕੁਸ਼ਤੀਆਂ ਦੇਖਣ ਲਈ ਲੋਕ ਦੂਰ-ਦੂਰ ਤੋਂ ਚੱਲ ਕੇ ਜਾਂਦੇ ।

ਅਖ਼ੀਰ ਲਾਲ ਸਿੰਘ, ਪਿੰਡ ਦੇ ਮੋਹਤਵਰ ਬੰਦਿਆਂ ਨੂੰ ਨਾਲ ਲੈ ਕੇ, ਉਸਨੂੰ ਘਰ ਵਾਪਸ ਲੈ ਆਇਆ ।ਘਰ ਆਉਣ ਤੋਂ ਪਹਿਲਾਂ, ਉਸ ਨੇ ਆਪਣੀ ਇੱਕ ਸ਼ਰਤ ਮੰਨਵਾਈ। ਸ਼ਰਤ ਇਹ ਸੀ ਕਿ ਉਹ ਤਿੰਨ ਸਾਲ ਵਿਆਹ ਨਹੀਂ ਕਰਾਏਗਾ ।ਲਾਲ ਸਿੰਘ ਨੇ, ਉਸ ਦੀ ਇਹ ਸ਼ਰਤ ਵੀ ਮੰਨ ਲਈ। ਜਦੋਂਕਿ ਵਿਆਹ ਕਰਵਾਉਣ ਤੋਂ ਤਾਂ ਉਹ ਪਹਿਲਾ ਹੀ ਪਛੜ ਗਿਆ ਸੀ।

***

ਮੁਰੱਬੇਬੰਦੀ ਵੇਲੇ ਸਾਡੀ ਜ਼ਮੀਨ ਦੋ ਟੱਕਾਂ ਵਿੱਚ ਵੰਡੀ ਗਈ ਸੀ। ਅੱਠ ਕਿੱਲਿਆਂ ਦਾ ਇੱਕ ਟੱਕ ਨਿਆਈਂ ਵਾਲਾ, ਜਿਸ ਨੂੰ 'ਖੂਹ ਵਾਲਾ' ਵੀ ਆਖ ਦਿੰਦੇ ਹਾਂ ਕਿਉਂਕਿ ਇੱਥੇ ਸਾਡੇ ਸਾਂਝ ਵਾਲੇ ਦੋ ਖੂਹ ਸਨ ।ਦੂਜਾ ਚੌਂਤੀ ਕਿੱਲਿਆਂ ਦਾ ਟੱਕ ਪਿੰਡ ਸੰਘੇੜਾ ਤੋਂ ਤਿੰਨ ਕੋਹ ਦੂਰ ਸੀ। ਇਸ ਟੱਕ ਨੂੰ 'ਬੀੜ੍ਹ' ਕਹਿ ਦਿੰਦੇ ਸਾਂ/ਹਾਂ ।ਉਸ ਵਕਤ ਇਹ ਜ਼ਮੀਨ ਮਾਰੂ ਹੀ ਸੀ ।ਫਸਲਾਂ ਲਈ ਪਾਣੀ

ਦਾ ਕੋਈ ਬੰਦੋਬਸਤ ਨਹੀਂ ਸੀ । ਇਹ ਰੱਬ ਆਸਰੇ ਹੀ ਸਨ। ਫਸਲਾਂ ਵੀ ਮਾਰੂ ਹੀ ਹੁੰਦੀਆਂ, ਭਾਵ ਕਣਕ, ਜੌਂ, ਛੋਲੇ ਤੇ ਬਾਜਰਾ ਵਗੈਰਾ।

ਸੀਰੀ-ਪਾਲੀ ਰਲਾਉਣ ਵੇਲੇ, ਬੀੜ੍ਹ ਵਾਲਾ ਟੱਕ ਸਾਡੇ ਲਈ ਅੜਿੱਕਾ ਬਣ ਖਲੋਂਦਾ। ਖੇਤ ਦੂਰ ਹੋਣ ਕਰਕੇ, ਸੀਰ ਲਾਉਣ ਲਈ, ਕੋਈ ਸਾਡੇ ਘਰ ਵੱਲ, ਛੇਤੀ ਛੇਤੀ ਨੱਕ ਨਹੀਂ ਸੀ ਕਰਦਾ। ਕਈ ਵਾਰ ਸੀਰ ਲਾਉਣ ਵਾਲਾ ਵਾਅਦਾ ਕਰਕੇ, ਐਨ ਅਖ਼ੀਰ 'ਤੇ ਆ ਕੇ ਨਾਂਹ-ਨੁੱਕਰ ਕਰ ਜਾਂਦਾ ।

ਲੋਕ 'ਦੂਰ ਦੀ ਵਾਟ' ਤੋਂ ਬਿਨਾਂ, ਹੋਰ ਐਧਰ-ਓਧਰ ਦੀਆਂ ਗੱਲਾਂ ਕਰ ਕੇ ਸੀਰੀ ਨੂੰ ਪੈਰੋਂ ਉਖਾੜ ਦਿੰਦੇ ਸਨ।

ਲੋਕਾਂ ਦੀ ਸੀਰੀ ਪ੍ਰਤੀ ਸੰਬੋਧਨੀ ਸੁਰ ਹੀ ਬਦਲ ਜਾਂਦੀ:

"ਆਉਂਦੈ ਬਈ ਰੋਹੀ ਦਾ ਜਾਨਵਰ ...।"

"ਤੈਨੂੰ ਰੋਹੀ ਦੇ ਜਾਨਵਰ ਨੂੰ ਕੀ ਪਤੈ, ਬਈ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਐਂ।"

"ਕੋਈ ਭੁੰਨ ਕੇ ਹੀ ਬੀਜਿਆ ਹੋਊ, ਜਿਹੜਾ ਰੱਬ ਨੇ ਬੀੜ੍ਹ ਦਾ ਰਾਹ ਤੇਰੇ ਲੇਖਾਂ ਵਿੱਚ ਲਿਖ ਦਿੱਤੈ ।"

"ਬੀੜ੍ਹ ਵੀ ਕੋਈ ਖੇਤ ਐ... ਬੰਦਾ ਆਉਂਦਾ ਜਾਂਦਾ ਬੁੜ੍ਹਾ ਹੋ ਜਾਂਦੈ ।"

ਅਜਿਹੇ ਬੋਲ ਸੁਣ ਕੇ ਸੀਰੀ ਰਲਣ ਵਾਲਾ ਬੰਦਾ, ਇੱਕ ਤਰ੍ਹਾਂ ਦੀ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਜਾਂ ਕਰ ਦਿੱਤਾ ਜਾਂਦਾ । ਪਰ ਦੇਵ ਨੇ ਲੋਕਾਂ ਦੇ ਬੋਲਾਂ ਨੂੰ ਅਣਸੁਣਿਆਂ ਕਰ, ਸਾਡੇ ਨਾਲ ਸੀਰ ਕਰ ਲਿਆ ਸੀ । ਸ਼ਾਇਦ ਲੋਕਾਂ ਦੇ ਬੋਲਾਂ ਨੂੰ ਉਸ ਨੇ ਚੁਣੌਤੀ ਵਾਂਗ ਲਿਆ ਸੀ।

ਇਨ੍ਹਾਂ ਖੇਤਾਂ ਦੀ, ਉਸ ਸਮੇਂ ਦੀ ਆਖ਼ਰੀ ਝਲਕ, ਮੇਰੇ ਚੇਤਿਆਂ ਵਿੱਚ ਅਜੇ ਤੱਕ ਵਸੀ ਹੋਈ ਹੈ ਕਿਉਂਕਿ ਇਸ ਤੋਂ ਬਾਅਦ ਬਹੁਤ ਕੁੱਝ ਬਦਲ ਗਿਆ ਸੀ ।

ਓਦੋਂ ਮੈਂ ਪਹਿਲੀ ਵਾਰ ਬੋਤੇ 'ਤੇ ਬੈਠ ਕੇ, ਦੇਵ ਨਾਲ 'ਬੀੜ੍ਹ ਵਾਲੇ' ਖੇਤ ਗਿਆ ਸਾਂ । ਖੇਤ ਵੀ ਕਾਹਦਾ, ਰੋਹੀ ਬੀਆ-ਬਾਨ ਹੀ ਸੀ। ਚਾਰੇ ਪਾਸੇ ਬਰਨਾ ਹੀ ਉੱਡਦੀ। ਜਿੱਧਰ ਨਿਗਾਹ ਮਾਰੋ, ਉੱਚੇ-ਉੱਚੇ ਟਿੱਬੇ ਹੀ ਟਿੱਬੇ । ਇਹ ਮਾਰਚ ਮਹੀਨੇ ਦੇ ਦਿਨ ਸਨ । ਕਿਸੇ ਵਿਰਲੇ ਟਾਵੇਂ ਖੇਤ ਵਿੱਚ ਹੀ ਫਸਲ ਦਿਖਾਈ ਦਿੰਦੀ। ਕਣਕ ਦੇ ਖੇਤਾਂ ਵਿੱਚੋਂ ਸੁਨਹਿਰੀ ਭਾਅ ਮਾਰਨ ਲੱਗ ਪਈ ਸੀ।

ਖੇਤ ਜਾ ਕੇ ਦੇਵ ਨੇ ਬੋਤਾ ਇੱਕ ਕਿੱਕਰ ਨਾਲ ਜਾ ਬੰਨ੍ਹਿਆ । ਫੇਰ ਮੈਨੂੰ ਬੋਤੇ ਤੋਂ ਉਤਾਰਿਆ ।

"ਆ ਜਾ ਤੈਨੂੰ ਮੇਰੇ 'ਤਾਏ' ਦੀ ਹਵੇਲੀ ਦਿਖਾਵਾਂ," ਕਹਿ ਕੇ ਉਸਨੇ ਮੇਰੀ ਉਂਗਲ ਫੜ੍ਹੀ ਤੇ ਅੱਗੇ ਨੂੰ ਤੁਰ ਪਿਆ । ਉਹ ਮੇਰੇ ਬਾਪੂ ਨੂੰ ਤਾਇਆ ਕਹਿ ਕੇ ਬੁਲਾਉਂਦਾ ਹੁੰਦਾ। ਥੋੜ੍ਹੀ ਦੂਰ ਜਾ ਕੇ ਉਸ ਨੇ ਮੇਰੀ ਉਂਗਲ ਛੱਡ ਦਿੱਤੀ ਤੇ ਬੋਲਿਆ, "ਓਹ ਦੇਖ ...ਪਾ ਲੈ ਹਵੇਲੀ ਦੇ ਦਰਸ਼ਨ।"

ਮੇਰੀਆਂ ਅੱਖਾਂ ਸਾਹਮਣੇ, ਸਰਕੜੇ ਤੇ ਪੂਲਿਆਂ ਦਾ ਇੱਕ ਛੱਪਰ ਖੜ੍ਹਾ ਸੀ । ਇਸ ਦੇ ਆਲੇ-ਦੁਆਲੇ , ਕੰਡਿਆਲੀਆਂ ਮੋੜ੍ਹੀਆਂ ਦਾ, ਇੱਕ ਵਾਗਲਾ ਸੀ । ਉਸ ਨੇ ਗੁੱਝੀ ਆਰ ਮਾਰੀ ਸੀ । ਬਾਪੂ ਵਿੱਚ ਕੋਠਾ (ਕਮਰਾ) ਛੱਤਣ ਦੀ ਪੁੱਜਤ ਤਾਂ ਹੈਗੀ ਸੀ ਪਰ ਕੰਜੂਸੀ, ਉਸ ਨੂੰ ਹੱਥ ਖੋਲ੍ਹਣ ਨਹੀਂ ਸੀ ਦਿੰਦੀ ।



ਟਾਹਲੀ ਹੇਠ ਮੇਰਾ ਬਾਪੂ ਤੇ ਵੱਡਾ ਭਰਾ ਦਲੀਪ ਸਿੰਘ ਬੈਠੇ ਸਨ । ਉਹਨਾਂ ਦੇ ਕੋਲ ਹੀ ਸਾਡਾ 'ਭੂਰਾ' ਕੁੱਤਾ ਵੀ ਲੇਟਿਆ ਹੋਇਆ ਸੀ ।

"ਦੇਵ ਇਹਨੂੰ ਬੇਰ ਤੁੜਵਾਕੇ ਲਿਆ ...ਨਾਲੇ ਗੇੜਾ ਮਾਰੋ ...ਰੋਝ ਬੜਾ ਨੁਕਸਾਨ ਕਰਦੇ ਨੇ।" ਬਾਪੂ ਬੋਲਿਆ ।

ਦੇਵ ਤੇ ਦਲੀਪ ਹੱਥ ਵਿੱਚ ਡਾਗਾਂ ਫੜ ਕੇ ਬੇਰੀਆਂ ਵੱਲ ਚੱਲ ਪਏ । ਮੈਂ ਵੀ ਉਹਨਾਂ ਦੇ ਪਿੱਛੇ ਪਿੱਛੇ ਤੁਰ ਪਿਆ । ਮੇਰੇ ਪਿੱਛੇ ਭੂਰਾ ਵੀ ਆਉਣ ਲੱਗਿਆ। ਬੇਰ ਖਾਣ ਦੇ ਨਾਲ ਨਾਲ, ਮੈਨੂੰ ਰੋਝ ਦੇਖਣ ਦੀ ਤੀਬਰ ਚਾਹਨਾ ਸੀ।

ਉਹ ਬੇਰੀਆਂ ਹੇਠਾਂ ਖੜ੍ਹ ਕੇ, ਉਤਾਂਹ ਨਿਗਾਹ ਮਾਰਨ ਲੱਗੇ। ਫਿਰ ਦੇਵ, ਇੱਕ ਬੇਰੀ ਦੀ ਖੋੜ੍ਹ ਵਿੱਚ ਪੈਰ ਅੜਾ ਕੇ, ਥੋੜ੍ਹਾ ਜਿਹਾ ਉਪਰ ਚੜ੍ਹ ਗਿਆ । ਬੇਰੀ ਦੇ ਤਣੇ ਨੂੰ ਦੋਵੇਂ ਹੱਥ ਪਾ ਕੇ, ਉਸ ਨੇ ਦੋ-ਤਿੰਨ ਹਲੂਣੇ ਦਿੱਤੇ । ਬੇਰ ਹੇਠਾਂ ਡਿੱਗਣ ਲੱਗੇ । ਮੈਂ ਬੇਰ ਚੁਗਣ ਲੱਗਿਆ । ਕਈ ਬੇਰ ਮੇਰੇ ਸਿਰ ਵਿੱਚ ਵੀ ਵੱਜੇ ।

"ਓਹ ਥੋਡੀ ਭੈਣ ਦੀ ...ਇਹ ਤਾਂ ਕਿੰਨੇ ਫਿਰਦੇ ਐ," ਕਹਿ ਕੇ ਦੇਵ ਨੇ ਹੇਠਾਂ ਛਾਲ ਮਾਰੀ ਤੇ ਡਾਂਗ ਚੱਕ ਲਈ । ਦਲੀਪ ਵੀ ਡਾਂਗ ਚੱਕ ਕੇ, ਲਲਕਾਰੇ ਮਾਰਦਾ ਉਹਦੇ ਪਿੱਛੇ ਭੱਜਿਆ। ਕੁੱਤੇ ਨੇ ਵੀ ਉਹਨਾਂ ਦੇ ਨਾਲ ਹੀ ਸ਼ੂਟ ਵੱਟ ਲਈ । ਦਰਅਸਲ ਬੇਰੀ ਤੇ ਚੜ੍ਹੇ ਦੇਵ ਨੂੰ, ਕਣਕ ਵਿੱਚ ਫਿਰਦੇ ਰੋਝਾਂ ਦੀ ਡਾਰ ਦਿਖਾਈ ਦਿੱਤੀ ਸੀ ।

ਫਿਰ ਲਲਕਾਰੇ ਤੇ ਲਲਕਾਰੇ ਸੁਣਾਈ ਦੇਣ ਲੱਗੇ।

ਮੈਨੂੰ ਰੋਝਾਂ ਦੀਆਂ ਚਾਪਾਂ ਦਾ ਖੜਾਕ ਸੁਣਾਈ ਦਿੱਤਾ। ਦਸ-ਬਾਰ੍ਹਾਂ ਰੋਝਾਂ ਦੀ ਡਾਰ ਦਗੜ-ਦਗੜ ਕਰਦੀ, ਮੇਰੇ ਕੋਲ ਦੀ ਗੁਜ਼ਰ ਗਈ। ਉਹਨਾਂ ਦੇ ਮਗਰ ਹੀ ਭੂਰਾ ਵੀ ਸੀ। ਮੇਰੀ ਚੀਖ ਨਿਕਲ ਗਈ। ਮੈਂ ਡਰ ਕੇ ਬੇਰੀ ਕੋਲ ਹੋ ਗਿਆ। ਮੈਨੂੰ ਲੱਗਿਆ ਇਹ ਰੋਝ ਮੁੜ ਕੇ ਆਉਣਗੇ ਤੇ ਮੈਨੂੰ ਢਾਹ ਲੈਣਗੇ।

ਭੱਜਿਆ ਜਾਂਦਾ ਦਲੀਪ ਤਾਂ ਮੇਰੇ ਕੋਲ ਰੁਕ ਗਿਆ ਪਰ ਦੇਵ ਰੋਝਾਂ ਦਾ ਪਿੱਛਾ ਕਰਦਾ ਅੱਗੇ ਨਿਕਲ ਗਿਆ । ਮੈਂ ਤੇ ਦਲੀਪ ਬਾਪੂ ਕੋਲ ਮੁੜ ਆਏ ਸਾਂ । ਦੇਵ ਖਾਸਾ ਚਿਰ ਪਿੱਛੋਂ ਮੁੜਿਆ । ਉਹ ਰੋਝਾਂ ਨੂੰ ਦੂਰ ਭਜਾ ਆਇਆ ਸੀ ।

ਆਥਣੇ ਘਰ ਨੂੰ ਆਉਣ ਵੇਲੇ, ਦਲੀਪ ਤੇ ਦੇਵ ਦੇ ਵਾਂਗ, ਮੈਨੂੰ ਵੀ ਤੁਰ ਕੇ ਆਉਣਾ ਪਿਆ । ਮੈਨੂੰ ਬੋਤੇ ਉੱਤੇ ਬੈਠਣ ਦਾ ਖਮਿਆਜਾ ਭੁਗਤਣਾ ਪਿਆ ਸੀ । ਮੇਰੇ 'ਲਾਗਾ' ਲੱਗ ਗਿਆ ਸੀ । ਪੱਟਾਂ ਵਿੱਚ ਮਾਸ ਚਮਰਿਉਣ ਲੱਗਿਆ ਸੀ। ਲਾਗਾ ਲੱਗਣ ਕਰ ਕੇ ਹੁਣ ਬੋਤੇ 'ਤੇ ਬੈਠਣਾ ਔਖਾ ਸੀ ।

ਮੇਰੀਆਂ ਅੱਖਾਂ ਅੱਗੇ, ਮਾਰੂ ਜ਼ਮੀਨਾਂ ਤੇ ਮਾਰੂ ਫਸਲਾਂ ਦਾ ਇਹ ਦ੍ਰਿਸ਼ ਫੇਰ ਕਦੇ ਪ੍ਰਗਟ ਨਾ ਹੋਇਆ । ਖੇਤਾਂ ਵਿੱਚ ਖੜ੍ਹੀਆਂ, ਉੱਚੀਆਂ-ਉੱਚੀਆਂ ਦੇਸੀ ਕਣਕਾਂ ਦੀ, ਇਹ ਆਖ਼ਰੀ ਝਲਕ ਸੀ। ਇਸ ਤੋਂ ਬਾਅਦ, ਸਾਡੇ ਖੇਤਾਂ ਵਿੱਚ, ਮੁੜ ਕਦੇ ਰੋਝ ਨਹੀਂ ਦੇਖੇ ਗਏ।

***

ਉਸ ਸਾਲ ਕਣਕ ਗਾਹੁਣ ਵੇਲੇ , ਇੱਕ ਸਮੱਸਿਆ ਖੜ੍ਹੀ ਹੋ ਗਈ। ਬੀੜ੍ਹ ਵਾਲਾ ਰਾਹ ਰੇਤਲਾ ਸੀ । ਗੋਡੇ-ਗੋਡੇ ਰੇਤੇ ਵਿੱਚ ਦੀ, ਗੱਡਾ ਲਿਜਾਣਾ ਸੌਖਾ ਨਹੀਂ ਸੀ । ਸੋ ਬੀੜ੍ਹ

ਵਾਲਾ ਲਾਂਅਗਾ, ਕਿਰਾਏ ਦੇ ਇੱਕ ਟਰੱਕ ਰਾਹੀਂ, ਖੂਹ ਵਾਲੇ ਖੇਤ ਦੇ ਪਿੜ ਵਿੱਚ ਲਿਆਂਦਾ ਗਿਆ ।

ਕਦੇ-ਕਦਾਈਂ ਮੇਰਾ ਵੀ, ਪਿੜ ਵਿੱਚ ਗੇੜਾ ਵੱਜ ਜਾਂਦਾ। ਮੇਰਾ ਕੰਮ ਚਾਹ-ਰੋਟੀ ਫੜਾਉਣ ਵਿੱਚ ਮੱਦਦ ਕਰਨਾ ਸੀ। ਇੱਕ ਦਿਨ ਮੈਂ ਤੇ ਮੇਰਾ ਵੱਡਾ ਭਰਾ ਮਜੀਠਾ ਸਿੰਘ, ਕਾਮਿਆਂ ਦੀ ਦੁਪਹਿਰ ਦੀ ਚਾਹ ਰੋਟੀ ਲੈ ਕੇ ਗਏ। ਪਿੜ ਵਿੱਚ ਫਲ੍ਹਾ ਚੱਲ ਰਿਹਾ ਸੀ। ਫਲ੍ਹੇ ਅੱਗੇ ਦੋ ਬਲਦ ਤੇ ਬੋਤਾ ਜੋੜੇ ਹੋਏ ਸਨ। ਫਲ੍ਹੇ ਉਪਰ ਮੇਰਾ ਬਾਪੂ ਤੇ ਦੇਵ ਖੜ੍ਹੇ ਸਨ।

ਅਸੀਂ ਪਿੜ ਦੇ ਇੱਕ ਪਾਸੇ ਜਾ ਬੈਠੇ । ਮੇਰਾ ਧਿਆਨ ਫਲ੍ਹੇ ਵੱਲ ਸੀ । ਫਲ੍ਹੇ ਨੂੰ ਮੈਂ ਪਹਿਲੀ ਵਾਰ ਦੇਖ ਰਿਹਾ ਸਾਂ । ਇਸ ਤੋਂ ਬਾਅਦ ਫਿਰ ਕਦੇ, ਫਲ੍ਹਾ ਚਲਦਾ ਨਜ਼ਰ ਨਹੀਂ ਆਇਆ।

"ਦੇਵ ! ਦੇਹ ਮੁੰਡਿਆਂ ਨੂੰ ਢਾਣਾ ਫੇਰ।" ਬਾਪੂ ਬੋਲਿਆ ।

"ਓਹ ਆਓ, ਥੋਨੂੰ ਹੂਟੇ ਦੇਈਏ।" ਦੇਵ ਬੋਲਿਆ ।

ਉਸ ਦੇ ਏਨਾ ਆਖਣ ਦੀ ਦੇਰ ਸੀ, ਮੈਂ ਦੇਵ ਦੀਆਂ ਤੇ ਮਜੀਠਾ ਬਾਪੂ ਦੀਆਂ ਲੱਤਾਂ ਵਿੱਚ ਜਾ ਬੈਠਿਆ । ਗੇੜਾ ਪੂਰਾ ਹੋਣ ਤੋਂ ਪਹਿਲਾਂ ਹੀ ਸਾਨੂੰ ਉਤਾਰ ਦਿੱਤਾ ਗਿਆ । ਪਸ਼ੂਆਂ ਨੂੰ ਪਿੜ ਤੋਂ ਬਾਹਰ ਕਰ ਕੇ ਖੜ੍ਹਾ ਦਿੱਤਾ । ਕਿਉਂਕਿ ਖੜ੍ਹੇ ਪਸ਼ੂ 'ਸਾਇਆ' ਕਰ ਸਕਦੇ ਸਨ ।

ਓਦੋਂ ਪਿੜ ਨੂੰ ਇੱਕ ਪਵਿੱਤਰ ਸਥਾਨ ਦੀ ਤਰ੍ਹਾਂ ਲਿਆ ਜਾਂਦਾ ਸੀ । ਜਿਸ ਤਰ੍ਹਾਂ ਘਰ ਵਾਲੀ 'ਰੋਟੀ' ਗੁਰਦੁਆਰੇ ਵਿੱਚ 'ਪ੍ਰਸ਼ਾਦਾ' ਬਣ ਜਾਂਦੀ ਹੈ, ਓਸੇ ਤਰ੍ਹਾਂ ਪਿੜ ਵਿੱਚ ਵੀ, ਵਸਤੂਆਂ ਦੇ ਨਾਂ ਬਦਲ ਜਾਂਦੇ ਸਨ ।

ਪਿੜ ਵਿੱਚ ਰੜਕੇ/ਝਾੜੂ ਨੂੰ 'ਮਾਂਜਾ', ਫੌੜ੍ਹੇ ਨੂੰ 'ਸੱਬਰਕੱਤਾ' ਅਤੇ ਪਸ਼ੂਆਂ ਦੇ ਮਲਮੂਤਰ ਨੂੰ 'ਸਾਇਆ' ਕਿਹਾ ਜਾਂਦਾ ਸੀ । ਪਿੜ ਵਿੱਚ ਸਿਰ, ਨੰਗਾ ਕਰਨ ਦੀ ਮਨਾਹੀ ਹੁੰਦੀ ਸੀ ।

ਦੇਵ ਸਾਡੇ ਨਾਲ ਸਤਾਰਵੇਂ ਹਿੱਸੇ 'ਤੇ ਰਲਿਆ ਹੋਇਆ ਸੀ। ਭਾਵ ਕਿਸੇ ਫਸਲ ਦੇ ਸੋਲ੍ਹਾਂ ਹਿੱਸੇ ਸਾਡੇ ਤੇ ਸਤਾਰਵਾਂ ਹਿੱਸਾ ਉਸਦਾ। ਉਸ ਨੂੰ ਕਣਕ ਅਤੇ ਤੂੜੀ ਤਾਂ ਸਤਾਰਵੇਂ ਹਿੱਸੇ ਦੀ ਵੰਡ ਕੇ ਦੇ ਦਿੱਤੀ ਗਈ ਪਰ ਸਰ੍ਹੋਂ ਦੀ ਵੰਡ ਵੇਲੇ ਸਾਰੇ ਇੱਕ ਦੂਜੇ ਵੱਲ ਮੁਤਰ-ਮੁਤਰ ਝਾਕੀ ਜਾਣ । ਦਰਅਸਲ ਇਹ ਆਡਾਂ ਦੀ ਸਰ੍ਹੋਂ ਸੀ ਤੇ ਉਹ ਵੀ ਚੱਜ ਨਾਲ ਸੰਭਾਲੀ ਨਹੀਂ ਗਈ ਸੀ । ਇਹ ਸਾਰੀ ਤਿੰਨ-ਚਾਰ ਕੁ ਕਿੱਲੋ ਨਿਕਲੀ ਸੀ ।

"ਤਾਇਆ ਜੀ ! ਇਹਦਾ ਕੀ ਵੰਡਾਂਗੇ ?...ਬਸ ਰੱਖ ਲਓ ਤੁਸੀਂ ਹੀ।" ਦੇਵ ਬੋਲਿਆ।

"ਨਾ ਓਏ ਭਗਤਾ ...ਰੱਬ ਨੂੰ ਜਾਨ ਦੇਣੀ ਐ...ਚਾਹੇ ਮਾੜੀ ਚਾਹੇ ਚੰਗੀ ਤੇਰਾ ਹਿੱਸਾ ਨ੍ਹੀਂ ਰੱਖਦੇ ।" ਬਾਪੂ ਬੋਲਿਆ।

ਬਾਪੂ ਨੇ ਗਲਾਸ ਚੁੱਕਿਆ ਤੇ ਸਰ੍ਹੋਂ ਦਾ ਭਰ-ਭਰ ਕੇ ਇੱਕ ਪਾਸੇ ਉਲਟਾਉਣ ਲੱਗਿਆ । ਪੂਰੇ ਤੇਤੀ ਗਲਾਸ ਹੋਏ । ਉਸ ਨੇ ਦੇਵ ਦੀ ਝੋਲੀ ਵਿੱਚ, ਦੋ ਗਿਲਾਸ ਭਰ ਕੇ ਪਾ ਦਿੱਤੇ ।

***

ਅਗਲੇ ਸਾਲ ਲਈ ਦੇਵ ਦਾ ਸੀਰ, ਫਿਰ ਸਾਡੇ ਨਾਲ ਪੱਕਾ ਹੋ ਗਿਆ ਸੀ । ਭਾਵੇਂ ਹਰ ਸਾਲ ਸੀਰ ਦਾ ਹਿੱਸਾ ਕੁੱਝ ਨਾ ਕੁੱਝ ਵਧਾ ਦਿੱਤਾ ਜਾਂਦਾ ਸੀ ਪਰ ਉਸ ਦਾ ਹਿੱਸਾ ਸਤਾਰਵਾਂ ਹੀ ਰਹਿਣ ਦਿੱਤਾ ਸੀ। ਕਾਰਨ ਇਹ ਸੀ ਕਿ ਬੀੜ੍ਹ ਵਾਲੇ ਖੇਤ, ਨਹਿਰੀ ਪਾਣੀ ਲੱਗਣ ਦੀ ਉਮੀਦ ਸੀ। ਨਹਿਰੀ ਪਾਣੀ ਲੱਗਣ ਨਾਲ, ਫਸਲ ਵਿੱਚ ਵਾਧਾ ਹੋ ਜਾਣਾ ਸੀ। ਇਸ ਤਰ੍ਹਾਂ ਸੀਰੀ ਦੀ ਆਮਦਨ ਵਿੱਚ ਵੀ ਵਾਧਾ ਹੋ ਜਾਣਾ ਸੀ ।



ਇਹ ਉਹ ਸਮਾਂ ਸੀ ਜਦੋਂ ਦਲਿਤਾਂ ਦੇ ਤਕਰੀਬਨ ਹਰ ਘਰ ਵਿੱਚ ਗਾਂ ਜਾਂ ਮੱਝ ਰੱਖੀ ਹੁੰਦੀ। ਕਈਆਂ ਕੋਲ ਆਪਣੀ ਹੁੰਦੀ ਤੇ ਕਈ 'ਦਿਆਰੇ' 'ਤੇ ਪਾਲ ਲੈਂਦੇ। ਜੋ ਸੀਰ ਕਰਦੇ ਹੁੰਦੇ ਉਨ੍ਹਾਂ ਨੂੰ ਕੱਖ-ਪੱਠਾ ਸੀਰ ਵਾਲੇ ਘਰੋਂ ਮਿਲ ਜਾਂਦਾ, ਜੋ ਨਾ ਕਰਦੇ ਹੁੰਦੇ ਉਹ ਵੀ ਕਿਸਾਨਾਂ ਦੀਆਂ ਫਸਲਾਂ ਵਿੱਚੋਂ ਲੈ ਆਉਂਦੇ। ਓਦੋਂ ਚਾਰਗਾਹਾਂ ਵੀ ਆਮ ਹੁੰਦੀਆਂ ਸਨ । ਇਸ ਤਰ੍ਹਾਂ ਦਲਿਤਾਂ ਦੇ ਘਰੋਂ ਵੀ, ਥੋੜ੍ਹਾ ਚਾਹੇ ਬਹੁਤਾ ਦੁੱਧ-ਘਿਓ ਮਿਲ ਜਾਂਦਾ। ਪਸ਼ੂ ਵੇਚ ਕੇ ਚਾਰ ਪੈਸੇ ਵੀ ਹੱਥ ਵਿੱਚ ਆ ਜਾਂਦੇ ਸਨ।

'ਦੇਵ ਕੇ' ਘਰ ਵੀ ਹਮੇਸ਼ਾ ਦੋ-ਤਿੰਨ ਪਸ਼ੂ ਰਹੇ ਸਨ । ਜਦੋਂ ਤੀਜਾ ਪਸ਼ੂ ਰਲ ਜਾਂਦਾ ਤਾਂ ਇੱਕ ਵੇਚ ਦਿੱਤਾ ਜਾਂਦਾ । ਇਸ ਤੋਂ ਬਿਨਾਂ ਵਾਧੂ ਦੁੱਧ ਵੀ, ਦੋਧੀ ਨੂੰ ਪਾ ਦਿੱਤਾ ਜਾਂਦਾ ਸੀ।

ਬੀੜ੍ਹ ਵਾਲੇ ਖੇਤ ਲਈ ਨਹਿਰ ਦਾ ਪਾਣੀ ਮਨਜ਼ੂਰ ਹੋ ਗਿਆ। ਪਾਣੀ ਤਾਂ ਮਨਜ਼ੂਰ ਹੋ ਗਿਆ ਪਰ ਹੁਣ ਖਾਲ ਕੱਢ ਕੇ ਲਿਉਣ ਦੀ ਚੁਣੌਤੀ ਖੜ੍ਹੀ ਹੋ ਗਈ । ਕੱਸੀ ਦਾ ਇਹ ਖਾਲ, ਪਿੰਡ 'ਸੇਖਾ' ਦੇ ਸੂਏ ਵਿੱਚੋਂ ਲਿਆਉਣਾ ਸੀ । ਪਰ ਸੇਖੇ ਵਾਲੇ ਆਖਦੇ ਸਨ ਕਿ ਚਾਹੇ ਐਧਰ ਦੀ ਓਧਰ ਹੋ ਜਾਵੇ, 'ਸੰਘੇੜੇ ਵਾਲਿਆਂ' ਨੂੰ ਖਾਲ ਨਹੀਂ ਕੱਢਣ ਦੇਣਾ ।

ਖੇਤਾਂ ਨੂੰ ਕੱਸੀ ਦਾ ਪਾਣੀ ਲੱਗਣ ਨਾਲ ਪੰਝੀ-ਤੀਹ ਘਰਾਂ ਦੀ ਜ਼ਮੀਨ ਨੂੰ ਫਾਇਦਾ ਹੋਣਾ ਸੀ । ਪਰ ਖਾਲ ਕੱਢਣ ਬਾਰੇ ਕੋਈ ਗੱਲ ਹੀ ਨਹੀਂ ਸੀ ਕਰ ਰਿਹਾ । ਸਾਡਾ ਵੱਡਾ ਟੱਕ ਹੋਣ ਕਰ ਕੇ, ਸਾਰੇ ਇਸ ਕੰਮ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ, ਬਾਪੂ ਦੇ ਮੋਢਿਆਂ 'ਤੇ ਸੁੱਟ ਰਹੇ ਸਨ।

ਆਖ਼ਰ ਬਾਪੂ ਨੂੰ ਹੀ ਹਿੰਮਤ ਕਰਨੀ ਪਈ ।

ਸਾਰਿਆਂ ਨੂੰ ਇੱਕ ਦਿਨ 'ਕੱਠੇ ਹੋਣ ਲਈ ਕਿਹਾ ਗਿਆ । ਦੇਵ ਘਰ ਘਰ ਜਾ ਕੇ ਸੁਨੇਹੇ ਲਾ ਆਇਆ। ਖਾਲ ਕੱਢਦਿਆਂ, ਕਿਸੇ ਵੇਲੇ ਵੀ ਟੱਕਰ ਹੋ ਸਕਦੀ ਸੀ। ਇਸ ਲਈ ਸਭ ਨੂੰ, ਕਹੀ ਦੇ ਨਾਲ-ਨਾਲ ਇੱਕ ਡਾਂਗ ਲਿਆਉਣ ਵੀ ਕਿਹਾ ਗਿਆ।

ਖਾਲ ਪੁੱਟਣ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ, ਬਾਪੂ ਨੇ ਦੇਵ ਨੂੰ ਠੋਰਨਾ ਚਾਹਿਆ।

"ਕਿਉਂ ਦੇਵ ! ਤੈਨੂੰ ਕਿਵੇਂ ਲੱਗਦੈ, ਬਈ ਡਾਂਗ ਸੋਟੇ ਤੋਂ ਬਿਨਾਂ ਕੰਮ ਸੌਰ ਜਾਊ," ਬਾਪੂ ਨੇ ਪੁੱਛਿਆ ।

"ਤਾਇਆ ਜੀ ! ਸੌਰੇ ਚਾਹੇ ਨਾ ਪਰ ਆਪਣਾ ਹੱਕ, ਐਂ ਤਾਂ ਨ੍ਹੀਂ ਛੱਡਿਆ ਜਾਂਦਾ ।"

"ਫੇਰ ਤਾਂ ਕਮਰਕਸੇ ਕਰਨੇ ਪੈਣਗੇ," ਬਾਪੂ ਬੋਲਿਆ ।

"ਕੁਸ਼ ਵੀ ਹੋਵੇ ਕੇਰਾਂ ਤਾਂ ਕਾਲੀ ਘਟਾ ਵਾਂਗ ਗਰਜਣਾ ਪੈਣਾ...ਅਗਲੇ ਬੜ੍ਹਕ ਤਾਂ ਮਾਰਦੇ ਹੀ ਹੁੰਦੇ ਐ ... ਨਾਲੇ ਵੱਡਾ ਫਾਇਦਾ ਤਾਂ ਆਪਣੇ ਘਰ ਨੂੰ ਹੋਣੈ ।" ਦੇਵ ਕੜਕਿਆ ।

ਦੂਜੇ ਦਿਨ ਪੰਜ-ਸੱਤ ਘਰ ਘੇਸਲ ਮਾਰ ਗਏ । ਜਦੋਂ ਖਾਲ ਪੁੱਟਣ ਲਈ ਤੁਰੇ, ਤਾਂ ਪਿੰਡ ਦਾ ਇੱਕ ਮੋਹਤਵਰ ਬੰਦਾ ਵੀ ਵਾਪਸ ਮੁੜ ਆਇਆ। ਪੂਰ ਵਿੱਚੋਂ ਝੜਦੇ ਬੰਦਿਆਂ ਵੱਲ ਦੇਖ,ਬਾਪੂ ਦਾ ਹੌਸਲਾ ਡਿੱਗਣ ਲੱਗਿਆ । ਉਹ ਦੋਚਿਤੀ ਵਿੱਚ ਪੈ ਗਿਆ।

"ਤਾਇਆ ਜੀ ! ਜੇ ਸਾਰੇ ਲੋਕ ਆਪਾਂ ਨੂੰ ਛੱਡ ਜਾਣ, ਫੇਰ ਵੀ ਆਪਾਂ, ਪੰਜ-ਚਾਰ ਜਾਣੇ ਤਾਂ ਘਰ ਦੇ ਹੈਗੇ ਈ ਆਂ ...ਕਿਉਂ ਢੇਰੀ ਢਾਹੀ ਐ।" ਆਖ ਦੇਵ ਨੇ ਮੋਢੇ 'ਤੇ ਕਹੀ ਤੇ ਹੱਥ ਵਿੱਚ ਡਾਂਗ ਚੱਕ ਲਈ ਸੀ ।

ਉਹ ਭਾਵੇਂ ਸੀਰੀ ਸੀ ਪਰ ਉਸ ਨੂੰ ਇੰਜ ਲੱਗਿਆ ਸੀ, ਜਿਵੇਂ ਉਸ ਦੇ ਹਿੱਸਾ ਦਾ ਪਾਣੀ ਖੋਹਿਆ ਜਾ ਰਿਹਾ ਹੋਵੇ।

ਸੇਖਾ ਵਾਲਿਆਂ ਨੇ, ਕੋਈ ਵਿਰੋਧ ਨਾ ਕੀਤਾ । ਦਰਅਸਲ ਇਹ ਵਿਰੋਧ, ਪਿੰਡ ਵੱਲੋਂ ਨਹੀਂ ਸੀ ਕੀਤਾ ਜਾ ਰਿਹਾ । ਇਸ ਖਾਲ ਦਾ ਨਿਕਲਣਾ, ਇੱਕ ਪਰਿਵਾਰ ਨੂੰ ਰਾਸ ਨਹੀਂ ਸੀ ਆ ਰਿਹਾ । ਉਸ ਨੇ ਇਸ ਨੂੰ, ਦੋ ਪਿੰਡਾਂ ਦਾ ਮਸਲਾ ਬਣਾਉਣ ਦਾ ਯਤਨ ਕੀਤਾ ਸੀ ।

ਹੋਇਆ ਇਉਂ ਕਿ ਇਸ ਪਰਿਵਾਰ ਦੇ ਕੰਨੀ, ਇਹ ਗੱਲ ਪੈ ਗਈ ਕਿ ਸੰਘੇੜੇ ਵਾਲਿਆਂ ਕੋਲ ਤਾਂ ਬੰਦੂਕਾਂ ਹੋਣਗੀਆਂ । ਬਾਅਦ ਵਿੱਚ ਪਤਾ ਲੱਗਿਆ ਕਿ ਇਹ ਦਾਅ ਵੀ ਦੇਵ ਨੇ ਹੀ ਖੇਡਿਆ ਸੀ ।

ਉਸ ਦੀ ਪਿੰਡ ਸੇਖਾ ਵਿਚ, ਦੂਰੋਂ-ਨੇੜਿਓਂ ਕੋਈ ਰਿਸ਼ਤੇਦਾਰੀ ਸੀ । ਉਸ ਨੇ ਹਾਸੇ ਹਾਸੇ ਵਿਚ, ਆਪਣੇ ਰਿਸ਼ਤੇਦਾਰਾਂ ਕੋਲ, 'ਗੋਲ਼ੀਆਂ ਚੱਲਣ' ਦੀ ਗੱਲ ਆਖ ਦਿੱਤੀ। ਰਿਸ਼ਤੇਦਾਰਾਂ ਨੇ ਗੱਲ, ਅੱਗੇ ਘੁੰਮਾਅ ਦਿੱਤੀ ।

ਇਸ ਤਰ੍ਹਾਂ ਬਿਨਾਂ ਕਿਸੇ ਲੜਾਈ ਝਗੜੇ ਤੋਂ, ਬੀੜ੍ਹ ਵਾਲੀ ਮਾਰੂ ਜ਼ਮੀਨ, ਸਿੰਜਾਈ ਵਾਲੀ ਜ਼ਮੀਨ ਵਿੱਚ ਬਦਲ ਗਈ ਸੀ ।

ਉੱਚੇ ਟਿੱਬਿਆਂ ਵਿੱਚ ਫਸਲਾਂ ਲਹਿ-ਲਹਾਉਣ ਲੱਗੀਆਂ ਸਨ ।

ਲੋਕਾਂ ਦੀ ਆਰਥਿਕਤਾ ਸੰਵਰਨ ਲੱਗੀ ਸੀ ।

***

ਸਾਡੇ ਪਰਿਵਾਰ ਵਿੱਚ ਮੇਰੇ ਬਾਪੂ ਦਾ ਬਹੁਤ ਦਬ-ਦਬਾਅ ਹੁੰਦਾ ਸੀ । ਪਰਿਵਾਰ ਅਤੇ ਕੰਮ ਕਰਨ ਵਾਲਿਆਂ ਵਿੱਚੋਂ, ਕਿਸੇ ਦੀ ਹਿੰਮਤ ਨਹੀਂ ਸੀ ਹੁੰਦੀ ਕਿ ਉਨ੍ਹਾਂ ਦੇ ਸਾਹਮਣੇ ਚੂੰਅ-ਚਾਂਅ ਕਰ ਜਾਵੇ ।

ਬਾਪੂ ਦੀ ਹਾਜ਼ਰੀ ਵਿੱਚ ਸਾਰਿਆਂ ਦਾ ਧਿਆਨ ਕੰਮ ਵੱਲ ਹੁੰਦਾ । ਹਾਂ, ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ, ਜ਼ਰੂਰ ਹਾਸਾ ਠੱਠਾ ਚੱਲਦਾ । ਅਜਿਹੇ ਮੌਕੇ, ਦੇਵ ਵੀ ਪਿੱਛੇ ਨਾ ਹਟਦਾ । ਜਿੰਨੀ ਕੁ ਭੜਾਸ ਨਿਕਲਦੀ, ਉਹ ਵੀ ਕੱਢਦਾ ।

ਅਕਸਰ ਗੱਲ ਚਲਦੀ-ਚਲਦੀ ਦੇਵ ਦੇ 'ਨਚਾਰਪੁਣੇ' ਜਾਂ 'ਭਲਵਾਨੀ' 'ਤੇ ਆ ਕੇ ਅਟਕ ਜਾਂਦੀ । ਦੇਵ ਆਪ ਵੀ ਕਦੇ ਨਚਾਰਾਂ ਤੇ ਕਦੇ ਭਲਵਾਨਾਂ ਦੇ ਕਿੱਸੇ ਸੁਣਾਉਂਦਾ ਰਹਿੰਦਾ ।

ਕਾਰਿੰਦੇ ਕਦੇ ਉਸਨੂੰ ਨਚਾਰ ਤੇ ਕਦੇ ਭਲਵਾਨ ਕਹਿ ਕੇ ਛੇੜਦੇ। ਉਹ ਨਚਾਰ ਕਹਿਣ 'ਤੇ ਕਈ ਵਾਰ ਖਿੱਝ ਵੀ ਜਾਂਦਾ ਪਰ ਭਲਵਾਨ ਕਹਿਣ 'ਤੇ ਗੁੱਸਾ ਨਾ ਮੰਨਦਾ।

ਇਸੇ ਤਰ੍ਹਾਂ ਇੱਕ ਵਾਰੀ ਪਿੜ ਵਿੱਚ ਕਣਕ ਦੀਆਂ ਬੋਰੀਆਂ ਭਰ ਰਹੇ ਸਾਂ । ਬੋਰੀਆਂ ਭਰ ਕੇ ਚਾਹ ਪੀਣ ਬੈਠੇ ਗਏ । ਬੈਠਿਆਂ ਦਾ ਹਾਸਾ-ਠੱਠਾ ਚੱਲ ਪਿਆ। ਕਿਸੇ ਨੇ ਦੇਵ ਨੂੰ 'ਭਲਵਾਨੀ ਜ਼ੋਰ' ਦਾ ਮਿਹਣਾ ਮਾਰ ਦਿੱਤਾ। ਦੇਵ ਔਖਾ ਭਾਰਾ ਹੋਣ ਲੱਗਿਆ।

ਦਲੀਪ ਸਿੰਘ ਗੱਲ ਸਮੇਟਦਿਆਂ ਬੋਲਿਆ, "ਦੇਵ ! ਤੇਰੇ ਨਾਲ ਵਾਅਦਾ ਰਿਹਾ...ਅੱਜ ਤੋਂ ਬਾਅਦ ਮੈਂ ਤੈਨੂੰ ਭਲਵਾਨੀ ਜ਼ੋਰ ਵਾਲਾ ਮੰਨ ਲਉਂ ...ਪਰ ਜੇ ਆਹ ਕਣਕ ਦੀ ਬੋਰੀ ਸਿਰ 'ਤੇ ਚੱਕ ਕੇ ਪਿੜ ਵਿੱਚ ਗੇੜਾ ਦੇ ਦੇਵੇਂ।"

"ਕੱਲੀ ਬੋਰੀ ਨ੍ਹੀਂ ...ਨਾਲ ਪੰਜਾਹ ਰੁਪਏ ਦੀ ਸ਼ਰਤ ਵੀ ਰੱਖੋ।" ਦੇਵ ਬੋਲਿਆ ।

ਇਵੇਂ ਹੀ ਹੋਇਆ।



ਉਸ ਬੋਰੀ ਵਿੱਚ ਕੁਇੰਟਲ ਤੋਂ, ਥੋੜ੍ਹੀ-ਘਣੀ ਕਣਕ ਘੱਟ ਹੋਵੇਗੀ। ਦੋ ਜਾਣਿਆਂ ਨੇ ਲੱਗ ਕੇ ਬੋਰੀ ਉਠਾਈ ਤੇ ਦੇਵ ਦੇ ਸਿਰ ਉੱਤੇ ਰੱਖ ਦਿੱਤੀ।

ਉਸ ਨੇ ਮੌਜ ਨਾਲ, ਪਿੜ ਵਿੱਚ ਗੇੜਾ ਦੇ ਦਿੱਤਾ ।

ਜਦੋਂ ਬਾਪੂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਦਲੀਪ ਦੀ ਬਹੁਤ ਘੂਰ-ਘੱਪ ਕੀਤੀ ।

ਬਾਪੂ ਬੋਲਿਆ ,"ਕੰਜਰਾ, ਚੌੜ ਰਾਹ-ਰਾਹ ਸਿਰ ਦੀ ਹੁੰਦੀ ਐ...ਜੇ ਭਲਾਂ ਉਸ ਦੀ ਗਰਦਨ ਦਾ ਮਣਕਾ ਟੁੱਟ ਜਾਂਦਾ...ਕਰਤੀ ਸੀ ਨਾ ਗਰੀਬ ਮਾਰ ।"

ਬਾਅਦ ਵਿਚ, ਕੰਮ ਕਰਨ ਵਾਲਿਆਂ ਵਿੱਚ , ਕਈ ਦਿਨ ਬੋਰੀ ਵਾਲੀ ਗੱਲ ਦੀ ਚਰਚਾ ਚੱਲਦੀ ਰਹੀ । ਗੱਲ ਕਰਨ ਵਾਲਾ ਅਖ਼ੀਰ ਵਿੱਚ 'ਕੋਈ ਨੁਕਸਾਨ' ਨਾ ਹੋਣ ਦਾ ਸ਼ੁਕਰ ਜ਼ਰੂਰ ਕਰਦਾ ।

ਏਸੇ ਤਰ੍ਹਾਂ ਦੀ ਖਰਮਸਤੀ, ਇੱਕ ਦਿਨ ਫੇਰ ਕੀਤੀ ਗਈ।

ਉਸ ਦਿਨ ਬਾਪੂ ਸਾਡੇ ਤੋਂ, ਪਰਲੇ ਪਾਸੇ ਵਾਲੇ ਖੱਤੇ ਵਿੱਚ ਸੀ । ਅਸੀਂ ਪੰਜ-ਛੇ ਜਣੇ ਕਪਾਹ ਗੁੱਡ ਰਹੇ ਸਾਂ, ਜਿਹਨਾਂ ਵਿੱਚ ਸਾਡੇ ਤਿੰਨਾਂ ਭਾਈਆਂ ਤੋਂ ਬਿਨਾਂ, ਦੇਵ ਤੇ ਦੋ ਦਿਹਾੜੀਏ ਵੀ ਸਨ । ਇਹ ਸਤੰਬਰ ਮਹੀਨੇ ਦੇ ਦਿਨ ਸਨ । ਸਾਰਿਆਂ ਦਾ ਆਪਸ ਵਿੱਚ ਹੱਸਣ-ਖੇਡਣ ਚੱਲ ਰਿਹਾ ਸੀ । ਗੱਲ ਦੇਵ ਦੀ ਭਲਵਾਨੀ 'ਤੇ ਆ ਕੇ ਰੁਕ ਗਈ । ਭਲਵਾਨੀ ਨੂੰ ਲੈ ਕੇ, ਦੇਵ ਨੂੰ ਟਿੱਚਰਾਂ ਹੋਣ ਲੱਗੀਆਂ ।

ਦੇਵ ਨੂੰ ਗੁੱਸਾ ਆ ਗਿਆ ।

ਉਸ ਨੇ ਪੱਟ 'ਤੇ ਥਾਪੀ ਮਾਰਦਿਆਂ ਬੜ੍ਹਕ ਮਾਰੀ, "ਸਾਰਿਆਂ 'ਚੋਂ ਕੋਈ ਦੋ ਜਾਣੇ, ਜਦੋਂ ਮਰਜ਼ੀ ਆ ਜੋ ਮੇਰੇ ਨਾਲ ਦੇਖ ਲਓ...ਦਿਖਾਵਾਂ ਪੰਜੀ ਦਾ ਭੌਣ ।"

ਮੇਰਾ ਵੱਡਾ ਭਾਈ ਤੇ ਇੱਕ ਦਿਹਾੜੀਏ ਨੇ, ਉਸ ਦੀ ਟੱਕਰ ਕਬੂਲ ਲਈ । ਸ਼ਰਤ ਇਹ ਸੀ ਕਿ ਜੇ ਦੋਵਾਂ ਨੇ ਦੇਵ ਦੀ ਪਿੱਠ ਲਵਾ ਦਿੱਤੀ, ਤਾਂ ਉਹ ਹਾਰ ਮੰਨ ਲਵੇਗਾ,ਨਹੀਂ ਉਹ ਉਸ ਦੀ ਭਲਵਾਨੀ ਕਬੂਲ ਲੈਣਗੇ ।

ਉਹ ਤਿੰਨੇ ਕਪਾਹ ਦੇ ਵਿੱਚ ਹੀ ਮੜਿਕਣ ਲੱਗੇ । ਦੋਵਾਂ ਨੇ ਆਪਣੀ ਸਾਰੀ ਵਾਹ ਲਾ ਲਈ ਪਰ ਦੇਵ ਦੀ ਪਿੱਠ ਨਾ ਲਵਾ ਸਕੇ ।

ਉਨ੍ਹਾਂ ਨੇ ਚਾਰ ਮੰਜਿਆਂ ਦੇ ਥਾਂ ਜਿੰਨੀ ਕਪਾਹ ਵਿੱਚ ਗਾਹ ਪਾ ਕੇ ਰੱਖ ਦਿੱਤਾ ਸੀ । ਇਹ ਥਾਂ ਬਾਪੂ ਨੇ ਵੀ ਦੇਖ ਲਈ। ਉਸ ਨੇ ਲਾਲ ਸਿੰਘ ਨੂੰ ਸਾਰੀ ਗੱਲ ਦੱਸ ਦਿੱਤੀ । ਇਸ ਘਟਨਾ ਦੀ ਚਰਚਾ ਹੱਟੀ-ਭੱਠੀ 'ਤੇ ਵੀ ਹੋਈ। ਇਸ ਚਰਚਾ ਨੇ ਦੇਵ ਦਾ ਹੌਸਲਾ ਵਧਾ ਦਿੱਤਾ ਸੀ । ਉਸ ਅੰਦਰ ਇੱਕ ਹਲਚਲ ਜਿਹੀ ਪੈਦਾ ਹੋ ਗਈ ਸੀ ।

****

ਉਹ ਆਪਣੇ ਅੰਦਰਲੀਆਂ ਚਿਣਗਾਂ ਨੂੰ, ਕਿਵੇਂ ਦਬਾ ਕੇ ਰੱਖਦਾ ਸੀ, ਇਹ ਤਾਂ ਓਹੀ ਜਾਣਦਾ ਸੀ । ਉਸ ਦੇ ਅੰਦਰ ਮਘਦੀਆਂ ਚਿਣਗਾਂ, ਕਦੋਂ ਸੁਲਗ ਪੈਣ, ਪਤਾ ਨਹੀਂ ਸੀ ਲੱਗਦਾ। ਫਿਰ ਉਹ ਨਾ ਅੱਗਾ ਦੇਖਦਾ ਨਾ ਪਿੱਛਾ ।

ਮੈਨੂੰ ਉਹ ਦ੍ਰਿਸ਼ ਵੀ ਯਾਦ ਹੈ, ਜਦੋਂ ਪਿੰਡ ਵਿੱਚ ਪਈ ਇੱਕ ਛਿੰਜ ਵਿੱਚ, ਦੇਵ ਨੇ ਆਪਣੀ ਭਲਵਾਨੀ ਦਾ ਮੁਜ਼ਾਹਰਾ ਕੀਤਾ ਸੀ ।

ਉਹਨਾਂ ਦਿਨਾਂ ਵਿਚ, ਵੱਡੇ ਪਿੰਡਾਂ ਵਿੱਚ, ਭਲਵਾਨਾਂ ਦੇ ਘੋਲ ਹੋਣੇ ਆਮ ਗੱਲ ਸੀ । ਮੇਰੇ ਪਿੰਡ ਵਿੱਚ ਵੀ, ਇਹ ਰੀਤ ਸ਼ੁਰੂ ਹੋ ਚੁੱਕੀ ਸੀ। ਓਦੋਂ ਲੋਕਾਂ ਲਈ, ਇਹ ਇੱਕ ਮਨੋਰੰਜਨ ਦਾ ਸਾਧਨ ਵੀ ਸੀ। ਲੋਕ ਭਲਵਾਨਾਂ ਨੂੰ ਮਾਣ ਇੱਜ਼ਤ ਵੀ ਬਹੁਤ ਦਿੰਦੇ ਸਨ ।

ਇੱਕ ਵਾਰੀ ਸਾਡੇ ਪਿੰਡ ਵਿੱਚ 'ਦੁੱਗਰੀ' ਪਿੰਡ ਦੇ ਇੱਕ ਭਲਵਾਨ ਨੇ ਕਹਿੰਦੇ-ਕਹਾਉਂਦੇ ਭਲਵਾਨ ਨੂੰ ਚਿੱਤ ਕਰ ਕੇ ਰੱਖ ਦਿੱਤਾ ਸੀ । ਪਿੰਡ ਦੇ ਲੋਕਾਂ ਨੇ, ਉਸ ਦਾ ਅਜਿਹਾ ਮਾਣ ਆਦਰ ਕਰਿਆ ਕਿ ਉਹ ਸੰਘੇੜਾ ਪਿੰਡ ਵਿੱਚ ਹੀ ਰਹਿਣ ਲੱਗ ਗਿਆ ਸੀ।

ਛਿੰਜ ਵਾਲੇ ਦਿਨ ਤੋਂ ਕਈ ਦਿਨ ਪਹਿਲਾਂ, ਇੱਕ ਢੋਲ ਵਾਲਾ ਆਲੇ-ਦੁਆਲੇ ਦੇ ਪਿੰਡਾਂ ਵਿੱਚ ਮੁਨਾਦੀ ਕਰਦਾ। ਛਿੰਜ ਵਾਲੇ ਦਿਨ, ਪਿੰਡ ਤੋਂ ਬਾਹਰ ਖ਼ੂਬ ਰੌਣਕਾਂ ਹੁੰਦੀਆਂ ।ਲੋਕ ਆਪਣੇ ਕੰਮ ਸੰਦੇਹਾਂ ਨਿਬੇੜ ਕੇ, ਮਿਥੇ ਸਮੇਂ ਤੋਂ ਪਹਿਲਾਂ ਹੀ ਅਖਾੜੇ ਕੋਲ ਪਹੁੰਚ ਜਾਂਦੇ।

ਉਸ ਦਿਨ ਵੀ ਛਿੰਜ ਵਿੱਚ, ਦੂਰ-ਨੇੜੇ ਤੋਂ ਦਸ-ਬਾਰ੍ਹਾਂ ਭਲਵਾਨ ਪਹੁੰਚੇ ਹੋਏ ਸਨ । ਕੁੱਲ ਚਾਰ ਕੁਸ਼ਤੀਆਂ ਹੋਈਆਂ। 'ਫਿੱਡੂ' ਭਲਵਾਨ ਨੇ ਦੋ ਭਲਵਾਨਾਂ ਨੂੰ ਚਿੱਤ ਕਰ ਕੇ ਰੱਖ ਦਿੱਤਾ। ਫੇਰ ਉਸ ਨੇ ਸਾਰੇ ਅਖਾੜੇ ਵਿੱਚ ਆਏ ਭਲਵਾਨਾਂ ਨੂੰ ਚੁਣੌਤੀ ਦਿੰਦਿਆਂ ਝੰਡੀ ਫੇਰੀ ।ਝੰਡੀ ਫੜਨ ਵਾਲੇ ਨੂੰ, ਫਿੱਡੂ ਨਾਲ ਕੁਸ਼ਤੀ ਕਰਨੀ ਪੈਣੀ ਸੀ ।ਉਸ ਦਾ ਗੇੜਾ, ਪੂਰਾ ਹੋਣ ਵਾਲਾ ਹੀ ਸੀ ਕਿ ਅਛੋਪਲੇ ਜਿਹੇ ਦੇਵ ਫਿੱਡੂ ਦੇ ਅੱਗੇ ਆ ਖੜ੍ਹਿਆ ।

ਦੇਵ ਨੂੰ ਅਖਾੜੇ ਵਿੱਚ ਦੇਖ ਕੇ ਲੋਕਾਂ ਨੇ ਹਾਸੀ ਚੁੱਕ ਲਈ ।

"ਓਏ..ਏ..ਏ..ਏ... ਇਹ ਤਾਂ ਦੇਵ ਐ ਦੇਵ " ....

"ਓਏ ਆਹ ਕੀ ਹੋਣ ਲਾ ਗਿਆ ਬਈ।"

ਲੋਕਾਂ ਦੇ ਇਕੱਠ ਵਿੱਚੋਂ ਇਹੋ ਜਿਹੀਆਂ ਆਵਾਜ਼ਾਂ ਆਉਣ ਲੱਗੀਆਂ । ਫਿਰ ਆਪ ਮੁਹਾਰੇ ਲੋਕ ਤਾੜੀਆਂ ਮਾਰਨ ਲੱਗੇ ।

"ਇਹਨੂੰ ਰੋਕੋ ਬਈ ...ਐਵੀਂ ਲੱਤ ਬਾਂਹ ਨਾ ਤੁੜਾ ਬੈਠੇ," ਇੱਕ ਬਜ਼ੁਰਗ ਨੇ ਖੜ੍ਹੇ ਹੁੰਦੇ ਕਿਹਾ ।

ਬਹੁਤਿਆਂ ਨੂੰ ਦੇਵ ਦੇ, ਭਲਵਾਨ ਹੋਣ ਬਾਰੇ ਯਕੀਨ ਨਹੀਂ ਸੀ ਆ ਰਿਹਾ ।ਉਨ੍ਹਾਂ ਨੇ, ਕਦੇ ਉਸ ਨੂੰ, ਕੁਸ਼ਤੀ ਕਰਦੇ ਨਹੀਂ ਦੇਖਿਆ ਸੀ। ਉਹ ਉਸ ਦੇ ਭਲਵਾਨ ਹੋਣ ਬਾਰੇ, ਪਹਿਲੀ ਵਾਰ ਸੁਣ ਰਹੇ ਸਨ।

ਫਿਰ 'ਦੁਗਰੀ ਵਾਲਾ' ਭਲਵਾਨ ਅਖਾੜੇ ਵਿੱਚ ਆਇਆ ।

"ਓਹ ਚੁੱਪ ਬਈ ...ਸੁਣੋ...ਸੁਣੋ ।" ਪਿੰਡ ਦਾ ਸਰਪੰਚ ਉੱਚੀ ਆਵਾਜ਼ ਵਿੱਚ ਬੋਲਿਆ।

ਸਰਪੰਚ ਦੀ ਗੱਲ ਸੁਣ ਕੇ, ਲੋਕ ਰੌਲਾ ਪਾਉਣੋਂ ਹੱਟ ਗਏ।

ਫਿਰ ਦੁਗਰੀ ਵਾਲਾ ਬੋਲਿਆ, "ਭਰਾਵੋ ਸ਼ੈਂਤ ਥੋੜੇ ਵਿੱਚੋਂ ਬਹੁਤਿਆਂ ਨੂੰ ਦੇਵ ਦੇ ਭਲਵਾਨ ਹੋਣ ਬਾਰੇ ਕੋਈ ਸ਼ੰਕਾ ਹੋਵੇ ...ਮੈਂ ਤੁਹਾਨੂੰ ਦੱਸਦਿਆਂ ਬਈ ਦੇਵ ਨੂੰ ਜਦੋਂ ਵੀ ਮੌਕਾ ਮਿਲਦੈ ਕੁਸ਼ਤੀ ਦੇ ਦਾਅ ਪੇਚ ਸਿੱਖਦਾ ਰਹਿੰਦੈ ...ਸਾਡੇ ਲਈ ਦੋਵੇਂ ਭਲਵਾਨ ਇੱਕੋ ਜਿਹੇ ਨੇ ...ਆਓ ਭਲਵਾਨਾਂ ਦੀ ਕੁਸ਼ਤੀ ਵੀ ਦੇਖੀਏ ਤੇ ਨਾਲੇ ਹੌਸਲਾ ਫਸਾਈ ਵੀ ਕਰੀਏ।"

ਜਿਉਂ ਹੀ ਅਖਾੜੇ ਵਿੱਚ, ਦੋਵੇਂ ਆਹਮੋ ਸਾਹਮਣੇ ਹੋਏ, ਇੱਕ ਵਾਰੀ ਤਾਂ ਚੁੱਪ ਵਰਤ ਗਈ ।ਦੇਖਣ ਨੂੰ ,ਦੇਵ ਦਾ ਫਿੱਡੂ ਨਾਲ ਕੋਈ ਮੁਕਾਬਲਾ ਨਹੀਂ ਸੀ ।ਫਿੱਡੂ ਦੀ ਦੇਹ, ਦੇਵ ਨਾਲੋਂ



ਦੁਗਣੀ ਸੀ ।ਵੀਹ ਪੱਚੀ ਮਿੰਟ, ਉਹ ਇੱਕ ਦੂਜੇ ਨੂੰ ਡੇਗਣ ਦਾ ਯਤਨ ਕਰਦੇ ਰਹੇ ਪਰ ਡਿੱਗਿਆ ਕੋਈ ਨਾ। ਫੇਰ ਗੁਥਮ-ਗੁੱਥਾ ਵੀ ਹੋਏ, ਪਰ ਢੂਹੀ ਲਾਉਣ ਵਿੱਚ ਕੋਈ ਕਾਮਯਾਬ ਨਾ ਹੋਇਆ ।

ਅਖਾੜੇ ਵਿੱਚੋਂ, ਦੋਵਾਂ ਨੂੰ ਬਰਾਬਰ ਜੇਤੂ ਕਰਾਰ ਦੇ ਕੇ ਹਟਾਉਣ ਦੀਆਂ ਆਵਾਜ਼ਾਂ ਵੀ ਸੁਣਾਈ ਦੇਣ ਲੱਗੀਆਂ।

ਸਰਪੰਚ ਨੇ ਦੋਵਾਂ ਭਲਵਾਨਾਂ ਨੂੰ, ਰੁਕਣ ਦਾ ਇਸ਼ਾਰਾ ਕੀਤਾ। ਦੋਵੇਂ ਹੀ ਦਮੋਂ ਨਿਕਲ ਚੁੱਕੇ ਸਨ। ਸਰਪੰਚ ਨੇ ਉੱਚੀ ਬੋਲ ਕੇ, ਘੋਲ ਦੇ ਜਾਰੀ ਰੱਖਣ ਬਾਰੇ ਲੋਕਾਂ ਦੀ ਰਾਇ ਲਈ।

ਬਹੁਤੇ ਲੋਕ, ਇੱਕ ਪਾਸਾ ਹੋ ਜਾਣ ਦੇ ਪੱਖ ਵਿੱਚ ਸਨ।

ਘੋਲ ਫਿਰ ਦੁਆਰਾ ਸ਼ੁਰੂ ਹੋ ਗਿਆ।

ਹੁਣ ਦੋਵੇਂ ਹੀ ਪਹਿਲਾਂ ਨਾਲੋਂ ਤੇਜ਼ੀ ਨਾਲ ਝੁੱਟਾਂ ਦਿਖਾਉਣ ਲੱਗੇ।

ਅਖ਼ੀਰ ਦੇਵ ਨੇ ਝਕਾਨੀ ਦਿੰਦਿਆਂ, ਆਪਣਾ ਦਾਅ ਖੇਡਿਆ ਤੇ ਫਿੱਡੂ ਦੀ ਪਿੱਠ ਲਾ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਕਈਆਂ ਨੇ ਭੱਜ ਕੇ ਦੇਵ ਨੂੰ ਜੱਫੀ ਵਿੱਚ ਲੈ ਲਿਆ।

ਫਿਰ ਉਨ੍ਹਾਂ ਨੇ ਉਸ ਦਾ ਆਲੇ ਦੁਆਲੇ ਗੇੜਾ ਲਵਾਇਆ। ਲੋਕਾਂ ਨੇ ਉਸ ਦੀ ਝੋਲੀ ਰੁਪਿਆਂ ਨਾਲ ਭਰ ਦਿੱਤੀ।

ਇਸ ਦਿਨ ਤੋਂ ਬਾਅਦ ਦੇਵ ਦੇ ਨਾਂਅ ਨਾਲ 'ਭਲਵਾਨ' ਵੀ ਜੁੜ ਗਿਆ ਸੀ ।

****

ਲਾਲ ਸਿੰਘ ਨਹੀਂ ਚਾਹੁੰਦਾ ਸੀ ਕਿ ਉਸ ਦੇ ਪੁੱਤ ਨੂੰ ਕੋਈ 'ਦੇਵ ਭਲਵਾਨ' ਕਹਿ ਕੇ ਬੁਲਾਵੇ। ਭਲਵਾਨ ਸ਼ਬਦ ਨੇ ਉਸ ਦੇ ਜ਼ਿਹਨ ਵਿੱਚ, ਫਿਰ ਚਿੰਤਾ ਖੜ੍ਹੀ ਕਰ ਦਿੱਤੀ। ਲਾਲ ਸਿੰਘ ਨੂੰ ਆਪਣਾ ਮੁੰਡਾ, ਫੇਰ ਹੱਥਾਂ ਵਿੱਚੋਂ ਨਿਕਲਦਾ ਲੱਗਿਆ।

ਇਸ ਤੋਂ ਪਹਿਲਾਂ ਕਿ ਉਹ ਹੋਰ ਖੰਭ ਮਾਰੇ, ਉਸ ਨੇ ਦੇਵ ਨੂੰ ਵਿਆਹ ਦੇ ਬੰਧਨ ਵਿੱਚ ਬੰਨ੍ਹ ਦਿੱਤਾ ।

ਗੱਲ ਸਿਰਫ ਵਿਆਹ ਤੱਕ ਹੀ ਨਹੀਂ ਖੜ੍ਹੀ ਸੀ ।ਚੌਥੇ ਸਾਲ ਉਸ ਦਾ ਸੀਰ ਵੀ ਬਦਲ ਦਿੱਤਾ ਗਿਆ ।

ਘਰ ਵਾਲੇ ਉਸ ਦੀ ਥਾਂ ਵੀ ਬਦਲਣੀ ਚਾਹੁੰਦੇ ਸਨ ।ਉਨ੍ਹਾਂ ਦੇ ਜ਼ਿਹਨ ਵਿੱਚ, 'ਕਪਾਹ ਵਿੱਚ ਖਰਗੋ ਪਾਉਣ ਵਾਲੀ ਘਟਨਾ' ਅਟਕੀ ਹੋਈ ਸੀ ।ਸ਼ਾਇਦ ਉਨ੍ਹਾਂ ਨੂੰ, ਦੇਵ ਦਾ ਮੇਰੇ ਭਾਈਆਂ ਨਾਲ, ਖੁੱਲ੍ਹ ਕੇ ਵਿਚਰਨਾ ਠੀਕ ਨਹੀਂ ਸੀ ਲੱਗਿਆ ।ਉਨ੍ਹਾਂ ਦੇ ਮਨ ਵਿੱਚ ਦੇਵ ਦੇ ਵਿਗੜਨ ਦਾ ਡਰ ਬੈਠ ਗਿਆ ਹੋਣੈ ।

ਦੇਵ ਨੂੰ ਨੰਬਰਦਾਰਾਂ ਦੇ ਪਰਿਵਾਰ ਨਾਲ ਸੀਰੀ ਰਲਾ ਦਿੱਤਾ।

ਨੰਬਰਦਾਰ ਸਖ਼ਤ ਸੁਭਾਅ ਦਾ ਸੀ ।ਪਿੰਡ ਵਿੱਚ ਇਹ ਗੱਲ ਪ੍ਰਚਲਿਤ ਸੀ ਕਿ ਜਿਹੜਾ ਸੀਰੀ, ਨੰਬਰਦਾਰ ਨਾਲ ਇੱਕ ਸਾਲ ਵੀ ਰਹਿ ਗਿਆ,ਉਹ ਫੇਰ ਕਿਤੇ ਨਹੀਂ ਡੋਲਦਾ ।ਸ਼ਾਇਦ ਅੜੀਅਲ ਬਲਦ ਨੂੰ ਚਾਲੂ ਕੱਢਣ ਵਾਂਗ, ਉਸ ਨੂੰ ਨੰਬਰਦਾਰਾਂ ਦੇ ਹਵਾਲੇ ਕੀਤਾ ਹੋਵੇ ।ਦੇਵ ਨੇ ਵੀ ਇਸ ਸੀਰ ਨੂੰ ਇੱਕ ਚੁਣੌਤੀ ਵਾਂਗ ਲੈ ਲਿਆ ਹੋਵੇ ।

ਉਸ ਨੇ ਨੰਬਰਦਾਰਾਂ ਨਾਲ ਦੋ ਸਾਲ ਸੀਰ ਲਾ ਕੇ, ਸਭ ਨੂੰ ਹੈਰਾਨ ਕਰ ਦਿੱਤਾ। ਇਸ ਤਰ੍ਹਾਂ ਉਸ ਨੇ, ਨੰਬਰਦਾਰਾਂ ਨਾਲ, ਪਹਿਲਾਂ ਰਹਿ ਚੁੱਕੇ ਸੀਰੀਆਂ ਦਾ, ਰਿਕਾਰਡ ਤੋੜ ਦਿੱਤਾ।

ਲਾਲ ਸਿੰਘ ਦੇ ਮਨ ਨੂੰ ਤਾਂ, ਇਸ ਗੱਲ ਦੀ ਹੀ ਤਸੱਲੀ ਹੋਈ ਸੀ ਕਿ ਮੁੰਡਾ ਰੋਹੀਏਂ ਚੜ੍ਹਨ ਤੋਂ ਰੁਕ ਗਿਆ ਹੈ।

ਜਿਵੇਂ ਜਿਵੇਂ ਸਮਾਂ ਲੰਘਣ ਲੱਗਿਆ, ਦੇਵ ਉੱਤੇ ਨੰਬਰਦਾਰਾਂ ਦੇ ਘਰ ਦਾ ਪ੍ਰਭਾਵ, ਸਾਫ ਨਜ਼ਰ ਆਉਣ ਲੱਗਿਆ।

ਦੇਵ ਹੁਣ ਪਹਿਲਾਂ ਵਾਲਾ 'ਦੇਵ ਭਲਵਾਨ' ਨਹੀਂ ਰਿਹਾ ਸੀ ।

ਨਾ ਚਿਹਰੇ 'ਤੇ ਪਹਿਲਾਂ ਵਾਲੀ ਰੌਣਕ । ਨਾ ਤੋਰ ਵਿੱਚ ਪਹਿਲਾਂ ਵਾਲੀ ਰਵਾਨਗੀ । ਨਾ ਹੀ ਪਹਿਲਾਂ ਵਾਲੀ ਫੁਰਤੀ । ਦੇਖਣ ਵਾਲੇ ਨੂੰ ਉਸ ਦੀ ਸਿਹਤ ਵਿੱਚ, ਫਰਕ ਸਾਫ ਨਜ਼ਰ ਆ ਰਿਹਾ ਸੀ ।

ਸ਼ੁਰੂ ਸ਼ੁਰੂ ਵਿੱਚ ਕਈਆਂ ਨੂੰ ਅਸਲੀ ਵਜ੍ਹਾ ਦੀ ਸਮਝ ਨਾ ਆਈ। ਉਨ੍ਹਾਂ ਨੂੰ ਵਿਆਹ ਹੀ ਇਸਦਾ ਕਾਰਨ ਲੱਗਿਆ ਸੀ। ਲਾਲ ਸਿੰਘ ਨੇ ਵੀ ਏਹੀ ਸਮਝਿਆ ਸੀ। ਦੇਵ ਦੇ ਹਾਣੀ ਉਸ ਨੂੰ ਟਿੱਚਰਾਂ ਵੀ ਕਰਨ ਲੱਗ ਪਏ ਸਨ ।

ਆਖ਼ਰ ਗੱਲ ਹੌਲੀ ਹੌਲੀ ਬਾਹਰ ਆ ਗਈ ।

ਨੰਬਰਦਾਰ ਆਪਣੇ ਕੰਮ ਦੇ ਲਾਲਚ ਵਿੱਚ, ਦੇਵ ਨੂੰ ਰੋਗੀ ਬਣਾ ਰਿਹਾ ਸੀ। ਉਹ ਚਾਹ ਵਿੱਚ, 'ਅਫੀਮ' ਘੋਲਣ ਲੱਗ ਗਿਆ ਸੀ । ਪਹਿਲਾਂ ਪਹਿਲ ਇਸ ਬਾਰੇ, ਕਿਸੇ ਨੂੰ ਭਿਣਕ ਨਾ ਪਈ। ਹੌਲੀ ਹੌਲੀ ਸਭ ਕੁੱਝ ਸ਼ਰ੍ਹੇਆਮ ਹੋ ਗਿਆ। ਹੁਣ ਤਾਂ ਕਦੇ-ਕਦਾਈਂ ਉਹ ਕੰਡਾ-ਕੰਡਾ ਖਵਾ ਵੀ ਦਿਆ ਕਰਦਾ।

ਲਾਲ ਸਿੰਘ ਲਈ ਨਵੀਂ ਚਿੰਤਾ ਖੜ੍ਹੀ ਹੋ ਗਈ। ਉਹ ਦੇਵ ਨੂੰ ਨੰਬਰਦਾਰਾਂ ਨਾਲ ਰਲਾ ਕੇ, ਹੁਣ ਆਪਣੀ ਗ਼ਲਤੀ 'ਤੇ ਪਛਤਾ ਰਿਹਾ ਸੀ।

ਇੱਕ ਦਿਨ ਉਹ ਸੰਦੇਹਾਂ ਹੀ ਮੇਰੇ ਬਾਪੂ ਕੋਲ ਆਇਆ। ਹੋਰ ਗੱਲਾਂ ਬਾਤਾਂ ਕਰਨ ਤੋਂ ਬਾਅਦ, ਉਸ ਨੇ ਅਸਲੀ ਗੱਲ ਉਧੇੜੀ, "ਭਾਗ ਸਿਆਂ ! ਹਿੱਸਾ ਚਾਹੇ ਪਹਿਲਾਂ ਨਾਲੋਂ ਘੱਟ ਦੇ ਦੀਂ ...ਪਰ ਹੁਣ ਅੱਗੇ ਨੂੰ, ਤੂੰ ਹੀ ਦੇਵ ਨੂੰ ਸੰਭਾਲ ਸਕਦੈਂ...ਇੱਕ ਵਾਰੀ ਨਸ਼ੇ ਤੋਂ ਪਰ੍ਹੇ ਕਰ ਦੇ ...ਵੱਡੇ ਵੀਰ।"

ਦੇਵ ਬਾਪੂ ਦਾ ਡਰ-ਭੁੱਕਰ ਮੰਨਦਾ ਸੀ। ਉਸ ਨੇ ਬਾਪੂ ਸਾਹਮਣੇ ਕਦੇ ਹਲਕੀ-ਫੁਲਕੀ ਗੱਲ ਨਹੀਂ ਕੀਤੀ ਸੀ। ਸ਼ਾਇਦ ਇਸੇ ਕਰ ਕੇ ਹੀ, ਲਾਲ ਸਿੰਘ ਨੇ ਮੁੜ ਸਾਡਾ ਕੁੰਡਾ ਖੜਕਾਇਆ ਸੀ।

ਦੇਵ ਫਿਰ ਸਾਡੇ ਨਾਲ ਸੀਰੀ ਰਲ ਗਿਆ ਸੀ।

ਲਾਲ ਸਿੰਘ ਨੇ ਸਮਾਂ ਸੰਭਾਲਦਿਆਂ, ਠੀਕ ਫੈਸਲਾ ਲਿਆ ਸੀ। ਜੇ ਉਹ ਨੰਬਰਦਾਰਾਂ ਨਾਲ, ਇੱਕ ਅੱਧਾ ਸਾਲ ਹੋਰ ਰਹਿ ਜਾਂਦਾ ਤਾਂ ਪੱਕਾ 'ਅਫੀਮਚੀ' ਬਣ ਜਾਣਾ ਸੀ।

ਉਹ ਅਜੇ ਏਡਾ ਪੱਕਾ ਅਮਲੀ ਨਹੀਂ ਬਣਿਆ ਸੀ ਕਿ ਬਿਨਾਂ ਅਫੀਮ ਦੇ ਰਹਿ ਹੀ ਨਾ ਸਕਦਾ ਹੋਵੇ । ਪਰ ਜਿਹੜੀ ਵੀ ਥੋੜ੍ਹੀ ਬਹੁਤੀ ਖਾਂਦਾ ਸੀ; ਉਹ ਇੱਕਦਮ ਬੰਦ ਨਹੀਂ ਸੀ ਕੀਤੀ ਜਾ ਸਕਦੀ। ਬਾਪੂ ਨੇ ਏਹੀ ਤਰੀਕਾ ਅਪਣਾਇਆ । ਉਹ ਹੌਲੀ-ਹੌਲੀ ਅਫੀਮ ਤੋਂ ਦੂਰ ਹੋ ਗਿਆ ਤੇ ਹੁਣ ਭੁੱਕੀ 'ਤੇ ਆ ਗਿਆ ਸੀ ।

ਉਂਜ ਵੀ ਅਫੀਮ ਦੇ ਨਾਲ ਨਾਲ ਹੁਣ ਭੁੱਕੀ ਦਾ ਵਧੇਰੇ ਰੁਝਾਨ ਹੋ ਗਿਆ ਸੀ । ਬਹੁਤੇ ਜ਼ਿੰਮੀਦਾਰ ਕਣਕ ਦੇ ਖੇਤ ਵਿੱਚ 'ਖਸਖਸ' ਵੀ ਬੀਜਣ ਲੱਗ ਗਏ ਸਨ । ਸਿਆਲਾਂ ਦੇ ਦਿਨਾਂ ਵਿੱਚ



ਖਸਖਸ ਦੀ ਭੁਰਜੀ ਤਾਂ ਆਮ ਹੀ ਬਣਾਈ ਜਾਂਦੀ । ਇਸ ਤੋਂ ਬਿਨਾਂ, ਸੁੱਕੇ ਬੂਟਿਆਂ ਨੂੰ ਮਸਲ ਕੇ ਰੱਖ ਲਿਆ ਜਾਂਦਾ ਤੇ ਇਹ ਭੁੱਕੀ, ਚਾਹ ਵਿੱਚ ਵਰਤੀ ਜਾਂਦੀ ।

ਮੇਰੀਆਂ ਅੱਖਾਂ ਅੱਗੇ, ਦੇਵ ਦੇ ਹੁਣ ਤੱਕ ਸਾਡੇ ਪਰਿਵਾਰ ਨਾਲ ਕੀਤੇ, 'ਸੀਰ ਦੇ ਸਫ਼ਰ' ਦੀ ਝਲਕ ਸੀ । ਸ਼ਾਮ ਨੂੰ ਆਪਣੇ ਘਰ ਨੂੰ ਜਾਣ ਵੇਲੇ, ਉਸ ਦੇ ਵਿਵਹਾਰ ਵਿੱਚ ਇੱਕ ਤਬਦੀਲੀ ਮੈਨੂੰ ਸਾਫ ਦਿਖਾਈ ਦਿੰਦੀ । ਹੁਣ ਹੋਰਾਂ ਵਾਂਗ ਉਸ ਨੂੰ ਵੀ ਕਬੀਲਦਾਰੀ ਜਕੜਨ ਲੱਗੀ ਸੀ । ਉਸ ਦੇ ਬੱਚੇ ਉਡਾਰ ਹੋ ਗਏ ਸਨ । ਪਤਾ ਲੱਗਿਆ ਕਿ ਉਹ ਘਰਦਿਆਂ ਨਾਲੋਂ ਅਲਹਿਦਾ ਹੋ ਗਿਆ ਸੀ।

ਉਹ ਵੀ ਸਮਾਂ ਸੀ ਜਦੋਂ ਦੇਵ ਸ਼ਾਮ ਨੂੰ ਆਪਣੀ 'ਰੋਟੀ ਖਾਣ ਦਾ ਕੰਮ' ਸਾਡੇ ਘਰ ਹੀ ਨਿਬੇੜ ਕੇ ਜਾਂਦਾ ਹੁੰਦਾ । ਰੋਟੀ ਤੋਂ ਬਾਅਦ ਆਪਣੇ ਹਿੱਸੇ ਦਾ ਕਾੜ੍ਹਨੀ ਦੇ ਦੁੱਧ ਦਾ ਕੌਲਾ ਵੀ ਪੀ ਕੇ ਜਾਂਦਾ ਹੁੰਦਾ ।

ਹੁਣ ਉਸ ਨੇ ਸਾਡੇ ਘਰ ਬੈਠ ਕੇ ਰੋਟੀ ਨਹੀਂ ਸੀ ਖਾਧੀ।

ਪਹਿਲਾਂ ਪਹਿਲਾਂ ਮਾਂ ਨੇ ਪੁੱਛਣਾ , "ਦੇਵ ਭਾਈ ਰੋਟੀ ਖਾ ਕੇ ਜਾਵੇਂਗਾ ਜਾਂ ਨਾਲ ਲਿਜਾਏਂਗਾ ?"

ਦੇਵ ਨੇ ਆਖਣਾ , "ਤਾਈ ਜੀ ਘਰ ਜਾ ਕੇ ਈ ਖਾਊਂ ...ਨਹਾਉਣਾ ਵੀ ਐ ।"

ਫੇਰ ਮਾਂ ਪੁੱਛਣੋਂ ਹੀ ਹੱਟ ਗਈ। ਉਹ ਰੋਟੀ ਤੇ ਦੁੱਧ ਸ਼ਾਮ ਨੂੰ ਆਪਣੇ ਨਾਲ ਹੀ ਲੈ ਜਾਂਦਾ।

ਇੱਕ ਦਿਨ ਮਾਂ ਕਿਸੇ ਕੰਮ ਧੰਦੇ ਲੱਗੀ ਹੋਈ ਸੀ । ਉਸ ਨੇ ਮੈਨੂੰ, ਦੇਵ ਨੂੰ ਰੋਟੀ ਫੜਾਉਣ ਲਈ ਕਿਹਾ। ਮੈਂ ਕੌਲੇ ਵਿੱਚ ਦਾਲ ਪਾਈ ਤੇ ਹੱਥ 'ਤੇ ਛੇ ਰੋਟੀਆਂ ਰੱਖ ਲਈਆਂ ।

ਜਦ ਨੂੰ ਮਾਂ ਮੇਰੇ ਕੋਲ ਆ ਕੇ ਬੋਲੀ, "ਨਾਲੇ ਤਾਂ ਦਾਲ ਹੋਰ ਪਾ ...ਤੇ ਦੋ ਰੋਟੀਆਂ ਵੀ ਹੋਰ ਚੱਕ।"

ਭਾਵੇਂ ਦੇਵ ਛੇ ਰੋਟੀਆਂ ਹੀ ਖਾਂਦਾ ਸੀ ਪਰ ਮਾਂ ਉਸ ਦੇ ਆਪਣੇ ਘਰ ਜਾ ਕੇ, ਰੋਟੀ ਖਾਣ ਦਾ ਮਤਲਬ ਸਮਝਦੀ ਸੀ ।

ਦੇਵ ਦੋ ਸਾਲ ਸਾਡੇ ਨਾਲ ਰਿਹਾ। ਇਸ ਤੋਂ ਬਾਅਦ, ਉਸ ਨੇ ਕਿਸੇ ਘਰ ਨਾਲ, ਲਗਾਤਾਰ ਸੀਰ ਨਹੀਂ ਲਾਇਆ ਸੀ। ਕਦੇ ਕਿਸੇ ਨਾਲ ਕਦੇ ਕਿਸੇ ਨਾਲ । ਕਦੇ ਵਿਚਕਾਰ ਦੀ ਸਾਡੇ ਨਾਲ ਵੀ ਸਾਲ ਭਰ ਕੰਮ ਕਰ ਜਾਂਦਾ ।

***

ਮੈਂ ਇੱਕ ਵਾਰੀ ਉਸ ਨੂੰ ਨੱਚਦੇ ਨੂੰ ਵੀ ਦੇਖਿਆ । ਓਦੋਂ ਉਹ ਪਿੰਡ ਵਿੱਚ, ਕਿਸੇ ਹੋਰ ਘਰ ਨਾਲ ਸੀਰ/ਨੌਕਰ ਦੇ ਤੌਰ 'ਤੇ ਕੰਮ ਕਰ ਰਿਹਾ ਸੀ।

ਇਹ 1973 ਦੇ ਅਕਤੂਬਰ ਮਹੀਨੇ ਦੀ ਗੱਲ ਹੋਵੇਗੀ । ਓਦੋਂ, ਬਾਰਾਤਾਂ ਦੇ ਰਾਤ ਰਹਿਣ ਦਾ ਰਿਵਾਜ਼, ਖਤਮ ਹੋਣਾ ਸ਼ੁਰੂ ਹੋ ਚੁੱਕਿਆ ਸੀ। ਪਰ ਇਹ ਬਾਰਾਤ ਰਾਤ ਰਹੀ ਸੀ । ਬਾਰਾਤ ਵਾਲੇ ਆਪਣੇ ਨਾਲ ਨਚਾਰਾਂ ਨੂੰ ਲੈ ਕੇ ਆਏ ਸਨ ।

ਰਾਤ ਦੇ ਅੱਠ ਕੁ ਵਜੇ, ਬਾਰਾਤੀ ਧਰਮਸ਼ਾਲਾ ਤੋਂ ਚੱਲ ਕੇ, ਕੁੜੀ ਵਾਲਿਆਂ ਦੇ ਘਰ ਖਾਣਾ ਖਾਣ ਲਈ ਜਾ ਰਹੇ ਸਨ । ਬਾਰਾਤੀਆਂ ਦੇ ਅੱਗੇ-ਅੱਗੇ ਨਚਾਰ ਆਪਣੇ ਜਲਵੇ ਦਿਖਾਉਂਦੇ ਜਾ ਰਹੇ ਸਨ । ਪਿੰਡ ਦੇ ਮੁੰਡੇ-ਖੁੰਡੇ ਵੀ ਬਾਰਾਤ ਦੇ ਪਿੱਛੇ-ਪਿੱਛੇ ਜਾ ਰਹੇ ਸਨ । ਦੋ-ਤਿੰਨ ਜਾਣਿਆਂ ਨੇ, ਰੌਸ਼ਨੀ ਕਰਨ ਲਈ, ਗੈਸ ਬਾਲ ਕੇ ਸਿਰਾਂ ਤੇ ਚੁੱਕੇ ਹੋਏ ਸਨ ।

ਕੁੜੀ ਵਾਲਿਆਂ ਦੇ ਘਰ ਤੋਂ ਸੌ ਕੁ ਫੁੱਟ ਪਿਛਾਂਹ ਰੁਕ ਕੇ, ਨਚਾਰ ਇੱਕ ਥਾਂ ਨੱਚਣ ਲੱਗੇ। ਬਾਰਾਤੀਆਂ ਤੇ ਲੋਕਾਂ ਨੇ ਉਨ੍ਹਾਂ ਦੁਆਲੇ ਵੱਡਾ ਘੇਰਾ ਬਣਾ ਲਿਆ। ਇਸ ਅੰਤਮ ਪੜਾ 'ਤੇ ਹੀ ਨਾਚਾਰਾਂ ਨੇ ਆਪਣੇ ਜੌਹਰ ਦਿਖਾਉਣੇ ਸਨ । ਨਚਾਰਾਂ ਦੇ ਨਾਚ ਦੇਖਣ ਲਈ, ਅਸੀਂ ਕਈ ਜਾਣੇ ਇੱਕ ਪਾਸੇ ਖੜ੍ਹੇ ਸਾਂ । ਸਾਡੇ ਕੋਲ ਹੀ ਦੇਵ ਵੀ, ਆਪਣੀ ਢਾਣੀ ਨਾਲ ਖੜ੍ਹਾ ਨਾਚ ਦੇਖ ਰਿਹਾ ਸੀ। ਇਸ ਢਾਣੀ ਵਿੱਚ, ਉਸ ਪਰਿਵਾਰ ਦੇ ਕਈ ਬੰਦੇ ਖੜੇ ਸਨ, ਜਿਨ੍ਹਾਂ ਨਾਲ ਦੇਵ ਸੀਰੀ ਰਲਿਆ ਹੋਇਆ ਸੀ।

ਨਚਾਰਾਂ ਵਿੱਚੋਂ ਇੱਕ ਜਾਣਾ ਦੇਵ ਨੂੰ ਜਾਣਦਾ ਸੀ । ਉਹ ਨੱਚਦਾ-ਨੱਚਦਾ ਦੇਵ ਵੱਲ ਨਿਗਾਹ ਟਿਕਾ ਕੇ ਆਪਣੀਆਂ ਮੁਦਰਾਵਾਂ ਬਦਲਦਾ ਰਹਿੰਦਾ।

ਉਨ੍ਹਾਂ ਨੂੰ ਲੱਗਿਆ ਜਿਵੇਂ ਉਹ ਨਚਾਰ ਦੇਵ ਨੂੰ ਆਖ ਰਿਹਾ ਹੋਵੇ; ਕਿਉਂ... ਦੇਖਦੈਂ ਮੇਰੀ ਝੱਟ ?

ਉਨ੍ਹਾਂ ਵਿੱਚੋਂ ਇੱਕ ਜਾਣਾ ਬੋਲਿਆ, "ਦੇਵ ਦਿਖਾ ਇਹਨੂੰ ਝੱਟ ...ਇਉਂ ਨ੍ਹੀਂ ਏਹਨੇ ਲੋਟ ਆਉਣਾ ।"

"ਆਪਾਂ ਨੇ ਕਾਹਨੂੰ ਕਿਸੇ ਦੇ ਰੰਗ ਵਿੱਚ ਭੰਗ ਪਾਉਣੀ ਐਂ ।" ਦੇਵ ਬੋਲਿਆ।

ਵਿਚੋਲਾ ਸਾਡੇ ਕੋਲ ਹੀ ਖੜ੍ਹਾ ਸੀ, ਉਹ ਬੋਲਿਆ, "ਕੋਈ ਨ੍ਹੀਂ ਦਖਾ ਦੇ ਝੱਟ ...ਤਾਂ ਕੀ ਐ ...ਤੂੰ ਕਿਹੜਾ ਲੜਨੈ ਕਿਸੇ ਨਾਲ।"

ਵਿਚੋਲੇ ਦੀ ਸਹਿਮਤੀ ਨੇ ਦੇਵ ਦਾ ਹੌਸਲਾ ਵਧਾ ਦਿੱਤਾ । ਉਸ ਨੇ ਇੱਕ ਪਾਸੇ ਹੋ ਕੇ ਜੁੱਤੀ ਲਾਹੀ । ਚਾਦਰੇ ਨੂੰ ਖੋਲ੍ਹ ਕੇ ਦੁਬਾਰਾ ਬੰਨ੍ਹਿਆ । ਪਿੜ ਵਿੱਚ ਵੜਦਿਆਂ ਹੀ, ਇੱਕ ਨਚਾਰ ਤੋਂ ਚਿਮਟਾ ਫੜ ਲਿਆ । ਦੇਵ ਦੇ ਪਿੜ ਵਿੱਚ ਜਾਣ ਦੀ ਦੇਰ ਸੀ ਕਿ ਦਰਸ਼ਕ ਉੱਚੀ-ਉੱਚੀ ਕਿਲਕਾਰੀਆਂ ਮਾਰਨ ਲੱਗੇ ।

ਦੇਵ ਚਿਮਟਾ ਵਜਾਉਂਦਾ-ਵਜਾਉਂਦਾ ਗੇੜੇ ਦੇਣ ਲੱਗਿਆ । ਇੰਜ ਲੱਗ ਰਿਹਾ ਸੀ ਜਿਵੇਂ ਨਚਾਰਾਂ ਨੂੰ ਟੱਕਰ ਦੇਣ ਦੇ ਬਹਾਨੇ, ਉਹ ਪੂਰੇ ਪਿੰਡ ਵੱਲੋਂ ਹੀ ਬਾਰਾਤ ਵਾਲਿਆਂ ਨਾਲ ਮੜਿਕ ਰਿਹਾ ਹੋਵੇ ।

ਚਿਮਟਾ ਵਜਾਉਂਦਿਆਂ-ਵਜਾਉਂਦਿਆਂ ਉਸ ਨੇ ਕਿੰਨੀਆਂ ਹੀ ਮੁਦਰਾਵਾਂ ਬਦਲੀਆਂ। 'ਔਰਤ' ਦੇ ਭੇਸ ਵਾਲਾ ਨਚਾਰ ਉਸ ਅੱਗੇ ਲਿਫ-ਲਿਫ ਜਾਂਦਾ ਸੀ ।

ਇੰਜ ਲੱਗ ਰਿਹਾ ਸੀ ਜਿਵੇਂ ਕੋਈ ਜੋਗੀ ਚਿਮਟੇ ਦੀ ਛਣਕਾਟ ਨਾਲ, ਸੱਪਣੀ ਨੂੰ ਕੀਲ ਰਿਹਾ ਹੋਵੇ । ਕੀ ਬਾਰਾਤ ਵਾਲੇ ਤੇ ਕੀ ਪਿੰਡ ਵਾਲੇ, ਇੱਕ ਵਾਰੀ ਤਾਂ ਸਾਰੇ ਮੰਤਰ-ਮੁਗਧ ਹੋ ਗਏ।

ਦਰਸ਼ਕਾਂ ਵੱਲੋਂ ਨਚਾਰਾਂ ਨੂੰ ਪੈਸੇ ਵਾਰਨ ਦੇ ਮਾਮਲੇ ਵਿੱਚ ਤੇਜ਼ੀ ਆ ਗਈ । ਕਦੇ ਬਾਰਾਤ ਤੇ ਕਦੇ ਪਿੰਡ ਵਾਲਿਆਂ ਵੱਲੋਂ 'ਵੇਲਾਂ' ਵਧਾਈਆਂ ਜਾਂਦੀਆਂ । ਦੇਵ ਨੇ ਜਿਵੇਂ ਭਿਆਂ ਨਾ ਕਰਨ ਦਾ ਮਨ ਬਣਾ ਲਿਆ ਹੋਵੇ । ਉਹ ਮੁੜਕੋ-ਮੁੜਕੀ ਹੋਇਆ ਪਿਆ ਸੀ ।

ਉਹ ਕਿੰਨਾ ਹੀ ਚਿਰ ਧਰਤੀ ਪੱਟਦੇ ਰਹੇ । ਅਖ਼ੀਰ ਕੁੱਝ ਸਿਆਣੇ ਬੰਦਿਆਂ ਨੇ ਉਨ੍ਹਾਂ ਨੂੰ ਰੋਕਿਆ ।

ਨਚਾਰ ਅੱਗੇ ਵਧਣ ਲੱਗੇ।

ਦੇਵ ਚਿਮਟਾ ਫੜਾ ਕੇ ਬਾਹਰ ਆ ਗਿਆ।



ਜਦੋਂ ਉਹ ਪੈਰਾਂ ਵਿੱਚ ਜੁੱਤੀ ਪਾਉਣ ਲਈ, ਖੂੰਜੇ ਵੱਲ ਨੂੰ ਹੋਇਆ, ਜੁੱਤੀ ਉੱਥੇ ਨਜ਼ਰ ਨਾ ਆਈ । ਦੇਵ ਦੇ ਨਾਲਦਿਆਂ ਨੇ ਇੱਧਰ ਉੱਧਰ ਨਿਗ੍ਹਾ ਮਾਰੀ ਪਰ ਜੁੱਤੀ ਨਾ ਮਿਲੀ ।

ਕੋਈ ਉਸ ਦੀ ਜੁੱਤੀ ਚੁਰਾ ਕੇ ਲੈ ਗਿਆ ਸੀ ।

ਦੇਵ ਨੂੰ ਸ਼ੌਕ ਪੂਰਾ ਕਰਨਾ, ਮਹਿੰਗਾ ਪੈ ਗਿਆ ਸੀ ।

***

ਸੱਤਵੇਂ ਅੱਠਵੇਂ ਦਹਾਕੇ ਵਿੱਚ, ਪੰਜਾਬ ਦੀ ਤਸਵੀਰ ਬਦਲਣ ਲੱਗੀ। ਬਦਲਦੀ ਤਸਵੀਰ ਦੀ ਚਰਚਾ ਘਰ ਘਰ ਵਿੱਚ ਸੀ । ਪੰਜਾਬ ਦੇ ਕਿਸਾਨ ਨਵੇਂ ਸੁਪਨੇ ਬੀਜਣ ਲੱਗੇ। ਇਨ੍ਹਾਂ ਸੁਪਨਿਆਂ ਤੋਂ ਵਿਹੂਣੇ ਕਿਸਾਨ ਨੂੰ, ਪਛੜਿਆ ਸਮਝਿਆ ਜਾਣ ਲੱਗਿਆ।

ਹੁਣ ਪਹਿਰ ਦੇ ਤੜਕੇ ਉੱਠ ਕੇ ਹਰਟ ਨਹੀਂ ਸਨ ਜੁੜਦੇ । ਬੋਤਿਆਂ ਤੇ ਬਲਦਾਂ ਦੇ ਗਲ਼ਾਂ ਦੀਆਂ ਟੱਲੀਆਂ ਦੀ ਟੁਣਕਾਰ ਦਾ ਸੰਗੀਤ ਦਮ ਤੋੜਨ ਲੱਗਿਆ। ਖੂਹ ਸੁੰਨੇ ਹੋਣ ਲੱਗੇ ਸਨ। ਲੋਕ ਖੇਤਾਂ ਵਿੱਚ ਬੋਰ (ਟਿਊਬਵੈਲ) ਲਗਵਾਉਣ ਲੱਗੇ ਸਨ। ਖੇਤਾਂ ਵਿੱਚ ਟੱਲੀਆਂ ਦੀ ਟੁਣਕਾਰ ਦੀ ਥਾਂ ਇੰਜਣਾਂ ਦੀ ਘੁੱਕ ਘੁੱਕ ਹੋਣ ਲੱਗ ਗਈ ਸੀ ।

1970 ਦੀ ਗੱਲ ਹੈ ।

ਦੇਵ ਓਦੋਂ ਸਾਡੇ ਨਾਲ ਸੀਰੀ ਨਹੀਂ ਸੀ ਹੁੰਦਾ ।

ਦੇਵ ਦੀ ਦੂਰ ਦੀ ਰਿਸ਼ਤੇਦਾਰੀ ਵਾਲੇ ਪਿੰਡ ਵਿੱਚੋਂ, ਗਿੰਦਰ ਸਿੰਘ ਨਾਂ ਦੇ ਬੰਦੇ ਨੇ ਉਨ੍ਹਾਂ ਦੇ ਘਰ ਡੇਰੇ ਲਾ ਲਏ ਸਨ । ਗਿੰਦਰ ਬੋਰ ਕਰਨ ਵਿੱਚ ਮਾਹਿਰ ਸੀ । ਪਿੰਡ ਦੇ ਲੋਕ ,ਧੜਾ-ਧੜ ਉਸ ਤੋਂ ਬੋਰ ਕਰਾਉਣ ਲੱਗੇ। ਉਸ ਕੋਲ ਸਿਰ ਖੁਰਕਣ ਦੀ ਵਿਹਲ ਨਹੀਂ ਸੀ । ਛੇ ਕੁ ਮਹੀਨਿਆਂ ਬਾਅਦ ਦੇਵ ਨੇ ਵੀ ਸੀਰ ਦਾ ਕੰਮ ਛੱਡ ਕੇ, ਉਸ ਨਾਲ ਹਿੱਸਾ-ਪੱਤੀ ਪਾ ਲਈ ।

ਇੱਕ ਦਿਨ ਸੁਬ੍ਹਖਤੇ ਹੀ, ਦੇਵ ਬਾਪੂ ਕੋਲ ਆਇਆ। ਸ਼ਾਇਦ ਉਸ ਨੂੰ ਪੰਜੇ-ਛਿੱਕੇ ਦੀ ਜ਼ਰੂਰਤ ਹੋਵੇਗੀ । ਬਾਪੂ ਵਿਆਜ 'ਤੇ ਪੈਸੇ ਦੇਣ ਦਾ ਥੋੜ੍ਹਾ- ਬਹੁਤਾ ਕੰਮ ਵੀ ਕਰ ਲੈਂਦਾ ਸੀ। ਦੇਵ ਚਾਹ ਪਾਣੀ ਵੀ ਪੀਂਦਾ ਰਿਹਾ ਤੇ ਬੋਰ ਕਰਨ ਦੀਆਂ ਗੱਲਾਂ ਵੀ ਕਰਦਾ ਰਿਹਾ । ਬਾਪੂ ਉਸ ਤੋਂ ਬੋਰ ਬਾਰੇ ਜਾਣਕਾਰੀ ਲੈਂਦਾ ਰਿਹਾ ।

"ਤਾਇਆ ਜੀ ! ਮੇਰੇ ਸਾਬ੍ਹ ਨਾਲ ਤੁਸੀਂ ਤਾਂ ਬਹੁਤ ਪਛੜ 'ਗੇ ਓਂ ...ਥੋਨੂੰ ਤਾਂ ਕਦੋਂ ਦਾ ਬੋਰ ਕਰਾ ਲੈਣਾ ਚਾਹੀਦਾ ਸੀ ।" ਦੇਵ ਬੋਲਿਆ ।

"ਮੈਨੂੰ ਤਾਂ ਇਹ ਦੱਸ ਕਿ ਬੋਰ ਕਰਾਉਣ ਦਾ ਕੋਈ ਫੈਦਾ ਵੀ ਹੋਊ ਕਿ ਨਾ ?" ਬਾਪੂ ਨੇ ਸਵਾਲ ਕੀਤਾ ।

"ਫੈਦੇ ਵਰਗਾ ਫੈਦਾ ...ਆਹੀ ਫਸਲ ਦਾ ਝਾੜ ਦੁਗਣਾ ਨਾ ਹੋਇਆ ਤਾਂ ਮੇਰਾ ਨਾਂ ਵਟਾ ਦਿਓ।" ਦੇਵ ਨੇ ਦਾਅਵਾ ਕੀਤਾ ।

"ਫੇਰ ਭਾਈ ਚੱਕ ਲਿਆ...ਇਕ ਅੱਧੇ ਦਿਨ ਨੂੰ ਆਪਣਾ ਟਿੰਡ-ਫਾਹੁੜੀ।"

"ਤਾਇਆ ਜੀ ...ਸਾਡੇ ਕੋਲ ਤਾਂ ਇੱਕ ਮਹੀਨੇ ਦੀਆਂ ਸਾਈਆਂ ਆ ਚੁੱਕੀਆਂ ਪਹਿਲਾਂ ਈ ...ਹਾਂ ਤੁਸੀਂ ਸਾਈ ਫੜਾ ਦਿਓ ਮੇਰੇ ਨਾਲ ਦੇ ਨੂੰ...ਕਦੇ ਵਿੱਚ ਦੀ ਕੰਮ ਕੱਢ ਦਿਆਂਗੇ।" ਆਖ ਕੇ ਦੇਵ ਕਾਹਲੀ ਨਾਲ ਖੜ੍ਹਾ ਹੋ ਗਿਆ ਸੀ ।

ਜੇ ਦੇਵ ਉਸ ਦਿਨ ਨਾ ਆਉਂਦਾ, ਬਾਪੂ ਨੇ ਬੋਰ ਦੇ ਫਾਇਦੇ-ਨੁਕਸਾਨ ਬਾਰੇ ਪਤਾ ਨਹੀਂ ਕਿਹੜੇ-ਕਿਹੜੇ ਤੋਂ ਪੁੱਛੀ ਜਾਣਾ ਸੀ । ਬੋਰ ਕਰਾਉਣ ਬਾਰੇ, ਦਲੀਪ ਸਿੰਘ ਵੀ ਕਿੰਨੀ ਵਾਰ ਕਹਿ ਚੁੱਕਿਆ ਸੀ ਪਰ ਬਾਪੂ ਨੇ ਉਸ ਦੀ ਗੱਲ ਆਈ-ਗਈ ਕਰ ਦਿੱਤੀ ਸੀ ।

ਦੇਵ ਦੀਆਂ ਗੱਲਾਂ-ਬਾਤਾਂ ਬਾਪੂ ਦੇ ਮਨ ਲੱਗ ਗਈਆਂ ਸਨ।

ਓਸੇ ਸਾਲ ਅਸੀਂ ਵੀ ਬੀੜ ਵਾਲੇ ਖੇਤ ਬੋਰ ਕਰ ਲਿਆ ਸੀ । ਨਿਆਈਂ ਵਾਲੇ ਖੇਤ ਬੋਰ ਦਾ ਕੰਮ, ਅੱਗੇ ਪਾ ਦਿੱਤਾ ਸੀ । ਕਿਉਂਕਿ ਏਥੇ ਸਾਡੇ, ਦੂਜੇ ਲਾਣੇ ਵੱਲੋਂ ਕੀਤੇ ਬੋਰ ਤੋਂ ਕੰਮ ਸਾਰਿਆ ਜਾ ਸਕਦਾ ਸੀ ।

ਦੋਵਾਂ ਘਰਾਂ ਨੇ ਦੋ ਪੀਟਰ ਇੰਜਣ ਬਨ੍ਹਾ ਲਏ ਸਨ ।

****

ਗਿੰਦਰ ਸਿੰਘ ਸ਼ਰਾਬ ਪੀਣ ਦਾ ਆਦੀ ਸੀ । ਉਨ੍ਹਾਂ ਨੂੰ ਪਹਿਲੇ ਦਿਨ ਤਾਂ ਇੱਕ ਅੱਧੀ ਬੋਤਲ 'ਬੋਰ ਕਰਵਾਉਣ ਵਾਲਾ' ਲਿਆ ਦਿੰਦਾ। ਉਸ ਤੋਂ ਬਾਅਦ ਤਾਂ, ਉਹ ਜਿੰਨੀ ਵੀ ਪੀਂਦੇ, ਪੈਸਿਆਂ ਦੀ ਕਟੌਤੀ ਉਨ੍ਹਾਂ ਦੇ ਮਿਹਨਤਾਨੇ ਵਿੱਚੋਂ ਹੀ ਹੁੰਦੀ।

ਹੌਲੀ ਹੌਲੀ ਦੇਵ ਵੀ ਗਿੰਦਰ ਦਾ ਸਾਥੀ ਬਣ ਗਿਆ।

ਹੁਣ ਦੋਵੇਂ ਰੋਜ਼ਾਨਾ ਪੀਂਦੇ।

ਬਿਨਾਂ ਸ਼ੱਕ, ਉਨ੍ਹਾਂ ਦੀ ਆਮਦਨ ਕੋਈ ਘੱਟ ਨਹੀਂ ਸੀ । ਪਰ ਇਸ ਆਮਦਨ ਦਾ ਬਹੁਤਾ ਹਿੱਸਾ, ਸ਼ਰਾਬ ਆਦਿ ਦੇ ਲੇਖੇ ਲੱਗਣ ਲੱਗ ਗਿਆ। ਕਿਉਂਕਿ ਜਿਨ੍ਹਾਂ ਦਿਨ ਵਿੱਚ ਕੰਮ ਨਾ ਮਿਲਦਾ, ਸ਼ਰਾਬ ਤਾਂ ਓਦੋਂ ਵੀ ਚੱਲਦੀ।

ਸਾਲ ਕੁ ਬਾਅਦ ,ਪਿੰਡ ਵਿੱਚ 'ਬੋਰ ਕਰਨ ਵਾਲੇ' ਹੋਰ ਵੀ ਆ ਗਏ ਸਨ।

ਆਖ਼ਰ ਦੇਵ ਗਿੰਦਰ ਨਾਲੋਂ ਅਲਹਿਦਾ ਹੋ ਗਿਆ । ਦੋਹਾਂ ਦੀ ਕਿਸੇ ਗੱਲ ਤੋਂ, ਆਪਸ ਵਿੱਚ ਖਟ-ਮਟ ਹੋ ਗਈ ਸੀ।

***

ਬੋਰ ਵਾਲਾ ਕੰਮ ਛੱਡ ਕੇ, ਉਹ ਸ਼ਹਿਰ ਵਿੱਚ, ਇੱਕ ਆੜ੍ਹਤੀਏ ਦੇ ਟਰੈਕਟਰ 'ਤੇ ਡਰਾਇਵਰੀ ਕਰਨ ਲੱਗ ਗਿਆ ਸੀ । ਇਹ ਟਰੈਕਟਰ 'ਕਿਰਾਏ ਦੇ ਕੰਮ' ਲਈ ਵਰਤਿਆ ਜਾਂਦਾ। ਉਹਨਾਂ ਦਿਨਾਂ ਵਿੱਚ ਟਰੈਕਟਰ ਘੱਟ ਹੋਣ ਕਰ ਕੇ, ਕਿਰਾਏ ਦਾ ਕੰਮ ਵਧੀਆ ਚੱਲਦਾ।

ਇੱਕ ਦਿਨ ਉਹ, ਸਾਡੀ ਬੀੜ ਵਾਲੀ ਜ਼ਮੀਨ ਵਾਹੁਣ ਆਇਆ।

ਦਲੀਪ ਸਿੰਘ ਨੇ, ਮੌਕਾ ਤਾੜ ਕੇ ਦੇਵ ਦੇ ਕੰਨ ਵਿੱਚ ਫੂਕ ਮਾਰੀ, "ਦੇਵ ! ਅੱਜ ਤੈਨੂੰ, ਤਾਂ ਮੰਨਾਂ... ਜੇ ਆਵਦੇ 'ਤਾਏ' ਨੂੰ ਟਰੈਕਟਰ ਲੈਣ ਲਈ ਮਨਾਅ ਜਾਵੇਂ ।"

ਮੇਰੇ ਦੋਵੇਂ ਭਾਈ, ਬਾਪੂ ਨਾਲ ਟਰੈਕਟਰ ਖਰੀਦਣ ਲਈ ਕਿੰਨੇ ਵਾਰੀ ਤੱਤੇ- ਠੰਢੇ ਹੋ ਚੁੱਕੇ ਸਨ । ਬਾਪੂ ਟਰੈਕਟਰ ਵਾਲੀ ਗੱਲ 'ਤੇ ਕਦੇ ਨਾ ਆਇਆ। ਦਲੀਪ ਸਿੰਘ ਨੂੰ ਲੱਗਦਾ ਸੀ, ਜਿਵੇਂ ਬਾਪੂ ਨੇ ਦੇਵ ਦੀ ਬੋਰ ਕਰਨ ਵਾਲੀ ਰਾਇ ਮੰਨ ਲਈ ਸੀ, ਉਸੇ ਤਰ੍ਹਾਂ ਇਹ ਵੀ ਮੰਨ ਜਾਵੇਗਾ ।

ਪਹਿਲਾਂ ਤਾਂ ਦੇਵ ਕਿੰਨਾ ਚਿਰ, ਬਾਪੂ ਕੋਲ ਟਰੈਕਟਰ ਖਰੀਦਣ ਦੇ ਫਾਇਦੇ ਦੱਸਦਾ ਰਿਹਾ।



ਫੇਰ ਬੋਲਿਆ,"ਤਾਇਆ ਜੀ ! ਕਹੋਂਗੇ ਤਾਂ ਕੀ ਕਹਿੰਦੈ ...ਥੋਡਾ ਲਾਣਾ ਫੇਰ ਟਰੈਕਟਰ ਲੈਣ ਦੇ ਮਾਮਲੇ 'ਚ ਪਛੜ ਗਿਐ ...ਆਪਣੇ 'ਗਵਾੜ 'ਚ ਦੇਖ ਲੈ ਥੋਡੇ ਨਾਲੋਂ ਚੌਥਾ ਹਿੱਸਾ ਜ਼ਮੀਨ ਵਾਲੇ ਵੀ ਲੈ ਆਏ "

"ਨਾ ਓ ਭਾਈ ! ਮੈਂ ਬੰਕ ਤੋਂ ਕਦੇ ਕਰਜ਼ਾ ਨਾ ਲਵਾਂ ।" ਬਾਪੂ ਬੋਲਿਆ ।

"ਲੋਕ ਲਈ ਜਾਂਦੇ ਨੇ...ਥੋਨੂੰ ਕੀ ਹੁੰਦੈ ?"

" ਹੋਣ ਦਾ ਪਤਾ ਤਾਂ.. ਪੰਜ-ਚਾਰ ਸਾਲਾਂ ਨੂੰ ਲੱਗ ਜਾਊ...ਜੇ ਏਹਨਾਂ ਨੇ ਨਾ ਜ਼ਮੀਨ ਵੇਚੀ ਤਾਂ ਮੇਰਾ ਨਾਂ ਵਟਾ ਦੇਈਂ ।"

"ਗੱਲ ਤਾਂ ਤਾਇਆ ਥੋਡੀ ਠੀਕ ਐ ...ਲੋਕ ਆਪਣੀ ਪੁੱਜਤ ਨ੍ਹੀਂ ਦੇਖਦੇ...ਪਰ ਤੁਸੀਂ ਤਾਂ ਨਗਦ ਵੀ ਲੈ ਸਕਦੇ ਓਂ।"

"ਜੇ ਨਗਦ ਲੈ ਲਿਆ ...ਕਹਿੰਦੇ ਟੈਕਸ ਵਾਲੇ ਜੇਲ੍ਹ ਦਖਾ ਦਿੰਦੇ ਐ।"

ਬਾਪੂ ਨੇ ਕਰਜ਼ਾ ਚੁੱਕ ਕੇ, ਟਰੈਕਟਰ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ । ਅਸੀਂ ਟਰੈਕਟਰ ਲੈਣ ਵਿੱਚ, ਸਾਰੇ ਪਿੰਡ ਨਾਲੋਂ ਪਛੜ ਗਏ ਸਾਂ ।

ਲੋਕਾਂ ਨੂੰ ਵਿਆਜ 'ਤੇ ਪੈਸੇ ਦੇਣ ਵਾਲਾ ਬਾਪੂ, ਸਰਕਾਰ ਦਾ ਕਰਜ਼ਈ ਹੋਣ ਵਿੱਚ, ਆਪਣੀ ਹੱਤਕ ਸਮਝਦਾ ਸੀ । ਉਹਨਾਂ ਵੇਲਿਆਂ ਵਿੱਚ 'ਕਰਜ਼ਾ ਲੈਣਾ', ਅੱਜ ਵਾਂਗ ਆਮ ਗੱਲ ਨਹੀਂ ਸੀ । ਕਰਜ਼ਾ ਚੁੱਕਣ ਵਾਲੇ ਨੂੰ ਥੁੜ੍ਹਿਆ-ਟੁੱਟਿਆ ਕਿਸਾਨ ਸਮਝਿਆ ਜਾਂਦਾ ਸੀ । ਇਹ ਇੱਕ ਤਰ੍ਹਾਂ ਆਪਣੇ ਉੱਤੇ ਬਦਨਾਮੀ ਦਾ ਟਿੱਕਾ ਲਾਉਣ ਵਾਲੀ ਗੱਲ ਹੁੰਦੀ ਸੀ।

ਜਦੋਂ ਅਸੀਂ ਟਰੈਕਟਰ ਖਰੀਦਿਆ, ਓਦੋਂ ਤਾਂ ਦੇਵ ਨੂੰ, ਸੀਰ ਦਾ ਕੰਮ ਛੱਡੇ ਨੂੰ ਕਈ ਸਾਲ ਹੋ ਚੁੱਕੇ ਸਨ ।

***

ਗੱਲ 1980 ਦੇ ਮਾਰਚ ਮਹੀਨੇ ਦੇ ਅਖ਼ੀਰਲੇ ਦਿਨਾਂ ਦੀ ਹੈ । ਪਿੰਡ ਵਿੱਚ ਪਹਿਲੀ ਵਾਰ, ਬਿਹਾਰ ਤੋਂ ਭਈਏ ਆ ਕੇ ਸਾਡੀ ਮੋਟਰ 'ਤੇ ਬੈਠੇ ਸਨ । ਉਨ੍ਹਾਂ ਨੂੰ ਰਾਸ਼ਨ ਵਿੱਚ, ਆਟੇ ਦੇ ਨਾਲ-ਨਾਲ, ਆਲੂ ਤੇ ਚੌਲ ਦਿੱਤੇ ਗਏ । ਓਦੋਂ ਚੌਲਾਂ ਤੇ ਆਲੂਆਂ ਵਾਲੀ ਗੱਲ, ਬੜੀ ਅਚੰਭੇ ਵਾਲੀ ਲੱਗੀ। ਪਹਿਲਾਂ ਉਨ੍ਹਾਂ ਨੇ ਕਣਕ ਵੱਢਣੀ ਸੀ ਤੇ ਫਿਰ ਚੌਲ ਲਾਉਣੇ ਸਨ ।

ਉਸ ਸਾਲ ਚੌਲਾਂ ਦੀ ਫਸਲ ਦਾ ਤਜ਼ਰਬਾ, ਟਾਵੇਂ-ਟਾਵੇਂ ਘਰਾਂ ਨੇ ਕੀਤਾ ਸੀ । ਕਈਆਂ ਨੇ ਤਾਂ ਕੱਦੂ ਵੀ, ਬਲਦਾਂ ਦਾ ਹਲ ਜੋੜ ਕੇ ਕੀਤਾ।

ਹਰ ਦਿਨ ਪੰਜਾਬ ਦੀ ਤਸਵੀਰ ਹੋਰ ਵੀ ਤੇਜ਼ੀ ਨਾਲ ਬਦਲਣ ਲੱਗੀ ਸੀ ।

ਖੇਤਾਂ ਵਿੱਚ ਇੰਜਣਾਂ ਦੀ ਥੁਕ-ਥੁਕ ਤੋਂ ਬਿਨਾਂ, ਹੋਰ ਬੜਾ ਕੁੱਝ, ਨਵਾਂ ਹੋਣ ਲੱਗਿਆ।

ਹੁਣ ਚਿੜੀ ਚੂਕਦੀ ਨਾਲ, ਲੋਕ ਹਲ ਜੜਨੋਂ ਹਟ ਗਏ ਸਨ। ਖੇਤਾਂ ਵਿੱਚ, ਟਰੈਕਟਰ ਧੂੜਾਂ ਪੱਟਦੇ। ਲੋਕ ਉੱਚੀਆਂ-ਨੀਵੀਆਂ ਜ਼ਮੀਨਾਂ ਕਰਾਹ-ਕਰਾਹ ਕੇ ਪੱਧਰੀਆਂ ਕਰਨ ਲੱਗੇ । ਬਾਜ਼ਾਰ ਵਿੱਚ ਕਣਕ ਤੇ ਹੋਰ ਫਸਲਾਂ ਦੇ ਨਵੇਂ ਨਵੇਂ ਬੀਜਾਂ ਦੀ ਆਮਦ ਹੋਣ ਲੱਗੀ ।

ਕਿਸਾਨਾਂ ਨੂੰ ਕਪਾਹ-ਨਰਮੇਂ ਦੀ ਫਸਲ ਨਾਲੋਂ, ਚੌਲਾਂ ਦੀ ਫਸਲ ਦਾ ਕਿੱਤਾ ਵਧੇਰੇ ਸੌਖਾ ਲੱਗਿਆ । ਚੌਲਾਂ ਦਾ ਝਾੜ ਤਾਂ ਕਣਕ ਨਾਲੋਂ ਵੀ ਵੱਧ ਨਿਕਲ ਰਿਹਾ ਸੀ । ਆਮਦਨ ਵਧਣ ਕਰਕੇ, ਜ਼ਮੀਨਾਂ ਦੇ ਭਾਅ ਅਤੇ ਠੇਕੇ ਇੱਕੋ ਦਮ ਵਧ ਗਏ ਸਨ ।

ਕਿਸਾਨ ਲਹਿਰਾਂ-ਬਹਿਰਾਂ ਵਿੱਚ ਸਨ ।ਘਰਾਂ ਦਾ ਮੂੰਹ ਮੱਥਾ ਸੰਵਰਨ ਲੱਗਿਆ।ਲੋਕ ਰਹਿਣ-ਸਹਿਣ ਤੇ ਵਿਆਹ-ਸ਼ਾਦੀਆਂ ਤੇ ਖੁੱਲ੍ਹੇ ਖਰਚ ਕਰਨ ਲੱਗੇ। ਚਿਰਾਂ ਤੋਂ ਚੱਲੇ ਆਉਂਦੇ, ਰਸਮਾਂ-ਰਿਵਾਜ਼ਾਂ ਦਾ ਰੰਗ-ਰੂਪ ਬਦਲਣ ਲੱਗਿਆ।

ਖੇਤਾਂ ਵਿੱਚ ਪੰਜਾਬ ਦੇ ਮਜ਼ਦੂਰਾਂ ਦੀ ਥਾਂ, ਯੂ.ਪੀ, ਬਿਹਾਰੀ ਦੇ ਮਜ਼ਦੂਰ ਫਿਰਦੇ ਸਨ । ਚਿਰਾਂ ਤੋਂ ਚੱਲੀ ਆਉਂਦੀ, ਸੀਰ ਦੀ ਪ੍ਰੰਪਰਾ ਖਤਮ ਹੋਣੀ ਸ਼ੁਰੂ ਹੋ ਗਈ ਸੀ।ਕਿਸਾਨਾਂ ਦੇ ਘਰਾਂ ਦੇ ਦੁੱਧ ਘਿਓ ਵਿੱਚੋਂ ਸੀਰੀਆਂ ਦਾ ਸੀਰ ਵੀ ਖ਼ਤਮ ਹੋਣ ਲੱਗ ਗਿਆ ਸੀ।

ਲੋਕ ਹੁਣ 'ਸੀਰੀਆਂ' ਦੀ ਥਾਂ, 'ਨੌਕਰ' ਰੱਖਣ ਲੱਗੇ।ਇਨ੍ਹਾਂ ਨੌਕਰਾਂ ਵਿੱਚ 'ਭਈਆਂ' ਦੀ ਗਿਣਤੀ ਵਧਣ ਲੱਗੀ ਸੀ।

ਪਰ ਇਨ੍ਹਾਂ ਬਦਲਾਵਾਂ ਵਿਚ, ਇੱਕ ਉਹ ਬਦਲਾਅ ਵੀ ਸੀ ਜਿਸ ਬਾਰੇ ਕਦੇ ਕਿਸੇ ਨੇ ਕਿਆਸ ਨਹੀਂ ਕੀਤਾ ਹੋਣਾ।

ਹੁਣ ਪਹਿਲਾਂ ਵਾਂਗ ਚਾਰਗਾਹਾਂ ਨਹੀਂ ਰਹੀਆਂ ਸਨ ।

ਗਊਆਂ ਦੇ ਬੱਗ ਚਰਨੋਂ ਹਟ ਗਏ ਸਨ ।ਲੋਕਾਂ ਦੀਆਂ ਮੱਝਾਂ-ਗਾਵਾਂ, ਘਰਾਂ ਵਿੱਚ ਹੀ ਸਬਰ ਕਰਨ ਲੱਗੀਆਂ।ਕਿਸਾਨਾਂ ਦੇ ਖੇਤਾਂ ਦੀਆਂ ਵੱਟਾਂ, ਗ਼ਰੀਬਾਂ ਦੇ ਪਸ਼ੂਆਂ ਲਈ ਦੂਰ ਦੇ ਢੋਲ ਹੋ ਗਏ।ਹੌਲੀ ਹੌਲੀ ਘਰਾਂ ਦੀਆਂ ਖੁਰਲੀਆਂ, ਸੁੰਨ੍ਹੀਆਂ ਹੋਣ ਲੱਗੀਆਂ।

ਕਦੇ-ਕਦਾਈਂ ਦੇਵ ਦੇ, ਕਿਸੇ ਘਰ ਨੌਕਰ ਰਹਿਣ ਬਾਰੇ, ਗੱਲ ਸੁਣਨ ਨੂੰ ਮਿਲਦੀ ।ਕਦੇ ਕਦੇ ਉਹ ਘੇਸਲ ਵੀ ਮਾਰ ਜਾਂਦਾ ।ਜ਼ਿਆਦਾਤਰ ਦਿਹਾੜੀ-ਦੱਪਾ ਹੀ ਕਰਦਾ ।ਜਦੋਂ ਵੀ ਕਦੇ, ਸਾਡੇ ਘਰ ਦਿਹਾੜੀ ਲਾਉਣ ਆਉਂਦਾ ਤਾਂ ਬੀਤੇ ਸਮੇਂ ਦੀਆਂ ਕਹਾਣੀਆਂ ਛੇੜ ਬਹਿੰਦਾ ।

***

ਸਾਲ 1990 ਦੇ ਦਸੰਬਰ ਮਹੀਨੇ ਦੀ ਇੱਕ ਸ਼ਾਮ ।

ਮੈਂ ਮੱਝ ਨੂੰ ਪਾਣੀ ਪਿਲਾ ਰਿਹਾ ਸਾਂ ।ਨਜ਼ਰ ਗੇਟ ਵੱਲ ਗਈ ।ਦੇਖਿਆ, ਦੇਵ ਹੌਲੀ ਹੌਲੀ ਕਦਮ ਭਰਦਾ, ਮੇਰੇ ਵੱਲ ਆ ਰਿਹਾ ਸੀ ।ਉਸ ਦਾ ਚਿਹਰਾ,ਉਦਾਸੀ ਵਿੱਚ ਡੁੱਬਿਆ ਹੋਇਆ ਸੀ ।ਉਸ ਨੂੰ ਉਦਾਸ ਦੇਖ ਕੇ, ਮੈਂ ਕੁੱਝ ਨਾ ਬੋਲਿਆ।ਉਹ ਮੇਰੇ ਕੋਲ ਆ ਖੜਿਆ ।ਉਸਦੇ ਬੁੱਲ ਫਰਕੇ ।ਉਹ ਬੋਲਣਾ ਚਾਹੁੰਦਾ ਹੋਇਆ ਵੀ ਨਾ ਬੋਲ ਸਕਿਆ ।

ਮੈਂ ਕੁੱਝ ਪੁੱਛਣ ਹੀ ਵਾਲਾ ਸੀ, ਉਹ ਹੌਲੀ ਜਿਹੇ ਬੋਲਿਆ, "ਭੋਲਾ ਸਿਆਂ ਤਾਈ ਜੀ ਘਰ ਈ ਨੇ ?"

"ਹਾਂ ਘਰ ਈ ਐ ...ਕੀ ਗੱਲ ਬਾਈ ਸੁੱਖ ਐ ?"

" ਮੇਰੀ ਮਾਂ ਬਹੁਤ ਢਿੱਲੀ ਐ ...ਮੇਰੀ ਤਾਈ ਜੀ ਨੂੰ ਯਾਦ ਕਰ ਰਹੀ ਐ...ਜਾਂਦੀ ਵਾਰ ਦੇ ਮੇਲੇ ਨੇ।"

ਕਹਿ ਕੇ, ਉਹ ਰਸੋਈ ਵਿੱਚ ਕੰਮ ਕਰਦੀ, ਮੇਰੀ ਮਾਂ ਵੱਲ ਨੂੰ ਹੋ ਤੁਰਿਆ।ਉਸ ਨੇ ਮਾਂ ਨਾਲ, ਇੱਕ ਦੋ ਗੱਲਾਂ ਕੀਤੀਆਂ ਤੇ ਵਾਪਸ ਮੁੜ ਗਿਆ ।ਮਾਂ ਨੇ ਕਾਹਲੀ ਜਿਹੀ ਵਿੱਚ, ਹੱਥ ਮੂੰਹ ਧੋਤਾ ਤੇ ਗਿਆਨ ਕੌਰ ਦੇ ਅੰਤਮ ਬੋਲ ਸੁਣਨ ਲਈ ਚਲੀ ਗਈ ।

ਘਰ ਵਾਪਸ ਆ ਕੇ, ਉਹ ਕਿੰਨਾ ਚਿਰ ਗਿਆਨ ਕੌਰ ਨਾਲ, ਬਿਤਾਏ ਸਮੇਂ ਨੂੰ ਯਾਦ ਕਰਦੀ ਰਹੀ ।

ਦੋ ਕੁ ਦਿਨਾਂ ਬਾਅਦ,ਫਿਰ ਦੇਵ ਸਾਡੇ ਘਰ ਆਇਆ।ਪਤਾ ਲੱਗਿਆ ਕਿ ਗਿਆਨ ਕੌਰ ਚੱਲ ਵਸੀ ਸੀ ।



ਮਾਂ ਬੋਲੀ, "ਦੇਵ ਕਿਸੇ ਚੀਜ਼ ਵਸਤ ਦੀ ਲੋੜ ਹੋਵੇ ਤਾਂ...।"

"ਤਾਈ ਜੀ ਲੱਕੜਾਂ ਦੀ ਲੋੜ ਪਵੇਗੀ ...ਮੈਂ ਤਾਂ ਕਈ ਘਰਾਂ ਦੇ ਜਾ ਆਇਆ ਪਰ ਕੋਈ ...।" ਦੇਵ ਬੋਲਿਆ।

"ਲੈ ਕੀ ਲੋੜ ਸੀ ਤੈਨੂੰ ਐਵੇਂ ...ਇਹ ਘਰ ਬੇਗਾਨਾ ਸੀ ..ਔਹ ਖੁੰਢ ਪਿਐ, ਕੋਈ ਟਰੈਕਟਰ ਟਰਾਲੀ ਲਿਆ ਤੇ ਲੈ ਜਾਹ," ਮਾਂ ਨੇ ਕਿੱਕਰ ਦੇ ਇੱਕ ਖੁੰਢ ਵੱਲ ਹੱਥ ਕਰਦਿਆਂ ਕਿਹਾ।

ਦੇਵ ਅਸੀਸਾਂ ਦਿੰਦਾ, ਉਹਨੀਂ ਪੈਰੀਂ ਕਿਸੇ ਸਾਧਨ ਦਾ ਬੰਦੋਬਸਤ ਕਰਨ ਚਲਾ ਗਿਆ ਸੀ।

***

ਗੁਰਦੇਵ ਸਿੰਘ ਦੋ ਸਾਲ ਸਾਈਕਲ 'ਤੇ, ਰਾਤ ਨੂੰ ਕੋਠੀ ਵਿੱਚ ਸੌਣ ਲਈ ਸ਼ਹਿਰ ਜਾਂਦਾ ਰਿਹਾ ।ਇਸ ਕੰਮ ਨੂੰ ਵੀ ਉਹ, ਇਸ ਉਮਰ ਵਿੱਚ, ਪੂਰੀ ਤਨਦੇਹੀ ਨਾਲ ਨਿਭਾਅ ਰਿਹਾ ਸੀ । ਆਪਣੀ ਜ਼ਿੰਮੇਵਾਰੀ ਤੋਂ ਵੀ ਵਧ ਕੇ।

ਭਾਵੇਂ ਉਸ ਨਾਲ ਸਿਰਫ ਰਾਤ ਨੂੰ ਸੌਣ ਦੀ ਹੀ ਗੱਲ ਕੀਤੀ ਸੀ ਪਰ ਉਹ ਜ਼ਿਆਦਾ ਸਮਾਂ ਕੋਠੀ ਵਿੱਚ ਹੀ ਗੁਜ਼ਾਰਦਾ।ਘਰੇ ਉਸ ਨੂੰ ਸਵੇਰ ਦੀ ਰੋਟੀ ਖਾਣ ਤੇ ਸ਼ਾਮ ਦੀ ਰੋਟੀ ਲਿਆਉਣ ਲਈ ਆਉਣਾ ਪੈਂਦਾ ।ਉਹ ਦਸ ਕੁ ਵਜੇ ਪਿੰਡ ਆਉਂਦਾ ਤੇ ਦੋ ਕੁ ਵੱਜਦੇ ਨੂੰ ਸ਼ਾਮ ਦੀ ਰੋਟੀ ਪਕਵਾ ਕੇ ਮੁੜ ਜਾਂਦਾ ।ਆਥਣ ਦੀ ਰੋਟੀ ਉਹ ਕੋਠੀ ਵਿੱਚ ਜਾ ਕੇ ਖਾਂਦਾ ।ਉਸ ਨੂੰ ਇਸ ਗੱਲ ਦਾ ਡਰ ਰਹਿੰਦਾ ਸੀ ਕਿ ਉਸ ਦੇ ਹੁੰਦਿਆਂ ਕੋਈ ਨੁਕਸਾਨ ਨਾ ਕਰ ਜਾਵੇ ।

ਉਸ ਨੇ ਆਲੇ-ਦੁਆਲੇ ਦੇ ਘਰਾਂ ਤੇ ਦੁਕਾਨਦਾਰਾਂ ਨਾਲ ਸਾਂਝ ਬਣਾ ਲਈ ਸੀ।ਕਈ ਵਾਰ ਜੇ ਕਿਸੇ ਪਰਿਵਾਰ ਨੇ, ਘਰ ਤੋਂ ਬਾਹਰ ਜਾਣਾ ਹੁੰਦਾ ਤਾਂ ਉਸ ਨੂੰ ਨਿਗਰਾਨੀ ਕਰਨ ਲਈ ਕਹਿ ਜਾਂਦਾ ।ਉਸ ਰਾਤ ਉਹ ਜਾਗਦਾ ਰਹਿੰਦਾ ।ਕਦੇ ਮੇਰੇ ਤੇ ਕਦੇ ਦੂਜੇ ਦੇ ਘਰ ਗੇੜਾ ਦਿੰਦਾ ਰਹਿੰਦਾ ।ਇਸ ਦਾ ਫਾਇਦਾ ਇਹ ਹੁੰਦਾ ਕਿ ਉਸ ਨੂੰ ਰੋਟੀ ਲਈ ਪਿੰਡ ਆਉਣ ਦੀ ਜ਼ਹਿਮਤ ਨਾ ਕਰਨੀ ਪੈਂਦੀ ।

ਜਦੋਂ ਅਸੀ ਸ਼ਹਿਰ ਦੇ ਮਕਾਨ ਵਿੱਚ ਰਹਾਇਸ਼ ਕੀਤੀ ਤਾਂ ਬੜਾ ਓਪਰਾ ਜਿਹਾ ਲੱਗਿਆ ਕਰੇ ।ਰਾਤ ਨੂੰ ਨੀਂਦ ਨਾ ਆਇਆ ਕਰੇ ।ਸਾਡੇ ਦੋਹਾਂ ਜੀਆਂ ਦੇ ਸਕੂਲ ਜਾਣ ਕਰ ਕੇ, ਦਿਨੇ ਘਰ ਵਿੱਚ ਸੁੰਨ ਵਰਤ ਜਾਇਆ ਕਰੇ ।ਅਸੀਂ ਫਿਰ ਦੇਵ ਨਾਲ ਗੱਲ ਕੀਤੀ।ਮਹੀਨਾ ਕੁ ਦੇਵ ਦਿਨੇ ਵੀ ਆਉਂਦਾ ਰਿਹਾ।ਉਸ ਤੋਂ ਬਾਅਦ, ਕਦੇ ਕਦਾਈਂ ਉਸ ਦਾ ਗੇੜਾ ਲੱਗਦਾ।ਉਹ ਕਦੇ ਕਦੇ ਆਖਦਾ ਹੁੰਦਾ - "ਮਾਸਟਰ ਜੀ, ਹੁਣ ਤਾਂ ਰੱਬ ਅੱਗੇ ਏਹੀ ਅਰਜ਼ ਐ, ਬਈ ਤੁਰਦੇ ਫਿਰਦੇ ਚਲੇ ਜਾਈਏ ...ਕਿਤੇ ਮੰਜੇ 'ਚ ਨਾ ਡਿੱਗ ਪਈਏ।"

ਉਸ ਨਾਲ ਇਵੇਂ ਹੀ ਵਾਪਰਿਆ ।ਉਹ ਤੁਰਦਾ ਫਿਰਦਾ ਹੀ ਜਹਾਨ ਛੱਡ ਗਿਆ ਸੀ।

---

**ਮੇਰੀਆਂ ਚੋਣਵੀਆਂ ਕਹਾਣੀਆਂ**
**ਮੁਖਤਿਆਰ ਸਿੰਘ**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

# ਨਾਮ ਦੇਵ ਮਾਲੀ/ਮੌਲਵੀ ਅਬਦੁਲ ਹੱਕ

ਨਾਮਦੇਵ ਮਕਬਰਾ ਰਾਬਆ ਦੂਰਾਨੀ ਔਰੰਗਾਬਾਦ (ਦੱਖਣ) ਦੇ ਬਾਗ ਵਿੱਚ ਮਾਲੀ ਸੀ। ਜ਼ਾਤ ਦਾ ਢੇਡ ਜੋ ਬਹੁਤ ਨੀਚ ਕੌਮ ਸਮਝੀ ਜਾਂਦੀ ਹੈ। ਕੌਮ ਦਾ ਭਿੰਨ ਭੇਦ ਬਣਾਵਟੀ ਹੈ ਤੇ ਸਹਿਜੇ ਸਹਿਜੇ ਨਸਲੀ ਹੋ ਗਿਆ ਹੈ। ਸੱਚਾਈ ਹੈ ਕਿ ਹੁਸਨ ਕਿਸੇ ਦੀ ਵਿਰਾਸਤ ਨਹੀਂ, ਇਹ ਖ਼ੂਬੀਆਂ ਨੀਚ ਜ਼ਾਤ ਵਾਲਿਆਂ ਵਿੱਚ ਵੀ ਅਜਿਹੀਆਂ ਹੀ ਹੁੰਦੀਆਂ ਹਨ ਜਿਹੋ ਜਿਹੀਆਂ ਉੱਚੀ ਜ਼ਾਤ ਵਾਲਿਆਂ ਵਿੱਚ।

ਕੈਸ ਹੋ ਕੋਹਕੁਨ ਹੋ ਯਾ ਹਾਲੀ
ਆਸ਼ਿਕੀ ਕਿਸੀ ਕੀ ਜ਼ਾਤ ਨਹੀਂ

ਮਕਬਰੇ ਦਾ ਬਾਗ ਮੇਰੀ ਦੇਖਭਾਲ ਵਿੱਚ ਸੀ। ਮੇਰੇ ਰਹਿਣ ਦਾ ਮਕਾਨ ਵੀ ਬਾਗ ਦੇ ਅਹਾਤੇ ਵਿੱਚ ਹੀ ਸੀ। ਮੈਂ ਆਪਣੇ ਬੰਗਲੇ ਦੇ ਸਾਹਮਣੇ ਫੁਲਵਾੜੀ ਬਣਾਉਣ ਦਾ ਕੰਮ ਨਾਮਦੇਵ ਨੂੰ ਸੌਂਪਿਆ। ਮੈਂ ਅੰਦਰ ਕਮਰੇ ਵਿੱਚ ਆਪਣਾ ਕੰਮ ਕਰਦਾ ਰਹਿੰਦਾ ਸੀ। ਮੇਰੇ ਮੇਜ਼ ਦੇ ਸਾਹਮਣੇ ਵੱਡੀ ਸਾਰੀ ਖਿੜਕੀ ਸੀ । ਉਸ ਵਿੱਚੋਂ ਫੁਲਵਾੜੀ ਸਾਫ਼ ਦਿਖਾਈ ਦਿੰਦੀ ਸੀ। ਲਿਖਦਾ ਲਿਖਦਾ ਕਦੇ ਨਜ਼ਰ ਉਠਾ ਕੇ ਦੇਖਦਾ ਤਾਂ ਦੇਖਦਾ ਕਿ ਨਾਮਦੇਵ ਪੂਰੇ ਧਿਆਨ ਨਾਲ ਆਪਣੇ ਕੰਮ ਵਿੱਚ ਰੁਝਿਆ ਹੋਇਆ ਹੈ। ਕਈ ਵਾਰ ਉਸ ਦੀ ਕੰਮ ਦੀ ਲਗਨ ਦੇਖ ਕੇ ਬਹੁਤ ਹੈਰਾਨ ਹੁੰਦਾ । ਮਿਸਾਲ ਦੇ ਤੌਰ 'ਤੇ ਕਈ ਵਾਰ ਦੇਖਦਾ ਕਿ ਨਾਮਦੇਵ ਬੂਟੇ ਦੇ ਸਾਹਮਣੇ ਬੈਠਾ ਉਸ ਦਾ ਘੇਰਾ ਸਾਫ ਕਰ ਰਿਹਾ ਹੈ। ਘੇਰਾ ਸਾਫ ਕਰਨ ਪਿੱਛੋਂ ਚੁਬੱਚੇ ਵਿੱਚੋਂ ਪਾਣੀ ਲਿਆਂਦਾ ਤੇ ਹੌਲੀ ਹੌਲੀ ਪਾਉਣਾ ਸ਼ੁਰੂ ਕੀਤਾ । ਪਾਣੀ ਪਾ ਕੇ ਘੇਰਾ ਠੀਕ ਕੀਤਾ ਤੇ ਹਰ ਪਾਸਿਓਂ ਬੂਟੇ ਨੂੰ ਮੁੜ ਮੁੜ ਕੇ ਦੇਖਿਆ। ਫਿਰ ਉਨ੍ਹੀਂ ਪੈਰੀਂ ਪਿੱਛੇ ਮੁੜ ਕੇ ਉਹਨੂੰ ਦੇਖਣ ਲੱਗ ਪਿਆ । ਦੇਖੀ ਜਾਂਦਾ ਸੀ ਤੇ ਮੁਸਕਰਾ ਕੇ ਖ਼ੁਸ਼ ਹੁੰਦਾ ਸੀ। ਇਹ ਦੇਖ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ। ਕੰਮ ਉਸੇ ਸਮੇਂ ਹੁੰਦਾ ਹੈ ਜਦੋਂ ਉਸ ਵਿੱਚ ਆਨੰਦ ਆਉਣ ਲੱਗੇ, ਬੇ-ਸੁਆਦਾ ਕੰਮ ਨਹੀਂ ਹੁੰਦਾ, ਬਗਾਰ ਹੈ।

ਹੁਣ ਮੈਨੂੰ ਉਸ ਵਿੱਚ ਦਿਲਚਸਪੀ ਹੋਣ ਲੱਗੀ, ਇੱਥੋਂ ਤੱਕ ਕਿ ਕਈ ਵਾਰ ਆਪਣਾ ਕੰਮ ਛੱਡ ਕੇ ਉਹਨੂੰ ਦੇਖਿਆ ਕਰਦਾ । ਪਰ ਉਹਨੂੰ ਕੋਈ ਪਤਾ ਨਹੀਂ ਸੀ ਕਿ ਕੋਈ ਉਹਨੂੰ ਦੇਖ ਰਿਹਾ ਹੈ ਜਾਂ ਉਹਦੇ ਆਲੇ-ਦੁਆਲੇ ਕੀ ਹੋ ਰਿਹਾ ਹੈ। ਉਹ ਆਪਣੇ ਕੰਮ ਵਿੱਚ ਮਸਤ ਰਹਿੰਦਾ। ਉਹਦੀ ਕੋਈ ਸੰਤਾਨ ਨਹੀਂ ਸੀ। ਉਹ ਆਪਣੇ ਬ੍ਰਿਛ ਬੂਟਿਆਂ ਨੂੰ ਹੀ ਆਪਣੀ ਸੰਤਾਨ ਸਮਝਦਾ ਸੀ ਤੇ ਔਲਾਦ ਦੀ ਤਰ੍ਹਾਂ ਉਨ੍ਹਾਂ ਦਾ ਪਾਲਣ-ਪੋਸ਼ਣ ਅਤੇ ਦੇਖਭਾਲ ਕਰਦਾ। ਉਨ੍ਹਾਂ ਨੂੰ ਹਰੇ-ਭਰੇ ਅਤੇ ਖ਼ੁਸ਼ ਦੇਖ ਕੇ ਇੰਜ ਖ਼ੁਸ਼ ਹੁੰਦਾ ਜਿਵੇਂ ਮਾਂ ਆਪਣੇ ਬੱਚਿਆਂ ਨੂੰ ਦੇਖ ਕੇ ਖ਼ੁਸ਼ ਹੁੰਦੀ ਹੈ। ਉਹ ਇੱਕ ਇੱਕ ਬੂਟੇ ਦੇ ਕੋਲ ਬੈਠਦਾ । ਉਨ੍ਹਾਂ ਨੂੰ ਪਿਆਰ ਕਰਦਾ, ਝੁਕ ਝੁਕ ਕੇ ਦੇਖਦਾ ਤੇ ਇਉਂ ਲੱਗਦਾ ਜਿਵੇਂ ਉਨ੍ਹਾਂ ਨਾਲ ਚੁਪਕੇ ਚੁਪਕੇ ਗੱਲਾਂ ਕਰ ਰਿਹਾ ਹੋਵੇ। ਜਿਉਂ ਉਹ ਵਧਦੇ ਫੁੱਲਦੇ ਉਹਦਾ ਦਿਲ ਵੀ ਵਧਦਾ ਫੁੱਲਦਾ ਸੀ। ਉਨ੍ਹਾਂ ਨੂੰ ਤਾਕਤਵਰ ਤੇ ਵਧਦੇ ਦੇਖ ਕੇ ਉਹਦੇ ਚਿਹਰੇ 'ਤੇ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ । ਜੇਕਰ ਅਚਾਨਕ ਕਿਸੇ ਪੌਦੇ ਨੂੰ ਕੀੜਾ ਲੱਗ ਜਾਂਦਾ ਜਾਂ ਕੋਈ ਹੋਰ ਰੋਗ ਲੱਗ ਜਾਂਦਾ ਤਾਂ ਉਹਨੂੰ ਬਹੁਤ ਚਿੰਤਾ ਲੱਗ ਜਾਂਦੀ। ਬਾਜ਼ਾਰ ਤੋਂ ਦਵਾਈਆਂ ਲੈ ਕੇ ਆਉਂਦਾ । ਬਾਗ ਦੇ ਰਖਵਾਲੇ ਨੂੰ ਜਾਂ ਮੈਨੂੰ ਕਹਿ ਕੇ ਮੰਗਵਾਉਂਦਾ । ਸਾਰਾ ਦਿਨ ਇਸੇ ਕੰਮ ਵਿੱਚ ਲੱਗਾ ਰਹਿੰਦਾ ਤੇ ਉਸ ਪੌਦੇ ਦੀ ਇਸ ਤਰ੍ਹਾਂ ਦੇਖਭਾਲ ਕਰਦਾ ਜਿਵੇਂ ਕੋਈ ਹਮਦਰਦ ਤੇ ਨੇਕ ਦਿਲ ਡਾਕਟਰ ਆਪਣੇ ਪਿਆਰੇ ਬੀਮਾਰ ਦੀ



ਕਰਦਾ ਹੈ। ਹਜ਼ਾਰ ਜਤਨ ਕਰਦਾ ਤੇ ਉਹਨੂੰ ਬਚਾ ਲੈਂਦਾ ਤੇ ਜਦੋਂ ਤੱਕ ਉਹ ਪੌਦਾ ਤੰਦਰੁਸਤ ਨਾ ਹੋ ਜਾਂਦਾ, ਉਹਨੂੰ ਚੈਨ ਨਾ ਆਉਂਦਾ। ਉਹਦੇ ਲਗਾਏ ਹੋਏ ਪੌਦੇ ਹਮੇਸ਼ਾ ਪਰਵਾਨ ਚੜ੍ਹਦੇ ਤੇ ਕਦੇ ਕੋਈ ਬਿਰਛ ਬੂਟਾ ਬਰਬਾਦ ਨਾ ਹੋਇਆ।

ਬਾਗਾਂ ਵਿੱਚ ਰਹਿੰਦੇ ਰਹਿੰਦੇ ਉਹਨੂੰ ਜੜੀਆਂ ਬੂਟੀਆਂ ਦੀ ਵੀ ਪਛਾਣ ਹੋ ਗਈ ਸੀ। ਖ਼ਾਸ ਕਰ ਕੇ ਬੱਚਿਆਂ ਦੇ ਇਲਾਜ ਵਿੱਚ ਉਹਨੂੰ ਮੁਹਾਰਤ ਸੀ। ਦੂਰੋਂ ਦੂਰੋਂ ਲੋਕ ਉਹਦੇ ਕੋਲ ਬੱਚਿਆਂ ਦੇ ਇਲਾਜ ਲਈ ਆਉਂਦੇ ਸਨ। ਉਹ ਆਪਣੇ ਬਾਗ ਵਿੱਚੋਂ ਜੜੀਆਂ ਬੂਟੀਆਂ ਲਿਆ ਕੇ ਬੜੇ ਮੋਹ ਅਤੇ ਧਿਆਨ ਨਾਲ ਉਨ੍ਹਾਂ ਦਾ ਇਲਾਜ ਕਰਦਾ। ਕਦੇ ਕਦੇ ਦੂਜੇ ਪਿੰਡ ਵਾਲੇ ਵੀ ਉਹਨੂੰ ਇਲਾਜ ਲਈ ਬੁਲਾ ਕੇ ਲੈ ਜਾਂਦੇ । ਬਿਨਾਂ ਕੋਈ ਟਾਲਮਟੋਲ ਕੀਤੇ ਚਲਾ ਜਾਂਦਾ। ਮੁਫ਼ਤ ਇਲਾਜ ਕਰਦਾ। ਕਦੇ ਕਿਸੇ ਕੋਲੋਂ ਕੁੱਝ ਨਾ ਲੈਂਦਾ।

ਉਹ ਆਪ ਵੀ ਬਹੁਤ ਸਾਫ਼ ਸੁਥਰਾ ਰਹਿੰਦਾ ਸੀ ਤੇ ਆਪਣੀ ਫੁਲਵਾੜੀ ਵੀ ਇਸੇ ਤਰ੍ਹਾਂ ਰੱਖਦਾ ਸੀ। ਇਸ ਤਰ੍ਹਾਂ ਪਾਕ ਸਾਫ਼ ਜਿਸ ਤਰ੍ਹਾਂ ਰਸੋਈ ਦਾ ਚੌਂਕਾ ਹੋਵੇ। ਕੀ ਮਜਾਲ ਕਿਧਰੇ ਕੋਈ ਘਾਹ ਫੂਸ ਜਾਂ ਕੰਕਰ ਪੱਥਰ ਪਏ ਹੋਣ। ਕਿਆਰੀਆਂ ਬਿਲਕੁਲ ਠੀਕ ਠਾਕ। ਵੱਟਾਂ ਦਰੁਸਤ। ਸਿੰਜਾਈ ਅਤੇ ਟਹਿਣੀਆਂ ਦੀ ਕਾਂਟ ਛਾਂਟ ਸਮੇਂ ਸਿਰ । ਝਾੜਨਾ ਬੁਹਾਰਨਾ ਸਵੇਰੇ ਸ਼ਾਮ ਰੋਜ਼ਾਨਾ। ਯਾਨੀ ਸਾਰੀ ਫੁਲਵਾੜੀ ਨੂੰ ਸ਼ੀਸ਼ਾ ਬਣਾ ਰੱਖਿਆ ਸੀ ।

ਬਾਗ ਦਾ ਚੌਕੀਦਾਰ ਅਬਦੁਲ ਰਹਿਮਾਨ ਖ਼ਾਨ ਫੌਜੀ ਖ਼ੁਦ ਵੀ ਬੜਾ ਮਿਹਨਤੀ ਤੇ ਚੌਕਸ ਸ਼ਖ਼ਸ ਹੈ ਤੇ ਦੂਜਿਆਂ ਕੋਲੋਂ ਵੀ ਕੱਸ ਕੇ ਕੰਮ ਲੈਂਦਾ ਹੈ। ਅਕਸਰ ਮਾਲੀਆਂ ਨੂੰ ਡਾਂਟ ਡਪਟ ਕਰਨੀ ਪੈਂਦੀ ਹੈ। ਵਰਨਾ ਜ਼ਰਾ ਵੀ ਨਿਗਰਾਨੀ ਵਿੱਚ ਢਿੱਲ ਹੋਈ ਤਾਂ ਹੱਥ ਤੇ ਹੱਥ ਧਰ ਕੇ ਬੈਠ ਗਏ ਜਾਂ ਬੀੜੀ ਪੀਣ ਲੱਗ ਗਏ ਜਾਂ ਛਾਂ ਵਿੱਚ ਜਾ ਕੇ ਲੇਟ ਗਏ। ਆਮ ਤੌਰ 'ਤੇ ਇਨਸਾਨ ਦਾ ਸੁਭਾਅ ਆਲਸੀ ਤੇ ਕੰਮ ਚੋਰੀ ਦਾ ਹੁੰਦਾ ਹੈ। ਆਰਾਮ ਤਲਬੀ ਸਾਡੇ ਅੰਦਰ ਕੁੱਝ ਵਿਰਾਸਤੀ ਹੋ ਗਈ ਹੈ। ਪਰ ਨਾਮਦੇਵ ਨੂੰ ਕਦੇ ਕੁੱਝ ਕਹਿਣ ਸੁਣਨ ਦੀ ਨੌਬਤ ਨਾ ਆਉਂਦੀ । ਉਹ ਦੁਨੀਆਦਾਰੀ ਤੋਂ ਬੇਖ਼ਬਰ ਆਪਣੇ ਕੰਮ ਵਿੱਚ ਲੱਗਾ ਰਹਿੰਦਾ । ਨਾ ਸ਼ਲਾਘਾ ਦੀ ਚਾਹਤ, ਨਾ ਇਨਾਮ ਦੀ ਪ੍ਰਵਾਹ ।

ਇੱਕ ਸਾਲ ਬਾਰਸ਼ ਬਹੁਤ ਘੱਟ ਹੋਈ। ਖੂਹਾਂ ਤੇ ਬਾਵਲੀਆਂ ਵਿੱਚ ਪਾਣੀ ਨਾਮ—ਮਾਤਰ ਰਹਿ ਗਿਆ। ਬਾਗ਼ 'ਤੇ ਆਫ਼ਤ ਟੁੱਟ ਪਈ। ਬਹੁਤ ਸਾਰੇ ਬ੍ਰਿਛ ਬੂਟੇ ਸੁੱਕ ਗਏ। ਜੋ ਬਚੇ ਹੋਏ ਸਨ ਉਹ ਇੰਝ ਨਿਢਾਲ ਹੋ ਗਏ ਤੇ ਮੁਰਝਾਏ ਹੋਏ ਸਨ ਜਿਵੇਂ ਤਪਦਿਕ ਦਾ ਮਰੀਜ਼ । ਪਰ ਨਾਮਦੇਵ ਦੀ ਫੁਲਵਾੜੀ ਹਰੀ ਭਰੀ ਸੀ ਤੇ ਉਹ ਦੂਰੋਂ ਦੂਰੋਂ ਇੱਕ ਇੱਕ ਘੜਾ ਪਾਣੀ ਦਾ ਚੁੱਕ ਕੇ ਲਿਆਉਂਦਾ ਤੇ ਪੌਦਿਆਂ ਨੂੰ ਸਿੰਜਦਾ। ਇਹ ਉਹ ਸਮਾਂ ਸੀ ਜਦੋਂ ਅਕਾਲ ਨੇ ਲੋਕਾਂ ਦੇ ਸਾਹ ਸੂਤੇ ਹੋਏ ਸਨ ਤੇ ਉਨ੍ਹਾਂ ਨੂੰ ਪੀਣ ਲਈ ਵੀ ਪਾਣੀ ਮੁਸ਼ਕਿਲ ਨਾਲ ਉਪਲਬਧ ਹੁੰਦਾ ਸੀ। ਪਰ ਇਹ ਰੱਬ ਦਾ ਬੰਦਾ ਕਿਤੋਂ ਨਾ ਕਿਤੋਂ ਲੈ ਹੀ ਆਉਂਦਾ ਤੇ ਆਪਣੇ ਪੌਦਿਆਂ ਦੀ ਪਿਆਸ ਬੁਝਾਉਂਦਾ । ਜਦੋਂ ਪਾਣੀ ਦੀ ਕਿੱਲਤ ਹੋਰ ਵਧ ਗਈ ਤਾਂ ਉਹਨੇ ਰਾਤਾਂ ਨੂੰ ਪਾਣੀ ਢੋਅ ਢੋਅ ਕੇ ਲਿਆਉਣਾ ਸ਼ੁਰੂ ਕਰ ਦਿੱਤਾ । ਪਾਣੀ ਕੀ ਸੀ ਇੰਜ ਸਮਝੋ ਕਿ ਅੱਧਾ ਪਾਣੀ ਤੇ ਅੱਧਾ ਚਿੱਕੜ ਹੁੰਦਾ ਸੀ। ਪਰ ਇਹੋ ਗੰਧਲਾ ਪਾਣੀ ਪੌਦਿਆਂ ਲਈ ਅੰਮ੍ਰਿਤ ਸੀ।

ਮੈਂ ਇਸ ਬੇਮਿਸਾਲ ਕਾਰਗੁਜ਼ਾਰੀ 'ਤੇ ਉਹਨੂੰ ਇਨਾਮ ਦੇਣਾ ਚਾਹਿਆ ਤਾਂ ਉਹਨੇ ਲੈਣ ਤੋਂ ਇਨਕਾਰ ਕਰ ਦਿੱਤਾ । ਸ਼ਾਇਦ ਉਸ ਦਾ ਕਹਿਣਾ ਠੀਕ ਸੀ ਕਿ ਆਪਣੇ ਬੱਚਿਆਂ ਦਾ ਪਾਲਣ-

ਪੋਸ਼ਣ ਕਰਨ ਲਈ ਕੋਈ ਇਨਾਮ ਦਾ ਹੱਕਦਾਰ ਨਹੀਂ ਹੁੰਦਾ, ਕਿਹੋ ਜਿਹੀ ਵੀ ਤੰਗੀ ਤੁਰਸ਼ੀ ਹੋਵੇ ਇਹ ਕੰਮ ਹਰ ਹਾਲਤ ਵਿੱਚ ਕਰਨਾ ਹੀ ਪੈਂਦਾ ਹੈ।

ਜਦੋਂ ਹਜ਼ੂਰ ਨਿਜ਼ਾਮ ਨੂੰ ਔਰੰਗਾਬਾਦ ਦੇ ਸਾਫ ਸੁਥਰੇ ਵਾਤਾਵਰਣ ਵਿੱਚ ਬਾ ਗ਼ ਲਾਉਣ ਦਾ ਖ਼ਿਆਲ ਆਇਆ ਤਾਂ ਇਹ ਕੰਮ ਡਾਕਟਰ ਸੱਈਅਦ ਸਰਾਜ ਉਲ ਹਸਨ (ਨਵਾਬ ਸਰਾਜ ਯਾਰ ਜੰਗ ਬਹਾਦਰ) ਪ੍ਰਬੰਧਕ ਸਿੱਖਿਆ ਵਿਭਾਗ ਦੇ ਸਪੁਰਦ ਹੋਇਆ। ਡਾਕਟਰ ਸਾਹਿਬ ਦਾ ਬਾਗ਼ਬਾਨੀ ਦਾ ਸ਼ੌਕ ਪ੍ਰਸਿੱਧ ਸੀ। ਮਕਬਰਾ ਰਾਬਆ ਦੂਰਾਨੀ ਅਤੇ ਉਸ ਦਾ ਬਾਗ਼ ਆਪਣੀ ਪਰਵਰਿਸ਼ ਅਤੇ ਉਸਾਰੀ ਦੇ ਲਿਹਾਜ ਨਾਲ ਮੁਗ਼ਲੀਆ ਬਾਗ਼ ਦਾ ਬਿਹਤਰੀਨ ਨਮੂਨਾ ਹੈ। ਮੁੱਦਤ ਤੋਂ ਵੀਰਾਨ ਪਿਆ ਸੀ ਤੇ ਖ਼ੂੰਖ਼ਾਰ ਜਾਨਵਰਾਂ ਦੀ ਰਿਹਾਇਸ਼ਗਾਹ ਬਣਿਆ ਹੋਇਆ ਸੀ ਤੇ ਝਾੜ ਫੂਸ ਨਾਲ ਅੱਟਿਆ ਪਿਆ ਸੀ। ਅੱਜ ਡਾਕਟਰ ਸਾਹਿਬ ਦੀ ਬਦੌਲਤ ਹਰਿਆ ਭਰਿਆ ਤੇ ਖੁਸ਼ਹਾਲ ਨਜ਼ਰ ਆਉਂਦਾ ਹੈ । ਹੁਣ ਦੂਰੋਂ ਦੂਰੋਂ ਲੋਕ ਇਸਨੂੰ ਦੇਖਣ ਆਉਂਦੇ ਅਤੇ ਸੈਰ—ਸਪਾਟਾ ਕਰ ਕੇ ਆਨੰਦ ਲੈਂਦੇ ਹਨ। ਡਾਕਟਰ ਸਾਹਿਬ ਨੂੰ ਆਦਮੀ ਪਰਖਣ ਵਿੱਚ ਵੀ ਕਮਾਲ ਹਾਸਲ ਸੀ । ਉਹ ਨਾਮਦੇਵ ਦੇ ਬੜੇ ਕਦਰਦਾਨ ਸਨ। ਉਹਨੂੰ ਮਕਬਰੇ ਤੋਂ ਸ਼ਾਹੀ ਬਾਗ਼ ਵਿੱਚ ਲੈ ਗਏ। ਸ਼ਾਹੀ ਬਾਗ਼ ਆਖ਼ਰਕਾਰ ਸ਼ਾਹੀ ਬਾਗ਼ ਸੀ। ਕਈ ਕਈ ਨਿਗਰਾਨ ਅਤੇ ਵੀਹਾਂ ਮਾਲੀ। ਮਾਲੀ ਵੀ ਕਿਹੋ ਕਿਹੋ ਜਿਹੇ, ਟੋਕੀਓ ਤੋਂ ਜਪਾਨੀ, ਤਹਿਰਾਨ ਤੋਂ ਈਰਾਨੀ, ਤੇ ਸ਼ਾਮ ਤੋਂ ਸ਼ਾਮੀ ਆਏ ਹੋਏ ਸਨ। ਉਨ੍ਹਾਂ ਦੇ ਬੜੇ ਠਾਠ ਸਨ। ਇਹ ਡਾਕਟਰ ਸਾਹਿਬ ਦੀ ਪੈਦਾਵਾਰ ਸਨ। ਉਹ ਸ਼ਾਹੀ ਬਾਗ਼ ਨੂੰ ਅਸਲ ਵਿੱਚ ਸ਼ਾਹੀ ਬਾਗ਼ ਬਣਾਉਣਾ ਚਾਹੁੰਦੇ ਸਨ। ਇੱਥੇ ਵੀ ਨਾਮਦੇਵ ਦਾ ਉਹੀਓ ਰੰਗ ਸੀ। ਉਹਨੇ ਬਾਗ਼ਬਾਨੀ ਦੀ ਕਲਾ ਦੀ ਨਾ ਕੋਈ ਸਿਖਲਾਈ ਲਈ ਹੋਈ ਸੀ ਤੇ ਨਾ ਹੀ ਉਸ ਕੋਲ ਕੋਈ ਸਨਦ ਜਾਂ ਡਿਪਲੋਮਾ ਸੀ। ਪਰ ਕੰਮ ਦੀ ਲਗਨ ਸੀ। ਕੰਮ ਨਾਲ ਹੀ ਸੱਚਾ ਲਗਾਅ ਸੀ ਤੇ ਏਸ ਵਿੱਚ ਉਸ ਦੀ ਜਿੱਤ ਸੀ। ਸ਼ਾਹੀ ਬਾਗ਼ ਵਿੱਚ ਵੀ ਉਸੇ ਦਾ ਕੰਮ ਮਹਾਂਕਾਜ ਰਿਹਾ। ਦੂਜੇ ਮਾਲੀ ਲੜਦੇ ਝਗੜਦੇ, ਸੀਂਧੀ ਸ਼ਰਾਬ ਪੀਂਦੇ। ਇਹ ਨਾ ਕਦੇ ਲੜਦਾ ਝਗੜਦਾ। ਨਾ ਸੀਂਧੀ ਸ਼ਰਾਬ ਪੀਂਦਾ। ਇੱਥੋਂ ਤੱਕ ਕਿ ਕਦੇ ਬੀੜੀ ਵੀ ਨਾ ਪੀਤੀ। ਬਸ ਉਹ ਸੀ ਉਹਦਾ ਕੰਮ।

ਇੱਕ ਦਿਨ ਪਤਾ ਨਹੀਂ ਕੀ ਗੱਲ ਹੋਈ ਕਿ ਸ਼ਹਿਦ ਦੀਆਂ ਮੱਖੀਆਂ ਦਾ ਹਮਲਾ ਹੋ ਗਿਆ। ਸਾਰੇ ਮਾਲੀ ਭੱਜ ਭੱਜ ਕੇ ਛੁਪ ਗਏ। ਨਾਮਦੇਵ ਨੂੰ ਪਤਾ ਹੀ ਨਾ ਲੱਗਾ ਕਿ ਕੀ ਹੋ ਰਿਹਾ ਹੈ। ਉਹ ਆਪਣੇ ਕੰਮ ਵਿੱਚ ਲੱਗਾ ਰਿਹਾ। ਉਹਨੂੰ ਕੀ ਪਤਾ ਸੀ ਕਿ ਮੌਤ ਉਸ ਦੇ ਸਿਰ ’ਤੇ ਨੱਚ ਰਹੀ ਹੈ। ਮੱਖੀਆਂ ਦਾ ਭਿਆਨਕ ਝੁੰਡ ਉਸ ਗ਼ਰੀਬ ’ਤੇ ਟੁੱਟ ਪਿਆ । ਇੰਨਾ ਕੱਟਿਆ ਇੰਨਾ ਕੱਟਿਆ ਕਿ ਬੇਹੋਸ਼ ਹੋ ਗਿਆ। ਆਖ਼ਰ ਇਸੇ ਵਿੱਚ ਜਾਨ ਦੇ ਦਿੱਤੀ। ਮੈਂ ਕਹਿੰਦਾ ਕਿ ਉਹਨੂੰ ਸ਼ਹਾਦਤ ਮਿਲੀ।

ਉਹ ਬਹੁਤ ਸਾਦਾ ਸੁਭਾਅ, ਭੋਲਾ ਅਤੇ ਨਿਮਰ ਸੁਭਾਅ ਦਾ ਸੀ। ਉਹਦੇ ਚਿਹਰੇ ’ਤੇ ਖੁਸ਼ੀ ਅਤੇ ਬੁੱਲ੍ਹਾਂ ’ਤੇ ਮੁਸਕਰਾਹਟ ਖੇਡਦੀ ਰਹਿੰਦੀ ਸੀ। ਛੋਟੇ ਵੱਡੇ ਹਰ ਇੱਕ ਨੂੰ ਝੁਕ ਕੇ ਮਿਲਦਾ । ਗ਼ਰੀਬ ਸੀ, ਤਨਖਾਹ ਵੀ ਘੱਟ ਸੀ ਪਰ ਫਿਰ ਵੀ ਆਪਣੇ ਗਰੀਬ ਭਰਾਵਾਂ ਦੀ ਆਪਣੀ ਸਮਰੱਥਾ ਨਾਲੋ ਵਧ ਕੇ ਮਦਦ ਕਰਦਾ ਸੀ। ਕੰਮ ਨਾਲ ਇਸ਼ਕ ਸੀ ਤੇ ਆਖ਼ਰ ਕੰਮ ਕਰਦਾ ਹੋਇਆ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ ।

ਗਰਮੀ ਹੋਵੇ ਜਾਂ ਸਰਦੀ, ਧੁੱਪ ਹੋਵੇ ਜਾਂ ਛਾਂ ਉਹ ਦਿਨ ਰਾਤ ਲਗਾਤਾਰ ਕੰਮ ਕਰਦਾ ਰਹਿੰਦਾ । ਉਹਨੂੰ ਕਦੇ ਇਹ ਖ਼ਿਆਲ ਨਾ ਆਉਂਦਾ ਕਿ ਮੈਂ ਬਹੁਤ ਕੰਮ ਕਰਦਾ ਹਾਂ ਜਾਂ ਮੇਰਾ ਕੰਮ



ਦੂਜਿਆਂ ਨਾਲੋਂ ਵਧੀਆ ਹੈ। ਇਸੇ ਕਰਕੇ ਉਹਨੂੰ ਆਪਣੇ ਕੰਮ ’ਤੇ ਮਾਣ ਜਾਂ ਘਮੰਡ ਨਹੀਂ ਸੀ। ਉਹ ਇਹ ਗੱਲਾਂ ਜਾਣਦਾ ਹੀ ਨਹੀਂ ਸੀ। ਉਹਨੂੰ ਨਾ ਕਿਸੇ ਨਾਲ ਵੈਰ ਸੀ ਨਾ ਸਾੜਾ। ਉਹ ਸਭ ਨੂੰ ਚੰਗੇ ਸਮਝਦਾ ਅਤੇ ਸਭ ਨਾਲ ਮੁੱਹਬਤ ਕਰਦਾ ਸੀ। ਉਹ ਗ਼ਰੀਬਾਂ ਦੀ ਮਦਦ ਕਰਦਾ, ਸਮੇਂ ਤੇ ਕੰਮ ਕਰਦਾ, ਆਦਮੀਆਂ, ਜਾਨਵਰਾਂ ਤੇ ਪੌਦਿਆਂ ਦੀ ਸੇਵਾ ਕਰਦਾ ਪਰ ਉਹਨੂੰ ਇਹ ਅਹਿਸਾਸ ਕਦੇ ਨਾ ਹੁੰਦਾ ਕਿ ਉਹ ਨੇਕ ਕੰਮ ਕਰ ਰਿਹਾ ਹੈ। ਨੇਕੀ ਉਸ ਸਮੇਂ ਤੱਕ ਹੀ ਨੇਕੀ ਹੈ ਜਦੋਂ ਤੱਕ ਨੇਕ ਆਦਮੀ ਨੂੰ ਇਹ ਨਾ ਪਤਾ ਹੋਵੇ ਕਿ ਉਹ ਨੇਕ ਕੰਮ ਕਰ ਰਿਹਾ ਹੈ। ਜਿੱਥੇ ਉਹਨੇ ਇਹ ਸਮਝਣਾ ਸ਼ੁਰੂ ਕਰ ਦਿੱਤਾ, ਨੇਕੀ ਨੇਕੀ ਨਹੀਂ ਰਹਿੰਦੀ।

ਜਦੋਂ ਕਦੇ ਮੈਨੂੰ ਨਾਮਦੇਵ ਦਾ ਖ਼ਿਆਲ ਆਉਂਦਾ ਹੈ ਮੈਂ ਸੋਚਦਾ ਹਾਂ ਨੇਕੀ ਕੀ ਹੈ ਤੇ ਵੱਡਾ ਆਦਮੀ ਕੀਹਨੂੰ ਕਹਿੰਦੇ ਨੇ। ਹਰ ਵਿਅਕਤੀ ਵਿੱਚ ਕੁਦਰਤ ਨੇ ਕੋਈ ਨਾ ਕੋਈ ਖ਼ੂਬੀ ਰੱਖੀ ਹੈ। ਇਸ ਖ਼ੂਬੀ ਨੂੰ ਸੰਪੂਰਨਤਾ ਤੱਕ ਪਹੁੰਚਾਉਣਾ ਨੇਕੀ ਤੇ ਵਡਿਆਈ ਹੈ। ਸੰਪੂਰਨਤਾ ਤੱਕ ਨਾ ਕਦੇ ਕੋਈ ਪਹੁੰਚਿਆ ਹੈ, ਨਾ ਪਹੁੰਚ ਸਕਦਾ ਹੈ ਪਰ ਉੱਥੋਂ ਤੱਕ ਪਹੁੰਚਣ ਦੀ ਕੋਸ਼ਿਸ਼ ਨਾਲ ਹੀ ਇਨਸਾਨ ਇਨਸਾਨ ਬਣਦਾ ਹੈ। ਇਹ ਸਮਝ ਉਸਨੂੰ ਕੁੰਦਨ ਬਣਾ ਦਿੰਦੀ ਹੈ। ਹਿਸਾਬ ਦੇ ਦਿਨ ਜਿਸ ਦਿਨ ਅਮਲਾਂ ਦੀ ਜਾਂਚ ਪੜਤਾਲ ਹੋਵੇਗੀ ਖ਼ੁਦਾ ਇਹ ਨਹੀਂ ਪੁੱਛੇਗਾ ਕਿ ਤੂੰ ਕਿੰਨੀ ਤੇ ਕਿਸ ਦੀ ਪੂਜਾ ਪਾਠ ਤੇ ਇਬਾਦਤ ਕੀਤੀ। ਉਹ ਕਿਸੇ ਦੀ ਇਬਾਦਤ ਦਾ ਮੁਥਾਜ ਨਹੀਂ। ਉਹ ਪੁੱਛੇਗਾ ਤਾਂ ਇਹ ਪੁੱਛੇਗਾ ਕਿ ਮੈਂ ਜੋ ਉਸਤਾਦ ਅਤੇ ਤੈਨੂੰ ਜੋ ਅਮਾਨਤ ਦਿੱਤੀ ਸੀ, ਉਹਨੂੰ ਸੰਪੂਰਨਤਾ ਤੱਕ ਪਹੁੰਚਾਉਣ ਅਤੇ ਉਸ ਤੋਂ ਕੰਮ ਲੈਣ ਵਿੱਚ ਤੂੰ ਕੀ ਕੀਤਾ ਅਤੇ ਖ਼ਲਕਤ ਖ਼ੁਦਾ ਨੂੰ ਉਹਦੇ ਨਾਲ ਕੀ ਲਾਭ ਪਹੁੰਚਾਇਆ। ਜੇਕਰ ਨੇਕੀ ਅਤੇ ਵਡਿਆਈ ਦਾ ਇਹ ਮਿਆਰ ਹੈ ਤਾਂ ਨਾਮਦੇਵ ਨੇਕ ਵੀ ਸੀ ਤੇ ਵੱਡਾ ਵੀ ਸੀ। ਸੀ ਤਾਂ ਜ਼ਾਤ ਦਾ ਢੇਡ ਪਰ ਚੰਗੇ ਚੰਗੇ ਸ਼ਰੀਫ਼ਾਂ ਨਾਲੋਂ ਜ਼ਿਆਦਾ ਸ਼ਰੀਫ਼ ਸੀ।

**ਅਨੁਵਾਦ : ਸੁਖਪਾਲ ਸਿੰਘ ਹੁੰਦਲ**

---

## ਨਵਯੁਗ ਪਬਲਿਸ਼ਰਜ਼, ਦਿੱਲੀ ਦੀਆਂ ਨਵੀਆਂ ਛਪੀਆਂ ਪੁਸਤਕਾਂ

- **ਸਿੱਖ ਰਾਜ ਦਾ ਪੱਤਨ/ ਡਾ. ਸਰਬਜੀਤ ਸਿੰਘ ਛੀਨਾ**
- **ਗਰਦਸ਼/ ਸੁਖਬੀਰ**
- **ਮੈਂ ਗਈ ਕਦੋਂ ਸੀ !/ ਗੁਰਬਚਨ ਸਿੰਘ ਭੁੱਲਰ**
- **ਹਨ੍ਹੇਰੇ ਦਾ ਚੀਰਹਰਣ/ ਸੋਮਾ ਸਬਲੋਕ**
- **ਚੇਤੇ ਦੀ ਚੰਗੇਰ ’ਚੋਂ/ ਜਗਜੀਤ ਸਿੰਘ ਆਨੰਦ**

# ਇੱਕ ਸੀ ਉਹ ਵਿਧਵਾ/ਪ੍ਰੀਤਪਾਲ ਕਨੈਡਾ

ਕਹਿੰਦੇ ਨੇ ਧੜਕਦੇ ਦਿਲ ਦੀਆਂ 84 ਲੱਖ ਜੂਨਾਂ ਹਨ। ਸਭ ਤੋਂ ਉੱਤਮ ਮਨੁੱਖੀ ਜੀਵਨ ਹੈ।ਸੋਚਦੀ ਹਾਂ ਬ੍ਰਹਿਮੰਡ ਬਣਾਉਣ ਵਾਲੇ ਨੇ ਹਰਿਆ-ਭਰਿਆ ਧਰਤੀ ਨਾਮੀ ਸਵਰਗ ਦਾ ਟੁੱਕੜਾ ਜਿਸ ਦੀ ਗੋਦ ਵਿੱਚ ਸੱਤ ਸਮੁੰਦਰ ਖੇਡਦੇ, ਮਨੁੱਖ ਜਾਤੀ ਦੇ ਸਪੁਰਦ ਕਰ ਦਿੱਤਾ। ਮਨੁੱਖ ਦੀ ਹੋਂਦ ਕਦੋਂ ਅਤੇ ਕਿਵੇਂ ਹੋਈ ਇਸ ਬਾਰੇ ਬਹੁਤ ਧਾਰਨਾਵਾਂ ਹਨ।ਇਹਨਾਂ ਦੀ ਸਚਾਈ ਤਾਂ ਦੁਨੀਆ ਬਣਾਉਣ ਵਾਲਾ ਜਾਣੇ। ਖੈਰ ਗੱਲ ਕਰਦੇ ਹਾਂ 21ਵੀਂ ਸਦੀ ਦੇ ਮਨੁੱਖ ਦੀ, ਜਿਸ ਦੀ ਪਹੁੰਚ ਵਿਗਿਆਨ ਦੀ ਚਰਮ ਸੀਮਾ ਛੂਹ ਚੁੱਕੀ ਹੈ। ਆਪਣੇ ਜੀਵਨ ਨੂੰ ਸੌਖਾ ਕਰਨ ਲਈ ਸੁੱਖ ਸਹੂਲਤਾਂ ਲੱਭਦਾ ਅੱਜ ਦਾ ਮਨੁੱਖ ਧਰਤੀ ਦਾ ਬੁਰੀ ਤਰ੍ਹਾਂ ਨਾਸ ਪੁੱਟ ਹੁਣ ਚੰਦ 'ਤੇ ਜਾ ਵੱਸਣ ਦੀਆ ਤਰਕੀਬਾਂ ਘੜ ਰਿਹਾ ਹੈ। ਕੀ ਮਨੁੱਖ ਦੀ ਸੋਚ ਸੱਚਮੁੱਚ ਹੀ ਇੰਨੀ ਉੱਚੀ ਹੋ ਗਈ ਹੈ ਕਿ ਇਹ ਧਰਤੀ ਹੁਣ ਉਸਦੀ ਸੋਚ ਦੇ ਮੇਚ ਦੀ ਨਹੀਂ ਰਹੀ ? ਜਾਂ ਦੀਵੇ ਥੱਲੇ ਹਨੇਰੇ ਵਾਲੀ ਗੱਲ ਹੈ ?

ਕੁਦਰਤ ਨੇ ਮਨੁੱਖ ਸਿਰਜਿਆ, ਮਨੁੱਖ ਨੇ ਸਮਾਜ। ਧਰਤੀ ਦੇ ਵੱਖ ਵੱਖ ਹਿੱਸੇ ਉੱਪਰ ਵਸਦੇ ਮਨੁੱਖ ਦੇ ਬਣਾਏ ਸਮਾਜ ਦਾ ਵੱਖਰਾ ਵੱਖਰਾ ਮਿਆਰ ਹੈ ਅੱਡੋ-ਅੱਡ ਧਾਰਨਾਵਾਂ ਹਨ। ਰਹਿਣ ਸਹਿਣ ਦਾ ਢੰਗ ਵੱਖਰਾ ਹੈ। ਇਹ ਧਾਰਨਾਵਾਂ ਕਿਸ ਤਰ੍ਹਾਂ ਉਤਪੰਨ ਹੁੰਦੀਆਂ, ਇਹਨਾਂ ਦੀ ਉਮਰ ਕਿੰਨੀ ਲੰਬੀ ਹੁੰਦੀ, ਕਿੰਨਾ ਲੰਬਾ ਅਰਸਾ ਇੱਕ ਸਮਾਜ ਆਪਣੇ ਵਡੇਰਿਆਂ ਦੇ ਧਰੇ ਪੂਰਨਿਆਂ ਨੂੰ ਪੂਜਦਾ ਤੁਰਿਆ ਜਾਂਦਾ। ਦੁਨੀਆ ਕਿਉਂ ਅਤੇ ਕਿਵੇਂ ਬਦਲਦੀ ਹੈ ? ਉਹ ਜੋ ਤਬਦੀਲੀ ਲਿਆਉਂਦੇ ਜਾਂ ਬਦਲਾਵ ਲਈ ਸੁਨੇਹੇ ਦਿੰਦੇ ਉਹਨਾਂ ਵਿਲੱਖਣ ਸ਼ਖ਼ਸੀਅਤਾਂ ਦੇ ਰੇਖਾ ਚਿੱਤਰ ਦੇ ਕੁੱਝ ਅੰਸ਼ ਤੁਹਾਡੇ ਨਾਲ ਸਾਂਝੇ ਕਰਨ ਜਾ ਰਹੀ ਹਾਂ।ਸਾਡੇ ਵਿੱਚੋਂ ਬਹੁ ਗਿਣਤੀ ਇਹੋ ਜਿਹੀ ਹੈ ਜੋ ਧਰਤੀ 'ਤੇ ਪੈਦਾ ਹੁੰਦੇ, ਅੱਖਾਂ ਮੀਟ ਕੰਨਾਂ 'ਤੇ ਹੱਥ ਧਰੀ ਬਣੇ ਬਣਾਏ ਰੀਤੀ ਰਿਵਾਜ ਦੇ ਮੁਤਾਬਕ ਹੀ ਜੀਵਨ ਜਿਉਣ ਵਿੱਚ ਵਿਸ਼ਵਾਸ ਰੱਖਦੇ ਹਨ, ਬੇਸ਼ੱਕ ਇਹਨਾਂ ਰਾਹਾਂ 'ਤੇ ਤੁਰਦਿਆਂ ਉਹਨਾਂ ਦੀ ਜ਼ਿੰਦਗੀ ਨੂੰ ਸੂਈ ਦੇ ਨੱਕੇ ਵਿੱਚੋਂ ਨਿਕਲਣ ਲਈ ਮਜ਼ਬੂਰ ਹੋਣਾ ਪਵੇ ਪਰ ਉਹ ਟਸ ਤੋਂ ਮਸ ਨਹੀਂ ਹੁੰਦੇ, ਸਮਾਜਿਕ ਮਨੁੱਖ ਨਹੀਂ, ਸਮਾਜਿਕ ਕੀੜੇ ਬਣ ਕੇ ਪਰਬਰਦਿਗਾਰ ਦਾ ਬਖ਼ਸ਼ਿਆ ਮਨੁੱਖੀ ਜੀਵਨ ਨਾਮ ਦਾ ਅਣਮੋਲ ਤੋਹਫ਼ਾ ਬੇਅਰਥਾ ਹੀ ਗੁਆ ਜਾਂਦੇ ਹਨ। ਦੇਖਿਆ ਜਾਵੇ ਤਾਂ ਸਾਡੇ ਆਲੇ ਦੁਆਲੇ ਬਹੁਤ ਕੁੱਝ ਅਲਹਿਦਾ ਵੀ ਵਾਪਰਦਾ ਜੋ ਹਰ ਇਨਸਾਨ ਦੀ ਆਜ਼ਾਦੀ ਦੀ ਪੁਰ ਜ਼ੋਰ ਮੰਗ ਕਰਦਾ, ਇਹ ਵੀ ਸਾਡੇ ਵਿੱਚੋਂ ਹੀ ਹੁੰਦੇ ਹਨ ਜੋ ਜਾਣੇ ਅਣਜਾਣੇ ਸਮਾਜਿਕ ਤਰੁਟੀਆਂ ਦਾ ਮੂੰਹ ਮੋੜਦੇ। ਇਹੋ ਜਿਹੇ ਲੋਕਾਂ ਦੀ ਸੋਚ ਸਾਨੂੰ ਪਹਿਲੀ ਮਿਲਣੀ ਵਿੱਚ ਹੀ ਅਨੋਖੀ ਲੱਗਦੀ ਅਤੇ ਅਸੀਂ ਆਮ ਤੌਰ 'ਤੇ ਉਹਨਾਂ ਦਾ ਵਿਰੋਧ ਕਰਦੇ।

ਜਿੱਥੋਂ ਤੱਕ ਮੈਂ ਸਮਝਿਆ ਦੋ ਤਰ੍ਹਾਂ ਦੇ ਅਨੋਖੇ ਲੋਕ ਹੁੰਦੇ ਹਨ। ਪਹਿਲੇ ਜੋ ਜੀਵਨ ਦੀ ਗਹਿਰਾਈ ਵਿੱਚ ਉੱਤਰਦੇ, ਉਸਦੀ ਸੂਖਮਤਾ ਨੂੰ ਪਕੜਦੇ ਆਪਣੇ ਅਤੇ ਦੂਸਰਿਆਂ ਲਈ ਸੁਹਿਰਦ ਸਮਾਜ ਸਿਰਜਣ ਲਈ ਉਤਸੁਕਤ ਰਹਿੰਦੇ। ਇੱਕ ਹੋਰ ਕਿਸਮ ਦੇ ਅਨੋਖੇ ਲੋਕ ਸਾਡੇ ਆਲੇ ਦੁਆਲੇ ਵਿੱਚ ਵਿਚਰ ਰਹੇ ਹੁੰਦੇ, ਜਿਹਨਾਂ ਦੀ ਬੁੱਧੀ ਸਾਨੂੰ ਸਮਾਜਿਕ ਵਰਤਾਰੇ ਦੇ ਮਿਆਰ 'ਤੇ ਕਿਤੇ ਵੀ ਮੇਚੇ ਨਹੀਂ ਵਹਿੰਦੀ, ਆਮ ਤੌਰ 'ਤੇ ਅਸੀਂ ਇਹਨਾਂ ਨੂੰ ਸਿੱਧੜੇ ਕਹਿੰਦੇ। ਇੱਕ ਅਜਿਹੀ ਹੀ ਸ਼ਖ਼ਸੀਅਤ ਨਾਲ ਜਾਣੂ ਕਰਵਾਣ ਜਾ ਰਹੀ ਹਾਂ ਜਿਸ ਦਾ ਅਣਭੋਲ ਵਿਵਹਾਰ ਆਪਣੇ ਅਣਜਾਣਪੁਣੇ ਵਿੱਚ ਹੀ ਮੈਨੂੰ ਬਹੁਤ ਵੱਡੀ ਸਮਾਜਿਕ ਤਬਦੀਲੀ ਦੀ ਮੰਗ ਕਰ ਰਿਹਾ



ਜਾਪਿਆ। ਜਦ ਮੈਂ ਉਸਨੂੰ ਪਹਿਲੀ ਵਾਰ ਮਿਲੀ ਤਾਂ ਮੈਨੂੰ ਬਹੁਤੀ ਝੱਲੀ ਜਿਹੀ ਲੱਗੀ। ਸਿਰੋਂ ਪੈਰੋਂ ਸਜੀ-ਧਜੀ ਝਾਂਜਰਾ, ਵਿਛੂਏ, ਵੰਗਾਂ, ਦੋ ਚਾਰ ਛਾਪਾਂ, ਕੰਨਾਂ 'ਚ ਝੁਮਕੇ, ਗੱਲ਼ ਵਿੱਚ ਗਾਨੀ, ਲਾਲ ਲਿਪਸਟਿਕ, ਲਾਲ ਰੰਗ ਦੀ ਵੱਡੀ ਗੋਲ ਬਿੰਦੀ, ਸੰਧੂਰ, ਅੱਖਾਂ ਵਿੱਚ ਕੱਜਲ਼ ਅਤੇ ਗੂੜੇ ਗੁਲਾਬੀ ਰੰਗ ਦਾ ਸੂਟ। ਮੈਨੂੰ ਸਤਿ ਸ਼੍ਰੀ ਅਕਾਲ ਬੁਲਾ ਇੰਨੀ ਅਪਣੱਤ ਨਾਲ ਪੁੱਛਿਆ, "ਹੋਰ ਭੈਣ, ਭਾਜੀ ਕਿੱਦਾਂ ?" "ਹਾਂਜੀ ਉਹ ਵੀ ਠੀਕ ਹਨ ?" ਕਹਿ ਮੈਂ ਉਸਦੇ ਗੱਲ ਕਰਨ ਦੇ ਅੰਦਾਜ਼ 'ਤੇ ਮਨੋ ਮਨੀ ਹੱਸ ਪਈ। ਮੈਂ ਸੋਚਣ ਲੱਗ ਪਈ ਇਹ ਕਿਵੇਂ ਜਾਣਦੀ ਹੈ ਮੇਰੇ ਹਸਬੈਂਡ ਨੂੰ ? ਉਸਨੂੰ ਜਾਨਣ ਤੋਂ ਬਾਅਦ ਪਤਾ ਲੱਗਾ ਕਿ ਇਹ ਉਸਦਾ ਆਪਣਾ ਹੀ ਤਰੀਕਾ ਹੈ ਕਿਸੇ ਵੀ ਔਰਤ ਨਾਲ ਗੱਲ ਸ਼ੁਰੂ ਕਰਨ ਦਾ। ਮਿਲਦੇ ਸਾਰ ਹੀ ਦੁਆ ਸਲਾਮ ਕਰਕੇ ਪੁੱਛਦੀ, "ਹੋਰ ਭੈਣ, ਭਾਜੀ ਦਾ ਕੀ ਹਾਲ ਹੈ।" ਆਮ ਤੌਰ 'ਤੇ ਔਰਤਾਂ ਉਸ 'ਤੇ ਹੱਸਦੀਆਂ। ਉਸਨੂੰ ਦੂਰੋਂ ਤੁਰੀ ਆਉਂਦੀ ਦੇਖ ਕਹਿਣ ਲੱਗ ਪੈਂਦੀਆਂ, "ਲੈ ਆ ਗਈ ਭਾਜੀ ਦੀ ਭੈਣ।" ਪਰ ਉਹ ਆਪਣੀ ਹੀ ਚਾਲੇ ਤੁਰਦੀ, ਮਿਲਦੀ ਕਿਸੇ ਬਹੁਤ ਕਰੀਬੀ ਪਿਆਰੇ ਰਿਸ਼ਤੇ ਦਾ ਅਹਿਸਾਸ ਕਰਾਉਂਦੀ ਹਾਲ ਚਾਲ ਪੁੱਛਦੀ ਅਤੇ ਆਪਣੇ ਰਾਹ ਤੁਰ ਪੈਂਦੀ। ਔਰਤਾਂ ਉਸ ਦੇ ਮੂੰਹ 'ਤੇ ਤਾਂ ਕੁੱਝ ਨਾ ਬੋਲਦੀਆਂ ਪਰ ਉਂਝ ਉਸ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੀਆਂ। ਉਸਨੂੰ ਵਿਚਾਰੀ ਕਮਲ਼ੀ ਕਹਿੰਦੀਆਂ, ਕਦੀ ਉਸ ਨੂੰ ਤਰਸ ਦਾ ਪਾਤਰ ਬਣਾਉਂਦੀਆਂ। ਕਦੀ ਕਹਿੰਦੀਆਂ ਇਹ ਤਾਂ ਸ਼ੈਤਾਨ ਦੀ ਟੂਟੀ ਹੈ, ਵਾਹਲਾ ਤੇਹ ਮੋਹ ਜਿੱਤਾ ਕੇ ਸਭ ਦੇ ਦਿਲ ਵਿੱਚ ਵਸੀ ਫਿਰਦੀ ਹੈ। ਉਹਨੂੰ ਹਰ ਵਕਤ ਸਜੀ ਧਜੀ ਦੇਖਦੀਆਂ ਤਾਂ ਕਹਿੰਦੀਆਂ, ਸਾਡੇ ਕੋਲ ਤਾਂ ਸਾਰਾ ਦਿਨ ਸਿਰ ਖੁਰਕਣ ਦਾ ਝੱਟ ਨਹੀਂ ਨਿਕਲਦਾ, ਇਹ ਮੇਮ ਸਾਹਿਬ ਜਦੋਂ ਦੇਖੋ ਸਿਰ ਮੂੰਹ ਲਿੱਪਿਆ ਹੁੰਦਾ। ਇੱਕ ਵਾਰ ਕਿਸੇ ਬੱਚੇ ਦੇ ਜਨਮ ਦਿਨ ਪਾਰਟੀ 'ਤੇ ਉਸ ਨਾਲ ਬੈਠਣ ਦਾ ਸਬੱਬ ਬਣਿਆ ਕਿਉਂ ਕਿ ਉਸਦੀ ਬੇਟੀ ਅਤੇ ਮੇਰੀ ਬੇਟੀ ਕਲਾਸਮੇਟ ਸਨ। ਉਹ ਆਈ, ਉਹੀ ਤਕੀਆ ਕਲਾਮ, ਇੱਕ ਇੱਕ ਨੂੰ ਸਤਿ ਸ਼੍ਰੀ ਅਕਾਲ ਬੁਲਾ, 'ਹੋਰ ਭੈਣ ਭਾਜੀ ਦਾ ਕੀ ਹਾਲ ਹੈ।' ਬਹੁਤ ਹੀ ਸ਼ਾਂਤੀ ਨਾਲ ਪੁੱਛ ਬੈਠ ਗਈ। ਸਭ ਨੇ ਇੱਕ ਦੂਸਰੇ ਵੱਲ ਦੇਖ ਆਪਣਾ ਆਪਣਾ ਹਾਸਾ ਮਸਾਂ ਰੋਕਿਆ। ਉੱਥੇ ਹਾਜ਼ਰ ਦੋ ਕੁ ਬਜ਼ੁਰਗ ਔਰਤਾਂ ਨੇ ਉਸ ਵੱਲ ਟੇਡੀ ਜਿਹੀ ਨਜ਼ਰ ਨਾਲ ਉਸ ਦੇ ਅਨੋਖੇ ਜਿਹੇ ਵਿਵਹਾਰ ਨੂੰ ਘੂਰਿਆ। ਉਹ ਉਸ ਮਹਿਫਲ ਵਿੱਚ ਰਾਸ ਨਹੀਂ ਆ ਰਹੀ ਸੀ। ਪਾਰਟੀ ਖਤਮ ਹੋਣ 'ਤੇ ਤੁਰਨ ਲੱਗੀ ਤਾਂ ਘਰ ਦੀ ਮਾਲਕਣ ਨੂੰ ਕਹਿੰਦੀ, "ਥੋੜ੍ਹਾ ਜਿਹਾ ਕੇਕ ਮੈਂ ਤੇਰੇ ਭਾਜੀ (ਮਤਲਬ ਆਪਣੇ ਘਰਵਾਲੇ) ਲਈ ਲੈਕੇ ਜਾਣਾ ਹੈ।" ਅੱਖਾਂ ਭਰਕੇ ਬੋਲੀ, "ਤੈਨੂੰ ਪਤਾ ਭੈਣ, ਉਹਨੂੰ ਸ਼ੂਗਰ ਹੈ, ਉਹ ਮਿੱਠਾ ਬਹੁਤ ਘੱਟ ਖਾਂਦਾ ਪਰ ਇਸ ਕੇਕ ਵਿੱਚ ਖੰਡ ਘੱਟ ਹੈ, ਨਾਲੇ ਠੀਕ ਨਹੀਂ ਰਹਿੰਦਾ, ਪਤਾ ਨਹੀਂ ਕਿੰਨੇ ਕੁ ਦਿਨ ਹੈ, ...ਚੱਲ ਕੋਈ ਨਹੀਂ, ਕੇਕ ਖਾਕੇ ਉਹਦੀ ਰੂਹ ਖੁਸ਼ ਹਊ, ਦੁਨੀਆ ਤੇ ਕਿਹੜਾ ਰੋਜ਼ ਰੋਜ਼ ਆਉਣਾ। ਬੰਦਾ ਖਾਂਦਾ ਪੀਂਦਾ ਜਹਾਨੋ ਜਾਵੇ ਤਾਂ ਭੈਣ ਕਾਹਦਾ ਦੁੱਖ ? ਰੱਬ ਕਿਸੇ ਗੱਲ ਲਈ ਤਰਸਾਵੇ ਨਾ।" ਇਹ ਕਹਿੰਦੀ ਹੋਈ ਉਹ ਆਪਣੇ ਦੋਵੇਂ ਬੱਚਿਆਂ ਨੂੰ ਉਂਗਲੀ ਲਾਈ ਬਾਹਰ ਵੱਲ ਤੁਰ ਪਈ। ਮੈਂ ਉਹਨੂੰ ਜਾਂਦਿਆਂ ਤੱਕਦੀ ਰਹੀ ਜਦ ਤੱਕ ਉਹ ਮੇਰੀਆਂ ਅੱਖਾਂ ਤੋਂ ਉਹਲੇ ਨਾ ਹੋ ਗਈ। ਮੈਂ ਹੈਰਾਨ ਜਿਹੀ ਸੋਚਦੀ ਰਹੀ, '...ਛੋਟੇ ਛੋਟੇ ਬੱਚੇ, ਜ਼ਿੰਦਗੀ ਵਿੱਚ ਆਉਣ ਵਾਲੇ ਭਿਆਨਕ ਤੂਫ਼ਾਨ ਲਈ ਪੂਰੀ ਤਰਾਂ ਤਿਆਰ ...ਮੈਂ ਉਸ ਨੂੰ ਝੱਲੀ ਕਹਾਂ ਜਾਂ ਸੂਝਵਾਨ ?'

ਕੁੱਝ ਸਮੇਂ ਬਾਅਦ ਪਤਾ ਲੱਗਾ ਕਿ ਉਸ ਦੇ ਪਤੀ ਦੀ ਮੌਤ ਹੋ ਗਈ ਪਰ ਉਹ ਪਹਿਲਾਂ ਦੀ ਤਰ੍ਹਾਂ ਹੀ ਸਜੀ ਸੰਵਰੀ ਰਹਿੰਦੀ ਹੈ । ਕੋਈ 10-12 ਕੁ ਵਰ੍ਹਿਆਂ ਬਾਅਦ ਮੈਨੂੰ ਮਿਲੀ, ਉਸੇ ਤਰ੍ਹਾਂ ਸਜੀ-ਸੰਵਰੀ ...ਮੈਂ ਉਸ ਵੱਲ ਦੇਖ ਹੈਰਾਨ ਰਹਿ ਗਈ, ...ਵੰਗਾਂ, ਛਾਪਾਂ, ਛੱਲੇ, ਲਿਪਸਟਿਕ ...ਵੱਡੀ ਲਾਲ ਰੰਗ ਦੀ ਬਿੰਦੀ, ਅੱਖਾਂ ਵਿੱਚ ਕੱਜਲ਼, ਮਾਂਗ ਵਿੱਚ ਸੰਧੂਰ । ਉਸਦਾ ਉਹੀ ਗੱਲ ਕਰਨ ਦਾ ਤਰੀਕਾ, ਸਤਿ ਸ਼੍ਰੀ ਅਕਾਲ ਕਹਿਣ ਤੋਂ ਬਾਅਦ ..."ਹੋਰ ਭੈਣ, ਭਾਜੀ ਕਿੱਦਾਂ ?" ਮੈਂ ਉਸ ਨੂੰ ਸਿਰੋਂ ਪੈਰੋਂ ਘੂਰਦੀ ਉਸਦੇ ਹਾਲਾਤ ਦਾ ਅੰਦਾਜ਼ਾ ਲਾਉਂਦੀ ਨੇ ਬਸ ਐਵੇਂ ਹੀ ਕਹਿ ਦਿੱਤਾ, "..ਹਾਂ, ਠੀਕ ਹੈ ਸਭ ।" ਪਰ ਫਿਰ ਆਪੇ ਹੀ ਲੰਬਾ ਸਾਰਾ ਹੌਕਾਂ ਲੈਂਦੀ ਕਹਿੰਦੀ, " ਉਹ ਸੱਚ ! ਭੈਣ ਮੈਂ ਭਾਜੀ ਬਾਰੇ ਸੁਣਿਆ ਸੀ ...ਮਾੜਾ ਹੋਇਆ !" ਤਦ ਮੈਨੂੰ ਆਪਣੀ ਕਸਵੱਟੀ 'ਤੇ ਪਰਖਦੀ ਕਹਿਣ ਲੱਗੀ, "...ਚੱਜ ਨਾਲ ਤਿਆਰ ਹੋਕੇ ਰਿਹਾ ਕਰ ...ਆਹ ਕੀ ਹਾਲ ਬਣਾਇਆ ਹੈ ! ... ਜ਼ਿੰਦਗੀ ਤਾਂ ਜੀਣੀ ਹੀ ਹੈ, ਹੁਣ ਜਿਉਂਦੇ ਜੀ ਮਰ ਤਾਂ ਹੁੰਦਾ ਨਹੀਂ. ...ਨਾਲੇ ਭੈਣੇ, ਜੁਆਕ ਵੀ ਪਾਲਣੇ ਆਂ, ਉਹਨਾਂ ਦਾ ਕੀ ਕਸੂਰ ? ...ਆਹ ਮੇਰੇ ਵੱਲ ਦੇਖ, ਮੈਂ ਤਾਂ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀ ਹਾਂ। ਬਥੇਰੀਆਂ ਮੂੰਹ ਮਾਰਦੀਆਂ, ...ਕਹਿੰਦੀਆਂ, ਇਹਨੂੰ ਤਾਂ ਆਦਮੀ ਦੇ ਮਰਨ ਦਾ ਕੋਈ ਦੁੱਖ ਨਹੀਂ, ...ਚਗਲ਼ਾਂ ਕਹਿੰਦੀਆਂ, ਸੰਧੂਰ ਕਿਸ ਖਸਮ ਦੇ ਲਈ ਪਾਉਂਦੀ ਆ ? ...ਭੈਣੇ ਮੈਂ ਦੱਸਾਂ, ਮੈਂ ਤਿਆਰ ਤਾਂ ਇਹਨਾਂ ਚਗਲ਼ਾਂ ਤੋਂ ਬਚਣ ਲਈ ਹੁੰਦੀ ਆਂ।" ਫੇਰ ਮੇਰਾ ਹੱਥ ਆਪਣੇ ਹੱਥ ਵਿੱਚ ਫੜ ਕਹਿੰਦੀ, " ਆਹ, ਜੇ ਮੈਂ ਤੇਰੇ ਵਾਂਗ ਰਹਾਂ, ...ਇਹ ਤਾਂ ਮੈਨੂੰ ਵਿਚਾਰੀ ਵਿਚਾਰੀ ਕਹਿ ਮਾਰ ਦੇਣ, ...ਨਾਲੇ ਭੈਣੇ, ਜਿਹਦਾ ਬੰਦਾ ਚਲੇ ਗਿਆ, ...ਉਹਨੂੰ ਕਿੱਥੇ ਹਾਰ ਸ਼ਿੰਗਾਰ ਸੁੱਝਦੇ ! ...ਤੈਨੂੰ ਪਤਾ, ਕਈ ਲੁੱਚੇ ਇਹਨਾਂ ਚਗਲ਼ਾਂ ਦੇ ਖਸਮ ਕੱਲੀਆਂ ਤੀਵੀਆਂ ਨੂੰ ਜੀਣ ਨਹੀਂ ਦਿੰਦੇ। ਬਸ ਭੈਣੇ ਇਹ ਸੰਧੂਰ ਮੇਰਾ ਪਰਦਾ ਹੈ ।" ਕਹਿ ਅੱਖਾਂ ਪੂੰਝਦੀ ਅਗਾਂਹ ਤੁਰਦੀ ਹਲਕਾ, ਜਿਹਾ ਹੱਸਦੀ, ਮੈਨੂੰ ਨਸੀਹਤਾਂ ਦਿੰਦੀ (ਚੰਗੀ ਤਰ੍ਹਾਂ ਰਿਹਾ ਕਰ, ਇਹ ਦੁਨੀਆ ਨੇ ਤੈਨੂੰ ਕੀ ਦੇਣਾ) ਬਾਂਹ ਮਾਰਦੀ, ਇਸ ਗੰਧਲੇ ਸਮਾਜ ਦਾ ਕੋਝਾ ਜਿਹਾ, ਕੌੜਾ ਸੱਚ ਉਗਲਦੀ, ਉਹ ਗਈ-ਉਹ ਗਈ ।

ਇੱਕ ਸਮਾਂ ਸੀ ਜਦ ਔਰਤ ਨੂੰ ਸਤੀ ਹੋਣਾ ਪੈਂਦਾ ਸੀ । ਸਤੀ ਪ੍ਰਥਾ ਪਿੱਛੇ ਸਮਾਜ ਦੇ ਠੇਕੇਦਾਰਾਂ ਦੀ ਮਾਨਸਿਕਤਾ ਕਿੰਨੀ ਕੁ ਉਸਾਰੂ ਸੀ ਇਹ ਤਾਂ ਅਸੀਂ ਭਲੀ ਭਾਅ ਜਾਣ ਹੀ ਗਏ ਹਾਂ, ਇੱਕ ਜਵਾਨ ਵਿਧਵਾ ਨੂੰ ਸਮਾਜ ਵਿੱਚ ਕਿਸ ਦਾ ਡਰ ਸੀ ? ਔਰਤ ਦਾ ਜਾਂ ਮਰਦ ਉਸਦੇ ਇਕੱਲੇਪਨ 'ਤੇ ਟਾਕ ਲਾਈ ਖੜਾ ਸੀ ? ਮੈਨੂੰ ਉਹ ਝੱਲੀ ਸੱਜੀ ਸੰਵਰੀ 21ਵੀਂ ਸਦੀ ਦੀ ਜਿਉਂਦੀ ਜਾਗਦੀ ਸਤੀ ਲੱਗੀ ਜੋ ਸਿਰਫ ਆਪਣੇ ਬੱਚਿਆਂ ਲਈ ਜ਼ਿੰਦਾ ਰਹਿ ਰਹੀ ਸੀ। ਆਪਣਾ ਸਵੈਮਾਨ ਬਣਾਏ ਰੱਖਣ ਲਈ ਉਸਨੂੰ ਇੱਕ ਸੁਹਾਗਣ ਦੇ ਭੇਸ ਵਿੱਚ ਹੀ ਵਿਚਰਨਾ ਪੈ ਰਿਹਾ ਸੀ, ਕਿਉਂ ? ਆਖਿਰ ਕਿਉਂ ? ਇਸ ਝੱਲੀ ਦੇ ਵਿਵਹਾਰ ਨੇ ਮੈਨੂੰ ਬਹੁਤ ਡੂੰਘਾ ਸੋਚਣ ਲਈ ਮਜਬੂਰ ਕਰ ਦਿੱਤਾ। ਮੈਂ ਉਸ ਬਾਰੇ ਸੋਚਦੀ ਰਹੀ ਜਿਸ ਨੂੰ ਦੁਨੀਆ ਝੱਲੀ ਕਹਿੰਦੀ, ਉਸਨੇ ਆਪਣੇ ਹਾਲਾਤਾਂ ਨਾਲ ਲੜਨ ਲਈ ਇਸ ਸਿਆਣੀ ਦੁਨੀਆ ਵਿੱਚ ਵਿਚਰਨ ਦਾ ਜੋ ਅਨੌਖਾ ਤਰੀਕਾ ਅਪਣਾਇਆ ਅਸਲ ਵਿੱਚ ਉਹ ਸਾਡੇ ਸਮਾਜ ਦੇ ਬਣਾਏ ਕਾਨੂੰਨੀ ਦਾਅ ਪੇਚਾਂ ਦੀ ਤੱਕੜੀ ਵਿੱਚ ਕਿਤੇ ਵੀ ਨਹੀਂ ਤੁੱਲਦਾ। ਇੱਕ ਵਿਧਵਾ ਦੀ ਮਾਂਗ ਵਿੱਚ ਸੰਧੂਰ ਅਤੇ ਮੱਥੇ ਤੇ ਬਿੰਦੀ ਜਦ ਕਿ ਮਾਂਗ ਦੇ ਸੰਧੂਰ ਅਤੇ ਮੱਥੇ ਦੀ ਬਿੰਦੀ ਦੀ ਆੜ ਵਿੱਚ ਹੀ ਤਾਂ ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਕਮਜ਼ੋਰ ਬਣਾ ਲੁੱਟਿਆ, ਇਹਨਾਂ ਮਨਘੜਤ ਪਖੰਡਾਂ ਨੂੰ ਔਰਤ ਦੀ ਮਾਨਸਿਕਤਾ ਉੱਪਰ ਭਾਰੂ ਕਰ ਕੇ ਹੀ ਤਾਂ ਉਸਨੂੰ ਆਪਣਾ



ਗੁਲਾਮ ਬਣਾਇਆ। ਇਹ ਮੱਥੇ ਦੀ ਬਿੰਦੀ ਮਾਂਗ ਦਾ ਸੰਧੂਰ, ਗਲ਼ ਵਿੱਚ ਮੰਗਲ ਸੂਤਰ ਨਾਮ ਦੇ ਖਤਰਨਾਕ ਖਿਡੌਣੇ ਉਸ ਦੇ ਸਪੁਰਦ ਕਰ, ਉਸਦੀ ਹੋਂਦ ਉੱਪਰ ਮਰਦ ਨੇ ਆਪਣੀ ਹੋਂਦ ਭਾਰੀ ਕੀਤੀ। ਸੋਚਿਆ ਜਾਵੇ ਤਾਂ ਔਰਤ ਦੀ ਤਾਕਤ ਨੂੰ ਕੰਟਰੋਲ ਕਰਨ ਲਈ ਇਹ ਕਿੰਨੀ ਵੱਡੀ ਸਾਜ਼ਿਸ਼ ਰਚੀ ਗਈ। ਪਤਾ ਨਹੀਂ ਇਸ ਸਭ ਦੀ ਸ਼ੁਰੂਆਤ ਕਿੱਥੋਂ ਹੋਈ। ਜਿਸ ਨੇ ਵੀ ਕੀਤੀ, ਉਸ ਨੂੰ ਔਰਤ ਆਪਣੇ ਆਪ ਤੋਂ ਤਾਕਤਵਰ ਮਹਿਸੂਸ ਹੋਈ ਅਤੇ ਆਪਣੀ ਆਜ਼ਾਦੀ ਅਤੇ ਤਰੱਕੀ ਵਿੱਚ ਰੁਕਾਵਟ ਲੱਗੀ। ਉਸ ਨੂੰ ਕੈਦ ਕਰਨ ਦਾ ਇਸ ਤੋਂ ਵਧੀਆ ਤਰੀਕਾ ਕੋਈ ਹੋਰ ਨਾ ਲੱਗਾ। ਸੱਪ ਵੀ ਮਰ ਗਿਆ ਅਤੇ ਲਾਠੀ ਵੀ ਨਹੀਂ ਟੁੱਟੀ । ਸਾਡੇ ਭਾਰਤੀ ਸੱਭਿਆਚਾਰ ਵਿੱਚ ਜੋ ਵੀ ਰੀਤੀ-ਰਿਵਾਜ ਹਨ ਉਹ ਸਿਰਫ ਔਰਤ ਲਈ ਹੀ ਕਿਉਂ ਹਨ ? ਇੱਕ ਔਰਤ ਬਿਨਾਂ ਮਰਦ ਹਾਰ ਸ਼ਿੰਗਾਰ ਕਿਉਂ ਨਹੀਂ ਕਰ ਸਕਦੀ ? ਹਾਂ ਬਹੁਤ ਵਿਧਵਾ ਔਰਤਾਂ ਅੱਜ ਦੇ ਸਮੇਂ ਵਿੱਚ ਆਪਣੇ ਆਪ ਵਿੱਚ ਬਣ ਸੰਵਰ ਕੇ ਰਹਿੰਦੀਆਂ ਹਨ। ਕੀ ਅਸੀਂ ਉਹਨਾਂ ਦਾ ਇਸ ਤਰੀਕੇ ਨਾਲ ਰਹਿਣਾ ਖੁਸ਼ੀ ਖੁਸ਼ੀ ਸਵੀਕਾਰ ਕਰਦੇ ਹਾਂ ? ਇੱਕ ਔਰਤ ਦੀ ਪਹਿਚਾਣ ਉਸਦਾ ਪਹਿਰਾਵਾ ਕਿਉਂ ਹੈ ? ਮਰਦ ਦੇ ਵਿਆਹੁਤਾ ਹੋਣ ਜਾਂ ਉਸ ਦੀ ਪਤਨੀ ਦੇ ਮਰ ਜਾਣ ਦੀ ਪਹਿਚਾਣ ਦੀ ਕੋਈ ਰਿਵਾਇਤ ਨਹੀਂ, ਕੋਈ ਪਹਿਰਾਵਾ ਨਹੀਂ, ਕਿਉਂ ? ਇਹ ਔਰਤ ਅਤੇ ਮਰਦ ਵਿੱਚ ਵਖਰੇਵੇਂ ਕਿਸ ਨੇ ਖੜੇ ਕੀਤੇ ? ਇਸ ਕੋਹੜ ਨੂੰ ਹੋਰ ਕਿੰਨੀਆਂ ਸਦੀਆਂ ਅਸੀਂ ਨਾਲ ਘੜੀਸਾਂਗੇ। ਔਰਤ ਦਾ ਵਜੂਦ ਇਹਨਾਂ ਅੰਧ-ਵਿਸ਼ਵਾਸਾਂ ਵਿੱਚੋਂ ਕਦੋਂ ਮੁਕਤ ਹੋਵੇਗਾ ? ਉਹ ਸੁਹਾਵਣੀ ਘੜੀ ਕਦੋਂ ਆਵੇਗੀ ਜਦੋਂ ਔਰਤ ਵੀ ਇੱਕ ਇਨਸਾਨ ਦੀ ਤਰ੍ਹਾਂ ਬੇਖੌਫ ਜੀਵਨ ਜੀ ਸਕੇਗੀ ?

ਉਹ ਕਿੰਨਾ ਸੱਚ ਕਹਿ ਰਹੀ ਸੀ, ਇਕੱਲੀ ਤੀਵੀਂ ਨੂੰ ਦੁਨੀਆ ਜੀਣ ਨਹੀਂ ਦਿੰਦੀ, ਮੈਨੂੰ ਉਹ ਬਹੁਤ ਹੀ ਸੱਚੀ ਅਤੇ ਪਿਆਰੀ ਲੱਗੀ, ਅਸਲ ਵਿੱਚ ਦੁਨੀਆ ਜਿਹਨਾਂ ਨੂੰ ਝੱਲੇ ਕਹਿੰਦੀ, ਉਹ ਜ਼ਿੰਦਗੀ ਦੇ ਸੱਚ ਦੇ ਬਹੁਤ ਨੇੜੇ ਹੁੰਦੇ ਹਨ, ਬਿਨਾਂ ਝਿੱਜਕ ਝੂਠ ਨੂੰ ਨੰਗਾ ਕਰ ਦਿੰਦੇ ਹਨ । ਸੱਚ ਸਹੀ ਗਲਤ ਤੋਂ ਉੱਪਰ ਹੁੰਦਾ, ...ਸਹੀ ਗਲਤ ਦੁਨੀਆ ਦੇ ਪੈਮਾਨੇ ਹਨ। ਸੱਚ ਮਿੱਠਾ ਘੱਟ, ਕੌੜਾ ਅਤੇ ਖ਼ਤਰਨਾਕ ਜ਼ਿਆਦਾ ਹੁੰਦਾ, ਜਿਸਨੂੰ ਦੁਨੀਆ ਛੇਤੀ ਕੀਤੇ ਅਪਣਾਉਂਦੀ ਨਹੀਂ ਜਾਂ ਦੁਨੀਆ ਮਿੱਠੇ ਝੂਠ ਵਿੱਚ ਜੀਣ ਦੀ ਇੰਨੀ ਆਦੀ ਹੋ ਗਈ ਹੈ ਕਿ ਬਕਬਕਾ ਸੱਚ ਹਜ਼ਮ ਕਰਨਾ ਔਖਾ ਹੋ ਜਾਂਦਾ। ਇਹ ਅਨੋਖੇ ਜਿਹੇ ਲੋਕ ..ਜਿਹਨਾਂ 'ਤੇ ਦੁਨੀਆ ਦਾ ਝੂਠਾ ਰੰਗ ਨਹੀਂ ਚੜ੍ਹਦਾ , ਤੁਰਦਾ ਫਿਰਦਾ ਮੱਕਾ ਹੁੰਦੇ ਹਨ, ਇਹੋ ਜਿਹੀ ਹੀ ਇੱਕ ਹੋਰ ਸ਼ਖ਼ਸੀਅਤ ਬਾਰੇ ਗੱਲ ਕਰਾਂਗੀ ਜੋ ਦੁਨੀਆਦਾਰੀ ਤੋਂ ਬਹੁਤ ਦੂਰ ਆਪਣੇ ਰੱਬ ਲਈ ਨੱਚਦੀ ਮਨੁੱਖਤਾ ਨੂੰ ਆਪਣੇ ਆਪ ਨਾਲ ਇੱਕ ਸੁਰ ਹੋਣ ਦੇ ਸੁਨੇਹੇ ਦਿੰਦੀ ।

ਲੋਕ ਲੋਕਾਂ ਲਈ ਧੂੜਾ ਪੱਟ ਨੱਚਦੇ ਤਾਂ ਅਸੀਂ ਤੁਸੀਂ ਆਮ ਹੀ ਦੇਖਦੇ ਹਾਂ। ਗੱਲ ਐਂ ਆਂ ਪਈ ਜਦੋਂ ਬੰਦਾ ਦੁਨੀਆ ਲਈ ਨੱਚਦਾ ਉਹਨੂੰ ਨਚਾਉਣ ਵਾਲੀ ਵੀ ਦੁਨੀਆ ਹੀ ਹੁੰਦੀ । ਜੇ ਦੇਖਿਆਂ ਜਾਵੇ ਤਾਂ ਇਸ ਨਾਚ ਵਿੱਚ ਕੋਈ ਵਾਹਲਾ ਸੁਰ ਮੇਲ ਨਹੀਂ ਬਣਦਾ, ਅੱਖਾਂ ਤਾਂ ਕੁੱਝ ਹੋਰ ਹੀ ਲੱਭਦੀਆਂ, ਪੈਰ ਵਾਰ ਵਾਰ ਥਿੜਕ ਥਿੜਕ ਜਾਂਦੇ। ਇਹ ਨਾਚ ਸਰੀਰਕ ਥਕਾਵਟ ਤੋਂ ਬਿਨਾ ਕੁੱਝ ਹੋਰ ਨਹੀਂ ਦਿੰਦਾ। ਆਹੋ, ਲੋਕ ਕਹਿੰਦੇ ਕਿ ਹਾਸਾ ਠੱਠਾ ਜੀ ਭਰਕੇ ਹੋ ਜਾਂਦਾ ਤੇ ਮਨ ਹਲਕਾ ਹੋ ਜਾਂਦਾ। ਕੇਰਾਂ ਮੈਂ ਸੋਚਦੀ ਨੱਚਾਂ ਤਾਂ ਅੱਖਾਂ ਬੰਦ ਕਰਕੇ ਨਹੀਂ ਤਾਂ ਨਾ ਨੱਚਾਂ। ਨੱਚਣ ਬਾਰੇ ਜਦ ਉਹ ਇਹ ਗੱਲਾਂ ਕਰ ਰਹੀ ਸੀ ਮੈਂ ਹਾਸੇ ਭਾਣੇ ਹੀ ਕਿਹਾ, "ਭੈਣ ਜੀ, ਤੁਸੀਂ ਅੱਖਾਂ ਬੰਦ ਕਰਕੇ ਨੱਚ ਲਿਆ ਕਰੋ ਪਰ ਮੈਂ ਤਾਂ ਅੱਖਾਂ ਬੰਦ ਕਰਕੇ ਨਹੀਂ ਨੱਚ ਸਕਦੀ, ਡਿੱਗ ਕੇ ਸੱਟ ਚੋਟ ਲੁਆਉਣੀ।" "ਕਮਲੀਏ, ਅੱਖਾਂ ਬੰਦ ਕਰਕੇ ਨੱਚਦਿਆਂ ਤਾਂ ਸੱਟ-ਚੱਟ ਤੋਂ ਬੰਦਾ ਉਂਕਾ ਹੀ ਬਚ ਜਾਂਦਾ।" ਕਹਿੰਦੀ ਉਹ ਠਹਾਕਾ ਮਾਰ ਕੇ ਉੱਚੀ ਉੱਚੀ ਹੱਸਣ ਲੱਗੀ ਤਾਂ ਮੈਨੂੰ ਬਹੁਤੀ ਅਜੀਬ ਜਿਹੀ ਲੱਗੀ।

ਫਿਰ ਮੈਂ ਸੱਚੀਂ ਉਸ ਨੂੰ ਅੱਖਾਂ ਬੰਦ ਕਰ ਨੱਚਦੀ ਦੇਖਿਆ। ਲੋਕ ਗੀਤਾਂ 'ਤੇ ਨਹੀਂ, ਭਜਨ ਭੇਟਾਂ ਦੇ ਸੁਰਾਂ ਦੀ ਲੈਅ 'ਤੇ ਉਹ ਮੰਦਿਰ ਵਿੱਚ ਖਾਸ ਤਿਉਹਾਰ 'ਤੇ ਨੱਚਦੀ। ਲਹਿੰਗਾ, ਚੋਲੀ ਪਹਿਨ ਹਾਰ ਸ਼ਿੰਗਾਰ ਕਰਦੀ।ਨੱਚਣ ਵੇਲੇ ਮੂੰਹ ਦੁਪੱਟੇ ਨਾਲ ਕੱਜ ਲੈਂਦੀ। ਮੈਂ ਉਸਦੇ ਨੱਚਣ ਵਿੱਚ ਸਹਿਜਤਾ ਦੇਖੀ, ਨਿਮਰਤਾ ਦੇਖੀ, ਨੱਚਦਿਆਂ ਨੱਚਦਿਆਂ ਉਹ ਕਈ ਵਾਰ ਹੱਥ ਜੋੜ ਮੂਰਤੀਆਂ ਨੂੰ ਨਮਸਕਾਰ ਕਰਦੀ, ਕਦੀ ਦੋਵੇਂ ਬਾਹਾਂ ਉੱਪਰ ਚੁੱਕ ਘੁੰਮਦੀ, ਮੈਨੂੰ ਉਸ ਦਾ ਨੱਚਣਾ ਸ਼ਾਂਤ ਨਦੀ ਦਾ ਵਹਿਣ ਲੱਗਾ। ਦੁਨਿਆਵੀ ਨਾਚ ਤੋਂ ਬਿਲਕੁਲ ਵੱਖਰਾ। ਮੈਂ ਮਹਿਸੂਸ ਕੀਤਾ ਉਹ ਕਿੰਨਾ ਸੱਚ ਕਹਿ ਰਹੀ ਸੀ ਕਿ ਜਦ ਬੰਦਾ ਦੁਨੀਆ ਲਈ ਨੱਚਦਾ, ਉਹਨੂੰ ਨਚਾਉਣ ਵਾਲੀ ਵੀ ਦੁਨੀਆ ਹੀ ਹੁੰਦੀ ਪਰ ਇਸ ਨਾਚ ਵਿੱਚ ਕੋਈ ਸੁਰ ਤਾਲ ਨਹੀਂ ਹੁੰਦਾ, ...ਅੱਖਾਂ ਕੁੱਝ ਲੱਭਦੀਆਂ, ਪੈਰ ਵਾਰ ਵਾਰ ਥਿੜਕ ਥਿੜਕ ਜਾਂਦੇ। ਸੱਚ ਹੀ ਤਾਂ ਹੈ ਬੰਦਾ ਬੰਦੇ ਲਈ ਹੀ ਨੱਚਦਾ, ਸਾਰੀ ਉਮਰ ਗੁਆ ਜਾਂਦਾ, ਅੰਤ ਪਛਤਾਵਿਆਂ ਤੋਂ ਸਿਵਾਏ ਖੱਟਦਾ ਕੁੱਝ ਖ਼ਾਸ ਨਹੀਂ। ਮੈਂ ਸੋਚਣ ਲੱਗੀ, 'ਇਹ ਬੰਦੇ ਦਾ ਨਾਚ ਕਦੋਂ ਸ਼ੁਰੂ ਹੋਇਆ ਹੋਵੇਗਾ, ...ਕਦੋਂ ਬੰਦੇ ਨੇ ਆਪਨੀ ਪ੍ਰਵਾਨਗੀ ਲਈ ਦੂਸਰਿਆਂ ਲਈ ਨੱਚਣਾ ਸ਼ੁਰੂ ਕਰ ਦਿੱਤਾ ਅਤੇ ਕਦੋਂ ਆਪਣੇ ਹੰਕਾਰ ਦੀ ਪੂਰਤੀ ਲਈ ਦੂਸਰਿਆਂ ਨੂੰ ਨਚਾਉਣ ਦੇ ਢੰਗ ਵਸੀਲੇ ਅਪਣਾਉਣੇ ਸ਼ੁਰੂ ਕਰ ਦਿੱਤੇ।' ਸੋਚਿਆ ਜਾਵੇ ਤਾਂ ਨੱਚਣ ਵਾਲੇ ਵੀ ਅੱਖਾਂ ਖੋਲ੍ਹਕੇ ਹੀ ਨੱਚਦੇ ਹਨ, ਤਾਂ ਹੀ ਤਾਂ ਪੈਰ ਵਾਰ ਵਾਰ ਥਿੜਕ ਥਿੜਕ ਜਾਂਦੇ। ਅੱਜ ਦੇ ਯੁੱਗ ਵਿੱਚ ਕੌਣ, ਕਿਸੇ ਲਈ ਅੱਖਾਂ ਬੰਦ ਕਰ ਨੱਚਦਾ ? ਇਸ ਆਪੋ ਧਾਪ ਦੇ ਯੁੱਗ ਵਿੱਚ ਬੰਦੇ ਦਾ ਬੰਦੇ ਤੋਂ ਵਿਸ਼ਵਾਸ ਬੁਰੀ ਤਰ੍ਹਾਂ ਟੁੱਟਦਾ ਜਾ ਰਿਹਾ ਹੈ। ਅੱਖਾਂ ਬੰਦ ਕਰ ਨੱਚਣ ਲੱਗ ਪੈਣ ਤਾਂ ਸਾਰੇ ਝਗੜੇ ਹੀ ਖਤਮ ਹੋ ਜਾਣ।ਇੱਕ ਸਮਾਂ ਸੀ ਜਦ ਬੰਦਾ ਬੰਦੇ ਦਾ ਦਾਰੂ ਮੰਨਿਆ ਜਾਂਦਾ ਸੀ ਅਤੇ ਇਹ ਹੈ ਵੀ ਪਰ ਚੰਦ 'ਤੇ ਪਹੁੰਚਣ ਦੀ ਤਮਾਂ ਨੇ ਬੰਦਾ ਹੀ ਬੰਦੇ ਲਈ ਮਾਰੂ ਬਣਾ ਦਿੱਤਾ। ਇੱਕ ਸਮਾਂ ਸੀ ਕਹਿੰਦੇ ਆਦਮੀ ਜੰਗਲੀ ਜਾਨਵਰਾਂ ਤੋਂ ਬਚਾ ਲਈ ਜਾਂ ਉਹਨਾਂ ਦਾ ਸ਼ਿਕਾਰ ਕਰਨ ਲਈ ਉਹਨਾਂ ਨੂੰ ਧੋਖੇ ਵਿੱਚ ਰੱਖਣ ਲਈ ਸ਼ੇਰ ਦੀ ਖੱਲ ਪਹਿਨਦਾ ਸੀ। ਮੈਂ ਸੋਚਦੀ, ਅੱਜ ਬੰਦੇ ਨੂੰ ਬੰਦੇ ਤੋਂ ਬਚਾਅ ਲਈ ਕਿਹੜੀ ਖੱਲ ਪਹਿਨਣੀ ਚਾਹੀਦੀ ? ਮੈਨੂੰ ਦੁਨਿਆਵੀ ਨਾਚ ਬਿਲਕੁਲ ਕੁਸੈਲਾ ਜਿਹਾ ਲੱਗਾ;

ਇਹ ਘੁੰਗਰੂ ਝਾਂਜਰ ਦੇ ਨਾ ਸੁਰ ਨਾਲ ਤਾਲ ਮਿਲਾਉਂਦੇ ਨੇ,
ਪੀਵਣ ਜਾਮ ਮੁਹਬੱਤਾਂ ਦੇ ਤੇ ਖ਼ੌਰੂ ਗ਼ਮ ਦਾ ਪਾਉਂਦੇ ਨੇ,
ਬਹੁਤ ਮਜਬੂਰ ਆਦਤ ਤੋਂ, ਗੁਨਾਹਾਂ ਦੀ ਸਿਆਸਤ ਤੋਂ,
ਟੁੱਟ ਟੁੱਟ ਕੇ ਕਰਦੇ ਸਿਜਦੇ ਆਖਿਰ ਕਾਫ਼ਰ ਅਖਵਾਉਂਦੇ ਨੇ।

ਮੈਂ ਉਸ ਨੂੰ ਪੁੱਛਿਆ, "ਤੁਸੀਂ ਭਗਵਾਨ ਅੱਗੇ ਕਦੋਂ ਤੇ ਕਿਉਂ ਨੱਚਣਾ ਸ਼ੁਰੂ ਕੀਤਾ ? ਜਦੋਂ ਤੁਸੀਂ ਨੱਚਦੇ ਹੋ ਤਾਂ ਤੁਹਾਡੇ ਮਨ ਦੀ ਅਵੱਸਥਾ ਕੀ ਹੁੰਦੀ ?"

ਉਸਨੇ ਆਪਣੀ ਕਹਾਣੀ ਸੁਣਾਈ :

ਮੈਂ 16 ਸਾਲ ਦੀ ਸੋਹਣੀ ਸੁਨੱਖੀ 5 ਫੁੱਟ 8 ਇੰਚ ਕੱਦ ਦੀ ਮੁਟਿਆਰ ਸਾਂ, ਜਿਸਨੇ ਜੁਆਨੀ ਵਿੱਚ ਪੈਰ ਰੱਖਿਆ ਹੀ ਸੀ, ਮਾਪਿਆਂ ਮੰਗਣਾ ਕਰ ਦਿੱਤਾ। ਮੈ ਤਾਂ ਉੱਡੀ ਫਿਰਦੀ ਸਾਂ। ਇਹਨੂੰ ਤਕਦੀਰ ਕਹਿ ਲਉ ਜਾਂ ਕਰਮਾਂ ਦਾ ਹਿਸਾਬ-ਕਿਤਾਬ, ਮੇਰੇ ਮੰਗਣੇ ਤੋਂ ਛੇ ਮਹੀਨੇ ਬਾਅਦ ਮੈਨੂੰ ਜੋੜਾਂ ਦੀ ਬਿਮਾਰੀ, ਜਿਹਨੂੰ ਗਠੀਆ ਕਹਿੰਦੇ, ਆ ਚੁੰਬੜੀ, ਮੇਰੀ ਇੱਕ ਲੱਤ ਤਾਂ ਬਿਲਕੁਲ ਹੀ ਖੜ ਗਈ। ਮਾਪਿਆਂ ਕੋਈ ਵੈਦ ਹਕੀਮ ਨਾ ਛੱਡਿਆ ਪਰ ਬਿਮਾਰੀ ਜਾਣ ਦਾ ਨਾਮ ਹੀ ਨਾ



ਲਵੇ। ਉੱਪਰੋਂ ਸਹੁਰੇ ਵਿਆਹ ਮੰਗਣ। ਉਹਨਾਂ ਨੂੰ ਬਹਾਨੇ ਲਾਉਂਦਿਆਂ ਕੋਈ ਦੋ ਢਾਈ ਸਾਲ ਲੰਘ ਗਏ। ਬਾਪੂ ਜੀ ਫਿਕਰ 'ਚ ਬਿਮਾਰ ਹੋ ਗਏ। ਮੈਂ ਵੈਦ ਹਕੀਮਾਂ ਨੂੰ ਬਣਾਉਣ ਵਾਲੇ ਵੈਦ ਮੋਹਰੇ ਤਰਲੇ ਭਰੇ, ਉਹਦੇ ਨਾਮ ਦਾ ਕੋਈ ਵੀ ਸ਼ਬਦ ਜਾਂ ਭਜਨ ਮਿਲਦਾ ਮੈਂ ਮਨ ਲਾ ਕੇ ਪੜ੍ਹਦੀ, ਮੈਂ ਠੀਕ ਹੋਣ ਲੱਗ ਪਈ ਪਰ ਇੱਕ ਗੋਡਾ ਤੁਰਦਿਆਂ ਅਕਸਰ ਅੜ ਜਾਂਦਾ। ਚਲੋ, ਉੱਪਰ ਵਾਲੇ ਦੀ ਮੇਹਰ ਨਾਲ ਮੇਰਾ ਵਿਆਹ ਹੋ ਗਿਆ। ਸਹੁਰੇ ਆਖਣ, ਸਾਡੇ ਨਾਲ ਧੋਖਾ ਹੋਇਆ, ਇਹਦੀ ਲੱਤ ਵਿੱਚ ਨੁਕਸ ਹੈ। ਮੈਂ ਬਹੁਤ ਕੁੱਝ ਸਹਾਰਿਆ ਪਰ ਚੰਗੀ ਗੱਲ ਇਹ ਹੋਈ ਮੇਰੇ ਦੁੱਖ ਨੇ ਮੈਨੂੰ ਰੱਬ ਨਾਲ ਜੋੜੀ ਰੱਖਿਆ। ਕਿਤੇ ਵਰ੍ਹਿਆਂ ਬਾਅਦ ਮੇਰੇ ਗੋਡੇ ਦਾ ਅਪਰੈਸ਼ਨ ਹੋਇਆ, ਮੈਂ ਸੁੱਖ ਦਾ ਸਾਹ ਲਿਆ, ਮਾਲਕ ਦਾ ਸ਼ੁਕਰਾਨਾ ਕਰਦੀ ਮੈਂ ਖੁਸ਼ੀ ਵਿੱਚ ਨੱਚਣ ਲੱਗ ਪਈ, ਮੇਰਾ ਮਨ ਕਰੇ ਮੈਂ ਉੱਥੇ ਨੱਚਾਂ ਜਿੱਥੇ ਉਸ ਦੇ ਨਾਮ ਦਾ ਗੁਣ ਗਾਣ ਹੁੰਦੇ ਹੋਵੇ। ਬਸ ਫੇਰ ਮੈਂ ਨੱਚਣਾ ਸ਼ੁਰੂ ਕਰ ਦਿੱਤਾ, ਹਾਂ, ਨੱਚਦੀ ਵੀ ਕਿਉਂ ਨਾ ? ਉਹਨੇ ਨੱਚਣ ਦਾ ਮਸਾਂ ਹੀ ਤਾਂ ਮੌਕਾ ਦਿੱਤਾ, ਮੈਂ ਤਾਂ ਨੱਚਣ ਨੂੰ ਹੀ ਤਰਸ ਗਈ ਸਾਂ। ਹਾਂ, ਜਦ ਨੱਚੀ ਤਾਂ ਉਹਦੇ ਰੰਗ ਸਮਝ ਆਏ, ਮੈਂ ਕਿੰਨੇ ਉੱਚੇ ਲੇਖ ਲਿਖਾਏ ਸਾਂ, ਮੈਂ ਨੱਚੀ ਤਾਂ ਉਹਦੇ ਨਾਲ ਹੀ ਇੱਕ ਸੁਰ ਹੋ ਨੱਚੀ, ਉਹਨੇ ਮੈਨੂੰ ਲੋਕਾਂ ਨਾਲ ਤਾਂ ਨੱਚਣ ਹੀ ਨਹੀਂ ਦਿੱਤਾ। ਕਿੰਨਾ ਪਿਆਰ ਕਰਦਾ ਮੇਰਾ ਸਤਿਗੁਰ, ਮੇਰੇ ਨਾਲ ਮੈਂ ਵਾਰ ਵਾਰ ਕਹਿੰਦੀ ਸੱਚੇ ਪਾਤਸ਼ਾਹ ਆਈ ਲਵ ਯੂ, ਆਈ ਲਵ ਯੂ, ਮੈਂ ਨੱਚਦੀ ਗਈ ਨੱਚਦੀ ਗਈ, ਮੇਰਾ ਮਨ ਤਨ ਉਹਦੇ ਪ੍ਰੇਮ ਵਿੱਚ ਰੰਗਦਾ ਗਿਆ। ਜਦ ਮੈਂ ਨੱਚਦੀ, ਮੇਰੇ ਆਲੇ ਦੁਆਲੇ ਬੈਠੇ ਲੋਕ ਮੈਨੂੰ ਦੇਵੀ ਦੇਵਤੇ ਲੱਗਦੇ, ਮੈਨੂੰ ਨਹੀਂ ਮਤਲਬ, ਉਹ ਮੇਰੇ ਬਾਰੇ ਕੀ ਸੋਚਦੇ, ਮੈਨੂੰ ਖੁਸ਼ੀ ਹੁੰਦੀ, ਮੇਰੇ ਦਿਲ ਵਿੱਚ ਉਹਨਾਂ ਸਭ ਲਈ ਬਹੁਤ ਪਿਆਰ ਹੁੰਦਾ, ਮੈਨੂੰ ਲੱਗਦਾ ਮੈਂ ਮਾਲਕ ਦੀ ਦਰਗਾਹੇ ਪਹੁੰਚ ਗਈ ਹਾਂ। ਮੈਂ ਆਪਣੇ ਮਾਲਕ ਦਾ ਸ਼ੁਕਰਾਨਾ ਕਰਦੀ, ਕਹਿੰਦੀ, ਦੇਖੋ ਮੈਂ ਤੁਹਾਡੀ ਬੱਚੀ ਆਪਣੀ ਜ਼ਿੰਦਗੀ ਵਿੱਚ ਕਿੰਨੀ ਖੁਸ਼ ਹਾਂ, ਮੈਂ ਨੱਚ ਰਹੀ, ਮੈਨੂੰ ਤੁਸੀਂ ਦੇਖ ਰਹੇ ਹੋ, ਇਸ ਤੋਂ ਵੱਡੀ ਖੁਸ਼ੀ ਮੇਰੇ ਲਈ ਹੋਰ ਕੀ ਹੋ ਸਕਦੀ ? ਫਿਰ ਉਹ ਕਹਿੰਦੀ, ਮੈਂ ਨੱਚਦੀ ਆਪਣੇ ਮਨ ਵਿੱਚ ਗਾਉਂਦੀ;

ਜੇ ਮੈਨੂੰ ਦੁੱਖ ਨਾ ਦਿੰਦਾ ਮੈਂ ਤੇਰੇ ਕੋਲ ਕਿਵੇਂ ਆਉਂਦੀ,
ਜੇ ਮੈਨੂੰ ਨੱਚਣਾ ਨਾ ਆਉਂਦਾ, ਮੈਂ ਤੈਨੂੰ ਕਿਵੇਂ ਭਾਉਂਦੀ।

ਉਸਦਾ ਪਰਮਾਤਮਾ ਦੇ ਸ਼ੁਕਰਾਨੇ ਅਤੇ ਪਿਆਰ ਵਿੱਚ ਨੱਚਣਾ ਮੈਨੂੰ ਆਲੌਕਿਕ ਮੰਜ਼ਰ ਲੱਗਦਾ।

ਉਹ ਲੋਕ ਜੋ ਦੁੱਖ ਨੂੰ ਰੱਬ ਨਾਲ ਮਿਲਣ ਦਾ ਰਾਹ ਬਣਾ ਲੈਂਦੇ ਆਮ ਦੁਨੀਆ ਤੋਂ ਵੱਖਰੇ ਹੁੰਦੇ, ਅਕਸਰ ਤਾਂ ਲੋਕ ਦੁੱਖ ਨੂੰ ਲੈ ਰੱਬ ਨਾਲ ਹੀ ਗਿੱਲਾ ਪੀਣ ਪਾਈ ਰੱਖਦੇ, ਨਾ ਰੱਬ ਦੇ ਨਾਲ ਤੁਰਦੇ, ਨਾ ਇਕੱਲੇ ਤੁਰਨ ਦੀ ਹਿੰਮਤ ਹੁੰਦੀ। ਮੈਨੂੰ ਉਹ ਸੱਚਮੁੱਚ ਬਹੁਤ ਹੀ ਪਿਆਰੀ ਲੱਗੀ ਜਿਸ ਨੇ ਤਕਲੀਫ਼ ਵਿੱਚੋਂ ਵੀ ਪਿਆਰ ਹੀ ਪਿਆਰ ਇਕੱਠਾ ਕਰ ਲਿਆ। ਇਹ ਹੀ ਤਾਂ ਜੀਵਨ ਜਿਉਣ ਦੀ ਕਲਾ ਹੈ। ਜਿਸ ਨੇ ਤਨ ਮਨ ਪਿਆਰ ਵਿੱਚ ਰੰਗ ਲਿਆ ਉਸਨੇ ਰੱਬ ਪਾ ਲਿਆ। ਪਿਆਰ ਤੋਂ ਵੱਡੀ ਕੋਈ ਹੋਰ ਤਾਕਤ ਹੈ ਹੀ ਨਹੀਂ ਬ੍ਰਹਿਮੰਡ ਵਿੱਚ। ਅਸਲ ਵਿੱਚ ਪਿਆਰ ਹੀ ਪਰਮਾਤਮਾ ਹੈ ਤਾਂ ਹੀ ਤਾਂ ਕਹਿੰਦੇ ਨੇ ਕਿ ਰੱਬ ਤੁਹਾਡੇ ਅੰਦਰ ਹੈ। ਪਿਆਰ ਕੀ ਹੁੰਦਾ ਇਹ ਤਾਂ ਆਪਣੇ ਹਿਰਦੇ ਵਿੱਚ ਹੋਵੇ ਤਾਂ ਹੀ ਪਤਾ ਲੱਗਦਾ। ਕਬੀਰ ਸਾਹਿਬ ਵੀ ਇਹ ਕਹਿ ਗਏ : 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।' ਕਿਸੇ ਦੇ ਪਿਆਰ ਵਿੱਚ ਨੱਚਣਾ ਮੁਹਬੱਤ ਦੀ ਸਿਖਰ ਹੁੰਦੀ, ਆਪਣੇ ਪਿਆਰੇ ਲਈ ਸਮੱਰਪਣ ਹੁੰਦਾ, ਇਹ ਉਹ ਅਵਸਥਾ ਹੁੰਦੀ ਜਿੱਥੇ ਪਿਆਰੇ ਅਤੇ ਪਿਆਰ ਕਰਨ ਵਾਲੇ ਵਿੱਚ ਕੋਈ

ਦੂਰੀ, ਕੋਈ ਭੇਦ ਭਾਵ ਨਹੀਂ ਰਹਿੰਦਾ, ਫਿਰ ਕੋਈ ਇਕੱਲਾ ਨੱਚ ਹੀ ਨਹੀਂ ਸਕਦਾ, ਨੱਚਦੇ ਤਾਂ ਦੋਵੇਂ ਇਕੱਠੇ ਨੱਚਦੇ, ਇੱਕ ਹੋ ਜਾਂਦੇ ਤਦ ਹੀ ਬੰਦਾ ਆਪਣੇ ਪਿਆਰੇ ਨੂੰ ਮਹਿਸੂਸ ਕਰ ਨੱਚਦਾ, ਰੱਬ ਨਾਂ ਦੀ ਹਸਤੀ ਲਈ ਨੱਚਣ ਵਾਲੇ ਕਦੀ ਕਦਾਈਂ ਹੀ ਧਰਤੀ ’ਤੇ ਆਉਂਦੇ। ਉਹ ਘੁੰਗਰੂ ਪੈਰੀਂ ਬੰਨ ਕੇ ਹੀ ਜਨਮਦੇ। ਉਹਨਾਂ ਦੇ ਹਿਰਦੇ ’ਚ ਉੱਠਦੀਆਂ ਪਿਆਰ ਦੀਆਂ ਤਰੰਗਾਂ ਦਾ ਸੰਗੀਤ ਉਹਨਾਂ ਨੂੰ ਨੱਚਣ ਲਈ ਮਜਬੂਰ ਕਰਦਾ ਜਿਵੇਂ ਮੀਰਾਂ ਬੇਸੁੱਧ ਹੋ ਆਪਣੇ ਗਿਰਧਰ ਗੋਪਾਲ ਲਈ ਐਸਾ ਨੱਚੀ ਕਿ ਉਸ ਸਮੇਂ ਦੇ ਸੂਝਵਾਨ ਸਮਾਜ ਦੀ ਸੁੱਧ ਬੁੱਧ ਉਡਾ ਗਈ। ਉਸ ਦਾ ਨੱਚਣ ਬ੍ਰਹਿਮੰਡ ਵਿੱਚ ਸਮਾਅ ਗਿਆ ਜਿਸ ਦੀ ਮਹਿਕ ਅੱਜ ਵੀ ਲਪਟਾਂ ਮਾਰ ਰਹੀ ਹੈ, ਪਹੁੰਚਦੀ ਉਹਨਾਂ ਤੱਕ ਹੀ ਹੈ ਜਿਹਨਾਂ ਦੇ ਹਿਰਦੇ ਵਿੱਚ ਪਿਆਰ ਦੀ ਮਿਸ਼ਾਲ ਲਟਾ ਲਟ ਬਲ ਰਹੀ ਹੋਵੇ। ਮੈਨੂੰ ਮੰਦਿਰ ਵਿੱਚ ਨੱਚਦੀ ਭੈਣ ਨੂੰ ਦੇਖ ਲੱਗਦਾ ਜਿਵੇਂ 21ਵੀਂ ਸਦੀ ਦੀ ਮਨੁੱਖਤਾ ਨੂੰ 21ਵੀਂ ਸਦੀ ਦੀ ਮੀਰਾਂ ਸ਼ੁਕਰਾਨੇ, ਪਿਆਰ ਅਤੇ ਭਗਤੀ ਦੇ ਅਰਥ ਸਮਝਾ ਆਪੇ ਨਾਲ, ਕਾਦਰ ਅਤੇ ਕਾਦਰ ਦੀ ਰਚਨਾ ਨਾਲ ਇਕਸੁਰਤਾ ਬਣਾਈ ਰੱਖਣ ਦੇ ਸੁਨੇਹੇ ਦੇ ਰਹੀ ਹੋਵੇ।

ਦੇਖਿਆ ਜਾਵੇ ਤਾਂ ਇੱਕੀਵੀਂ ਸਦੀ ਵਿੱਚ ਕਾਫੀ ਉਧੇੜ ਬੁਨਣ ਹੋ ਰਿਹਾ ਹੈ। ਸਮੇਂ ਸਮੇਂ ਸਿਰ ਪਰਿਵਰਤਨ ਜ਼ਰੂਰੀ ਹੈ ਅਤੇ ਇਹ ਕੁਦਰਤ ਦਾ ਅਟੱਲ ਨਿਯਮ ਵੀ ਹੈ। ਮਨੁੱਖ ਅਤੇ ਸਮਾਜ ਵੀ ਹਮੇਸ਼ਾ ਤਬਦੀਲ ਹੁੰਦੇ ਆ ਰਹੇ ਹਨ। ਹਾਂ, ਇਹ ਵੱਖਰੀ ਗੱਲ ਹੈ ਕਿ ਕੋਈ ਵੀ ਸਮਾਜਿਕ ਤਬਦੀਲੀ ਇੱਕਦਮ ਨਹੀਂ ਹੁੰਦੀ। ਕਾਰਨ ਆਮ ਤੌਰ ’ਤੇ ਅਸੀਂ ਬਣੀਆਂ ਬਣਾਈਆਂ ਰਾਹਾਂ ’ਤੇ ਹੀ ਤੁਰਨ ਨੂੰ ਤਰਜੀਹ ਦਿੰਦੇ ਹਾਂ। ਕੋਈ ਵੀ ਸਮਾਜਿਕ ਤਰੁੱਟੀ ਵਰ੍ਹਿਆਂ ਬੱਧੀ ਪਹਿਲਾਂ ਮਨੁੱਖਤਾ ਦੇ ਮਨਾਂ ਵਿੱਚ ਰੜਕਦੀ ਹੈ, ਲੱਖਾਂ ਦੀ ਤਦਾਦ ਵਿੱਚ ਲੋਕ ਕੋਝੇ ਰੀਤੀ ਰਿਵਾਜਾਂ ਦੀ ਭੇਂਟ ਚੜਦੇ ਜਾਂਦੇ ਹਨ। ਤਦ ਕੁਝ ਹਿੰਮਤੀ ਰੂਹਾਂ ਜਾਗਦੀਆਂ ਹਨ ਅਤੇ ਦੂਸਰਿਆਂ ਨੂੰ ਵੀ ਬਦਲਾਵ ਲਈ ਨੀਂਦੋਂ ਹਲੂਣਦੀਆਂ ਹਨ। ਗੂੜੀ ਨੀਂਦ ਸੁੱਤੀ ਮਨੁੱਖਤਾ ਜਦ ਅੱਭੜਵਾਹੇ ਉੱਠਦੀ ਹੈ ਤਾਂ ਜਗਾਉਣ ਵਾਲੇ ਦੇ ਹੀ ਗਲ਼ ਪੈ ਜਾਂਦੀ ਹੈ। ਸਮਾਂ ਪਾ ਕੇ ਉਹਨਾਂ ਨੂੰ ਸਮਝ ਆਉਂਦੀ ਹੈ ਕਿ ਭਲਾਈ ਅੱਖਾਂ ਖੋਲ੍ਹ ਕੇ ਤੁਰਨ ਵਿੱਚ ਹੀ ਹੈ। ਹਰ ਸਮਾਜ ਨੇ ਸਮੇਂ ਸਮੇਂ ਮੁਤਾਬਕ ਕੁੱਝ ਪਰੰਪਰਾਵਾਂ ਘੜ ਲਈਆਂ। ਇਹ ਪਰੰਪਰਾਵਾਂ ਕੋਈ ਅਟੱਲ ਸਚਾਈ ਦੇ ਨਿਯਮ ਨਹੀਂ ਹੁੰਦੀਆਂ। ਅਟੱਲ ਸਚਾਈ ਤਾਂ ਇੱਕ ਹੀ ਹੈ ਕਿ ਜੋ ਧਰਤੀ ’ਤੇ ਪੈਦਾ ਹੋਇਆ ਹੈ ਉਸਨੇ ਖਤਮ ਹੋਣਾ ਹੀ ਹੈ।ਮਨੁੱਖ ਲਈ ਜਨਮ ਤੋਂ ਮੌਤ ਵਿਚਕਾਰਲੇ ਸਫਰ ਨੂੰ ਜਿਉਣ ਦਾ ਢੰਗ ਹੀ ਪਰੰਪਰਾਵਾਂ ਬਣ ਜਾਂਦੇ ਹਨ। ਚੱਲ ਰਿਹਾ ਸਮਾਜ ਵਿਆਹ ’ਤੇ ਆਧਾਰਿਤ ਹੈ। ਹਰ ਸਮਾਜ ਦੀ ਇੱਕ ਸਾਂਝੀ ਪਰੰਪਰਾ ਹੈ ਕੰਨਿਆਂ ਦਾਨ, ਜਿਸ ਵਿੱਚ ਵਿਆਹੁਤਾ ਲੜਕੀ ਨੂੰ ਉਸਦੇ ਬਣਨ ਜਾ ਰਹੇ ਪਤੀ ਦੇ ਹਵਾਲੇ ਕੀਤਾ ਜਾਂਦਾ ਹੈ।ਹਰ ਕਲਚਰ ਦੇ ਕੰਨਿਆਂ ਦਾਨ ਦੇ ਵੱਖਰੇ ਤਰੀਕੇ ਹਨ। ਤਕਰੀਬਨ ਪੱਲਾ ਫੜਾਇਆ ਜਾਂਦਾ ਹੈ ਜਾਂ ਕਹਿ ਲਵੋ ਕਿ ਜੋੜੇ ਦਾ ਗਠਬੰਧਨ ਕੀਤਾ ਜਾਂਦਾ ਹੈ। ਸੋਚਦੀ ਹਾਂ, ਇਹ ਰਸਮ ਬਾਲ ਵਿਆਹ ਤੋਂ ਸ਼ੁਰੂ ਹੋਈ ਹੋਵੇਗੀ ਤਾਂ ਹੀ ਤਾਂ ਕੰਨਿਆਂ ਦਾਨ ਦਾ ਨਾਮ ਦਿੱਤਾ ਗਿਆ ਹੈ। ਇਹ ਰਸਮ ਬਹੁਤ ਹੀ ਜ਼ਜਬਾਤੀ, ਸੰਵੇਦਨਸ਼ੀਲ ਅਤੇ ਮਹੱਤਵਪੂਰਨ ਹੈ, ਲੜਕੀ ਦੇ ਪਿਤਾ ਵੱਲੋਂ ਨਿਭਾਈ ਜਾਂਦੀ ਹੈ। ਲੜਕੀ ਦੇ ਪਿਤਾ ਦੀ ਗ਼ੈਰਹਾਜ਼ਰੀ ਵਿੱਚ ਇਹ ਰਸਮ ਕਿਸੇ ਚਾਚੇ, ਤਾਏ, ਮਾਮੇ, ਮਾਸੜ, ਫੁੱਫੜ ਜਾਂ ਬਾਬੇ ਵੱਲੋਂ ਕੀਤੀ ਜਾਂਦੀ ਹੈ। ਮੇਰਾ ਇੱਕ ਸਵਾਲ ਹੈ ਕਿ ਇਹ ਰਸਮ ਪਿਤਾ ਦੀ ਗ਼ੈਰਹਾਜ਼ਰੀ ਵਿੱਚ ਲੜਕੀ ਦੀ ਮਾਤਾ ਨੂੰ ਕਿਉਂ ਨਹੀਂ ਸੌਂਪੀ ਗਈ? ਹਰ ਰਸਮ ਹਰ ਪਰੰਪਰਾ ਪਿੱਛੇ ਔਰਤ ਨੂੰ ਪਿੱਛੇ ਕਿਉਂ ਕਰ ਦਿੱਤਾ ਗਿਆ? ਸਹੀ ਅਰਥਾਂ ਵਿੱਚ ਕੰਨਿਆਂ-ਦਾਨ ਤਾਂ ਉਹ ਹੀ ਕਰੇਗਾ ਜਿਸ ਨੇ ਕੰਨਿਆਂ ਦਾ ਪਾਲਣ ਪੋਸ਼ਣ ਕੀਤਾ ਹੋਵੇ? ਜੋ ਬੱਚੀ ਨੂੰ ਜਨਮ ਦਿੰਦੀ ਹੈ, ਪਾਲਦੀ ਪੋਸਦੀ ਹੈ, ਉਸ ਤੋਂ ਇਹ ਕੰਨਿਆਂ ਦਾਨ ਦਾ ਹੱਕ ਮਰਦ ਪ੍ਰਧਾਨ ਸਮਾਜ ਨੇ ਖੋਹ ਕੇ ਦੂਸਰੇ ਮਰਦ ਦੇ ਹੱਥ ਦੇ ਦਿੱਤਾ। ਦੁਨੀਆ ਬਣਾਉਣ ਵਾਲੇ ਨੇ ਔਰਤ ਨੂੰ ਕੁੱਖ ਦੇ ਆਪਣੀ ਕਲਾਕਾਰੀ ਦੀ ਸਾਂਝੀਦਾਰ ਬਣਾ ਲਿਆ। ਪਰ ਸਮਾਜ ਦੇ ਠੇਕੇਦਾਰਾਂ ਨੇ ਇਹ ਪੁੱਠੀਆਂ ਬੇਮਤਲਬ ਰੀਤਾਂ ਬਣਾਈਆਂ ਜਿਹਨਾਂ ਦਾ ਮਕਸਦ ਸਿਰਫ ਤੇ ਸਿਰਫ ਔਰਤ ਨੂੰ ਨੀਵਾਂ ਦਿਖਾਉਣਾ ਹੈ। ਜੇਕਰ ਆਪਣੇ ਪਤੀ ਦੀ ਗ਼ੈਰਹਾਜ਼ਰੀ ਵਿੱਚ ਇੱਕ ਔਰਤ ਲੱਖਾਂ ਔਕੜਾਂ ਦਾ ਸਾਹਮਣਾ ਕਰਦੀ ਆਪਣੇ ਬੱਚੇ ਪਾਲ ਸਕਦੀ ਹੈ ਤਾਂ ਪੱਲੇ ਦੀ ਰਸਮ ਉਹ ਕਿਉਂ ਨਹੀਂ ਕਰ ਸਕਦੀ? ਜ਼ਰਾ ਸੋਚ ਕੇ ਦੇਖਣਾ, ਇਸ ਰੀਤ ਦੇ ਅਸੀਂ ਕਿੰਨੀਆਂ ਸਦੀਆਂ ਤੋਂ ਗੁਲਾਮ ਹਾਂ।

ਕਈ ਸਾਲ ਪਹਿਲਾਂ ਦੀ ਗੱਲ ਹੈ ਮੈਂ ਇਹ ਰਸਮ ਬਦਲਦੀ ਦੇਖੀ। ਬਦਲਣ ਵਾਲੀ ਔਰਤ ਜਿਸਨੇ ਆਪਣਾ ਪਤੀ ਜੁਆਨ ਉਮਰੇ ਹੀ ਖੋ ਦਿੱਤਾ ਸੀ, ਜ਼ਿੰਦਗੀ ਲਈ ਸਾਕਾਰਤਮਿਕ ਸੋਚ ਰੱਖਣ ਵਾਲੀ ਇਸ ਔਰਤ ਦੀ ਸ਼ਖ਼ਸੀਅਤ ਤੋਂ ਮੈਂ ਵੈਸੇ ਹੀ ਬਹੁਤ ਪ੍ਰਭਾਵਿਤ ਸਾਂ। ਮੈਂ ਉਸ ਦੀ ਜੀਵਨ ਸ਼ੈਲੀ ਦੀ ਕਾਫ਼ੀ ਕਰੀਬੀ ਗਵਾਹ ਹਾਂ। ਤਕਰੀਬਨ ਹਰ ਰਿਸ਼ਤੇ ਨੂੰ ਬਾਖੂਬੀ ਨਿਭਾਉਂਦੇ ਜੀਵਨ ਮਾਣਦੇ ਦੇਖਿਆ ਓਸਨੂੰ। ਉਸਦੇ ਵਤੀਰੇ ਦੀ ਖ਼ਾਸੀਅਤ ਉਸਨੇ ਦੁੱਖ ਵੀ ਚਿਹਰੇ ’ਤੇ ਮੁਸਕਰਾਹਟ ਰੱਖ ਕਾਹਲੀ ਚਾਲੇ ਹੀ ਜੀ ਲਿਆ ਜਿਵੇਂ ਰੋਜ਼ਾਨਾ ਜ਼ਿੰਦਗੀ ਦੇ ਬਾਕੀ ਕੰਮ ਖੁਸ਼ੀਨਾਮੇ ਦੌੜ ਦੌੜ ਕਰਦੀ। ਪਤੀ ਦੇ ਵਿਛੋੜੇ ਵਿੱਚ ਰੱਜ ਕੇ ਰੋ ਜ਼ਿੰਦਗੀ ਨੂੰ ਮੁੜ ਤੋਂ ਲੈਅ-ਬੱਧ ਕਰ ਲਿਆ। ਉਹ ਰਿਸ਼ਤਿਆਂ ਲਈ ਆਪਣਾ ਫ਼ਰਜ਼, ਪਿਆਰ ਅਤੇ ਸਤਿਕਾਰ ਨਾਲ ਨਿਭਾਉਂਦੀ ਪਰ ਦੁਨੀਆਦਾਰੀ ਦੇ ਵਿਖਾਵੇ ਲਈ ਰਿਸ਼ਤਿਆਂ ਦੀ ਗੁਲਾਮ ਨਹੀਂ ਬਣੀ। ਆਪਣੇ ਸਵੈਮਾਨ ਅਤੇ ਸਵੈ ਸਤਿਕਾਰ ਨੂੰ ਪਹਿਲ ਦਿੰਦੀ ਨੇ ਆਪਣੀ ਧੀ ਦਾ ਪੱਲਾ ਆਪ ਫੜਾਇਆ ਸੀ। ਪਰਿਵਾਰ ਅਤੇ ਦੇਖਣ ਵਾਲ਼ਿਆਂ ਕਾਫ਼ੀ ਵਿਰੋਧ ਕੀਤਾ ਸੀ। ‘ਇਹ ਵੱਡੀ ਆਈ! ਘਰ ਦੇ ਪਿੱਛੇ ਪਾ ਦਿੱਤੇ।’ ...ਕਈ ਔਰਤਾਂ ਨੇ ਕਿਹਾ, “ਵਿਧਵਾ ਸੀ, ਕੀ ਲੋੜ ਪਈ ਸੀ ਆਪਣੇ ਹੱਥੀਂ ਪੱਲਾ ਫੜਾਉਣ ਦੀ? ਸੁੱਖ ਮਨਾਉਂਦੀ ਧੀ ਦੀ।” ਹੈਰਾਨੀ ਇਸ ਗੱਲ ਦੀ ਹੈ ਕਿ ਅਸੀਂ 21ਵੀਂ ਸਦੀ ਵਿੱਚ ਵੀ ਕਿਸ ਚਿੱਕੜ ਵਿੱਚ ਗੱਡੇ ਖੜੇ ਹਾਂ। ਪਹਿਲੀ ਗੱਲ ਤਾਂ ਜੋ ਔਰਤ ਆਪਣੇ ਪਤੀ ਦੀ ਮੌਤ ਤੋਂ ਬਾਅਦ ਆਪਣੇ ਬੱਚਿਆਂ ਲਈ, ਆਪਣੇ ਸਹੁਰੇ ਪਰਿਵਾਰ ਨਾਲ ਚੱਲਦੀ ਹੈ, ਕੀ ਉਸ ਪਰਿਵਾਰ ਦੇ ਵਡੇਰਿਆਂ ਦਾ ਫ਼ਰਜ਼ ਨਹੀਂ ਬਣਦਾ ਕਿ ਉਹ ਉਸ ਨੂੰਹ ਨੂੰ ਇਹ ਕਹਿ ਮਾਣ ਦੇਣ ਕਿ ਜਦ ਬਾਕੀ ਸਭ ਸਾਡੇ ਪੁੱਤ ਵਾਲ਼ੀਆਂ ਜ਼ੁੰਮੇਵਾਰੀਆਂ ਤੂੰ ਨਿਭਾਈਆਂ ਹਨ ਤਾਂ ਅਸੀਂ ਮਾਣ ਨਾਲ ਕਹਿੰਦੇ ਹਾਂ ਕਿ ਅੱਜ ਸਾਡੇ ਪੁੱਤ ਦੀ ਥਾਂ ਪੱਲੇ ਦੀ ਰਸਮ ਵੀ ਤੇਰਾ ਹੀ ਹੱਕ ਹੈ। ਪਰ ਕੌਣ ਕਹੇ ਇਹ ਸ਼ਬਦ। ਅਸੀਂ ਤਾਂ ਸਿਰਫ ਔਰਤ ਦੇ ਸਿਰ ਮੋਢਿਆਂ ’ਤੇ ਫਰਜ਼ਾਂ ਦਾ ਮਣਾਂ ਮੂੰਹੀ ਭਾਰ ਟੰਗਣਾ ਹੀ ਪਰੰਪਰਾ ਬਣਾ ਲਿਆ ਅਤੇ ਉਸ ਵਿੱਚ ਹੀ ਆਪਣਾ ਵਡੱਪਣ ਸਮਝਦੇ ਹਾਂ।ਦੁਨੀਆ ਵਾਲਿਉ, ਜਾਗੋ, ਔਰਤ ਤੋਂ ਪਿਆਰ ਅਤੇ ਸਤਿਕਾਰ ਚਾਹੁੰਦੇ ਹੋ ਤਾਂ ਉਸਨੂੰ ਵੀ ਪਿਆਰ ਅਤੇ ਸਤਿਕਾਰ ਦੇਣਾ ਸਿੱਖੋ। ਔਰਤ ਵਿੱਚ ਬਹੁਤ ਸਹਿਣਸ਼ੀਲਤਾ ਹੁੰਦੀ, ਔਰਤ ਬਹੁਤ ਸ਼ਕਤੀਸ਼ਾਲੀ ਹੁੰਦੀ।

**ਬਾਕੀ ਦੇਖੋ ਪੰਨਾ ਨੰ. 63 ’ਤੇ**

## ਸੁਲਤਾਨ ਸਿੰਘ ਉਰਫ਼ ਬੀ. ਏ. ਪਾਸ ਰਿਕਸ਼ੇਵਾਲਾ/ਜਿੰਦਰ

ਅੱਜ ਮੈਨੂੰ ਸੁਲਤਾਨ ਸਿੰਘ ਅਚਾਨਕ ਯਾਦ ਆ ਗਿਆ। ਉਹ ਨੂੰ ਮਿਲਿਆਂ ਅਠਾਈ-ਤੀਹ ਸਾਲਾਂ ਤੋਂ ਜ਼ਿਆਦਾ ਦਾ ਸਮਾਂ ਹੋ ਚਲਿਆ। ਬੱਚਿਆਂ ਦੀ ਪੜ੍ਹਾਈ ਕਰ ਕੇ ਮੈਂ ਆਪਣੀ ਬਦਲੀ ਹੈੱਡ ਆਫ਼ਿਸ, ਚੰਡੀਗੜ੍ਹ ਦੀ ਕਰਵਾ ਲਈ ਸੀ। ਸੁਲਤਾਨ ਸਿੰਘ ਤਾਂ ਮੇਰੇ ਚਿਤ-ਚੇਤੇ ਵਿੱਚ ਵੀ ਨਹੀਂ ਰਿਹਾ ਸੀ। ਇੱਕ ਦਿਨ ਸਤਾਰ੍ਹਾਂ ਸੈਕਟਰ ਦੇ ਬੱਸ ਸਟੈਂਡ ’ਤੇ ਆਪਣੇ ਭਾਣਜੇ ਸਤੀਸ਼ ਨੂੰ ਕੁਰੂਕਸ਼ੇਤਰ ਵਾਲੀ ਬੱਸ ਵਿੱਚ ਚੜ੍ਹਾਉਣ ਗਿਆ ਤਾਂ ਮੈਂ ਉਹ ਨੂੰ ਉੱਥੇ ਦੇਖਿਆ ਸੀ। ਮੈਨੂੰ ਭੁਜੱਕਾ ਜਿਹਾ ਪਿਆ ਸੀ ਕਿ ਹੋਵੇ ਨਾ ਹੋਵੇ, ਉਹ ਕਿਤੇ ਸੁਲਤਾਨ ਸਿੰਘ ਨਾ ਹੋਵੇ। ਕਮੀਜ਼, ਪਜ਼ਾਮਾ, ਧੌੜੀ ਦੀ ਜੁੱਤੀ, ਮੋਢੇ ’ਤੇ ਸਾਫਾ, ਭਾਰੀ ਪਿਛਾ ਤੇ ਤੁਰਨ ਦਾ ਸਟਾਇਲ। ਮਨ ਨੇ ਕਿਹਾ ਸੀ ਕਿ ਇਹ ਉਹੀ ਹੋਵੇਗਾ ਪਰ ਮੈਂ ਆਵਾਜ਼ ਨਹੀਂ ਮਾਰੀ ਸੀ ਇਹ ਸੋਚ ਕਿ ਯੂਨੀਵਰਸਿਟੀ ਪੜ੍ਹਦਾ ਸਤੀਸ਼ ਕੀ ਕਹੂੰਗਾ ਕਿ ਉਹ ਦੇ ਮਾਮੇ ਦੀ ਯਾਰੀ ਇੱਕ ਰਿਕਸ਼ੇ ਵਾਲੇ ਨਾਲ ਰਹੀ ਹੈ।

ਉਨ੍ਹੀਂ ਦਿਨੀਂ ਦਿੱਲੀ ਵਾਲੀ ਮਾਸੀ ਜੀ ਦਾ ਵਿਚਕਾਰਲਾ ਮੁੰਡਾ ਰਣਜੀਤ ਆਇਆ ਸੀ। ਘਰ ਵਿੱਚ ਬੈਠੇ-ਬੈਠੇ ਬੋਰ ਹੋ ਗਏ ਸੀ। ਪੁਰਾਣੀਆਂ ਗੱਲਾਂ ਮੁੱਕ ਗਈਆਂ ਸਨ। ਨਵੀਆਂ ਸੁਝ ਨਹੀਂ ਰਹੀਆਂ ਸਨ। ਅਜੇ ਤਾਂ ਸ਼ਾਮ ਦੇ ਪੰਜ ਵੱਜੇ ਸਨ। ਜੇ ਹੁਣੇ ਹੀ ਬੋਤਲ ਖੋਲ੍ਹ ਕੇ ਬੈਠ ਗਏ ਤਾਂ ਮਿਸਿਜ਼ ਨੇ ਬੁੜ-ਬੁੜ ਕਰਨੀ ਸ਼ੁਰੂ ਕਰ ਦੇਣੀ ਸੀ। ਮੈਂ ਰਣਜੀਤ ਨਾਲ ਸੁਲਾਹ ਮਾਰੀ ਸੀ, “ਫ਼ਿਲਮ ਦੇਖਣ ਚੱਲੀਏ?”

“ਅੱਜ ਕੱਲ੍ਹ ਕੇਬਲ ਵਾਲੇ ਐਨੀਆਂ ਫ਼ਿਲਮਾਂ ਦਿਖਾਉਂਦੇ ਨੇ ਕਿ ਥੀਏਟਰ ’ਚ ਜਾਣ ਨੂੰ ਮਨ ਨ੍ਹੀਂ ਕਰਦਾ।”

“ਫੇਰ ਤਾਂ ਦੇਵੀ ਤਲਾਬ ਮੰਦਰ ਹੀ ਚੱਲਿਆ ਜਾ ਸਕਦਾ।”

“ਮੰਦਰ ’ਚ ਕੀ ਰੱਖਿਆ?” ਉਸ ਉਲਟਾ ਮੈਥੋਂ ਪੁੱਛ ਲਿਆ ਸੀ।

“ਗੱਲ ਤਾਂ ਤੇਰੀ ਠੀਕ ਆ। ਚੱਲ ਫੇਰ ਤੈਨੂੰ ਮਾਸਟਰ ਨੂੰ ਮਿਲਾ ਕੇ ਲਿਆਉਣਾਂ। ਜੇ ਮਿਲ ਗਿਆ ਤਾਂ ਦੋ-ਤਿੰਨ ਘੰਟੇ ਬੀਤਦਿਆਂ ਦਾ ਪਤਾ ਨ੍ਹੀਂ ਲੱਗਣਾ।”

“ਇਹ ਮਾਸਟਰਨੁਮਾ ਬੰਦਿਆਂ ਦਾ ਨਾਂ ਸੁਣ ਕੇ ਹੀ ਮੈਨੂੰ ਖਿਝ ਚੜ੍ਹਨ ਲੱਗਦੀ ਏ। ਸਾਲੀ ਵਿਲੜ ਕਲਾਸ।”

“ਉਹ ਸਕੂਲ-ਮਾਸਟਰ ਨ੍ਹੀਂ। ਤੂੰ ਮਿਲੇਂਗਾ ਤਾਂ ਪਤਾ ਲੱਗ ਜਾਊ।”

ਅਸੀਂ ਘਰੋਂ ਨਿਕਲ ਕੇ ਦੁਸਹਿਰਾ ਗਰਾਊਂਡ ਵੱਲ ਆ ਗਏ ਸੀ।

***

ਮੈਂ ਰਣਜੀਤ ਨੂੰ ਦੱਸਿਆ ਸੀ ਕਿ ਸੁਲਤਾਨ ਦਾ ਪੱਕਾ ਟਿਕਾਣਾ ਦੁਸਹਿਰਾ ਗਰਾਊਂਡ ਕੋਲ ਹੁੰਦਾ। ਉਹ ਹੋਰ ਕਿਤੇ ਰੁਕਦਾ ਵੀ ਨਹੀਂ। ਮੈਨੂੰ ਉਹ ਜਿੰਨੀ ਵਾਰ ਮਿਲਿਆ, ਉੱਥੇ ਹੀ ਮਿਲਿਆ। ਮੈਂ ਆਲੇ-ਦੁਆਲੇ ਦੇਖਿਆ। ਉਹ ਕਿਸੇ ਪਾਸੇ ਨਾ ਦਿੱਸਿਆ। ਉਸ ਨੂੰ ਕੋਈ ਦੂਰ ਦੀ ਸਵਾਰੀ ਮਿਲ ਗਈ ਹੋਣੀ। ਨੱਥੂ ਮੋਚੀ ਕੋਲੋਂ ਪਤਾ ਲੱਗ ਸਕਦਾ। ਉਸ ਨੂੰ ਪਤਾ ਹੁੰਦਾ ਕਿ ਸੁਲਤਾਨ ਸਿੰਘ ਕਿੱਥੇ ਗਿਆ। ਉਸ ਦੀ ਨੱਥੂ ਨਾਲ ਵਾਹਵਾ ਬਣਦੀ ਸੀ। ਉਨ੍ਹਾਂ ਵਿੱਚ ਬੀੜੀ ਤੇ ਚਾਹ ਦੀ ਸਾਂਝ ਸੀ। ਉਮਰ ਵੀ ਦੋਹਾਂ ਦੀ ਇੱਕੋ ਜਿੰਨੀ ਸੀ। ਉਹ ਵਿਹਲਾ ਹੋਵੇ ਤਾਂ ਨੱਥੂ ਕੋਲ ਚਿੱਤੜਾਂ ਹੇਠ ਇੱਟ ਰੱਖ ਕੇ ਆ ਬੈਠਦਾ। ਉਹ ਨੂੰ ਅਖ਼ਬਾਰ ਦੀਆਂ ਮੋਟੀਆਂ-ਮੋਟੀਆਂ ਸੁਰਖੀਆਂ ਪੜ੍ਹ ਕੇ ਸੁਣਾਉਂਦਾ। ਉਸ ਦੇ ਕੰਮ



ਵਿੱਚ ਮਦਦ ਕਰਦਾ। ਇਹੀ ਬੈਠਿਆਂ-ਬੈਠਿਆਂ ਬੂਟਾਂ ਵਿੱਚੋਂ ਤਸ਼ਮੇ ਕੱਢ ਦਿੱਤੇ ਜਾਂ ਪਾ ਦਿੱਤੇ। ਬਰੁੱਸ਼ ਨਾਲ ਜੁੱਤੀਆਂ ਤੋਂ ਮਿੱਟੀ ਝਾੜ ਦਿੱਤੀ। ਖਿਲਰੀਆਂ ਹੋਈਆਂ ਮੇਖਾਂ ਇਕੱਠੀਆਂ ਕਰ ਦਿੱਤੀਆਂ। ਧੁੱਪ ਵਾਲੀ ਛੱਤਰੀ ਦੀ ਦਿਸ਼ਾ ਬਦਲ ਦਿੱਤੀ। ਬੀੜੀ ਲਾ ਕੇ ਫੜਾ ਦਿੱਤੀ। ਸ਼ਹਿਰ ਵਿੱਚ ਹੋਈਆਂ-ਬੀਤੀਆਂ ਸੁਣਾ ਦਿੱਤੀਆਂ।

“ਸਾਹਿਬ ਜੀ, ਸੁਲਤਾਨ ਸਿੰਘ ਕਿੱਧਰ ਗਿਆ?” ਮੈਂ ਨੱਥੂ ਨੂੰ ਪੁੱਛਿਆ ਸੀ ਤਾਂ ਉਹ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਸੀ। ਉਹ ਨੂੰ ਮਾਸਟਰ ਦੇ ਅਸਲੀ ਨਾਂ ਦਾ ਪਤਾ ਨਹੀਂ। ਉਹ ਵੀ ਉਸ ਨੂੰ ਆਮ ਲੋਕਾਂ ਵਾਂਗੂੰ ਰਿਕਸ਼ੇਵਾਲਾ ਹੀ ਸਮਝਦਾ ਸੀ। ਉਹ ਦੀ ਪੱਕੀ ਪਹਿਚਾਣ ਇਹੀ ਬਣੀ ਹੋਈ ਸੀ। ਕੋਈ ਸਵਾਰੀ ਆ ਕੇ ਪੁੱਛ ਲੈਂਦੀ, “ਏ ਰਿਕਸ਼ੇ ਵਾਲੇ ਚਲਣਾ।” “ਭਈਆ ਚਲੇਂਗਾ?” “ਟੇਸ਼ਨ ਚਲਣਾ?” ਨੱਥੂ ਕੋਲ ਬੈਠਦਿਆਂ ਹੋਇਆਂ ਉਹ ਨੂੰ ਸੱਤ-ਅੱਠ ਸਾਲ ਹੋ ਗਏ। ਕਮਾਲ ਦੀ ਗੱਲ। ਨਾ ਸੁਲਤਾਨ ਸਿੰਘ ਨੂੰ ਨੱਥੂ ਦੇ ਨਾਂ ਦਾ ਪਤਾ। ਨਾ ਨੱਥੂ ਨੂੰ ਸੁਲਤਾਨ ਸਿੰਘ ਦਾ। ਲੱਗਦਾ ਜਿੱਦਾਂ ਇਨ੍ਹਾਂ ਨੂੰ ਕਦੇ ਨਾਵਾਂ ਦੀ ਲੋੜ ਹੀ ਨਾ ਪਈ ਹੋਵੇ। ਉਹ ਨੱਥੂ ਮੋਚੀ ਸੀ। ਸੁਲਤਾਨ ਸਿੰਘ ਮਾਸਟਰ ਜਾਂ ਰਿਕਸ਼ੇਵਾਲਾ। ਨੱਥੂ ਸੁਲਤਾਨ ਸਿੰਘ ਨੂੰ ‘ਮਾਸਟਰ’ ਕਹਿੰਦਾ ਤੇ ਸੁਲਤਾਨ ਸਿੰਘ ਲਈ ਨੱਥੂ ‘ਸਾਹਿਬ ਜੀ’। ਇਨ੍ਹਾਂ ਸ਼ਬਦਾਂ ਨਾਲ ਹੀ ਉਹ ਇੱਕ ਦੂਜੇ ਨੂੰ ਬੁਲਾਉਂਦੇ।

“ਬਾਬੂ ਜੀ, ਤੁਸੀਂ ਕਿਸ ਦੀ ਗੱਲ ਕਰਦੇ ਓ?” ਨੱਥੂ ਨੇ ਜੁੱਤੀ ਪਾਲਿਸ ਕਰਦਿਆਂ ਹੋਇਆਂ ਨੀਵੀਂ ਪਾਈ ਰੱਖੀ। ਮੈਨੂੰ ਕਹਿਣਾ ਪਿਆ, “ਮਾਸਟਰ, ਰਿਕਸ਼ੇਵਾਲਾ।”

“ਅੱਛਾ-ਅੱਛਾ... ਆਪਣੇ ਮਾਸਟਰ ਸਾਹਿਬ... ਘੰਟਾ ਕੁ ਪਹਿਲਾਂ ਕਾਲਜ ਵੱਲ ਗਿਆ।”

ਸੁਲਤਾਨ ਸਿੰਘ ਨੂੰ ਜਦੋਂ ਕੋਈ ਸਵਾਰੀ ਮਿਲ ਜਾਂਦੀ ਤਾਂ ਉਹ ਨੱਥੂ ਨੂੰ ਦੱਸ ਕੇ ਜਾਂਦਾ, “ਚੰਗਾ ਸਾਹਿਬ ਜੀ, ਮੈਂ ਗੇੜਾ ਲਾ ਆਵਾਂ।”

***

ਚਾਰ ਕੁ ਸਾਲ ਪਹਿਲਾਂ ਮੇਰੀ ਭੂਆ ਜੀ ਦਾ ਮੁੰਡਾ ਰਸ਼ਪਾਲ ਡੀ.ਐਮ.ਸੀ. ਲੁਧਿਆਣੇ ਦਾਖਲ ਸੀ। ਟੈਲੀਫੋਨ ਆਇਆ ਕਿ ਉਸ ਦੀ ਹਾਲਤ ਸੀਰੀਅਸ ਹੈ। ਹੁਣੇ ਆ ਜਾਓ। ਛੁੱਟੀ ਸੀ। ਮੈਂ ਘਰੇ ਸੀ। ਮੈਂ ਕੱਪੜੇ ਬਦਲ ਕੇ ਚੌਂਕ ਵਿੱਚ ਆਇਆ ਤਾਂ ਕੋਈ ਥ੍ਰੀਵੀਲ੍ਹਰ ਨਾ ਦਿੱਸਿਆ। ਇੱਕੋ-ਇੱਕ ਰਿਕਸ਼ਾ ਖੜਾ ਸੀ। ਇਹੀ ਸੁਲਤਾਨ ਸਿੰਘ ਨੱਥੂ ਕੋਲ ਬੈਠਾ ਸੀ। ਮੈਂ ਪੁੱਛਿਆ, “ਹਾਂ ਜੀ ਚਲਣਾ?” ਉਹ ਬੋਲਿਆ, “ਜਾਣ ਲਈ ਹੀ ਖੜੇ ਹਾਂ ਜੀ।” ਮੈਂ ਕਿਹਾ, “ਫਟਾਫਟ ਚਲਣਾ।” ਉਸ ਦੱਸਿਆ, “ਤੁਹਾਨੂੰ ਕਹਿਣ ਦੀ ਲੋੜ ਹੀ ਨ੍ਹੀਂ ਪੈਣੀ।” ਮੈਂ ਕਿਰਾਇਆ ਪੁੱਛਿਆ ਤਾਂ ਉਹ ਨੇ ਪੰਜਾਹ ਮੰਗੇ। ਮੈਂ ਚਾਲੀ ਕਿਹਾ ਤਾਂ ਉਹ ਬੋਲਿਆ, “ਮੈਂ ਜੋ ਮੰਗਦਾ ਹੁਣਾਂ ਉਹੀ ਲੈਣਾ ਹੁਣਾਂ। ਕੋਈ ਬਾਰਗੇਨਿੰਗ ਨ੍ਹੀਂ ਹੋਣੀ।” ਕੋਈ ਹੋਰ ਵੇਲਾ ਹੁੰਦਾ ਤਾਂ ਮੈਂ ਕਿਸੇ ਦੂਜੇ ਰਿਕਸ਼ੇਵਾਲੇ ਦਾ ਇੰਤਜ਼ਾਰ ਕਰਦਾ। ਮੈਂ ਬੈਠਣ ਦੀ ਕੀਤੀ। ਉਹ ਨੂੰ ਰਿਕਸ਼ਾ ਤੇਜ਼ ਚਲਾਉਣ ਲਈ ਕਿਹਾ। ਉਹ ਨੇ ਖਾਲਸਾ ਸਕੂਲ ਤੱਕ ਪਹੁੰਚਦਿਆਂ ਵੀਹ ਮਿੰਟ ਲਾ ਦਿੱਤੇ। ਮੈਨੂੰ ਕਾਹਲੀ ਪਈ ਹੋਈ ਸੀ। ਪਿੱਛੋਂ ਥ੍ਰੀਵੀਲ੍ਹਰ ਆਇਆ ਤਾਂ ਮੈਂ ਉਹ ਦੇ ਵੱਲ ਪੰਜਾਹਾਂ ਦਾ ਨੋਟ ਸੁੱਟਿਆ ਤੇ ਦੌੜ ਕੇ ਥ੍ਰੀਵੀਲ੍ਹਰ ਵਿੱਚ ਬੈਠਣ ਦੀ ਕੀਤੀ।

ਮੈਂ ਤਾਂ ਉਸ ਦਿਨ ਦੀ ਹੋਈ-ਬੀਤੀ ਭੁੱਲ ਗਿਆ ਪਰ ਉਹ ਨਾ ਭੁੱਲਿਆ। ਦਸ ਕੁ ਦਿਨਾਂ ਬਾਅਦ ਉਹ ਮੈਨੂੰ ਨੱਥੂ ਕੋਲ ਖੜ੍ਹਾ ਮਿਲਿਆ। ਮੈਨੂੰ ਤੁਰਿਆ ਜਾਂਦਿਆਂ ਦੇਖ ਕੇ, ਕਾਹਲੀ-ਕਾਹਲੀ ਮੇਰੇ ਨਾਲ ਆ ਰਲਿਆ ਤੇ ਵੀਹਾਂ ਦਾ ਨੋਟ ਮੇਰੇ ਹੱਥ ਵਿੱਚ ਫੜਾਉਂਦਿਆਂ ਹੋਇਆਂ ਬੋਲਿਆ, “ਬਾਬੂ

ਜੀ, ਆਹ ਤੁਹਾਡੇ ਉਸ ਦਿਨ ਦੇ ਬਕਾਇਆ ਨੇ।"

"ਕਿਹੜੇ ਦਿਨ ?" ਮੈਂ ਅਣਜਾਣ ਜਿਹਾ ਬਣਦਿਆਂ ਹੋਇਆਂ ਪੁੱਛਿਆ।

"ਜਿਸ ਦਿਨ ਤੁਸੀਂ ਬੜੀ ਚਿੰਤਾ 'ਚ ਸੀ।"

"ਅੱਛਾ-ਅੱਛਾ। ਠੀਕ-ਠੀਕ। ਯਾਦ ਆਇਆ। ਕੋਈ ਗੱਲ ਨ੍ਹੀਂ। ਤੂੰ ਰੱਖ ਲੈ। ਕਿਸੇ ਗਰੀਬ-ਗੁਰਬੇ ਨੂੰ ਪੈਸੇ ਦੇ ਕੇ ਮੈਂ ਵਾਪਸ ਨ੍ਹੀਂ ਲੈਂਦਾ ਹੁੰਣਾਂ।"

"ਨਾ ਮੈਂ ਗਰੀਬ ਹਾਂ। ਨਾ ਕੋਈ ਮੰਗਤਾ," ਉਹ ਖਰਬੀ ਜਿਹੀ ਆਵਾਜ਼ ਵਿੱਚ ਬੋਲਿਆ।

ਮੇਰੇ ਲਈ ਇਹ ਅਜੀਬ ਗੱਲ ਸੀ। ਇੱਕ ਰਿਕਸ਼ੇਵਾਲਾ ਮੈਨੂੰ ਵੀਹ ਰੁਪਈਏ ਵਾਪਸ ਕਰ ਰਿਹਾ ਸੀ। ਸਾਡੇ ਦਫ਼ਤਰ ਵਿੱਚ ਤਾਂ ਮੇਰੇ ਕੁਲੀਗ ਦਸ-ਦਸ ਰੁਪਏ ਘੁੱਟ ਲੈਂਦੇ ਸਨ। ਮਜ਼ਾਲ ਹੈ ਕਿ ਜੇ ਇੱਕ ਵਾਰ ਉਨ੍ਹਾਂ ਦੀ ਜੇਬ ਵਿੱਚ ਨੋਟ ਪੈ ਜਾਵੇ ਤਾਂ ਵਾਪਸ ਨਿਕਲੇ।

ਮੈਂ ਵਾਰ-ਵਾਰ ਨਾਂਹ ਕਹੀ ਗਿਆ। ਪਰ ਉਹ ਨੇ ਮੇਰੇ ਕੋਟ ਦੀ ਜੇਬ ਵਿੱਚ ਨੋਟ ਪਾ ਹੀ ਦਿੱਤਾ। ਇੱਕ ਵਾਰ ਤਾਂ ਮੈਂ ਭਾਵੁਕ ਹੋ ਗਿਆ ਸੀ। ਮੈਂ ਉਹ ਨੂੰ ਪੁੱਛਿਆ, "ਤੂੰ ਪੰਜ ਕੁ ਮਿੰਟਾਂ ਲਈ ਵਿਹਲਾਂ ?" ਉਸ ਨੇ ਪੁੱਛਿਆ, "ਤੁਸੀਂ ਕਿਤੇ ਜਾਣਾ ?" ਮੈਂ ਨਾਂਹ ਵਿੱਚ ਸਿਰ ਮਾਰਿਆ। ਕਿਹਾ, "ਚੱਲ ਯਾਰ, ਔਹ ਸਾਹਮਣੇ ਵਾਲੀ ਦੁਕਾਨ ਤੋਂ ਚਾਹ ਦਾ ਕੱਪ ਪੀ ਕੇ ਆਈਏ। ਨਾਲੇ ਗੱਲਾਂ ਕਰਾਂਗੇ।" ਉਹ ਨੇ ਨੱਥੂ ਵੱਲ ਮੁੜ ਕੇ ਦੇਖਿਆ ਜਿੱਦਾਂ ਉਹ ਨੂੰ ਪੁੱਛ ਰਿਹਾ ਹੋਵੇ-'ਸਾਹਿਬ ਜੀ, ਜਾ ਆਵਾਂ ? ਜੇ ਚਲਾ ਗਿਆ ਤਾਂ ਤੇਰੀ ਚਾਹ ਦਾ ਕੀ ਬਣੂਗਾ ?' ਮੈਂ ਉਹ ਦੀ ਰਮਜ਼ ਸਮਝ ਗਿਆ। ਕਿਹਾ, "ਇਹਦੇ ਲਈ ਚਾਹ ਦਾ ਕੱਪ ਇੱਥੇ ਹੀ ਭੇਜ ਦਿੰਨੇ ਆਂ।" ਉਹ ਅਣਮੰਨੇ ਮਨ ਨਾਲ ਮੇਰੇ ਨਾਲ ਤੁਰ ਪਿਆ। ਮੇਰੇ ਭਾਪਾ ਜੀ ਨੇ ਮੈਨੂੰ ਇਹੀ ਨਸੀਹਤ ਦਿੱਤੀ ਸੀ ਕਿ ਦੋਸਤੀ ਆਪਣੇ ਵਰਗੇ ਨਾਲ ਹੀ ਰੱਖੀਦੀ ਹੈ। ਨਾ ਓਪਰਲੇ ਵਾਲੇ ਨਾਲ ਪੁੱਗਦੀ ਹੈ, ਨਾ ਹੇਠਲੇ ਨਾਲ ਨਿੱਭਦੀ ਹੈ। ਦੋਹਾਂ ਧਿਰਾਂ ਵਿੱਚ ਬੰਦਾ ਧੋਖਾ ਖਾਂਦਾ। ਉਨ੍ਹਾਂ ਦਾ ਇੱਕ ਦੋਸਤ ਹੈ ਸਤਪਾਲ। ਉਸ ਦਾ ਸਾਡੇ ਘਰੇ ਬਹੁਤ ਆਉਣਾ-ਜਾਣਾ ਹੈ। ਉਹ ਜਾਤ ਦਾ ਅਰੋੜਾ ਹੈ। ਸਤਪਾਲ ਦੀ ਆਪਣੇ ਕੁਲੀਗ ਰਾਮ ਚੰਦ ਨਾਲ ਸਾਂਝ ਵੱਧ ਗਈ। ਉਹ ਇੱਕੋ ਥਾਲੀ ਵਿੱਚ ਖਾਣ ਲੱਗੇ। ਭਾਪਾ ਜੀ ਕੋਲੋਂ ਬਰਦਾਸ਼ਤ ਨਾ ਹੋਇਆ। ਉਨ੍ਹਾਂ ਸਤਪਾਲ ਨੂੰ ਤਾਂ ਕੁੱਝ ਨਾ ਕਿਹਾ ਪਰ ਬੀਬੀ ਜੀ ਨੂੰ ਕਹਿਣ ਲੱਗੇ, "ਆਹ ਦੇਖ ਸਤਪਾਲ ਦਾ ਸਟੈਂਡਰਡ। ਇੱਕ ਵੇਲੇ ਮੇਰੇ ਨਾਲ ਖਾਣੀ-ਪੀਣੀ ਆ। ਦੂਜੇ ਪਾਸੇ ਉਹ ਰਾਮਚੰਦ ਬਾਜੀਗਰ ਦੇ ਘਰੇ ਜਾਂਦਾ। ਸਾਲੇ ਮੇਰੇ ਦਾ ਕੀ ਸਟੈਂਡਰਡ ਆ। ਹੁਣ ਜਦੋਂ ਉਹ ਆਇਆ ਤਾਂ ਤੂੰ ਕਹਿ ਦਈਂ ਮੈਂ ਘਰੇ ਨ੍ਹੀਂ।" ਮੈਂ ਉਨ੍ਹਾਂ ਦੀ ਨਸੀਅਤ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ ਸੀ।

ਅਸੀਂ ਚਾਹ ਵਾਲੀ ਦੁਕਾਨ ਵਿੱਚ ਮੇਜ਼ ਦੇ ਇੱਕ ਦੂਜੇ ਦੇ ਸਾਹਮਣੇ ਪਈਆਂ ਕੁਰਸੀਆਂ 'ਤੇ ਆ ਬੈਠੇ। ਸੁਲਤਾਨ ਸਿੰਘ ਨੇ ਆਪੇ ਹੀ ਗੱਲ ਸ਼ੁਰੂ ਕੀਤੀ, "ਉਸ ਦਿਨ ਮੇਰਾ ਹੀ ਕਸੂਰ ਸੀ ਜੀ। ਮੈਨੂੰ ਜਿੰਨਾ ਤੇਜ਼ ਰਿਕਸ਼ਾ ਚਲਾਉਣਾ ਚਾਹੀਦਾ ਸੀ-ਚਲਾ ਨਾ ਹੋਇਆ... ਮੇਰਾ ਪੱਕਾ ਅਸੂਲ ਆ ਕਿ ਕਿਸੇ ਦਾ ਹੱਕ ਮਾਰਨਾ ਨ੍ਹੀਂ, ਆਪਣਾ ਛੱਡਣਾ ਨ੍ਹੀਂ। ਮੇਰੇ ਹੱਕ ਦੇ ਤੀਹ ਸੀ- ਮੈਂ ਰੱਖ ਲਏ। ਬਾਕੀ ਵੀਹ ਤੁਹਾਨੂੰ ਹੁਣ ਮੋੜ ਦਿੱਤੇ। ...ਉਸ ਦਿਨ ਮੈਂ ਬਹੁਤ ਪ੍ਰੇਸ਼ਾਨ ਸੀ ... ਜਦੋਂ ਮੈਂ ਗੁਰਦੁਆਰੇ ਵਾਲਾ ਮੋੜ ਮੁੜਿਆ ਤਾਂ ਮੈਨੂੰ ਮਾਂ ਦੀ ਯਾਦ ਆ ਗਈ। ਮੇਰੀ ਘਰ ਵਾਲੀ ਤੇ ਮਾਂ ਦੀ ਬਣਦੀ ਨ੍ਹੀਂ। ਮਾਂ ਅਨਪੜ੍ਹ। ਪੇਂਡੂ ਜੱਟੀ। ਘਰ ਵਾਲੀ ਦਸ ਜਮਾਤਾਂ ਪਾਸ। ਦੋਵੇਂ ਕੁੱਕੜਾਂ ਵਾਂਗੂੰ ਫਸ ਪੈਂਦੀਆਂ। ਮੈਂ ਦੋਹਾਂ ਨੂੰ ਬਥੇਰਾ ਸਮਝਾ ਚੁੱਕਾਂ ਪਰ ਜਿੱਦਾਂ ਕਹਿੰਦੇ ਹੁੰਦੇ ਕਿ ਥਿੰਦੇ ਘੜੇ 'ਤੇ ਪਾਣੀ ਦੀ ਬੂੰਦ ਨ੍ਹੀਂ ਟਿਕਦੀ-ਓਦਾਂ ਹੀ ਮੇਰੀਆਂ ਸਮਝੌਤੀਆਂ ਦਾ ਉਨ੍ਹਾਂ 'ਤੇ ਅਸਰ ਨ੍ਹੀਂ ਹੁੰਦਾ। ਜਦੋਂ ਮੇਰੀ ਮਾਂ ਲਾਚਾਰ ਹੋ



ਜਾਂਦੀ-ਮੈਨੂੰ ਮਰਨ ਲਈ ਥਾਂ ਨ੍ਹੀਂ ਮਿਲਦੀ। ਮੈਂ ਛੇਤੀ ਕਿਤੇ ਆਪਣੇ ਪਰਿਵਾਰ ਦੀ ਗੱਲ ਕਿਸੇ ਨਾਲ ਸਾਂਝੀ ਨ੍ਹੀਂ ਕਰਦਾ ਹੁੰਦਾ... ਚੱਲੋ ਛੱਡੋ ਇਨ੍ਹਾਂ ਗੱਲਾਂ ਨੂੰ ਮੈਂ ਕਿਹੜਾ ਚਿੱਠਾ ਖੋਲ੍ਹ ਬੈਠਾਂ। ਇਹ ਦੱਸੋ ਇਸ ਵਾਰ ਕਿਸ ਦੀ ਸਰਕਾਰ ਬਣਾ ਰਹੇ ਹੋ ?"

"ਮੇਰਾ ਪੋਲਿਟਿਕਸ 'ਚ ਇੰਟਰੈਸਟ ਨ੍ਹੀਂ।"

"ਮੇਰਾ ਤਾਂ ਹੈ ਜੀ।"

ਉਹ ਅੱਧਾ ਘੰਟਾ ਰਾਜਨੀਤੀ ਦੀਆਂ ਗੱਲਾਂ ਕਰਦਾ ਰਿਹਾ। ਮੈਂ ਹੂੰ-ਹਾਂ ਕਹੀ ਗਿਆ। ਸਾਡੀ ਪਹਿਲੀ ਮਿਲਣੀ ਵਿੱਚ ਅਪਣੱਤ ਹੋ ਗਈ। ਮੈਂ ਇੱਕ ਦਿਨ ਉਹ ਨੂੰ ਚਾਚਾ ਕਹਿ ਕੇ ਬੁਲਾਇਆ। ਦਰਅਸਲ ਮੇਰਾ ਕੋਈ ਚਾਚਾ ਨਹੀਂ ਸੀ। ਉਹ ਨੇ ਮੈਨੂੰ ਟੋਕਿਆ, "ਤੂੰ ਮੈਨੂੰ ਰਿਸ਼ਤਿਆਂ 'ਚ ਨਾ ਬੰਨ੍ਹ। ਇਹ ਬੜੇ ਔਂਤਰੇ ਹੁੰਦੇ ਨੇ। ਸ਼ਰੀਕ ਹੁੰਦੇ ਨੇ। ਆਪਾਂ ਜਿੱਦਾਂ ਹਾਂ-ਐਦਾਂ ਹੀ ਮਿਲੀਏ ਤਾਂ ਜ਼ਿਆਦਾ ਅਨੰਦ ਆਊਗਾ।"

***

ਆਪਣੇ ਨੇੜਲੇ ਮੁੰਡਿਆਂ ਦੇ ਰੀਸੋ-ਰੀਸੀ ਸੁਲਤਾਨ ਸਿੰਘ ਨੇ ਵੀ ਲਖਨਊ ਤੋਂ ਗੱਡੀ ਫੜੀ ਤੇ ਜਲੰਧਰ ਆ ਉਤਰਿਆ। ਦਸਮੇਸ਼ ਨਗਰ ਦੇ ਇੱਕ ਛੋਟੇ ਜਿਹੇ ਕੱਚੇ-ਪੱਕੇ ਕਮਰੇ ਵਿੱਚ ਦਸ ਸਾਥੀਆਂ ਨਾਲ ਰਹਿੰਦਿਆਂ ਹੋਇਆਂ ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਉਸ ਨੇ ਇੱਥੇ ਕੁੱਝ ਸਮੇਂ ਲਈ ਜ਼ਿੰਦਗੀ ਬਤੀਤ ਕਰਨੀ ਹੈ। ਓਨਾ ਕੁ ਚਿਰ ਜਿੰਨਾ ਚਿਰ ਉਸ ਕੋਲ ਵਾਪਸ ਜਾਣ ਦਾ ਕਿਰਾਇਆ ਤੇ ਮਾਂ ਦੀਆਂ ਅੱਖਾਂ ਬਣਾਉਣ ਲਈ ਤਿੰਨ ਹਜ਼ਾਰ ਜਮਾਂ ਨਹੀਂ ਹੋ ਜਾਂਦੇ। ਉਹ ਨੂੰ ਮਹੀਨਾ ਕੁ ਲੇਬਰ-ਚੌਕ ਵਿੱਚ ਖੜਨਾ ਪਿਆ। ਫੇਰ ਬਾਬੂ ਪਿਆਰੇ ਲਾਲ ਦੇ ਘਰ ਪੰਜ ਦਿਨ ਰੀਝ ਨਾਲ ਕੰਮ ਕਰਨ ਮਗਰੋਂ ਉਹ ਨੇ ਆਪਣੇ ਕੰਮ ਤੇ ਬੋਲਣ ਦੇ ਸਲੀਕੇ ਨਾਲ ਪਿਆਰੇ ਲਾਲ ਦਾ ਮਨ ਜਿੱਤ ਲਿਆ। ਪਿਆਰੇ ਲਾਲ ਜ਼ੈਂਡ ਸਵਿਚ ਫੈਕਟਰੀ ਵਿੱਚ ਮੈਨੇਜਰ ਲੱਗਾ ਸੀ। ਲਿਮਟਿਡ ਫਰਮ। ਉਹ ਨੇ ਸੁਲਤਾਨ ਸਿੰਘ ਨੂੰ ਕੱਚੀ ਲੇਬਰ ਵਿੱਚ ਰਖਵਾ ਦਿੱਤਾ। ਬਾਰ੍ਹਾਂ ਸੌ ਰੁਪਈਏ ਮਹੀਨੇ 'ਤੇ। ਉਸ ਲਈ ਇਹ ਵੱਡੀ ਰਕਮ ਸੀ। ਇਕੱਲੇ ਦਾ ਖਰਚਾ ਸੱਤ ਸੌ ਸੀ ਤੇ ਪੰਜ ਸੌ ਬਚ ਜਾਂਦਾ। ਪੜ੍ਹਿਆ-ਲਿਖਿਆ ਸੀ। ਸਾਲ ਕੁ ਬਾਅਦ ਪਿਆਰੇ ਲਾਲ ਨੇ ਉਸ ਨੂੰ ਕਲਰਕ ਰਖਵਾ ਦਿੱਤਾ। ਉਸ ਨੇ ਸ਼ਾਮ ਨੂੰ ਟਾਈਪ ਸਿੱਖਣੀ ਸ਼ੁਰੂ ਕਰ ਦਿੱਤੀ। ਤਿੰਨ ਮਹੀਨਿਆਂ ਵਿੱਚ ਉਸ ਦੀ ਸਪੀਡ ਬਣ ਗਈ। ਬਲਜੀਤ ਸਿੰਘ ਅਕਾਊਂਟੈਂਟ ਵਿਦੇਸ਼ ਚਲਾ ਗਿਆ। ਪਿਆਰੇ ਲਾਲ ਨੇ ਉਸ ਨੂੰ ਅਕਾਊਂਟੈਂਟ ਲਵਾ ਦਿੱਤਾ। ਤਨਖਾਹ ਪੰਜ ਹਜ਼ਾਰ ਹੋ ਗਈ। ਉਹ ਦੇ ਸਾਥੀ ਛੇੜਦੇ, "ਸੁਲਤਾਨ ਸਿੰਘ ਤੇਰੀਆਂ ਤਾਂ ਪੰਜੇ ਉਂਗਲਾਂ ਘਿਓ 'ਚ ਨੇ। ਮੈਨੇਜਰ ਸਾਹਿਬ ਨੂੰ ਤੂੰ ਕਿਹੜੀ ਗਿੱਦੜਸਿੰਗੀ ਸੁੰਘਾਈ ਆ। ਉਹ ਤੇਰੀ ਹਰ ਗੱਲ ਮੰਨ ਲੈਂਦਾ।" ਉਹ ਹੱਸ ਛੱਡਦਾ। ਆਪਣੇ ਕੰਮ ਨਾਲ ਮਤਲਬ ਰੱਖਦਾ। ਕਿਤੇ ਵੀ ਅਣਗਹਿਲੀ ਨਾ ਵਰਤਦਾ। ਵਿਹਲਾ ਹੁੰਦਾ ਤਾਂ ਅਖ਼ਬਾਰ ਚੁੱਕ ਕੇ ਪੜ੍ਹਦਾ। ਪਿਆਰੇ ਲਾਲ ਉਸ ਨੂੰ ਆਪਣੇ ਕੋਲ ਬੁਲਾਉਂਦਾ ਤਾਂ ਇੱਕ ਗੱਲ ਵਾਰ-ਵਾਰ ਸਮਝਾਉਂਦਾ, "ਹੁਣ ਟਾਈਪ ਦਾ ਕੰਮ ਪਿੱਛੇ ਪੈ ਜਾਣਾ। ਤੂੰ ਕੌਂਪਸੈਟ ਸਿੱਖ ਲੈ। ਸ਼ਹਿਰ 'ਚ ਅਜੇ ਖਾਲਸਾ ਪ੍ਰੈਸ 'ਚ ਕੌਂਪਸੈਟ ਆਏ ਨੇ। ਮੈਂ ਉੱਥੇ ਦੇ ਮੈਨੇਜਰ ਨੂੰ ਕਹਿ ਦਊਂ। ਅਗਲਾ ਸਮਾਂ ਇਹਦਾ ਹੀ ਹੋਣਾਂ।" ਅਜੇ ਉਹ ਜਕੋਤਕੀ ਵਿੱਚ ਹੀ ਸੀ ਕਿ ਸਿੱਖਣ ਜਾਵੇ ਜਾਂ ਨਾ ਜਾਵੇ ਕਿ ਪਿਆਰੇ ਲਾਲ ਨਾਲ ਪੰਗਾ ਪੈ ਗਿਆ। ਸ਼ਰਾਧਾਂ ਦੇ ਦਿਨ ਸਨ। ਪਿਆਰੇ ਲਾਲ ਨੇ, ਜਿੰਨੀ ਕੁ ਉਸ ਨੂੰ ਲੋੜ ਸੀ, ਓਨਾ ਕੁ ਖਾ ਕੇ ਟਿਫਨ ਸੁਲਤਾਨ ਸਿੰਘ ਕੋਲ ਭੇਜ ਦਿੱਤਾ। ਸੁਲਤਾਨ ਸਿੰਘ ਨੇ ਟਿਫਨ ਖੋਲ੍ਹਿਆ ਤਾਂ ਦੇਖ ਕੇ ਮੱਚ ਉੱਠਿਆ, "ਮੈਂ ਜੱਟ ਇਸ...ੜਮ ਦੀ ਜੂਠ ਖਾਵਾਂ।

ਇਹਨੇ ਮੈਨੂੰ ਐਨਾ ਨੀਚ ਸਮਝ ਲਿਆ।" ਉਹ ਨੇ ਟਿਫਨ ਵਾਪਸ ਭੇਜ ਦਿੱਤਾ। ਮਿੰਟ ਕੁ ਬਾਅਦ ਪੀਅਨ ਫੇਰ ਟਿਫਨ ਲੈ ਆਇਆ ਤੇ ਬੋਲਿਆ, "ਸਾਹਿਬ ਜੀ ਕਹਿੰਦੇ ਨੇ ਕਿ ਕੜਾਹ ਤੇ ਖੀਰ ਖਾ ਕੇ ਦੇਖੋ।" ਉਹ ਨੇ ਫੇਰ ਟਿਫਨ ਵਾਪਸ ਭੇਜ ਦਿੱਤਾ। ਪੀਅਨ ਨੇ ਕੁੱਝ ਮਸਾਲਾ ਆਪਣੇ ਵੱਲੋਂ ਲਾ ਕੇ ਜਾ ਦੱਸਿਆ, "ਉਹ ਨਵਾਬ ਕਹਿੰਦਾ–ਮੈਂ ਕਿਸੇ ਦਾ ਝੂਠਾ ਨ੍ਹੀਂ ਖਾਂਦਾ।" ਗੱਲ ਨਿੱਕੀ ਸੀ। ਪਰ ਪਿਆਰੇ ਲਾਲ ਦੇ ਮਨ ਨੂੰ ਲੱਗ ਗਈ। ਉਹ ਨੇ ਪੀਅਨ ਨੂੰ ਕਿਹਾ, "ਸਾਲੇ ਭਈਏ ਨੂੰ ਪਰ ਲੱਗ ਗਏ। ਹੁਣ ਮੈਨੂੰ ਇਹਦੇ ਪਰ ਕੁਤਰਣੇ ਪੈਣੇ। ਦੇਖ ਹੁਣ ਪਿਆਰੇ ਲਾਲ ਦਾ ਕ੍ਰਿਸ਼ਮਾ…।" ਪਿਆਰੇ ਲਾਲ ਨੇ ਅਗਲੇ ਮਹੀਨਿਆਂ ਵਿੱਚ ਉਹ ਨੂੰ ਅਕਾਊਂਟੈਂਟ ਤੋਂ ਹਟਾ ਕੇ ਲੇਬਰ 'ਤੇ ਲੈ ਆਂਦਾ। ਸੁਲਤਾਨ ਸਿੰਘ ਨੇ ਫਰਮ ਛੱਡ ਦਿੱਤੀ। ਪਿਆਰੇ ਲਾਲ ਨੂੰ ਕਿਹਾ, "ਥੈਂਕਸ ਸਰ, ਮੈਨੂੰ ਤੁਹਾਡੇ ਤੋਂ ਇਹ ਆਸ਼ਾ ਨ੍ਹੀਂ ਸੀ। ਹੁਣ ਮੈਂ ਸਾਰੀ ਉਮਰ ਕਿਸੇ ਦੀ ਨੌਕਰੀ ਨ੍ਹੀਂ ਕਰਨੀ। ਆਪਣਾ ਕੰਮ ਕਰੂੰ। ਰੋਟੀ ਭਾਵੇਂ ਲੂਣ ਨਾਲ ਖਾਵਾਂ ਜਾਂ ਮੀਟ ਨਾਲ।" ਉਸ ਆਪਣਾ ਨਵਾਂ ਰਿਕਸ਼ਾ ਖਰੀਦਿਆ। ਉਸ ਦੇ ਪਿੱਛੇ ਲਿਖਵਾਇਆ, 'ਸੁਲਤਾਨ ਸਿੰਘ ਬੀ.ਏ.'। ਉਸ ਸੋਲ੍ਹਾਂ-ਸੋਲ੍ਹਾਂ ਘੰਟੇ ਰਿਕਸ਼ਾ ਚਲਾਇਆ। ਬੈਂਕ ਤੋਂ ਲੋਨ ਲੈ ਕੇ ਢਾਈ ਮਰਲਿਆਂ ਦਾ ਪਲਾਟ ਖਰੀਦਿਆ। ਫੇਰ ਆਪਣੀ ਘਰ ਵਾਲੀ, ਦੋ ਮੁੰਡਿਆਂ ਤੇ ਵਿਧਵਾ ਮਾਂ ਨਾਲ ਨਿਊ ਮਾਡਲ ਹਾਊਸ ਵਿੱਚ ਰਹਿਣ ਲੱਗਾ।

***

ਸਾਡੀ ਸਾਂਝ ਚਾਹ ਦੇ ਕੱਪ ਤੋਂ ਸ਼ੁਰੂ ਹੋਈ ਤੇ ਗਲਾਸੀ 'ਤੇ ਆ ਪਹੁੰਚੀ। ਮਹੀਨੇ ਦੇ ਪਹਿਲੇ ਐਤਵਾਰ ਮੈਂ, ਜੱਸਾ, ਕੁਲਵਿੰਦਰ ਤੇ ਚੰਨੀ ਚਾਰੇ ਜਣੇ ਪਲਾਜ਼ਾ ਹੋਟਲ ਵਿੱਚ ਬੈਠਦੇ। ਆਪਣੇ-ਆਪਣੇ ਦਫ਼ਤਰਾਂ ਦੀ ਨਿੰਦਿਆ-ਚੁਗਲੀ ਕਰਦੇ। ਸਾਡੇ ਚਹੁੰਆਂ ਦੇ ਅੱਡ-ਅੱਡ ਦਫਤਰ ਸਨ ਪਰ ਅਸੀਂ ਪੜ੍ਹੇ ਇੱਕੋ ਕਾਲਜ ਵਿੱਚ ਸੀ। ਪਲਾਜਾ ਹੋਟਲ ਵਿੱਚ ਬੈਠਣਾ ਤਾਂ ਇੱਕ ਬਹਾਨਾ ਸੀ। ਇਸ ਬਹਾਨੇ ਘੱਟੋ-ਘੱਟ ਇੱਕ ਵਾਰ ਇਕੱਠੇ ਹੋ ਜਾਂਦੇ ਸੀ। ਤਿੰਨ-ਚਾਰ ਘੰਟੇ ਦੀ ਮਹਿਫ਼ਲ ਜੰਮਦੀ। ਦੁਨੀਆ-ਜਹਾਨ ਦੀਆਂ ਗੱਲਾਂ ਹੁੰਦੀਆਂ। ਸਰੂਰ ਵਿੱਚ ਹੋ ਕੇ ਘਰਾਂ ਨੂੰ ਮੁੜਦੇ। ਸੁਲਤਾਨ ਸਿੰਘ ਨੂੰ ਮੈਂ ਇਸ ਬਾਰੇ ਦੱਸਿਆ ਤੇ ਉਸ ਨਾਲ ਸੁਲਾਹ ਮਾਰੀ, "ਚੱਲਣਾ, ਗ਼ਮ ਦੂਰ ਕਰਨ ?"

"ਬਾਬੂ ਜੀ, ਕਦੇ ਗ਼ਮ ਵੀ ਦੂਰ ਹੋਏ ਨੇ।"

"ਕੁਝ ਪਲਾਂ ਲਈ ਫਰਕ ਤਾਂ ਪੈਂਦਾ ਹੀ ਹੈ ਨਾ।"

"ਸਿਰਫ਼ ਓਨਾ ਚਿਰ, ਜਿੰਨਾ ਚਿਰ ਸਿਰ ਘੁੰਮਦਾ। ਜੇ ਸਿਰ ਘੁੰਮੇ 'ਚ ਯਾਦ ਆ ਜਾਏ ਤਾਂ ਅਨਰਥ ਹੋ ਜਾਂਦਾ। ਜਿੱਦਾਂ ਮੇਰਾ ਪਿਓ ਕਰਦਾ ਹੁੰਦਾ ਸੀ। ਉਹਨੂੰ ਆਪਣਾ ਪਿੰਡ ਤੇ ਭਰਾ ਯਾਦ ਆਉਂਦੇ। ਆਪਣਾ ਜੱਟ ਹੋਣਾ ਔਖਾ ਕਰਦਾ।"

"ਇੱਕ ਜਣੇ ਦੇ ਹਿੱਸੇ 'ਚ ਕਿੰਨੇ ਪੈਸੇ ਆਉਂਦੇ ?" ਮੈਂ ਚੁੱਪ ਰਿਹਾ ਤਾਂ ਉਸ ਨੇ ਪੁੱਛਿਆ।

"ਇਹੀ ਤੀਹ-ਪੈਂਤੀ ਕੁ।"

"ਅਗਲੀ ਵਾਰ ਮੈਂ ਚੱਲੂੰਗਾ। ਸਰਕਾਰ ਦੇ ਜੁਆਈਆਂ ਦੀ ਸੰਗਤ ਮਾਨਣ ਲਈ। ਪਰ ਮੈਂ ਆਪਣਾ ਹਿੱਸਾ ਪੂਰਾ ਦਊਂਗਾ।"

"ਇੱਕ ਵਾਰ ਆ ਤਾਂ ਸਈਂ-ਤੇਰੀਆਂ ਅਕਲ ਦੀਆਂ ਗੱਲਾਂ ਸੁਣ ਕੇ ਕਿਸ ਭੜੂਏ ਨੇ ਹਿੱਸਾ ਮੰਗਣਾ ਤੇ ਲੈਣਾ।"

ਮਿੱਥੇ ਸਮੇਂ 'ਤੇ ਉਹ ਆ ਪਹੁੰਚਿਆ ਸੀ। ਮੈਂ ਆਪਣੀ ਮਿੱਤਰ-ਮੰਡਲੀ ਨਾਲ ਉਸ ਦੀ ਜਾਣ-ਪਹਿਚਾਣ ਕਰਵਾਈ ਪਰ ਇਹ ਨਾ ਦੱਸਿਆ ਕਿ ਉਹ ਰਿਕਸ਼ਾ ਚਲਾਉਂਦਾ ਹੈ। ਜਦੋਂ ਮੈਂ



ਆਪਣੀ ਗੱਲ ਖਤਮ ਕੀਤੀ ਤਾਂ ਉਹ ਸ਼ੁਰੂ ਹੋ ਗਿਆ, "ਹਰਜਿੰਦਰ ਪਾਲ ਤਾਂ ਐਵੇਂ ਮੇਰੀਆਂ ਵਡਿਆਈਆਂ ਕਰੀ ਜਾ ਰਿਹਾ। ਮੈਂ ਰਿਕਸ਼ਾ ਚਲਾਉਣ ਵਾਲਾ ਇੱਕ ਆਮ ਜਿਹਾ ਮਜ਼ਦੂਰ ਹਾਂ।"

ਗਲਾਸਾਂ ਵਿੱਚ ਸ਼ਰਾਬ ਪਾਈ ਗਈ। ਜੱਸੇ ਨੇ ਪਹਿਲਾ ਪੈੱਗ ਖਤਮ ਕਰਦਿਆਂ ਹੀ ਨਵੀਂ ਸਰਕਾਰ ਦੀਆਂ ਵਡਿਆਈਆਂ ਦੇ ਪੁੱਲ ਬੰਨਣੇ ਸ਼ੁਰੂ ਕਰ ਦਿੱਤੇ। ਉਹ ਨੂੰ ਗੱਲ ਕਹਿਣ ਤੇ ਮੰਨਵਾਉਣ ਦਾ ਵਲ਼ ਆਉਂਦਾ। ਅਸੀਂ ਸਾਰੇ ਹਾਂ ਵਿੱਚ ਸਿਰ ਮਾਰੀ ਜਾ ਰਹੇ ਸੀ। ਸੁਲਤਾਨ ਸਿੰਘ ਚੁੱਪ ਰਿਹਾ ਪਰ ਜੱਸੇ ਦੀ ਗੱਲ ਨੂੰ ਧਿਆਨ ਨਾਲ ਸੁਣੀ ਗਿਆ।

ਫੇਰ ਉਸ ਪੁੱਛਿਆ, "ਸਰਦਾਰ ਜੀ, ਤੁਹਾਡੀ ਗੱਲ ਖਤਮ ਹੋ ਗਈ ਤਾਂ ਮੈਂ ਆਪਣੀ ਗੱਲ ਸ਼ੁਰੂ ਕਰਾਂ।" ਉਸ ਅਜੇ ਤਾਈਂ ਆਪਣੇ ਗਲਾਸ ਨੂੰ ਹੱਥ ਨਹੀਂ ਲਾਇਆ ਸੀ।

"ਕਿਉਂ ਨ੍ਹੀਂ-ਕਿਉਂ ਨ੍ਹੀਂ-ਜ਼ਰੂਰ ਜੀ। ਪਰ ਹੋਵੇ ਫੈਕਟਸ ਤੇ ਫਿਗਰਜ਼ ਨਾਲ।"

"ਜੇ ਮੇਰੀ ਗੱਲ ਨੂੰ ਤੁਸੀਂ ਚਾਰੇ ਜਣੇ ਝੂਠ ਸਿੱਧ ਕਰ ਦਿਓ ਤਾਂ ਅੱਜ ਦੀ ਇਸ ਮਿਲਣੀ ਦਾ ਸਾਰਾ ਖਰਚਾ ਮੇਰਾ ਰਿਹਾ।" ਉਸ ਗਲਾਸ ਨੂੰ ਥੋੜ੍ਹਾ ਕੁ ਪਰ੍ਹਾਂ ਨੂੰ ਖਿਸਕਾ ਕੇ ਕਿਹਾ।

"ਇਰਸ਼ਾਦ।" ਜੱਸੇ ਨੇ ਕਿਹਾ।

"ਸਰਕਾਰ ਕੋਈ ਵੀ ਆ ਜਾਵੇ- ਸੋਚਣਾ ਉਸ ਆਪਣੇ ਖਾਸ ਬੰਦਿਆਂ ਬਾਰੇ ਹੀ ਆ। ਸਾਡੇ ਦੇਸ਼ ਦੀ ਆਬਾਦੀ ਇੱਕ ਅਰਬ ਤੇ ਪੰਝੀ ਕਰੋੜ ਆ। ਆਹ ਜੋ ਕਾਰਾਂ, ਟੈਲੀਵਿਜ਼ਨ, ਰੀਬੋਕ ਦੇ ਸ਼ੂਅ, ਐਡੀਸਨ ਦੀਆਂ ਕਮੀਜ਼ਾਂ, ਜਹਾਜ਼, ਏ.ਸੀ. ਸਲੀਪਰ- ਇਹ ਸਭ ਕੁਝ ਪੰਜ-ਦਸ ਕਰੋੜ ਲੋਕਾਂ ਲਈ ਨੇ। ਇੱਕ ਅਰਬ ਤਾਂ ਕਿਸੇ ਗਿਣਤੀ 'ਚ ਨ੍ਹੀਂ ਆਉਂਦੇ। ਇਹ ਤਾਂ ਉਨ੍ਹਾਂ ਲਈ ਸਿਰਫ ਵੋਟਾਂ ਹੁੰਦੀਆਂ। ਉਹ ਵੀ ਪੰਜ ਸਾਲਾਂ 'ਚ ਇੱਕ ਵਾਰ ਹੀ। ਜਦੋਂ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਤਾਂ ਉਹਨੂੰ ਗੰਗਾ ਸਾਫ ਕਰਾਉਣ ਦਾ ਫੁਰਨਾ ਫੁਰਿਆ। ਬਈ ਇਹ ਸਾਡੀ ਪਵਿੱਤਰ ਨਦੀ ਆ। ਇਹ ਸਾਫ਼ ਹੋਣੀ ਚਾਹੀਦੀ ਆ। ਇਸ 'ਚ ਸੀਵਰੇਜ਼ ਤੇ ਹੋਰ ਗੰਦ ਨ੍ਹੀਂ ਪਾਉਣਾ ਚਾਹੀਦਾ। ਉਦੋਂ ਕਿਸੇ ਪੱਤਰਕਾਰ ਨੇ ਇੱਕ ਲੇਖ ਲਿਖਿਆ ਸੀ 'ਗ' ਸੇ ਗੰਗਾ, 'ਗ' ਸੇ ਗਰੀਬੀ। ਉਹਨੇ ਬੜੀ ਡੂੰਘੀ ਖੋਜ ਕੀਤੀ ਸੀ। ਉਸ ਦੱਸਿਆ ਕਿ ਜਿੱਥੋਂ-ਜਿੱਥੋਂ ਦੀ ਗੰਗਾ ਵਗਦੀ ਏ ਉੱਥੇ-ਉੱਥੇ ਬਹੁਤ ਗਰੀਬੀ ਏ। ਲੋਕਾਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨ੍ਹੀਂ ਹੁੰਦੀ। ਜਿੱਥੇ ਪਰਿਵਾਰ ਦੀ ਮਹੀਨੇ ਦੀ ਆਮਦਨ ਪੰਜ ਸੌ ਰੁਪਈਆ ਵੀ ਨ੍ਹੀਂ ਬਣਦੀ, ਉੱਥੇ ਗੰਗਾ ਦੀ ਸਫਾਈ ਬਾਰੇ ਕੌਣ ਸੋਚ ਸਕਦਾ… ਹੁਣ ਰਹੀ ਫੈਕਟਸ ਤੇ ਫਿਗਰਜ਼ ਵਾਲੀ ਗੱਲ। ਮੇਰਾ ਇੱਕ ਜਾਣੂ ਟ੍ਰਾਂਸਪੋਰਟ ਡਿਪਾਰਟਮੈਂਟ 'ਚ ਕਲਰਕ ਲੱਗਾ। ਇਹ ਗੱਲ ਮੈਨੂੰ ਉਸੇ ਨੇ ਦੱਸੀ ਸੀ। ਜਦੋਂ ਤੁਹਾਡੀ ਪਾਰਟੀ ਦੀ ਸਰਕਾਰ ਸੀ ਤਾਂ ਉਨ੍ਹਾਂ ਦੇ ਡਿਪਾਰਟਮੈਂਟ ਨੇ ਡਰਾਈਵਰਾਂ ਦੀ ਭਰਤੀ ਕੀਤੀ। ਰੇਟ ਸੀ ਪਝੱਤਰ ਹਜ਼ਾਰ। ਨੀਲੀਆਂ ਪੱਗਾਂ ਵਾਲਿਆਂ ਦੀ ਸਰਕਾਰ ਬਣੀ ਤਾਂ ਰੇਟ ਹੋ ਗਿਆ ਇੱਕ ਲੱਖ। ਫੇਰ ਤੁਹਾਡੀ ਪਾਰਟੀ ਦੀ ਸਰਕਾਰ ਆਈ ਤਾਂ ਰੇਟ ਹੋ ਗਿਆ ਸਵਾ ਲੱਖ। ਕੋਈ ਮੇਰੀ ਗੱਲ ਨੂੰ ਝੂਠ ਸਿੱਧ ਕਰ ਦੇਵੇ ਤਾਂ ਜੋ ਕਹੂੰਗੇ ਮੈਂ ਉਹੀ ਕਰਾਂਗਾ…।"

ਸਾਰਿਆਂ ਨੇ ਚੰਨੀ ਵੱਲ ਦੇਖਿਆ ਕਿਉਂਜੁ ਉਸ ਦਾ ਸੰਬੰਧ ਉਸੇ ਦਫਤਰ ਨਾਲ ਸੀ। ਉਸ ਦੱਸਿਆ, "ਬਿਲਕੁਲ ਠੀਕ ਆ ਜੀ।"

ਪਹਿਲੀ ਮਿਲਣੀ ਵਿੱਚ ਹੀ ਸੁਲਤਾਨ ਸਿੰਘ ਨੇ ਆਪਣਾ ਸਿੱਕਾ ਜਮਾ ਲਿਆ ਸੀ। ਫੇਰ ਜੇ ਕਿਸੇ ਬੈਠਕ ਵਿੱਚ ਉਹ ਨਾ ਆਉਂਦਾ ਤਾਂ ਅਸੀਂ ਸਾਰੇ ਉਸ ਦੀ ਘਾਟ ਮਹਿਸੂਸ ਕਰਦੇ। ਅਸੀਂ ਵਾਰ-ਵਾਰ ਗੇਟ ਵੱਲ ਦੇਖਦੇ ਕਿ ਹੁਣ ਵੀ ਆਇਆ ਕਿ ਹੁਣ ਵੀ ਆਇਆ। ਸਾਨੂੰ ਉਸ ਦੀਆਂ ਗੱਲਾਂ ਸੁਣਨ ਦਾ ਭੁੱਸ ਪੈ ਗਿਆ ਸੀ। ਗੱਲਾਂ ਦਾ ਤਾਂ ਉਸ ਕੋਲ ਖਜ਼ਾਨਾ ਸੀ। ਬਹੁਤੀਆਂ ਹੱਡ ਬੀਤੀਆਂ

ਦਾ। ਇੱਕ ਵਾਰ ਉਹ ਨੂੰ ਛੋੜਨਾ ਪੈਂਦਾ। ਫੇਰ ਉਹ ਲੜੀ ਟੁੱਟਣ ਨਾ ਦਿੰਦਾ।

ਇੱਕ ਹੋਰ ਮਿਲਣੀ ਵਿੱਚ ਉਸ ਆਪਣੀ ਹੱਡਬੀਤੀ ਸੁਣਾਈ ਸੀ, "ਪਿੱਛਲੇ ਸਾਲ ਮੈਨੂੰ 'ਅਜੀਤ' ਅਖ਼ਬਾਰ ਕੋਲ ਇੱਕ ਸਵਾਰੀ ਮਿਲੀ। ਉਸ ਲੰਮੇ ਪਿੰਡ ਵਾਲੇ ਗੇਟ ਕੋਲ ਜਾਣਾ ਸੀ। ਜਦੋਂ ਮੈਂ ਉਸ ਨੂੰ ਜਾ ਲਾਹਿਆ ਤਾਂ ਉਹ ਕਿੰਨਾ ਚਿਰ ਹੀ ਰਿਕਸ਼ੇ 'ਚ ਬੈਠੀ ਰਹੀ। ਮੈਂ ਸੋਚਿਆ ਕਿ ਕਿਸੇ ਦਾ ਇੰਤਜ਼ਾਰ ਕਰ ਰਹੀ ਹੋਵੇਗੀ। ਉਸ ਕੁਸ਼ ਚਿਰ ਸਿੱਧਿਆਂ ਹੀ ਮੇਰੇ ਵੱਲ ਦੇਖਿਆ ਤੇ ਪੈਸੇ ਦੇ ਕੇ ਤੁਰ ਗਈ। ਇੱਕ ਹੀ ਮਹੀਨੇ 'ਚ ਉਹ ਤਿੰਨ ਵਾਰ 'ਅਜੀਤ' ਅਖ਼ਬਾਰ ਕੋਲ ਮਿਲੀ। ਤੀਜੀ ਵਾਰ ਜਦੋਂ ਮੈਂ ਉੱਧਰ ਆਇਆ ਤਾਂ ਉਹ ਰਿਕਸ਼ੇ 'ਚ ਬੈਠਦਿਆਂ ਸਾਰ ਬੋਲੀ, 'ਅੱਜ ਜਿੱਥੇ ਤੇਰਾ ਜੀਅ ਕਰਦਾ ਮੈਨੂੰ ਲੈ ਚੱਲ।' ਸੱਚ ਜਾਣਿਉਂ ਮੈਨੂੰ ਤਾਂ ਕੱਚੀਆਂ ਤ੍ਰੇਲੀਆਂ ਆ ਗਈਆਂ। ਐਡੀ ਸੋਹਣੀ ਜ਼ਨਾਨੀ-ਮੈਨੂੰ ਕਹਿ ਰਹੀ ਸੀ। ਮੈਂ ਉਸ ਦੀ ਗੱਲ ਦਾ ਕੋਈ ਜੁਆਬ ਨਾ ਦਿੱਤਾ। ਜਿੱਥੇ ਉਸ ਜਾਣਾ ਸੀ, ਪਹੁੰਚਾ ਦਿੱਤਾ। ਕਿਹਾ, 'ਮੈਂ ਆਪਣੇ ਲਗੋਟੇ ਦਾ ਜਤੀ ਆਂ। ਮੇਰੇ ਵੈਲੀ ਬਾਪ ਨੇ ਮੇਰੀ ਮਾਂ ਦੀ ਜ਼ਿੰਦਗੀ ਰੋਲ ਕੇ ਰੱਖ ਦਿੱਤੀ ਸੀ। ਮੈਂ ਆਪਣੀ ਘਰ ਵਾਲੀ ਤੋਂ ਬਿਨਾਂ ਕਿਸੇ ਦੂਜੀ ਜ਼ਨਾਨੀ ਵੱਲ ਕਦੇ ਧਿਆਨ ਨਾਲ ਦੇਖਿਆ ਹੀ ਨ੍ਹੀਂ।' ਵਾਪਸੀ 'ਤੇ ਮੈਨੂੰ ਕਈਆਂ ਨੇ ਹੱਥ ਦਿੱਤਾ ਪਰ ਮੈਂ ਕੋਈ ਵੀ ਸਵਾਰੀ ਨਾ ਚੁੱਕੀ। ਮੇਰੀਆਂ ਅੱਖਾਂ ਅੱਗੇ ਤਾਂ ਹਨੇਰਾ ਜਿਹਾ ਆ ਰਿਹਾ ਸੀ। ...ਮਹੀਨੇ ਕੁ ਬਾਅਦ ਮੈਂ ਰੈਣਕ ਬਾਜ਼ਾਰ 'ਚੋਂ ਲੰਘ ਰਿਹਾ ਸੀ ਕਿ ਉਹ ਥ੍ਰੀਵੀਲ੍ਹਰ ਤੋਂ ਉੱਤਰ ਕੇ ਮੇਰੇ ਰਿਕਸ਼ੇ 'ਤੇ ਆ ਬੈਠੀ। ਮੈਂ ਉਸ ਅੱਗੇ ਹੱਥ ਜੋੜੇ ਤੇ ਪੁੱਛਿਆ, 'ਬੀਬੀ, ਤੈਨੂੰ ਮੇਰੇ 'ਚ ਅਜਿਹਾ ਕੀ ਦਿੱਸਿਆ ਜਿਹੜੀ ਕਿ ਮੇਰੇ ਮਗਰ ਹੀ ਪੈ ਗਈ ਏਂ।' ਉਹ ਸਹਿਜੇ ਜਿਹੇ ਬੋਲੀ, 'ਮੇਰੇ ਹਸਬੈਂਡ ਬਾਹਰ ਗਏ ਨੇ। ਤੁਸੀਂ ਬਿਲਕੁਲ ਉਨ੍ਹਾਂ ਦੀ ਕਾਰਬਿਨ ਕਾਪੀ ਹੋ। ਜਦੋਂ ਮੈਂ ਤੁਹਾਨੂੰ ਦੇਖਦੀ ਆਂ ਤਾਂ ਮੈਨੂੰ ਉਹ ਦਿੱਸਣ ਲੱਗ ਜਾਂਦੇ ਨੇ।' ਮੈਂ ਕਿਹਾ, 'ਇਹ ਗੱਲ ਤਾਂ ਠੀਕ ਹੋ ਸਕਦੀ ਆ। ਪਰ ਮੈਂ ਤੁਹਾਡੀ ਕੋਈ ਹੋਰ ਗੱਲ ਨ੍ਹੀਂ ਮੰਨ ਸਕਦਾ।' ਕੁਸ਼ ਦਿਨ ਬਾਅਦ ਮੈਂ ਇਹ ਗੱਲ ਆਪਣੇ ਇੱਕ ਭਾਈਬੰਦ ਨੂੰ ਦੱਸੀ ਤਾਂ ਉਹ ਬੋਲਿਆ, 'ਸਾਲਾ ਨਾਮਰਦ।' ਨੱਥੂ ਦਾ ਕਹਿਣਾ ਸੀ, 'ਤੂੰ ਠੀਕ ਕੀਤਾ। ਇਸ ਦੁਨੀਆ ਦੇ ਰੰਗਾਂ ਨੂੰ ਨੀਲੀ ਛੱਤਰੀ ਵਾਲਾ ਹੀ ਜਾਣਦਾ'।"

***

ਸੁਲਤਾਨ ਸਿੰਘ ਕਾਰਪੋਰੇਸ਼ਨ ਦੇ ਟੁਆਲਿਟ ਵੱਲੋਂ ਆਉਂਦਾ ਦਿੱਸਿਆ ਸੀ। ਮੈਨੂੰ ਪਤਾ ਸੀ ਕਿ ਉਹ ਇੱਕ ਆਮ ਆਦਮੀ ਵਾਂਗੂੰ, ਜਿੱਥੇ ਜੀਅ ਕੀਤਾ, ਜਿਪ ਖੋਲ੍ਹ ਕੇ ਫਾਰਿੰਗ ਨਹੀਂ ਹੁੰਦਾ।

"ਮਾਸਟਰ, ਆਪਾਂ ਕਿਤੇ ਬੈਠਣਾ।" ਮੈਂ ਉਸ ਅੱਗੇ ਆ ਕੇ ਕਿਹਾ।

"ਅੱਜ ਤਾਂ ਮਹੀਨੇ ਦਾ ਪਹਿਲਾ ਐਤਵਾਰ ਨ੍ਹੀਂ।" ਉਹ ਨੇ ਹੈਰਾਨੀ ਜਾਹਿਰ ਕਰਦਿਆਂ ਹੋਇਆਂ ਪੁੱਛਿਆ।

"ਆਹ ਮੇਰੀ ਮਾਸੀ ਦਾ ਮੁੰਡਾ ਰਣਜੀਤ ਦਿੱਲੀਉਂ ਆਇਆ। ਆਪਾਂ ਇਹਦਾ ਦਿਲ ਲਾਉਣਾ।"

"ਫੇਰ ਕਿੱਥੇ ਬੈਠਣਾ?"

"ਮਾਡਲ ਟਾਊਨ ਰੋਡ ਕੋਲ ਪੈਂਦੇ ਅਹਾਤੇ 'ਚ।"

"ਤੁਸੀਂ ਚੱਲੋ- ਮੈਂ ਅਹਾਤੇ ਆਇਆ...।"

***



ਪੈੱਗ ਪਾ ਕੇ ਮੈਂ ਸੁਲਤਾਨ ਸਿੰਘ ਨੂੰ ਰਣਜੀਤ ਬਾਰੇ ਦੱਸਿਆ, "ਰਣਜੀਤ ਏ.ਜੀ. 'ਚ ਸੈਕਸ਼ਨ ਅਫ਼ਸਰ ਲੱਗਾ। ਮੈਂ ਇਸ ਬਾਰੇ ਸਹੁੰ ਖਾ ਕੇ ਕਹਿ ਸਕਦਾਂ ਕਿ ਇਸ ਨਾ ਤਾਂ ਕਦੇ ਕਿਸੇ ਕੋਲੋਂ ਫਰੀ 'ਚ ਚਾਹ ਦਾ ਕੱਪ ਪੀਤਾ। ਨਾ ਹੀ ਕੋਈ ਗਿਫਟ ਲਿਆ। ਜਦੋਂ ਕਿਸੇ ਦਫਤਰ ਦਾ ਆਡਿਟ ਕਰਨ ਜਾਂਦਾ ਤਾਂ ਆਪਣਾ ਟਿਫਨ ਨਾਲ ਹੀ ਲੈ ਕੇ ਜਾਂਦਾ। ਬੈਂਗ 'ਚ ਪਾਣੀ ਵਾਲੀ ਬੋਤਲ ਹੁੰਦੀ। ਸਾਡੀ ਭਰਜਾਈ ਵੀ ਨੌਕਰੀ ਕਰਦੀ। ਦੋ ਬੱਚੇ ਨੇ। ਵੱਡੀ ਕੁਸਮ ਬੀ.ਐਸਸੀ. ਕਰ ਰਹੀ। ਛੋਟਾ ਸੰਜੀਵਨ ਪਲੱਸ ਟੂ 'ਚ ਆ। ਘਰ ਦਾ ਆਪਣਾ ਮਕਾਨ। ਦਾਤੇ ਦੀ ਪੂਰੀ ਮਿਹਰ ਏ।"

"ਫੇਰ ਤਾਂ ਕਮਾਲ ਹੈ ਜੀ। ਸਰਕਾਰੀ ਮੁਲਾਜਮ ਤੇ ਇਮਾਨਦਾਰੀ! ਇਹ ਤਾਂ ਉਹ ਗੱਲ ਆ- ਤੁਸੀਂ ਕੀ ਅਖੌਤ ਕਹਿੰਦੇ ਹੁਣੇ- ਕੋਈ ਹਰਿਆ ਬੂਟ ਰਹੇਓ।"

"ਕਿਸੇ ਚੀਜ਼ ਦਾ ਬੀਜ਼ ਨਾਸ਼ ਨ੍ਹੀਂ ਹੁੰਦਾ।" ਮੈਂ ਆਪਣੀ ਗੱਲ 'ਤੇ ਜ਼ੋਰ ਦਿੱਤਾ।

"ਇਸ ਗੱਲ ਨੂੰ ਤਾਂ ਮੈਂ ਵੀ ਮੰਨਦਾਂ। ਇਸੇ ਕਰ ਕੇ ਇਹ ਧਰਤੀ ਘੁੰਮ ਰਹੀ ਆ। ਨ੍ਹੀਂ ਤਾਂ ਕਦੋਂ ਦਾ ਪਟਾਕਾ ਨਾ ਬੋਲ ਗਿਆ ਹੁੰਦਾ।"

"ਮਾਸਟਰ ਜੀ, ਕੋਈ ਗਿਆਨ-ਧਿਆਨ ਦੀ ਗੱਲ ਹੋ ਜਾਏ।" ਮੈਂ ਉਹ ਨੂੰ ਛੇੜਿਆ।

"ਗਿਆਨ-ਧਿਆਨ ਦੀਆਂ ਗੱਲਾਂ ਬਾਅਦ 'ਚ। ਪਹਿਲਾਂ ਇੱਕ ਹੱਡਬੀਤੀ ਸੁਣਾਉਣਾਂ। ਜਦੋਂ ਮੈਂ ਰਿਕਸ਼ਾ ਚਲਾਉਣਾ ਸ਼ੁਰੂ ਕੀਤਾ ਤਾਂ ਕਦੇ ਨਾ ਕਦੇ ਮੇਰੇ ਮਨ 'ਚ ਆ ਜਾਇਆ ਕਰੇ ਕਿ ਮਨਾ ਤੂੰ ਕਿਹੜਾ ਕੰਮ ਸ਼ੁਰੂ ਕਰ ਲਿਆ। ਇਹ ਤਾਂ ਕੋਈ ਵੀ ਅਨਪੜ੍ਹ ਕਿਸਮ ਦਾ ਬੰਦਾ ਕਰ ਸਕਦਾ। ਜਿੱਥੇ ਕਿਤੇ ਜਾਣਾ ਹੋਵੇ ਸਵਾਰੀ ਆਪਣਾ ਰਸਤਾ ਸਮਝਾ ਦਿੰਦੀ। ਕਦੇ-ਕਦੇ ਮੈਨੂੰ ਆਪਣੀ ਜਾਤ ਦਾ ਵੀ ਗੁਮਾਨ ਹੋ ਜਾਇਆ ਕਰੇ। ਫੇਰ ਮੈਂ ਮਨ ਨੂੰ ਸਮਝਾਇਆ-'ਤੈਨੂੰ ਸਰਕਾਰੀ ਨੌਕਰੀ ਤਾਂ ਮਿਲਣੀ ਨ੍ਹੀਂ। ਨਾ ਤੇਰੇ ਕੋਲ ਸਿਫਾਰਸ਼। ਨਾ ਪੈਸੇ। ਫੇਰ ਪੰਜਾਬ ਵਾਲੇ ਸਾਡੇ ਯੂ.ਪੀ. ਵਾਲਿਆਂ ਨੂੰ ਕਦੋਂ ਨੌਕਰੀ ਦਿੰਦੇ ਨੇ।' ਇਨ੍ਹਾਂ ਨੂੰ ਕੌਣ ਸਮਝਾਏ ਕਿ ਅਸੀਂ ਪੰਜਾਬੀ ਆਂ, ਮੇਰਾ ਬਾਪ ਦੂਜੇ ਪਿੰਡ ਦੀ ਕੁੜੀ ਕੱਢ ਕੇ ਲਖਨਊ ਵੱਲ ਦੌੜ ਗਿਆ ਸੀ। ਅਸੀਂ ਸਾਰੇ ਜਣੇ ਘਰ 'ਚ ਹਿੰਦੀ ਮਿਲੀ ਪੰਜਾਬੀ ਬੋਲਦੇ ਆਂ। ਇੱਕ ਦਿਨ ਰਵਿਦਾਸ ਚੌਕ ਤੋਂ ਬੱਸ ਸਟੈਂਡ ਜਾਣ ਲਈ ਇੱਕ ਵਲੈਤੀਆ ਮਿਲਿਆ। ਉਹਨੇ ਮੇਰੇ ਰਿਕਸ਼ੇ 'ਤੇ ਲਿਖਿਆ ਪੜ੍ਹ ਲਿਆ ਸੀ। ਫੇਰ ਵੀ ਪੁੱਛ ਲਿਆ, 'ਤੂੰ ਸੱਚੀਂ ਬੀ.ਏ. ਕੀਤੀ।' ਮੈਂ ਦੱਸਿਆ-'ਹਾਂ ਜੀ।' ਫੇਰ ਉਹ ਬੋਲਿਆ, 'ਤੂੰ ਉਸ ਦਿਨ ਸਫ਼ਲ ਹੋਇਆ ਲੈ, ਜਿਸ ਦਿਨ ਤੇਰੇ ਮਨੋ ਇਹ ਗੱਲ ਨਿਕਲ ਗਈ ਕਿ ਤੂੰ ਬੇ.ਏ. ਪਾਸ ਆਂ।' ਮੈਂ ਪੁੱਛ ਲਿਆ, 'ਉਹ ਕਿੱਦਾਂ ਜੀ?' ਉਸ ਦੱਸਿਆ, 'ਮੈਂ ਪਿਛਲੇ ਪੈਂਤੀ ਸਾਲਾਂ ਤੋਂ ਇੰਗਲੈਂਡ ਰਹਿ ਰਿਹਾਂ। ਜਦੋਂ ਇੱਥੋਂ ਗਿਆ ਤਾਂ ਚੰਗਾ ਭਲਾ ਲੁਧਿਆਣੇ ਪ੍ਰੋਫ਼ੈਸਰ ਲੱਗਾ ਸੀ। ਬਸ ਗੋਰੀਆਂ ਦੇ ਦੇਸ਼ ਨੇ ਮੋਹ ਲਿਆ। ਇੱਕ ਕੁੜੀ ਆਈ ਤੇ ਮੈਨੂੰ ਆਪਣਾ ਲਾਈਫ ਪਾਰਟਨਰ ਬਣਾ ਕੇ ਲੈ ਗਈ। ਮੈਂ ਡਬਲ ਐੱਮ.ਏ.। ਕੰਮ ਮਿਲਿਆ ਰੂੰ ਪਿੰਜਣ ਵਾਲੀ ਫੈਕਟਰੀ 'ਚ। ਇੱਕ ਦਿਨ ਮੇਰੇ ਕੋਲ ਕੋਈ ਕੰਮ ਨ੍ਹੀਂ ਸੀ। ਮੇਰਾ ਸੁਪਰਵਾਈਜ਼ਰ ਬੋਲਿਆ-'ਚੱਲੋ ਟੋਆਲਿਟ ਸਾਫ਼ ਕਰੋ।' ਮੈਨੂੰ ਵਟ ਚੜ੍ਹਿਆ। ਮੈਂ ਨਾਂਹ ਕਰ ਦਿੱਤੀ। ਉਸ ਮੈਨੂੰ ਕੁਸ਼ ਨਾ ਕਿਹਾ। ਆਪ ਜਾ ਕੇ ਟੋਆਇਲਟ ਸਾਫ਼ ਕਰ ਆਇਆ। ਫੇਰ ਮੈਂ ਵੱਖ-ਵੱਖ ਫੈਕਟਰੀਆਂ 'ਚ ਕੰਮ ਕੀਤਾ। ਮੈਂ ਦੇਖਿਆ ਤੇ ਜਾਣਿਆ ਕੋਈ ਵੀ ਕੰਮ ਮਾੜਾ ਨ੍ਹੀਂ ਹੁੰਦਾ। ਬੰਦੇ ਦੀ ਨੀਅਤ ਮਾੜੀ ਨ੍ਹੀਂ ਹੋਣੀ ਚਾਹੀਦੀ।' ਮੈਂ ਉਸ ਸ਼ਖ਼ਸ ਦੀ ਗੱਲ ਨੂੰ ਲੜ ਬੰਨ ਲਿਆ। ਬਾਬੂ ਜੀ, ਰਿਕਸ਼ਾ ਚਲਾਉਣ ਨਾਲ ਮੈਂ ਐਨਾ ਕੁਸ਼ ਸਿੱਖਿਆ-ਜੇ ਮੈਂ ਉਸ ਫਰਮ 'ਚ ਸਾਰੀ ਉਮਰ ਵੀ ਅਕਾਊਂਟੈਂਟ ਲੱਗਾ ਰਹਿੰਦਾ ਤਾਂ ਸ਼ਾਇਦ

ਮੈਂ ਨਾ ਸਿੱਖ ਸਕਦਾ। ਰੋਜ਼ ਨਵੀਂ ਤੋਂ ਨਵੀਂ ਸਵਾਰੀ ਮਿਲਦੀ। ਕਈ ਆਪ ਬੋਲੀ ਜਾਂਦੀਆਂ। ਕਈਆਂ ਨੂੰ ਬੁਲਾਉਣਾ ਪੈਂਦਾ। ਕਈ ਸਵਾਰੀਆਂ ਸਿਆਣੀਆਂ ਮਿਲਦੀਆਂ। ਕਈ ਬੜੀਆਂ ਫੜਾਂ ਮਾਰਦੀਆਂ। ਐਦਾਂ ਹੀ ਇੱਕ ਸਰਦਾਰ ਜੀ ਮਿਲੇ। ਉਸ ਤੋਂ ਮੈਂ ਸਿੱਖਿਆ ਕਿ ਘਰ ਵਾਲੀ ਦੀ ਕੋਈ ਗੱਲ ਕਿਸੇ ਨਾਲ ਸ਼ੇਅਰ ਨ੍ਹੀਂ ਕਰਨੀ ਚਾਹੀਦੀ ਭਾਵੇਂ ਤੁਹਾਡਾ ਕਿੰਨਾ ਵੀ ਨੇੜਲਾ ਰਿਸ਼ਤੇਦਾਰ ਜਾਂ ਦੋਸਤ ਕਿਉਂ ਨਾ ਹੋਵੇ। ਉਹ ਤੁਹਾਡੀ ਅਰਧਾਂਗਨੀ ਹੁੰਦੀ। ਜੇ ਤੁਸੀਂ ਉਸ ਦੀ ਇੱਜ਼ਤ ਨ੍ਹੀਂ ਕਰੋਗੇ ਤਾਂ ਬਾਕੀ ਵੀ ਨ੍ਹੀਂ ਕਰਨਗੇ... ਇੱਕ ਦਿਨ ਮੈਂ ਇੱਕ ਸਵਾਰੀ ਨੂੰ ਖਾਲਸਾ ਸਕੂਲ ਕੋਲੋਂ ਚੁੱਕਿਆ। ਉਸ ਸਟੇਸ਼ਨ 'ਤੇ ਜਾਣਾ ਸੀ। ਉਸ ਫ਼ਿਲਮਾਂ ਦੀਆਂ ਗੱਲਾਂ ਛੇੜ ਲਈਆਂ। ਬੜਾ ਗਿਆਨ ਸੀ ਉਸਨੂੰ ਫ਼ਿਲਮੀ ਐਕਟਰਾਂ ਦੀ ਜ਼ਿੰਦਗੀ ਦਾ। ਉਸ ਇੱਕ ਬੜੀ ਮਜ਼ੇਦਾਰ ਗੱਲ ਸੁਣਾਈ। ਲਓ ਜੀ ਤੁਸੀਂ ਵੀ ਸੁਣੋ: ਪੇਸ਼ਵਾਰ ਕਹਿੰਦੇ ਪ੍ਰਿਥਵੀਰਾਜ ਕਪੂਰ ਦੇ ਪਿਓ ਬਸ਼ੇਸ਼ਰਨਾਥ ਤੇ ਦਲੀਪ ਕੁਮਾਰ ਦੇ ਪਿਓ ਸਰਵਰ ਖ਼ਾਨ ਦੀ ਬੜੀ ਯਾਰੀ ਸੀ। ਜਦੋਂ ਪ੍ਰਿਥਵੀਰਾਜ ਫ਼ਿਲਮਾਂ 'ਚ ਕੰਮ ਕਰਨ ਲੱਗਾ ਤਾਂ ਸਰਵਰ ਖ਼ਾਨ ਬਸ਼ੇਸਰਨਾਥ ਨੂੰ ਛੇੜਦਾ-'ਓਏ ਕੰਜਰ ਦੇ ਪਿਓ ਆਪਣੀ ਮੁੱਛ ਨੀਵੀਂ ਕਰ।' ਉਦੋਂ ਫ਼ਿਲਮਾਂ 'ਚ ਕੰਮ ਕਰਨ ਵਾਲਿਆਂ ਨੂੰ ਚੰਗਾ ਨ੍ਹੀਂ ਸੀ ਸਮਝਿਆ ਜਾਂਦਾ। ਫੇਰ ਸਰਵਰ ਖ਼ਾਨ ਦਾ ਆਪਣਾ ਮੁੰਡਾ ਯੂਸੁਫ਼ ਖ਼ਾਨ, ਜਿਸ ਨੇ ਆਪਣਾ ਫ਼ਿਲਮੀ ਨਾਂ ਦਲੀਪ ਕੁਮਾਰ ਰੱਖਿਆ ਸੀ, ਵੀ ਫ਼ਿਲਮਾਂ 'ਚ ਚਲਾ ਗਿਆ। ਹੁਣ ਬਸ਼ੇਸ਼ਰਨਾਥ ਉਸ ਨੂੰ ਛੇੜਦਾ-'ਹੁਣ ਤੂੰ ਵੀ ਕੰਜਰ ਦਾ ਪਿਓ ਹੋ ਗਿਆਂ।' ਪੁਰਾਣੇ ਲੋਕਾਂ 'ਚ ਬੜਾ ਪਿਆਰ ਹੁੰਦਾ ਸੀ। ਹੁਣ ਵਾਂਗੂੰ ਝਟਪਟ ਲੜਨ ਨੂੰ ਤਿਆਰ ਨ੍ਹੀਂ ਬੈਠੇ ਹੁੰਦੇ ਸੀ... ਆਪਾਂ ਮਾੜੇ ਲੋਕਾਂ ਦੀ ਗਿਣਤੀ ਕਰ ਕੇ ਕੀ ਲੈਣਾ। ਇਨ੍ਹਾਂ ਦੀ ਗਿਣਤੀ ਹੋ ਹੀ ਨ੍ਹੀਂ ਸਕਦੀ। ਜਦੋਂ ਕੋਈ ਮਾੜੀ ਸਵਾਰੀ ਮੇਰੇ ਰਿਕਸ਼ੇ ਤੋਂ ਉਤਰਦੀ ਆ ਮੈਂ ਉਦੋਂ ਹੀ ਉਸ ਨੂੰ ਭੁੱਲ ਜਾਣਾਂ...।"

ਰਣਜੀਤ ਨੇ ਕਿਹਾ, "ਯਾਰ ਤੂੰ ਤਾਂ ਕਮਾਲ ਦਾ ਬੰਦਾ। ਹੁਣ ਮੈਂ ਜਦੋਂ ਵੀ ਆਇਆ ਤੈਨੂੰ ਅਵੱਸ਼ ਮਿਲਿਆ ਕਰੂੰਗਾ।"

"ਬਾਬੂ ਜੀ, ਹਰ ਕਲਾਸ ਕੋਲ ਆਪਣਾ-ਆਪਣਾ ਸੱਚ ਹੁੰਦਾ। ਗਰੀਬਾਂ ਦੇ ਸੱਚ ਨੂੰ ਉਤਲੀ ਕਲਾਸ ਕਦੋਂ ਜਾਣਦੀ ਆ।"

"ਤੂੰ ਕੀ ਚਾਹੁਣਾਂ?" ਰਣਜੀਤ ਨੇ ਪੁੱਛਿਆ ਸੀ।

"ਮੇਰੇ ਚਾਹੁਣ ਜਾਂ ਨਾ ਚਾਹੁਣ ਨਾਲ ਕੀ ਹੋਊਗਾ?"

"ਇਹ ਤਾਂ ਹਥਿਆਰ ਸੁੱਟਣ ਵਾਲੀ ਗੱਲ ਆ ਫੇਰ।"

"ਮੈਂ ਹਥਿਆਰ ਸੁੱਟਣ ਵਾਲਿਆਂ 'ਚੋਂ ਨ੍ਹੀਂ ਤੇ ਨਾ ਹੀ ਉਨ੍ਹਾਂ 'ਚੋਂ ਜਿਹੜੇ ਸਾਹਮਣੇ ਦਿੱਸਦੇ ਝੂਠ ਨੂੰ ਸੱਚ ਕਹਿ ਦਿੰਦੇ ਨੇ।"

ਰਣਜੀਤ ਨੇ ਉੱਠਣ ਲਈ ਮੈਨੂੰ ਇਸ਼ਾਰਾ ਕੀਤਾ ਸੀ। ਮੈਂ ਬਿੱਲ ਲਿਆਉਣ ਲਈ ਆਵਾਜ਼ ਮਾਰੀ ਤਾਂ ਸੁਲਤਾਨ ਸਿੰਘ ਨੇ ਜੇਬ ਵਿੱਚ ਹੱਥ ਪਾ ਲਿਆ। ਰਣਜੀਤ ਬੋਲਿਆ, "ਸੁਲਤਾਨ ਸਿੰਹਾਂ ਅੱਜ ਅਸੀਂ ਤੈਨੂੰ ਵਾਜ ਮਾਰ ਕੇ ਲਿਆਏ ਆਂ। ਪੈਸੇ ਅਸੀਂ ਦੇਣੇ ਨੇ। ਮੈਂ ਯੁਧਿਸ਼ਟਰ ਵਰਗਾ ਬੰਦਾ ਆਂ। ਕਦੇ ਝੂਠ ਨ੍ਹੀਂ ਬੋਲਦਾ। ਕਦੇ ਕਿਸੇ ਨਾਲ ਬੇਇਨਸਾਫ਼ੀ ਨ੍ਹੀਂ ਕਰਦਾ। ਕਦੇ ਗਰੀਬ ਮਾਰ ਨ੍ਹੀਂ ਕੀਤੀ। ਸਮਝ ਲੈ-ਅੱਜ ਦਾ ਯੱਗ ਸਾਡੇ ਵੱਲੋਂ ਸੰਪੂਰਨ ਹੋਇਆ।"

"ਬਾਬੂ ਜੀ ਸਿਰਫ ਦੋ ਮਿੰਟ ਹੋਰ ਬੈਠ ਜਾਓ। ਇਹਦਾ ਫੈਸਲਾ ਵੀ ਹੁਣੇ ਕਰ ਲੈਨੇ ਆਂ।"

ਅਸੀਂ ਫੇਰ ਬੈਠ ਗਏ।



ਸੁਲਤਾਨ ਸਿੰਘ ਨੇ ਆਪਣੀ ਗੱਲ ਸ਼ੁਰੂ ਕਰ ਲਈ, "ਕੌਰਵਾਂ-ਪਾਂਡਵਾਂ ਦੀ ਲੜਾਈ ਖਤਮ ਹੋਈ ਤਾਂ ਧਰਮ-ਪੁੱਤਰ ਯੁਧਿਸ਼ਟਰ ਨੇ ਯੱਗ ਕਰਵਾਇਆ। ਯੱਗ ਸੰਪੂਰਨ ਹੋਇਆ। ਉਹਨੇ ਦੋਹਾਂ ਹੱਥਾਂ ਨਾਲ ਸੋਨਾ-ਚਾਂਦੀ ਤੇ ਗਊਆਂ ਦਾਨ ਕੀਤੀਆਂ। ਚਹੁੰ ਕੂੰਟਾਂ 'ਚ ਯੁਧਿਸ਼ਟਰ ਦੀ ਬੱਲੇ-ਬੱਲੇ ਹੋ ਰਹੀ ਸੀ ਕਿ ਇੱਕ ਨਿਉਲਾ ਆ ਗਿਆ। ਉਸ ਦਾ ਅੱਧਾ ਧੜ ਸੋਨੇ ਦਾ ਸੀ। ਅੱਧਾ ਆਮ। ਕਿਸੇ ਨੇ ਉਸ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਸ ਦੱਸਿਆ ਇਹ ਕਿਸੇ ਧਰਮੀ ਬੰਦੇ ਦੀ ਚੰਗਿਆਈ ਕਰ ਕੇ ਹੋਇਆ। ਉਸ ਅੱਗੇ ਤਾਂ ਯੁਧਿਸ਼ਟਰ ਦਾ ਯੱਗ ਕੁਝ ਵੀ ਨ੍ਹੀਂ। ਉਸ ਆਪਣੇ ਨਾਲ ਹੋਈ ਬੀਤੀ ਸੁਣਾਈ। ਕਿਸੇ ਸ਼ਹਿਰ 'ਚ ਇੱਕ ਬ੍ਰਾਹਮਣ ਰਹਿੰਦਾ ਸੀ। ਅਕਾਲ ਪੈ ਗਿਆ। ਲੋਕ ਭੁੱਖ ਨਾਲ ਹਾਲੋ-ਬੇਹਾਲ ਹੋਣ ਲੱਗੇ। ਬ੍ਰਾਹਮਣ ਦੇ ਪਰਿਵਾਰ ਕੋਲ ਵੀ ਖਾਣ ਨੂੰ ਕੁਝ ਨਾ ਬਚਿਆ। ਉਹ, ਉਸ ਦੀ ਘਰ ਵਾਲੀ, ਮੁੰਡਾ ਤੇ ਬਹੂ ਕਿੰਨੇ ਦਿਨਾਂ ਦੇ ਭੁੱਖੇ ਸੀ। ਕਿਸੇ ਦਾਨੀ ਪੁਰਸ਼ ਕੋਲੋਂ ਬ੍ਰਾਹਮਣ ਨੂੰ ਮੁੱਠ ਕੁ ਸੱਤੂ ਮਿਲੇ। ਉਸ ਸੱਤੂਆਂ ਨੂੰ ਚਹੁੰ ਹਿੱਸਿਆਂ 'ਚ ਵੰਡ ਦਿੱਤਾ। ਉਹ ਆਪਣਾ ਹਿੱਸਾ ਖਾਣ ਹੀ ਲੱਗਾ ਸੀ ਕਿ ਇੱਕ ਪ੍ਰਾਹੁਣਾ ਆ ਗਿਆ। ਉਸ ਬ੍ਰਾਹਮਣ ਨੂੰ ਕਿਹਾ ਕਿ ਉਸ ਦੀ ਭੁੱਖ ਨਾਲ ਜਾਨ ਨਿਕਲਦੀ ਜਾ ਰਹੀ ਆ। ਘਰ 'ਚ ਜੇ ਕੁਝ ਹੈ ਤਾਂ ਉਸ ਨੂੰ ਝਟਪਟ ਖਾਣ ਨੂੰ ਦਿਓ। ਨ੍ਹੀਂ ਤਾਂ ਉਹ ਭੁੱਖ ਨਾਲ ਮਰ ਜਾਊਗਾ। ਬ੍ਰਾਹਮਣ ਨੇ ਉਸ ਨੂੰ ਆਪਣਾ ਹਿੱਸਾ ਖਾਣ ਨੂੰ ਦੇ ਦਿੱਤਾ। ਖਾ ਕੇ ਪ੍ਰਾਹੁਣਾ ਬੋਲਿਆ, 'ਪੰਡਿਤ ਜੀ, ਇਸ ਨਾਲ ਤਾਂ ਮੇਰਾ ਕੁਝ ਨ੍ਹੀਂ ਬਣਿਆ। ਮੈਨੂੰ ਹੋਰ ਖਾਣ ਨੂੰ ਦਿਓ।' ਘਰ 'ਚ ਅਜਿਹਾ ਕੁਝ ਨ੍ਹੀਂ ਸੀ ਜਿਹੜਾ ਉਹ ਪ੍ਰਾਹੁਣੇ ਨੂੰ ਖਾਣ ਨੂੰ ਦੇ ਦਿੰਦਾ। ਉਸ ਨੂੰ ਉਦਾਸ ਦੇਖ ਕੇ ਉਹ ਦੀ ਘਰ ਵਾਲੀ ਨੇ ਕਾਰਨ ਪੁੱਛਿਆ ਤਾਂ ਉਸ ਆਏ ਹੋਏ ਪ੍ਰਾਹੁਣੇ ਬਾਰੇ ਦੱਸਿਆ। ਉਹ ਬੋਲੀ, 'ਇਹ ਕਿਹੜੀ ਵੱਡੀ ਗੱਲ ਆ। ਆਹ ਮੇਰੇ ਵਾਲਾ ਹਿੱਸਾ ਉਹ ਨੂੰ ਖਾਣ ਨੂੰ ਦੇ ਦਿਓ। ਸਾਡੇ ਘਰੋਂ ਕੋਈ ਭੁੱਖਾ ਨ੍ਹੀਂ ਜਾਣਾ ਚਾਹੀਦਾ।' ਪ੍ਰਾਹੁਣੇ ਨੇ ਉਸ ਵਾਲਾ ਹਿੱਸਾ ਵੀ ਖਾ ਲਿਆ। ਫੇਰ ਹਾਏ-ਬੌੜੀ ਕਰਨ ਲੱਗਾ। ਮੁੰਡੇ ਨੂੰ ਆਪਣੇ ਪਿਓ ਦੇ ਫਿਕਰ ਬਾਰੇ ਪਤਾ ਲੱਗਾ ਤਾਂ ਉਸ ਵੀ ਆਪਣਾ ਹਿੱਸਾ ਪ੍ਰਾਹੁਣੇ ਦੇ ਖਾਣ ਲਈ ਦੇ ਦਿੱਤਾ। ਆਖਿਰ 'ਚ ਬਹੂ ਨੂੰ ਵੀ ਆਪਣਾ ਹਿੱਸਾ ਦੇਣਾ ਪਿਆ। ਉਸ ਕਿਹਾ, 'ਪਿਤਾ ਜੀ, ਤੁਹਾਡੀ ਇੱਜ਼ਤ ਤੋਂ ਜ਼ਿਆਦਾ ਇੰਪੋਰਟੈਂਟ ਕੋਈ ਚੀਜ਼ ਨ੍ਹੀਂ ਹੋ ਸਕਦੀ।' ਪ੍ਰਾਹੁਣਾ ਰੱਜ ਕੇ ਤੁਰਦਾ ਬਣਿਆ। ਚਾਰੇ ਜੀਅ ਭੁੱਖ ਨਾਲ ਮਰ ਗਏ। ਜਦੋਂ ਪ੍ਰਾਹੁਣਾ ਸੱਤੂ ਖਾ ਰਿਹਾ ਸੀ ਤਾਂ ਉਸ 'ਚੋਂ ਕੁਝ ਕੁ ਹੇਠਾਂ ਮਿੱਟੀ ਚ ਡਿੱਗ ਪਏ ਸੀ। ਮੈਂ ਉਸ 'ਚ ਲਿਟਿਆ। ਜਿੱਥੇ-ਜਿੱਥੇ ਸੱਤੂ ਡਿੱਗੇ ਸੀ ਉੱਥੋਂ ਦੀ ਮਿੱਟੀ ਮੇਰੇ ਜਿਸਮ ਦੇ ਜਿਸ-ਜਿਸ ਹਿੱਸੇ ਨੂੰ ਲੱਗੀ-ਉਹ ਸੋਨੇ ਦਾ ਹੋ ਗਿਆ। ਮੁੜ ਕੇ ਮੈਨੂੰ ਉਸ ਬ੍ਰਾਹਮਣ ਜਿਹਾ ਧਰਮੀ ਬੰਦਾ ਨ੍ਹੀਂ ਮਿਲਿਆ ਜੋ ਮੇਰਾ ਬਾਕੀ ਬਚਿਆ ਅੱਧਾ ਜਿਸਮ ਵੀ ਸੋਨੇ ਦਾ ਕਰ ਦਿੰਦਾ... ਦੱਸੋ ਕੋਈ ਹੈ ਉਸ ਬ੍ਰਾਹਮਣ ਵਰਗਾ ਧਰਮੀ ਤੁਹਾਡੇ ਸਾਡੇ 'ਚੋਂ ਕੋਈ...।" ਉਸ ਨੇ ਰਣਜੀਤ ਵੱਲ ਸਿੱਧਿਆਂ ਦੇਖਿਆ। ਫੇਰ ਥੋੜ੍ਹੀ ਕੁ ਉੱਚੀ ਆਵਾਜ਼ ਵਿੱਚ ਬੋਲਿਆ, "ਬਾਬੂ ਜੀ, ਮੇਰੀ ਯਾਦਾਸ਼ਤ ਬਹੁਤ ਤਿੱਖੀ ਆ। ਸ਼ਾਇਦ ਤੁਸੀਂ ਤਾਂ ਭੁੱਲ ਗਏ ਹੋਵੋਂਗੇ ਪਰ ਮੈਂ ਨ੍ਹੀਂ ਭੁੱਲਿਆ। ਦੋ ਕੁ ਸਾਲ ਪਹਿਲਾਂ ਮੈਂ ਤੁਹਾਨੂੰ ਆਪਣੇ ਰਿਕਸ਼ੇ 'ਤੇ ਸਟੇਸ਼ਨੋਂ ਬੈਠਾਇਆ ਸੀ।

**ਬਾਕੀ ਪੰਨਾ ਨੰ. 109 'ਤੇ**

# ਧਰਤੀ ਹੇਠਲਾ ਬਲਦ-ਦਾਸੋ/ਭਗਵੰਤ ਰਸੂਲਪੁਰੀ

ਮੈਂ ਹੁਣ ਜਦੋਂ ਵੀ ਕਦੇ ਆਪਣੇ ਪਿੰਡ ਰਸੂਲਪੁਰ ਬਾਰੇ ਸੋਚਦਾ ਹਾਂ ਤਾਂ ਮੇਰਾ ਧਿਆਨ ਦਾਸੋ ਵੱਲ ਚਲੇ ਹੀ ਜਾਂਦਾ ਏ। ਚਾਰ ਕੁ ਸਾਲ ਪਹਿਲਾ ਗੱਲਾਂ ਕਰਦਿਆਂ ਉਸ ਦਾ ਉਦਾਸ ਤੇ ਧੁਆਂਖਿਆ ਚਿਹਰਾ ਮੇਰੇ ਅੱਗੇ ਅਜੇ ਵੀ ਆ ਜਾਂਦਾ ਏ। ਮੈਂ ਪਿੰਡ ਨਾਲੋਂ ਹੁਣ ਨਾਤਾ ਮੂਲੋਂ ਹੀ ਤੋੜ ਦਿੱਤਾ ਏ। ਕਦੇ ਮਨ ਹੀ ਨਹੀਂ ਕਰਦਾ ਕਿ ਪਿੰਡ ਜਾ ਕੇ ਉੱਥੇ ਰਹਿ ਰਹੇ ਬਾਬੇ ਦੇ ਭਰਾਵਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਮਿਲਿਆ ਜਾਵੇ। ਹਾਂ, ਜਦੋਂ ਕਦੇ ਚਲੇ ਜਾਵਾਂ ਤਾਂ ਮੈਂ ਦਾਸੋ ਤੇ ਉਹਦੇ ਪਰਿਵਾਰ ਨੂੰ ਜ਼ਰੂਰ ਮਿਲ ਕੇ ਆਉਂਦਾ ਹਾਂ। ਦਾਸੋ ਅਤੇ ਉਹਦੇ ਪਰਿਵਾਰ ਨੇ ਮਾੜੇ ਵੇਲਿਆਂ ਵਿੱਚ ਮੇਰੇ ਪਿਓ ਤੇ ਮਾਂ ਦੀ ਬਾਂਹ ਫੜੀ। ਉਸ ਸਮੇਂ ਜਦੋਂ ਪਿੰਡ ਦੇ ਸ਼ਰੀਕ ਉਲਟੀ ਦਿਸ਼ਾ ਵੱਲ ਤੁਰ ਰਹੇ ਸਨ, ਦਾਸੋ ਨੇ ਮੇਰੇ ਪਿਓ ਦੀ ਬਾਂਹ ਫੜਦਿਆਂ ਕਿਹਾ, "ਚਮਨ ਮੈਂ ਤੇਰੇ ਨਾਲ ਆਂ... ਤੂੰ ਮੇਰੇ ਮਗਰ ਮਗਰ ਤੁਰ ਪੈ।" ਤੇ ਦਾਸੋ ਨੇ ਪੈਰ ਪੈਰ 'ਤੇ ਮੇਰੇ ਪਿਓ ਨੂੰ ਸਹੀ ਦਿਸ਼ਾ ਵੱਲ ਤੋਰਨ ਲਈ ਦਿਨ ਰਾਤ ਕਰ ਦਿੱਤੀ।

ਦਾਸੋ ਸਾਡੇ ਪਿੰਡ ਰਸੂਲਪੁਰ ਵਿੱਚ ਮੈਨੂੰ ਬਹੁਤ ਹੀ ਜ਼ਮੀਨੀ ਪੱਧਰ 'ਤੇ ਵਿਚਰਨ ਵਾਲਾ ਮਨੁੱਖ ਲੱਗਾ ਏ। ਉਹ ਵਲ਼ ਪਾ ਕੇ ਪਿੰਡ ਰਹਿੰਦੇ ਮੇਰੇ ਮਾਂ-ਪਿਓ ਦੀ ਸਹਾਇਤਾ ਕਰਦਾ ਰਿਹਾ ਏ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਮੇਰੇ ਨਾਨਕੇ ਪਿੰਡ ਖਾਂਬਰੇ ਵਿਖੇ ਉਸ ਦੇ ਸਹੁਰੇ ਸਨ। ਉਸ ਦੀ ਘਰਵਾਲੀ ਨੂੰ ਅਸੀਂ ਮਾਂ ਮਗਰ ਲੱਗ ਕੇ ਭੂਆ ਕਹਿੰਦੇ ਸਾਂ। ਉਹ ਵੀ ਮਾਂ ਦਾ ਬਥੇਰਾ ਤੇਹ ਕਰਦੀ ਸੀ।

ਦਾਸੋ ਜੋ ਪਿੰਡ ਦਾ ਬਹੁਤ ਸੂਝਵਾਨ ਬੰਦਾ ਹੈ ਤੇ ਜਿਹੜਾ ਸਾਡੇ ਟੱਬਰ ਦਾ ਹਮਦਰਦ ਵੀ ਰਿਹਾ ਏ, ਜਦੋਂ ਦਸਵੀਂ ਵਿੱਚ ਵਾਢੀਆਂ ਕਰਦਿਆਂ ਮੈਂ ਪਿੰਡ ਹੁੰਦਾ ਤਾਂ ਅਕਸਰ ਉਨ੍ਹਾਂ ਦੇ ਘਰ ਚਲੇ ਜਾਂਦਾ ਸਾਂ। ਉਹਦੇ ਮੰਜੇ 'ਤੇ ਜਾ ਕੇ ਬੈਠ ਜਾਂਦਾ। ਮੇਰੇ ਬੈਠਦਿਆਂ ਹੀ ਚਾਹ ਆ ਜਾਂਦੀ। ਉਹ ਮੇਰੇ ਪਿਓ ਦੀਆਂ ਗੱਲਾਂ ਕਰਨ ਲੱਗ ਪੈਂਦਾ, "ਬਈ ਬਿੱਟੂ! ਮੈਂ ਚਮਨ ਨੂੰ ਬੜਾ ਸਮਝਾਇਆ, ਉਏ ਚਮਨ! ਦੇਖ ਤੇਰੇ ਨਿਆਣੇ ਵੱਡੇ ਹੋ ਗਏ ਆ, ਤੇਰੀ ਬਹੁਤੀ ਲੰਘ 'ਗੀ ਆ, ਹੁਣ ਸਾਂਭ ਲੈ ਮੌਕਾ, ਨਹੀਂ ਤਾਂ ਪਛਤਾਉਣਾ ਪਊਗਾ। ਮੈਂ ਇੱਕ ਵਾਰੀ ਨ੍ਹੀਂ ਰੋਜ਼ ਸਮਝਾਉਣਾ, ਮਤੇ ਚਮਨ ਮੁੜ ਹੀ ਆਵੇ, ਜਿੱਦਾਂ ਕਹਿੰਦਾ ਹੁੰਦੇ ਨੇ ਨਾ ਮੱਛੀ ਪੱਥਰ ਚੱਟ ਕੇ ਮੁੜਦੀ ਆ...ਅਖੀਰ ਜੀ ਮੇਰੇ ਨਾਲ ਕੰਮ ਕਰਨ ਲੱਗ ਪਿਆ। ਖੇਤੀ ਦਾ ਕੰਮ ਕਰਨ ਲੱਗ ਪਿਆ, ਕਹਿੰਦਾ ਚਾਚਾ! ਹੁਣ ਨ੍ਹੀਂ ਕੁੱਝ ਕਰਨਾ... ਖਬਰੇ ਉਹਦੇ ਕਿੰਨੇ ਕੁ ਕੇਸ ਚੱਲਦੇ ਸੀ। ਪਿੰਡ ਦੇ ਬੰਦੇ 'ਕੱਠੇ ਕਰਕੇ ਠਾਣੇ ਜਾਣਾ, ਕਮਲਿਆ ਲੋਕੀ ਰੋਜ਼ ਰੋਜ਼ ਕਿਤੇ ਤੁਰਦੇ ਆ, ਉਹ ਤਾਂ ਖੜ ਕੇ ਤਮਾਸ਼ਾ ਦੇਖਦੇ ਆ... ਗਵਾਹੀਆਂ ਦੇਣੀਆਂ, ਜ਼ਮਾਨਤਾਂ ਦੇਣੀਆਂ ਕਿੰਨੇ ਸਾਲ ਖ਼ੱਜਲ ਹੋਏ, ਤਾਂ ਕਿਤੇ ਜਾ ਕੇ ਚਮਨ ਦੀ ਦਸ ਨੰਬਰੀ ਲੱਥੀ, ਹੁਣ ਤਾਂ ਸੁਧਰ ਗਿਆ ਏ, ਦੇਖੋ ਕੁਦਰਤ ਦੇ ਰੰਗ...।" ਦਾਸੋ ਬਿਨਾਂ ਰੋਕ ਟੋਕ ਬੋਲਦਾ ਸੀ।

ਮੈਂ ਦਾਸੋ ਨੂੰ ਪੁੱਛਦਾ, "ਤੁਹਾਨੂੰ ਪਤੈ ਉਹ ਕੀ ਕੀ ਕਰਦੇ ਸੀ?" ਤਾਂ ਉਹ ਦੱਸਣ ਲੱਗ ਪੈਂਦਾ। ਪਿਓ ਦੀਆਂ ਗੱਲਾਂ ਉਹ ਅਕਸਰ ਹੀ ਦੱਸ ਦਿੰਦਾ ਸੀ, "ਮੁੰਡਿਆ! ਚਮਨ ਨੇ ਪਤਾ ਨ੍ਹੀਂ ਕੀ ਕੀ ਕੀਤਾ, ਇੱਕ ਵਾਰ ਦੀ ਗੱਲ ਤੈਨੂੰ ਦੱਸਾਂ ਬਈ ਫਿਲੌਰ ਲਾਗੇ ਇੱਕ ਬੱਸ ਦੇ ਕੰਡੇਕਟਰ ਕੋਲੋਂ ਪਸਤੌਲ ਦਿਖਾ ਕੇ ਪੈਸਿਆਂ ਵਾਲਾ ਥੈਲਾ ਖੋਹ ਲਿਆ ਤੇ ਨੱਠ ਗਏ।" ਮੈਂ ਇੱਕ ਦਮ ਹਿੱਲ ਗਿਆ, "ਉਨ੍ਹਾਂ ਕੋਲ ਪਸਤੌਲ ਵੀ ਸੀ? ਸ਼ਾਇਦ ਦੇਸੀ ਕੱਟਾ ਹੋਵੇ।"



"ਲੈ ਹੋਰ ਕੀ, ਪਤਾ ਨ੍ਹੀਂ ਕੀ ਕੀ ਸੀ, ਪਸਤੌਲ ਦਿਖਾ ਕੇ ਲੁੱਟਦੇ ਸੀ। ਇੱਕ ਵਾਰ ਦੀ ਤੈਨੂੰ ਗੱਲ ਦੱਸਾਂ ਚਮਨ ਹੁਰਾਂ ਨੇ ਰਾਹੋਂ ਲਾਗੇ ਇੱਕ ਕਾਰ 'ਚ ਸਵਾਰ ਮਾਂ ਪੁੱਤ ਨੂੰ ਲੁੱਟ ਲਿਆ। ਉਨ੍ਹਾਂ ਨੂੰ ਕਾਰ 'ਚ ਸੁੱਟ ਕੇ ਸੱਤਲੁਜ ਦਰਿਆ ਵੱਲ ਲੈ ਗਏ, ਇਨ੍ਹਾਂ ਨੇ ਮੁੰਡੇ ਨੂੰ ਉਹਦੀ ਮਾਂ ਨੂੰ ਕਾਰ 'ਚੋਂ ਧੱਕਾ ਦਿੱਤਾ ਤੇ ਪਸਤੌਲ ਦੀ ਨੋਕ 'ਤੇ ਵਾਲ਼ੀਆਂ, ਹਾਰ ਲੁਹਾ ਕੇ ਦੋਹਾਂ ਨੂੰ ਉਜਾੜ ਵਿੱਚ ਸੁੱਟ ਕੇ ਭੱਜ ਗਏ ਪਰ ਬਦਕਿਸਮਤੀ ਨਾਲ ਪੁਲਿਸ ਨੇ ਫੜ ਲਏ। ਚਮਨ ਦੇ ਨਾਲ ਜੱਟਾਂ ਦਾ ਕਰਨੈਲ ਦਾ ਮੁੰਡਾ ਵੀ ਸੀ। ਦੂਜੇ ਦਿਨ ਅਖ਼ਬਾਰ ਵਿੱਚ ਛਪ ਗਿਆ। ਕਰਨੈਲ ਨੇ ਨੋਟਾਂ ਨਾਲ ਜੇਬਾਂ ਭਰੀਆਂ ਆਪਣੇ ਪੁੱਤ ਨੂੰ ਕੇਸ ਵਿਚੋਂ ਕਢਵਾਉਣ ਲਈ ਠਾਣੇ ਚਲੇ ਗਿਆ ਨਾਲ ਮੈਨੂੰ ਲੈ ਗਿਆ। ਠਾਣੇਦਾਰ ਨੂੰ ਪੈਸੇ ਦੇ ਕੇ ਆਪਣੇ ਮੁੰਡੇ ਨੂੰ ਕੇਸ ਵਿੱਚੋਂ ਕਢਾ ਕੇ ਘਰ ਲੈ ਆਇਆ। ਫੇ ਜੀ ਦੂਜੇ ਦਿਨ ਖ਼ਬਰ ਛਪ ਗਈ ਪਰ ਕਰਨੈਲ ਦੇ ਮੁੰਡੇ ਦਾ ਵਿੱਚ ਨਾਂ ਨਹੀਂ ਸੀ। ਫੇ' ਮੁਕੱਦਮਾ ਚੱਲਿਆ, ਸਾਲ ਦੋ ਸਾਲ ਤੇ ਚਮਨ ਬਰੀ ਹੋ ਗਿਆ। ਬਥੇਰੇ ਖੱਜਲ ਹੋਣਾ ਪਿਆ ਮੁੰਡਿਆ! ਅਸੀਂ ਚਮਨ ਨੂੰ ਠਾਣਿਆ ਚੋਂ ਛਡਾਵਾਉਣ ਲਈ ਹੀ ਤੁਰੇ ਰਹੇ। ਤੇਰੇ ਬਾਬੇ ਬਖ਼ਸ਼ੀ ਨੇ ਬਥੇਰੇ ਕਚਹਿਰੀਆਂ ਵਿੱਚ ਛਿੱਤਰ ਘਸਾਏ ਨੇ... ਕਦੇ ਜ਼ਮਾਨਤ ਤੇ ਕਦੇ ਓਦਾਂ ਮੈਂ ਬਖ਼ਸ਼ੀ ਨਾਲ ਜਾਂਦਾ ਰਿਹਾ। ਤੇਰੇ ਬਾਬੇ ਦੇ ਭਰਾ ਵੀ ਨਾਲ ਹੁੰਦੇ... ਉਦੋਂ ਬਹੁਤ ਇਹਦੀਆਂ ਮਿੰਨਤਾਂ ਕੀਤੀਆਂ ਪਰ ਇਹ ਪੱਥਰ ਚੱਟ ਕੇ ਮੁੜਿਆ।" ਪਿਓ ਦਾ ਮੂੰਹ ਮੋੜਨ ਵਿੱਚ ਏਸ ਦਾਸੋ ਦਾ ਬਹੁਤ ਯੋਗਦਾਨ ਰਿਹਾ ਏ।

ਦਾਸੋ ਕੋਲ ਸਾਡੇ ਸਾਰੇ ਟੱਬਰ ਦਾ ਗਿਆਨ ਹੀ ਨਹੀਂ ਬਲਕਿ ਪਿੰਡ ਦੇ ਹਰ ਟੱਬਰ ਦਾ ਕੁਰਸੀਨਾਮਾ ਵੀ ਚੇਤੇ ਹੁੰਦਾ ਸੀ। ਉਜਾੜੇ ਬਾਰੇ ਗੱਲਾਂ ਕਰਦਾ ਉਹ ਰੋਣ ਲੱਗ ਪੈਂਦਾ ਸੀ। ਕਿਵੇਂ ਪਿੰਡ ਦੇ ਮੁਸਲਮਾਨ ਰਾਹੋਂ ਕੈਂਪ ਵੱਲ ਜਾਂਦੇ ਲੋਕਾਂ ਨੇ ਵੱਢੇ ਸਨ। ਕਿਵੇਂ ਉਨ੍ਹਾਂ ਦੀਆਂ ਜਵਾਨ ਔਰਤਾਂ ਜ਼ਿੰਮੀਦਾਰਾਂ ਨੇ ਆਪਣੇ ਘਰਾਂ ਵਿੱਚ ਰੱਖ ਲਈਆਂ ਸਨ। ਫਿਰ ਪਿੰਡ ਦੀ ਇੱਕ 'ਕਾਲਣ' ਬਾਰੇ ਗੱਲ ਕਰਨ ਲੱਗ ਪੈਂਦਾ ਜਿਸ ਨੇ ਅੰਮ੍ਰਿਤ ਛਕ ਕੇ ਸ੍ਰੀ ਸਾਹਿਬ ਪਾ ਲਿਆ ਸੀ। ਉਹ ਪਿੰਡ ਦੇ ਮੁਸਲਮਾਨ ਦੀ ਹੀ ਮੂੰਹ ਮੱਥੇ ਲੱਗਦੀ ਜਵਾਨ ਕੁੜੀ ਸੀ।

ਦਾਸੋ ਨੂੰ ਮੈਂ ਜਦੋਂ ਵੀ ਮਿਲਣਾ, ਮੈਨੂੰ ਉਹਦੇ ਵਿੱਚੋਂ ਕਿਸੇ ਦਰਵੇਸ਼ ਵਰਗੀ ਰੂਹ ਦਿੱਸਦੀ ਸੀ। ਉਹ ਆਪਣੇ ਪਰਿਵਾਰ ਵਿੱਚੋਂ ਸਭ ਤੋਂ ਵੱਡਾ ਸੀ। ਉਸ ਨੇ ਆਪਣੇ ਭਰਾਵਾਂ ਨੂੰ ਪੜ੍ਹਾਉਣ ਲਈ ਹੱਢ ਭੰਨ੍ਹਵੀਂ ਮੁਸ਼ੱਕਤ ਕੀਤੀ। ਅਨੇਕਾਂ ਸਾਲ ਅਰਬ ਦੇਸ਼ਾਂ ਵਿੱਚ ਹੱਢ ਭੰਨ੍ਹਵਾ ਕੰਮ ਕਰਕੇ ਪੈਸੇ ਕਮਾਏ ਤੇ ਘਰ ਬਣਾਇਆ। ਬੱਚਿਆਂ ਨੂੰ ਸੈਟ ਕਰਨ ਲਈ ਹਰ ਹੀਲਾ ਕੀਤਾ। ਆਰਥਿਕ ਤੌਰ 'ਤੇ ਉਸ ਦੇ ਪਰਿਵਾਰ ਦਾ ਹੱਥ ਸੌਖਾ ਹੀ ਰਿਹਾ। ਉਹਦੇ ਤਿੰਨ ਮੁੰਡੇ ਤੇ ਤਿੰਨ ਹੀ ਕੁੜੀਆਂ ਹਨ। ਕੁੜੀਆਂ ਦੇ ਵਿਆਹ ਕਰ ਦਿੱਤੇ। ਵੱਡੀ ਕੁੜੀ ਦੇ ਸਹੁਰਿਆਂ ਨਾਲ ਨਹੀਂ ਬਣੀ। ਇੱਕ ਕੁੜੀ ਦੇ ਘਰਵਾਲਾ ਵਿਛੋੜਾ ਦੇ ਗਿਆ। ਤੇ ਦਾਸੇ 'ਤੇ ਕੁੜੀਆਂ ਦੇ ਟੱਬਰ ਦਾ ਭਾਰ ਆ ਪਿਆ। ਉਹਨੇ ਧੀਅ ਦੀ ਹਰ ਹੀਲੇ ਬਾਂਹ ਫੜੀ। ਉਹਦਾ ਘਰ ਤੋਰਨ ਲਈ ਬਾਜ਼ਾਰੋ ਸੌਦਾ ਲੈ ਕੇ ਉਹਨੂੰ ਦੇ ਕੇ ਆਣਾ। ਫਿਰ ਧੀ ਦੇ ਨਿਆਣੇ ਸਾਂਭੇ। ਉਨ੍ਹਾਂ ਨੂੰ ਪੜ੍ਹਾਇਆ ਤੇ ਉਨ੍ਹਾਂ ਦੇ ਵਿਆਹ ਵੀ ਕੀਤੇ। ਜਦੋਂ ਆਪਣੇ ਵਿਚਕਾਰਲੇ ਮੁੰਡੇ ਦਾ ਵਿਆਹ ਕੀਤਾ ਤਾਂ ਉਹਦੇ ਘਰਵਾਲੀ ਹਫ਼ਤੇ ਬਾਅਦ ਪੇਕੇ ਤੁਰ ਗਈ। ਮੁੜ ਕੇ ਆਈ ਹੀ ਨਹੀਂ। ਵਹੁਟੀ ਦੀ ਗੱਲ ਕਿਸੇ ਤਰ੍ਹਾਂ ਪਿੰਡ ਪਹੁੰਚ ਗਈ... ਕਿ ਮੁੰਡੇ 'ਚ ਤਾਂ 'ਕਣ' ਹੀ ਹੈਨੀ... ਪਿੰਡ ਵਿੱਚ ਗੱਲਾਂ ਨੂੰ ਖੰਭ ਲੱਗ ਗਏ। ਬੜੀਆਂ ਪੰਚਾਇਤਾਂ ਹੋਈਆਂ। ਵਹੁਟੀ ਕਹੇ, ਮੈਂ ਇਹਦੇ ਰਹਿਣਾ ਹੀ ਨਹੀਂ। ਸ਼ਰੀਕੇ ਵਿੱਚ ਗੱਲਾਂ ਹੋਣ ਲੱਗ ਪਈਆਂ। ਪਰ ਦੱਬਵੀਂ ਸੁਰ ਵਿਚ। ਉਹ ਉਸ ਵੇਲੇ ਭਾਰ ਢੋਹਣ ਵਾਲਾ ਟਾਟਾ 470 ਚਲਾਉਂਦਾ ਸੀ। ਦਾਸੋ ਉਹਦੇ ਨਾਲ ਗੇੜੇ 'ਤੇ ਜਾਂਦਾ। ਆਖਰ ਵਿਆਹ

ਟੁੱਟ ਗਿਆ। ਇੰਜ ਹੀ ਕਈ ਸਾਲ ਲੰਘ ਗਏ। ਫਿਰ ਉਹਦੇ ਵਿਆਹ ਦੀ ਦੁਬਾਰਾ ਕੋਸ਼ਿਸ਼ ਹੋਈ। ਵਿਆਹ ਹੋ ਗਿਆ। ਮਹੀਨੇ ਬਾਅਦ ਫਿਰ ਉਹੀ ਪੰਗਾ ਪੈ ਗਿਆ। ਵਹੁਟੀ ਕਹੇ ਮੈਂ ਇਹਦੇ ਰਹਿਣਾ ਹੀ ਨਹੀਂ। ਘਰ ਦੇ ਹੈਰਾਨ ਪਰੇਸ਼ਾਨ। ਆਖਰ ਗੱਲ ਕੀ ਏ। ਆਖਰ ਭਰੀ ਪੰਚਾਇਤ ਵਿੱਚ ਉਸਦੀ ਦੂਜੀ ਵਹੁਟੀ ਨੇ ਬੰਬ ਸੁੱਟ ਦਿੱਤਾ, "ਤੁਸੀਂ ਇਹਦਾ ਦੂਜਾ ਵਿਆਹ ਕਾਹਤੋਂ ਕਰ ਦਿੱਤਾ। ਇਹ ਤਾਂ ਵਿਆਹ ਦੇ ਯੋਗ ਈ ਨਹੀਂ। ਭਲਾ ਕੋਈ ਏਹੋ ਜਿਹੇ ਬੰਦੇ ਨਾਲ ਸਾਰੀ ਉਮਰ ਕਿਵੇਂ ਕੱਟ ਲਊ। ਤੁਸੀਂ ਸਿਆਣੇ ਓ... ਮੈਂ ਮੂੰਹ ਪਾੜ ਕੇ ਕਹਿੰਦੀ ਚੰਗੀ ਨਹੀਂ ਲੱਗਦੀ। ਇਹਦਾ ਪਹਿਲਾਂ ਡਾਕਟਰੀ ਇਲਾਜ਼ ਕਰਵਾਓ।" ਸਾਰੇ ਲੋਕ ਸੁੰਨ ਹੋ ਗਏ। ਮੁੰਡਾ ਨੀਵੀਂ ਪਾ ਕੇ ਕਮਰੇ ਵਿੱਚ ਜਾ ਵੜਿਆ। ਮੁੰਡੇ ਵਿੱਚ ਤੀਜੇ ਜੈਂਡਰ ਦੇ ਲੱਛਣ ਕਾਫੀ ਦੇਰ ਤੋਂ ਉਭਰਨੇ ਸ਼ੁਰੂ ਹੋ ਗਏ ਸਨ। ਉਹ ਕਾਫੀ ਸਾਲ ਡਰਾਮੇ ਵਿੱਚ ਨਚਾਰ ਔਰਤਾਂ ਦੇ ਕੱਪੜੇ ਪਾ ਕੇ ਡਰਾਮਿਆਂ ਵਿੱਚ ਨੱਚਦਾ ਵੀ ਰਿਹਾ ਸੀ। ਫਿਰ ਘਰਦਿਆਂ ਨੇ ਉਹਨੂੰ ਦੁਬਾਈ ਭੇਜ ਦਿੱਤਾ। ਹੁਣ ਵੀ ਉਹ ਇਕੱਲਾ ਪਿੰਡ ਵਿੱਚ ਏਧਰ ਉੱਧਰ ਕੰਮ ਕਰਦਾ ਫਿਰਦਾ ਏ। ਪਿੱਛੇ ਜਿਹੇ ਮੈਂ ਮਾਂ ਨਾਲ ਪਿੰਡ ਕਿਸੇ ਵਿਆਹ ਗਿਆ ਤਾਂ ਉਨ੍ਹਾਂ ਦੇ ਘਰ ਵੀ ਚਲੇ ਗਏ। ਗੱਲਾਂ ਕਰਦਿਆਂ ਦਾਸੋ ਮਾਂ ਨੂੰ ਕਹਿਣ ਲੱਗਾ, "ਬਖ਼ਸ਼ੋ! ਔਹ ਮੁੰਡੇ ਲਈ ਕੋਈ ਕੁੜੀ ਦੇਖੀ... ਹੁਣ ਕੰਜ ਕੁਆਰੀ ਤਾਂ ਮਿਲਣੀ ਨਹੀਂ... ਕੋਈ ਛੁੱਟੜ... ਅੜੀ-ਥੁੜੀ... ਇੱਕ ਦੋ ਨਿਆਣੇ ਦੀ ਮਾਂ ਵੀ ਚੱਲ ਜਾਊ... ਪਿਛਲੇ ਨਿਆਣੇ ਵੀ ਅਸੀਂ ਸਾਂਭ ਲਵਾਂਗੇ... ਵੇਖੀਂ ਧੀਏ... ਮੁੰਡਾ ਕਿਤੇ ਇਸ ਜਹਾਨ ਤੋਂ ਔਂਤ ਈ ਨਾ ਚਲੇ ਜਾਵੇ।" ਦਾਸੋ ਦੇ ਚਿਹਰੇ ਨੂੰ ਮੈਂ ਗਹੁ ਨਾਲ ਵੇਖਿਆ। ਉਹਦੇ ਉਦਾਸ ਚਿਹਰੇ 'ਤੇ ਖੇੜੇ ਦੀ ਇੱਕ ਨਿੱਕੀ ਜਿਹੀ ਕਾਤਰ ਸੀ। ਮੇਰੇ ਮਨ ਅੰਦਰ ਮੁੰਡੇ ਦਾ ਸਾਰੇ ਦਾ ਸਾਰਾ ਅਸਤਿਤਵ ਆ ਗਿਆ। ਮੈਂ ਦਾਸੋ ਬਾਰੇ ਸੋਚਣ ਲੱਗਾ। ਨਹੀਂ, ਮੈਂ ਪਿਓ ਬਾਰੇ ਸੋਚਣ ਲੱਗਾ। ਜਿਹਦੇ ਮਨ ਦੇ ਸੁਪਨੇ ਅਜੇ ਵੀ ਮਰੇ ਨਹੀਂ ਸਨ। ਸੋਚਣ ਲੱਗਾ ਕਿ ਬੰਦੇ ਨੂੰ ਸਾਰਾ ਕੁੱਝ ਪਤਾ ਹੁੰਦਾ ਏ ਉਹ ਫਿਰ ਵੀ ਅੰਤ ਤੱਕ ਪਿੱਛੇ ਨਹੀਂ ਹੱਟਦਾ। ਬਸ ਸ਼ਾਇਦ ਹੁਣ ਵੀ ਮੁੰਡੇ ਦਾ ਘਰ ਵਸ ਜਾਵੇ। ਇਸ ਆਸ ਵਿੱਚ ਹੀ ਜੀਵੀ ਜਾਂਦਾ ਏ।

ਦਾਸੋ ਦੀ ਇੱਕ ਸਭ ਤੋਂ ਛੋਟੀ ਕੁੜੀ ਵੀ ਅਜੇ ਤੱਕ ਕੁਆਰੀ ਬੈਠੀ ਏ। ਹੁਣ ਉਹਦੀ ਵੀ ਉਮਰ 40 ਸਾਲ ਤੋਂ ਉਪਰ ਹੋ ਗਈ ਹੋਵੇਗੀ। ਜਦੋਂ ਕਿਤੇ ਦਾਸੋ ਦੇ ਘਰੋਂ ਫੋਨ ਆਉਣਾ ਤਾਂ ਉਹ ਕੁੜੀ ਗੱਲ ਕਰਦੀ ਹੁੰਦੀ ਸੀ। ਉਹ ਕਹਿੰਦੀ , "ਬਿੱਟੂ! ਮੈਂ... ਬੋਲਦੀ ਆਂ।" ਇੱਕ ਦਮ ਬੰਦਿਆਂ ਵਰਗੀ ਆਵਾਜ਼ ਸੁਣ ਕੇ ਮੈਂ ਦਵੰਧ ਵਿੱਚ ਪੈ ਜਾਣਾ ਕਿ ਇਹ ਕਿਹੜਾ ਮੁੰਡਾ ਬੋਲ ਰਿਹਾ ਏ। ਉਹਦੀ ਆਵਾਜ਼ ਇੱਕਦਮ ਬੰਦਿਆਂ ਵਾਲੀ ਸੀ। ਇੱਕ ਦੋ ਵਾਰ ਮੈਂ ਕਹਿ ਵੀ ਦਿੱਤਾ ਤੇਰੀ ਤਾਂ ਆਵਾਜ਼ ਮੈਨੂੰ ਬੰਦਿਆਂ ਵਰਗੀ ਲੱਗੀ ਏ। ਕੁੜੀ ਜਦੋਂ ਪੱਚੀਆਂ ਨੂੰ ਪਾਰ ਹੋਈ ਤਾਂ ਉਹ ਕੈਨੇਡਾ, ਅਮਰੀਕਾ ਦੇ ਸੁਪਨੇ ਲੈਣ ਲੱਗ ਪਈ ਸੀ।

ਇੱਕ ਵਾਰ ਮੈਨੂੰ ਕਹਿਣ ਲੱਗੀ, "ਬਿੱਟੂ, ਸਾਡੇ ਸ਼ਰੀਕੇ ਵਿੱਚ ਐਮ. ਏ. ਪੜ੍ਹੀ ਕੁੜੀ ਦਾ ਰਿਸ਼ਤਾ ਕਰਿਆਨੇ ਦੀ ਦੁਕਾਨ ਕਰਦੇ ਮੁੰਡੇ ਨਾਲ ਹੋ ਗਿਆ। ਮੈਂ ਉਹਨੂੰ ਕਿਹਾ ਮੈਂ ਤਾਂ ਕਦੇ ਨਾ ਕਰਾਵਾਂ ਏਹੋ ਜਿਹੇ ਮੁੰਡੇ ਨਾਲ ਰਿਸ਼ਤਾ। ਮੈਂ ਤਾਂ ਦੁਬਈ-ਮਾਸਕਟ ਵਾਲੇ ਮੁੰਡੇ ਨਾਲ ਵਿਆਹ ਨ੍ਹੀਂ ਕਰਾਉਂਦੀ... ਮੇਰਾ ਵੱਡਾ ਜੀਜਾ ਕਈ ਦੁਬਈ ਦੇ ਰਿਸ਼ਤੇ ਲੈ ਕੇ ਆਇਆ। ਮੈਂ ਜਮਾਂ ਸਿਰ ਫੇਰ 'ਤਾ। ਮੈਂ ਤਾਂ ਅਮਰੀਕਾ ਜਾਊਂ... ਜਾਂ ਕੈਨੇਡਾ ਜਾਊਂ। ਐਨਾ ਪੜ੍ਹੀ ਹਾਂ। ਭਲਾ ਐਨੀਆਂ ਪੜ੍ਹ ਕੇ ਖੂਹ ਵਿੱਚ ਥੋੜ੍ਹਾ ਸੁੱਟਣੀਆਂ ਨੇ।"



ਮੈਂ ਹੂੰ ਹਾਂ ਕਰ ਛੱਡਦਾ। ਮੇਰੀ ਇਨ੍ਹਾਂ ਗੱਲਾਂ ਵਿੱਚ ਰਤਾ ਵੀ ਰੁਚੀ ਨਹੀਂ ਸੀ। ਦਾਸੋ ਅਕਸਰ ਕਹਿੰਦਾ, 'ਕੁੜੀ ਲਈ ਅਮਰੀਕਾ ਤੋਂ ਰਿਸ਼ਤਾ ਆ ਰਿਹਾ ਏ।' ਕਦੇ ਕਹਿੰਦਾ, 'ਸਾਡੀ ਗੱਲ ਕੇਨੈਡਾ ਚੱਲ ਰਹੀ ਏ। ਅਸੀਂ ਕਹਿਣਾ ਬਹੁਤ ਚੰਗੀ ਗੱਲ ਏ। ਕੁੜੀ ਦਾ ਚੰਗੀ ਥਾਂ ਰਿਸ਼ਤਾ ਹੋ ਰਿਹਾ ਏ।' ਇੰਜ ਹੀ ਸੱਤ-ਅੱਠ ਸਾਲ ਲੰਘ ਗਏ। ਕੁੜੀ ਪੈਂਤੀਆਂ ਦੇ ਨੇੜੇ ਪਹੁੰਚ ਗਈ।

ਫਿਰ ਪਤਾ ਲੱਗਾ ਕਿ ਉਹਦੇ ਰਿਸ਼ਤੇ ਦੀ ਗੱਲ ਇਟਲੀ ਚੱਲ ਰਹੀ ਏ। ਇਹ ਰਿਸ਼ਤਾ ਉਹਦਾ ਇਟਲੀ ਰਹਿੰਦਾ ਭਰਾ ਕਰ ਰਿਹਾ ਸੀ। ਉਹਦਾ ਕੋਈ ਜਾਣੂ ਸੀ ਜਿਹੜਾ ਇਟਲੀ ਅਜੇ ਕੱਚਾ ਹੀ ਸੀ। ਰਿਸ਼ਤਾ ਹੋ ਵੀ ਗਿਆ। ਇੰਝ ਹੀ ਤਿੰਨ ਸਾਲ ਲੰਘ ਗਏ। ਇੱਕ ਵਾਰ ਮੈਂ ਮਾਂ ਨਾਲ ਪਿੰਡ ਗਿਆ। ਪਤਾ ਲੱਗਾ ਕਿ ਇਹ ਰਿਸ਼ਤਾ ਟੁੱਟ ਗਿਆ ਏ। ਦਾਸੋ ਤੇ ਉਹਦੇ ਘਰਵਾਲੀ ਦੋ ਘੰਟੇ ਇਹੀ ਰਿਸ਼ਤੇ ਦੀਆਂ ਗੱਲਾਂ ਕਰਦੇ ਰਹੇ। ਮੈਂ ਬੋਰ ਹੋਣ ਲੱਗ ਪਿਆ। ਕੁੜੀ ਵੱਲ ਵੇਖਿਆ ਕੁੜੀ ਹੱਡੀਆਂ ਦੀ ਮੁੱਠ ਲੱਗਦੀ ਸੀ। ਉਹਦੇ ਚਿਹਰੇ 'ਤੇ ਰਤਾ ਵੀ ਰੋਹਬ ਨਹੀਂ ਸੀ। ਉਹਦੀ ਦੇਹ 'ਤੋਂ ਮਾਸ ਜਿਵੇਂ ਝੜ ਗਿਆ ਹੋਵੇ। ਪਤਲੇ ਜਿਹੇ ਜੈਂਪਰ ਵਿੱਚੋਂ ਹੱਢੀਆਂ ਉਭਰੀਆਂ ਸਾਫ਼ ਦਿੱਸਦੀਆਂ ਸਨ। ਉਹਦੇ ਜਿਸਮ ਦੀ ਹਰ ਗੋਲਾਈ ਢਲ਼ ਚੁੱਕੀ ਸੀ। ਮੇਰੇ ਜ਼ਿਹਨ ਵਿੱਚ ਅਣਖੀ ਦੀ ਕਹਾਣੀ 'ਕੜਬ ਦੇ ਟਾਂਡੇ' ਘੁੰਮਣ ਲੱਗ ਪਈ ਸੀ। ਉਸ ਪਾਤਰ ਬਾਰੇ ਕਹਾਣੀ ਦੇ ਸ਼ੁਰੂ ਵਿੱਚ ਹੀ ਉਹ ਲਿਖਦਾ ਏ... 'ਅੱਖਾਂ ਦੇ ਹੇਠਲੇ ਪਾਸੇ ਅਰਧ-ਚੰਦ ਆਕਾਰ ਦੇ ਕਾਲੇ ਨਿਸ਼ਾਨ। ਸੁੱਕੀਆਂ ਜਾਭਾਂ, ਦੰਦਾਂ ਦਾ ਮਾਸ ਖੁਰਿਆ ਹੋਇਆ ਤੇ ਉਨ੍ਹਾਂ ਦੀਆਂ ਵਿਰਲਾਂ ਵਿੱਚ ਪੀਲਕ ਜੰਮੀ ਹੋਈ। ਛਾਤੀ ਢਿਲਕੀ ਹੋਈ, ਅੱਖਾਂ ਦੀ ਝਾਕਣੀ ਵਿੱਚ ਘੋਰ-ਉਦਾਸੀ, ਤੋਰ ਵਿੱਚ ਕੋਈ ਖਿੱਚ ਨਹੀਂ। ਗੱਲ ਕਰਦੀ, ਜਿਵੇਂ ਘਰੋਂ ਹੀ ਅੱਕੀ ਅਕਾਈ ਆਈ ਹੋਵੇ। ...ਸੁੱਕੀ ਸੜੀ, ਮਰੀ ਖਪੀ, ਵਾਧੂ ਜਿਹੀ ਤੀਵੀਂ, ਨਿਰਾ ਚੁੱਲ੍ਹੇ ਦਾ ਬਾਲਣ-ਹੁਣ ਮੱਚੀ, ਹੁਣ ਮੱਚੀ।' ਅਣਖੀ ਦੀ ਕਹਾਣੀ ਇਹ ਪਾਤਰ ਵੀ ਸਕੂਲ ਅਧਿਆਪਕਾ ਏ। ਇਸ ਕਹਾਣੀ ਦੇ ਪਿਓ ਵਿੱਚੋਂ ਮੈਨੂੰ ਦਾਸੋ ਦਿੱਸਣ ਲੱਗ ਪਿਆ।

ਮੈਂ ਸੋਚਦਾ ਸਾਂ ਇਹਨੂੰ ਤਾਂ ਏਧਰ ਕੋਈ ਕੰਮ ਧੰਦਾ ਕਰਦਾ ਲੜਕਾ ਮਿਲ ਜਾਵੇ ਤਾਂ ਉਹ ਹੀ ਵਧੀਆ ਏ। ਉਨ੍ਹਾਂ ਦਿਨ੍ਹਾਂ ਵਿੱਚ ਉਹ ਸਰਕਾਰੀ ਸਕੂਲ ਵਿੱਚ ਪੜ੍ਹਾਉਣ ਵੀ ਲੱਗ ਪਈ ਸੀ। ਅਜੇ ਹੈ ਕੱਚੀ ਹੀ ਸੀ। ਦਾਸੋ ਹੁਣੀਂ ਕਹਿਣ ਲੱਗ ਪਏ, ਸਾਡੀ ਕੁੜੀ ਤਾਂ ਨੌਕਰੀ ਕਰਦੀ ਏ। ਹੁਣ ਤਾਂ ਅਸੀਂ ਨੌਕਰੀ ਕਰਦਾ ਮੁੰਡਾ ਲੱਭ ਰਹੇ ਹਾਂ। ਬੈਂਕ ਵਿੱਚ ਹੋਵੇ ਜਾਂ ਕਚਹਿਰੀ ...ਡੀ. ਸੀ. ਦਫ਼ਤਰ।

ਪਿਛਲੇ ਦਿਨੀਂ ਮੈਂ ਪਿੰਡ ਗੇੜਾ ਮਾਰਿਆ ਤੇ ਦਾਸੋ ਦੇ ਘਰ ਗਿਆ। ਉਹ ਕੁੜੀ ਵੀ ਮਿਲੀ। ਪਤਾ ਲੱਗਾ ਉਹ ਸਕੂਲ ਵਿੱਚ 'ਪੱਕੀ' ਹੋ ਗਈ ਏ। ਕਹਿੰਦੀ, "ਮੈਂ ਹੁਣ ਵਿਆਹ ਦਾ ਵਰਕਾ ਈ ਪਾੜ ਦਿੱਤਾ ਏ। ਮੈਂ ਨ੍ਹੀਂ ਕਰਵਾਉਣਾ ਵਿਆਹ।" ਉਹਦੇ ਨਾਲ ਗੱਲਾਂ ਕਰਦਿਆਂ ਮੈਨੂੰ ਲੱਗਾ, ਮੈਂ ਜਿਵੇਂ ਕਿਸੇ ਬੰਦੇ ਨਾਲ ਗੱਲਾਂ ਕਰ ਰਿਹਾ ਹੋਵਾਂ। ਉਹਦੇ ਅੰਦਰ ਥਰਡ ਜੈਂਡਰ ਵਾਲੇ ਲੱਛਣ ਮੈਨੂੰ ਕਈ ਸਾਲਾਂ ਤੋਂ ਉਭਰਨੇ ਲੱਗ ਪਏ ਸਨ। ਹੁਣ ਹੋਰ ਸਪੱਸ਼ਟ ਹੋਣ ਲੱਗ ਪਏ ਸਨ। ਉਹਦੇ ਅੰਦਰ ਮਰਦਾ ਵਾਲਾ ਵਤੀਰਾ ਵੱਧ ਦਿੱਸਣ ਲੱਗ ਪਿਆ ਸੀ। ਉਹਦੀ ਤੋਰ, ਉਹਦੇ ਐਕਟ ਅਤੇ ਵਰਤਾਓ ਮੈਨੂੰ ਮਰਦਾਂ ਵਾਲਾ ਲੱਗਦਾ ਸੀ। ਦਾਸੋ ਨੂੰ ਇਸ ਗੱਲ ਦਾ ਪਤਾ ਹੀ ਹੋਣਾ ਹੈ। ਇੱਕ ਪਿਓ ਇਸ ਗੱਲ ਨੂੰ ਸਵੀਕਾਰ ਕਦੇ ਨਹੀਂ ਕਰਦਾ। ਉਹ ਅਜੇ ਵੀ ਚਾਹੁੰਦਾ ਏ ਮੇਰੀ ਇਸ ਧੀ ਦਾ ਕਿਤੇ ਵਿਆਹ ਹੋ ਜਾਵੇ। ਅਤੇ ਉਹਦੇ ਵੀ ਬੱਚੇ ਹੋਣ। ਪਰ ਸਾਰਾ ਪਰਿਵਾਰ ਹਕੀਕਤ ਨੂੰ ਸਵੀਕਾਰ ਕਰਨਾ ਨਹੀਂ ਚਾਹੁੰਦਾ। ਅਜੇ ਵੀ ਉਹ ਵਿਆਹ ਦੀਆਂ ...ਕੁੜੀ ਦੇ ਰਿਸ਼ਤੇ ਦੀਆਂ ਗੱਲਾਂ ਛੇੜ ਲੈਂਦਾ ਏ। ਕੁੜੀ ਵਿਹੜੇ ਵਿੱਚ ਘੁੰਮਦੀ ਕੰਮ ਧੰਦਾ ਕਰਦੀ ਰਹਿੰਦੀ ਏ।

ਇੱਕ ਦਿਨ ਮੈਂ ਘਰ ਗਿਆ ਤਾਂ ਮੈਨੂੰ ਚਾਹ ਫੜਾਉਂਦੀ ਕਹਿਣ ਲੱਗੀ, "ਬਿਟੂ, ਕਿੱਦਾਂ ਤੇਰੀ ਵਹੁਟੀ, ਕਿਹੜੇ ਸਕੂਲ ਵਿੱਚ ਪੜ੍ਹਾਉਂਦੀ ਏ ? ਤੇਰੇ ਨਿਆਣੇ ? ਤੂੰ ਨਾਨਕੇ ਨਿੱਕਾ ਹੁੰਦਾ ਚਲੇ ਗਿਆ ਤਾਂ ਪੜ੍ਹ ਗਿਆ... ਤੈਨੂੰ ਨੌਕਰੀ ਵਾਲੀ ਬਹੂ ਮਿਲ ਗਈ। ਏਥੇ ਹੁੰਦਾ ਤਾਂ ਬਾਕੀਆਂ ਵਾਂਗ ਦਿਹਾੜੀਆਂ ਕਰਦਾ ਹੁੰਦਾ... ਚਲ ਕੋਈ ਨਾ ਜੇ ਤੈਨੂੰ ਨੌਕਰੀ ਨਹੀਂ ਮਿਲੀ ਤਾਂ... ਐਵੇਂ ਉਦਾਸ ਨਾ ਹੋਇਆ ਕਰ... ਉਂਝ ਨੌਕਰੀ ਦੀ ਕੋਈ ਰੀਸ਼ ਨਹੀਂ... ਮੈਂ ਤਾਂ ਹੁਣ ਪੱਕੀ ਹੋ ਗਈ ਹਾਂ। ਸੁਣ, ਨਾਲੇ ਬਥੇਰੀ ਤਨਖਾਹ ਏ। ਘਰਦਿਆਂ ਨੇ ਬਥੇਰੇ ਮੁੰਡੇ ਵੇਖੇ ਮੇਰੇ ਈ ਪਸੰਦ ਨਹੀਂ ਆਇਆ। ਹੁਣ ਕੋਈ ਨੌਕਰੀ ਵਾਲਾ ਨ੍ਹੀਂ ਮਿਲਦਾ। ਮੈਂ ਤਾਂ ਬਿੱਟੂ ਹੁਣ ਵਿਆਹ ਵਾਲਾ ਵਰਕਾ ਈ ਪਾੜ ਦਿੱਤਾ ਏ। ਦਾਦੇ ਮੰਗਾਵੇ। ਹੁਣ ਵਿਆਹ ਕਰਵਾਉਣਾ ਈ ਨਹੀਂ।" ਮੈਂ ਉਹਦੀਆਂ ਗੱਲਾਂ ਸਹਿਜ ਨਾਲ ਸੁਣਦਾ ਰਹਿੰਦਾ ਹਾਂ। ਚਾਹ ਦਾ ਆਖਰੀ ਘੁੱਟ ਭਰਦਿਆਂ ਕਹਿੰਦਾ ਹੋਇਆਂ ਉੱਠ ਪੈਂਦਾ ਹਾਂ, "ਹਾਂ ਜੀ ਤੁਸੀਂ ਸਹੀ ਕਿਹਾ... ਚੰਗੇ ਮੁੰਡੇ ਹੁਣ ਕਿੱਥੇ ਮਿਲਦੇ ਨੇ। ਖਾਸ ਕਰਕੇ ਨੌਕਰੀ ਵਾਲੇ ਤਾਂ ਮਿਲਦੇ ਈ ਨਹੀਂ...ਇਹ ਤਾਂ ਬਹੁਤ ਚੰਗਾ ਹੋਇਆ ਜਿਹੜੇ ਤੁਹਾਡੇ ਵਰਗਿਆਂ ਨੂੰ ਸਰਕਾਰ ਨੇ ਪੱਕਾ ਕਰ ਦਿੱਤਾ।"

ਦਾਸੋ ਹੁਣ ਬਹੁਤ ਬਿਰਧ ਹੋ ਗਿਆ ਏ। ਉਹਨੂੰ ਹੁਣ ਸੁਣਦਾ ਵੀ ਘੱਟ ਹੀ ਏ। ਉੱਚੀ ਬੋਲਣਾ ਪੈਂਦਾ ਏ। ਉਹਦੀਆਂ ਅੱਖਾਂ ਦੀ ਰੌਸ਼ਨੀ ਵੀ ਜਾਂਦੀ ਰਹੀ ਏ। ਉਹ ਦੱਸ ਰਿਹਾ ਸੀ, "ਮੁੰਡਿਆ ! ਪਿਛਲੇ ਸਾਲ ਕੀਮਤੀ ਰਾਮ ਆਇਆ ਸੀ। ਆਪਣੇ ਨਿਆਣੇ ਲੈ ਕੇ। ਆਹ ਦੋ ਕਮਰੇ, ਬਾਥਰੂਮ ਅਤੇ ਰਸੋਈ ਬਣਾ ਕੇ ਗਿਆ। ਲੈ ਤੂੰ ਵੀ ਦੇਖ ਲੈ... ਮੁੰਡੇ ਨੇ ਐਨ ਗੋਰਿਆਂ ਵਾਲਾ ਕੰਮ ਕੀਤਾ ਏ। ਗੋਰਿਆਂ ਵਰਗੀਆਂ ਫਲੱਸਾਂ ਬਣਾਈਆਂ ਨੇ। ਸਾਡੇ ਵੇਲੇ ਇਸ ਤਰ੍ਹਾਂ ਦੇ ਬਾਥਰੂਮ ਕਿੱਥੇ ਹੁੰਦੇ ਸੀ। ਅਸੀਂ ਖੱਤਿਆਂ ਵਿੱਚ ਜਾਂਦੇ ਸਨ। ਬਈ ਰੁਪਈਆਂ ਦੀ ਗੱਲ ਏ। ਏਸ ਗੱਲੋਂ ਮੇਰੇ ਨਿਆਣੇ ਚੰਗੇ ਆ। ਫਲਤੂ ਪੈਸਾ ਨ੍ਹੀਂ ਖਰਚਦੇ। ਬਸ ਔਹ ਮੁੰਡੇ ਤੇ ਆਹ ਕੁੜੀ ਦਾ ਦੁੱਖ ਈ ਚੈਨ ਨਾਲ ਸੌਣ ਨਹੀਂ ਦਿੰਦਾ। ਭਲਾ ਜਵਾਨ ਕੁੜੀ ਦਰ 'ਤੇ ਬੈਠੀ ਹੋਵੇ ਤਾਂ ਬਾਪ ਨੂੰ ਨੀਂਦ ਆਉਂਦੀ ਆ... ਮੁੰਡਿਆ ! ਮੈਂ ਕਿੱਥੇ ਡਿੱਗਣਾ ਸੀ... ਆਹ ਦੋ ਨਿਆਣਿਆਂ ਨੇ ਮੈਨੂੰ ਢਾਹ ਲਿਆ।" ਤੇ ਦਾਸੋ ਦੀਆਂ ਅੱਖਾਂ ਵਿੱਚ ਅੱਥਰੂ ਛਲਕ ਪਏ ਸਨ। ਮੈਨੂੰ ਲੱਗਾ ਉਹ ਹੋਰ ਵਧੇਰੇ ਕੁੱਬਾ ਹੋ ਗਿਆ ਏ।

---

**ਪੰਨਾ ਨੰ. 104 ਦਾ ਬਾਕੀ**

ਹਰਜਿੰਦਰ ਪਾਲ ਦੇ ਘਰ ਅੱਗੇ ਲਿਆ ਉਤਾਰਿਆ ਸੀ। ਮੈਂ ਤੁਹਾਥੋਂ ਚਾਲੀ ਮੰਗੇ ਸੀ ਤੇ ਤੁਸੀਂ ਕਿਹਾ ਸੀ, 'ਨ੍ਹੀਂ ਤੀਹ।' ਮੈਂ ਚਾਲੀਆਂ 'ਤੇ ਅੜਿਆ ਰਿਹਾ। ਤੁਸੀਂ ਕਿਹਾ ਸੀ, 'ਚੱਲੋ ਤਾਂ ਸਈਂ ਪਹਿਲਾਂ। ਪੈਸਿਆਂ ਦਾ ਬਾਅਦ 'ਚ ਦੇਖ ਲਾਂਗੇ।' ਰਾਤ ਦੇ ਬਾਰ੍ਹਾਂ ਵੱਜੇ ਸੀ। ਆਲੇ-ਦੁਆਲੇ ਕੋਈ ਵੀ ਹੋਰ ਰਿਕਸ਼ਾ ਨ੍ਹੀਂ ਸੀ। ਜਦੋਂ ਮੈਂ ਤੁਹਾਨੂੰ ਹਰਜਿੰਦਰ ਪਾਲ ਦੇ ਘਰ ਅੱਗੇ ਉਤਾਰਿਆ ਤਾਂ ਤੁਸੀਂ ਮੈਨੂੰ ਦਸਾਂ-ਦਸਾਂ ਦੇ ਤਿੰਨ ਨੋਟ ਦਿੱਤੇ। ਮੈਂ ਫੜੇ ਨਾ। ਤੁਸੀਂ ਇਹੀ ਕਿਹਾ, 'ਦੇਖ ਲੈ-ਇਸ ਤੋਂ ਵੀ ਜਾਏਂਗਾ।' ਮੈਂ ਉਹ ਨੋਟ ਸੁੱਟ ਕੇ ਵਾਪਸ ਮੁੜ ਗਿਆ... ਮੈਂ ਆਪਣੇ ਅਸੂਲਾਂ ਨਾਲ ਕਦੇ ਸਮਝੌਤਾ ਨ੍ਹੀਂ ਕੀਤਾ। ਪਹਿਲਾਂ ਕਿਸੇ ਦੀ ਮਜ਼ਦੂਰੀ ਦਾ ਹੱਕ ਦੇਣਾ ਸਿੱਖੋ ...ਅੱਜ ਦਾ ਖਰਚਾ ਮੈਂ ਤੇ ਹਰਜਿੰਦਰ ਪਾਲ ਅੱਧਾ-ਅੱਧਾ ਦਿਆਂਗੇ... ਆਖਿਰ ਤੁਸੀਂ ਸਾਡੇ ਗੈਸਟ ਹੋ...।" ਉਸ ਜੇਬ ਵਿੱਚੋਂ ਸੌ-ਸੌ ਦੇ ਦੋ ਨੋਟ ਕੱਢ ਕੇ ਮੇਰੇ ਹੱਥਾਂ ਵਿੱਚ ਫੜਾ ਦਿੱਤੇ। ਇਹ ਕਹਿੰਦਾ ਹੋਇਆ, "ਫੇਰ ਮਿਲਾਂਗੇ।" ਕਾਹਲੀ-ਕਾਹਲੀ ਆਪਣੇ ਰਿਕਸ਼ੇ ਵੱਲ ਚਲਾ ਗਿਆ ਸੀ।



## ਬੁੱਢਾ ਸੀਰੀ ਨਹਿਰੂ/ਸੁਖਦੇਵ ਸਿੰਘ ਮਾਨ

ਨਹਿਰੂ ਨੂੰ ਮੈਂ ਜਾਣਦਾ ਨਹੀਂ ਸੀ। ਉਂਜ ਪਿੰਡ ਦੀ ਸੱਥ ਵਿਚਦੀ ਜਦੋਂ ਲੰਘਦਾ ਤਾਂ ਨਹਿਰੂ ਅਕਸਰ ਬੈਠਿਆ ਦਿੱਸ ਪੈਂਦਾ। ਨਹਿਰੂ ਨਾਲ ਬਹਿਸਣ ਲੱਗ ਪੈਂਦੇ। ਨਹਿਰੂ ਜਦੋਂ ਆਜ਼ਾਦੀ ਨੂੰ ਸਿਰਫ ਅਮੀਰਾਂ ਦੀ ਆਜ਼ਾਦੀ ਆਖਦਾ ਤੇ ਨਾਲ ਹੀ ਲੋਕਾਂ ਨੂੰ ਵੀ ਇਹ ਵੀ ਕਹਿੰਦਾ ਕਿ ਇੱਕ ਦਿਨ ਅਜਿਹਾ ਵੀ ਆਊਗਾ ਜਦੋਂ ਮੌਜੂਦਾ ਤੰਤਰ ਥੋਡੇ ਹੱਥਾਂ ਦੀ ਰੋਟੀ ਖੋਹਣ ਦੀ ਕੋਸ਼ਿਸ਼ ਕਰੇਗਾ। ਫਿਰ ਥੋਨੂੰ ਇੱਕ ਜੁੱਟ ਹੋ ਕੇ ਲੜਾਈ ਲੜਨੀ ਪਊਗੀ ਤਾਂ ਸੱਥ 'ਚ ਚੁੱਪ ਜਿਹੀ ਛਾ ਜਾਂਦੀ। ਸਾਡੇ ਪਿੰਡ ਦਾ ਕੀਰਤ ਅਜਿਹੇ ਮੌਕੇ ਨਹਿਰੂ ਦੇ ਹੱਕ 'ਚ ਬੋਲਦਾ।

ਨਹਿਰੂ ਰਾਜਿਆਂ ਦੇ ਘਰ ਜੰਮਿਆਂ ਸੀ। ਘਰਦਿਆਂ ਨੇ ਉਸਦਾ ਨਾਂ ਤਾਂ ਕੌਰ ਸਿੰਘ ਰੱਖਿਆ ਸੀ ਪਰ ਵੱਡਾ ਹੋ ਨਹਿਰੂ ਜਦੋਂ ਸੱਥਾਂ 'ਚ ਬੋਲਣ ਲੱਗਾ ਤਾਂ ਲੋਕ ਉਸਨੂੰ ਨਹਿਰੂ ਕਹਿਣ ਲੱਗ ਪਏ। ਉਹ ਦਿਨ ਪੰਡਤ ਨਹਿਰੂ ਦੀ ਚੜ੍ਹਤ ਦੇ ਦਿਨ ਸੀ। ਨਹਿਰੂ ਦੇ ਨਾਂ ਵਿਚਲੇ ਭੇਤ ਬਾਰੇ ਮੈਨੂੰ ਮੇਰੇ ਚਾਚੇ ਹਰੀ ਨੇ ਦੱਸਿਆ ਸੀ। ਉਂਜ ਮੈਂ ਪੰਡਤ ਨਹਿਰੂ ਦਾ ਸਮਾਂ ਦੇਖਿਆ ਨਹੀਂ ਸੀ।

ਅਸਲ 'ਚ ਨਹਿਰੂ ਦਾ ਸਿਆਣੂ ਮੇਰਾ ਚਾਚਾ ਹਰੀ ਹੀ ਸੀ। ਮੈਂ ਤਾਂ ਚਾਚੇ ਹਰੀ ਨਾਲ ਜਾਂਦਾ-ਆਉਂਦਾ ਨਹਿਰੂ ਦੇ ਚਿਹਰੇ ਦਾ ਸਿਆਣੂ ਹੋ ਗਿਆ ਸੀ। ਨਹਿਰੂ ਨਾਲ ਪੂਰੀ ਜਾਣ-ਪਛਾਣ ਦਾ ਕਾਰਨ ਮੇਰੇ ਲਈ ਬੜੇ ਦੁਖਦਾਈ ਸਮੇਂ 'ਚੋਂ ਨਿੱਕਲਿਆ ਸੀ। ਬਾਪੂ ਜੰਗੀਰ ਅਚਾਕਨ ਹੀ ਬਾਂਹ ਛੁਡਾ ਕੇ ਅਸਤਕਾਲ ਨੂੰ ਤੁਰ ਗਿਆ ਸੀ। ਲੱਗਦਾ ਨਹੀਂ ਸੀ ਕਿ ਬਾਪੂ ਇਸ ਤਰ੍ਹਾਂ ਵੱਡੀ ਸਾਰੀ ਕਬੀਲਦਾਰੀ ਬਿਨ੍ਹਾਂ ਸਮੇਟੇ ਤੁਰ ਜਾਵੇਗਾ। ਇੱਕ ਵਾਰ ਤਾਂ ਮੈਨੂੰ ਲੱਗਿਆ, ਇਸ ਸਦਮੇ 'ਚੋਂ ਮੁਸ਼ਕਿਲ ਨਾਲ ਹੀ ਬਾਹਰ ਆ ਸਕਾਂਗਾ। ਤੁਰ ਜਾਣ ਤੋਂ ਪਹਿਲਾਂ ਬਾਪੂ ਜੰਗੀਰ ਮੈਨੂੰ ਸਤਾਰ੍ਹਾਂ ਸਾਲ ਦੀ ਉਮਰ 'ਚ ਵਿਆਹ ਬੰਨ੍ਹਣ 'ਚ ਬੰਨ੍ਹ ਗਿਆ ਸੀ। ਮੇਰੀ ਪੜ੍ਹਾਈ ਵੀ ਏਨੀ ਨਹੀਂ ਸੀ ਕਿ ਕਿਸੇ ਨੌਕਰੀ ਦੇ ਬੰਨ੍ਹੇ ਲੱਗ ਜਾਂਦਾ। ਖੇਤੀ ਬਾਰੇ ਵੀ ਮੇਰੀ ਜਾਣਕਾਰੀ ਬੜੀ ਪਤਲੀ ਸੀ।

ਸਾਰੀ ਕਬੀਲਦਾਰੀ ਮੇਰੇ ਗਲ਼ ਪੈ ਗਈ। ਮੈਥੋਂ ਵੱਡੀਆਂ ਪੰਜ ਭੈਣਾਂ ਸਨ। ਦੋ ਬਾਪੂ ਵਿਆਹ ਗਿਆ ਸੀ। ਤਿੰਨ ਹਾਲੇ ਚੁੱਲ੍ਹੇ 'ਤੇ ਬੈਠੀਆਂ ਸਨ। ਭੈਣਾਂ ਦੇ ਵਿਆਹ ਬਾਰੇ ਸੋਚਦੀ ਮੇਰੀ ਮਾਂ ਘਰ ਦੇ ਖੂੰਜਿਆਂ ਵੱਲ ਦੇਖਦੀ ਰਹਿੰਦੀ। ਘਰ 'ਚ ਮੈਂ ਇਕੱਲਾ ਮਰਦ ਸੀ। ਉਹ ਜਿਸ ਵੀ ਕੰਮ ਨੂੰ ਹੱਥ ਪਾਉਂਦਾ, ਅੱਧ ਵਿਚਕਾਰ ਲਮਕਾ ਕੇ ਬਹਿ ਜਾਂਦਾ।

ਬਾਪੂ ਦੇ ਜਿਉਂਦਿਆਂ ਵੀ ਮੇਰਾ ਇਹੀ ਹਾਲ ਰਹਿੰਦਾ। ਬਾਪੂ ਮੈਨੂੰ ਖੇਤ ਦੇ ਜਿਸ ਬੰਨ੍ਹੇ ਖੜ੍ਹਾ ਕਰ ਦਿੰਦਾ, ਮੈਂ ਉੱਥੇ ਖੜ੍ਹਾ ਹੀ ਟੱਕਰਾਂ ਜਿਹੀਆਂ ਮਾਰੀ ਜਾਂਦਾ। ਖੇਤੀ ਬਾਰੇ ਗ੍ਰਹਿਸਥੀ ਤੋਂ ਨਿਰਲੇਪ ਚਾਚਾ ਹਰੀ ਜਾਣਦਾ ਸੀ। ਪਰ ਚਾਚੇ ਹਰੀ ਨੂੰ ਹੱਥ ਕੰਬਣ ਦੀ ਚੰਦਰੀ ਬਿਮਾਰੀ ਨੇ ਨਿਢਾਲ਼ ਕਰ ਦਿੱਤਾ ਸੀ। ਬਾਪੂ ਦੇ ਤੁਰ ਜਾਣ ਬਾਅਦ ਚਾਚਾ ਹਰੀ ਕੰਬਦੇ ਹੱਥਾਂ ਨੂੰ ਖੇਸੀ 'ਚ ਲਪੇਟ ਮੇਰੇ ਨਾਲ ਖੇਤ ਜਾਂਦਾ। ਖੇਤੀ ਦੇ ਕੰਮਾਂ ਨੂੰ ਚਾਚਾ ਹਰੀ ਕੰਬਦੇ ਹੱਥਾਂ ਨਾਲ ਕਰਨ ਦੀ ਕੋਸ਼ਿਸ਼ ਕਰਦਾ। ਪਰ ਕੰਬਦੇ ਹੱਥ ਕੁੱਝ ਵੀ ਕਰਨ ਨਾ ਦਿੰਦੇ। ਭਰਾ ਨੂੰ ਯਾਦ ਕਰ ਚਾਚਾ ਹਰੀ ਬੱਟ 'ਤੇ ਬਹਿ ਹੰਝੂ ਬਹਾਉਣ ਲੱਗ ਪੈਂਦਾ।

ਖੇਤੀ ਲਈ ਬਾਪੂ ਮੈਨੂੰ ਨੇੜਲੇ ਪਿੰਡ ਘੁੰਮਣ ਦੇ ਜੱਟ ਤੋਂ ਬੋਤੀ ਲੈ ਕੇ ਦੇ ਗਿਆ ਸੀ। ਬੋਤੀ ਬੜੀ ਮੜ੍ਹਕ ਵਾਲੀ ਸੀ। ਜਿਹੜੇ ਜੱਟ ਤੋਂ ਅਸੀਂ ਬੋਤੀ ਲਈ ਸੀ, ਉਸਨੇ ਬੜੀ ਸੋਘਵੀ ਨਾਲ ਸਾਨੂੰ ਦੋਹਾਂ ਪਿਉਪੁੱਤ ਨੂੰ ਦੇਖਿਆ ਸੀ। ਬਾਪੂ ਮੇਰਾ ਅਮਲੀ ਬੰਦਾ ਸੀ। ਮੈਂ ਨਿਆਣਾ ਸੀ। ਜੱਟ ਕਹਿੰਦਾ,

'ਜੰਗੀਰ ਸਿਆਂ, ਇਹ ਬੋਤੀ ਨੂੰ ਤੇਰਾ ਮੁੰਡਾ ਨਹੀਂ ਵਾਹ ਸਕਦਾ, ਤੇਰੀ ਉਮਰ ਹਲ ਵਾਹੁੰਣ ਵਾਲੀ ਹੈ ਨਹੀਂ, ਕੋਈ ਚੰਗਾ ਸੀਰੀ ਰੱਖ ਲਿਉ।'

ਬਾਪੂ ਦਾ ਜਿਹੋ ਜਿਹਾ ਸੁਭਾਅ ਸੀ, ਉਸੇ ਤਰ੍ਹਾਂ ਦਾ ਉਸ ਜਵਾਬ ਦੇ ਦਿੱਤਾ। ਬਾਪੂ ਦਾ ਸੁਭਾਅ ਸੀ, ਹਰ ਗੱਲ ਸਮੇਂ 'ਤੇ ਸੁੱਟ ਦਿੰਦਾ। ਬਾਪੂ ਅਕਸਰ ਆਖਦਾ, 'ਆਪੇ ਸਮਾਂ ਪੈ ਕੇ ਸਭ ਗੱਲਾਂ ਸੂਤ ਹੋ ਜਾਣਗੀਆਂ।'

ਪਰ ਸਮਾਂ ਸਾਡੇ ਨਾਲ ਖਹਿ ਖਹਿ ਕੇ ਲੰਘ ਰਿਹਾ ਸੀ। ਮੜ੍ਹਕ ਵਾਲੀ ਬੋਤੀ ਨੇ ਮੇਰੇ ਅਨਜਾਣਪੁਣੇ ਨੂੰ ਪਹਿਲੇ ਦਿਨ ਹੀ ਭਾਸ ਲਿਆ ਸੀ। ਇੱਕ ਦੋ ਦਿਨ ਤਾਂ ਬੋਤੀ ਸਿੱਧੇ ਓਰੇ ਕੱਢਦੀ ਰਹੀ, ਫਿਰ ਮੇਰੇ ਅਨਜਾਣਪੁਣੇ 'ਤੇ ਬੋਤੀ ਖਿਝਣ ਲੱਗ ਪਈ। ਬੋਤੀ ਦੀ ਸਰੀਰਕ ਭਾਸ਼ਾ ਦੱਸਦੀ ਸੀ ਕਿ ਉਸਨੂੰ ਵਾਹੁੰਣ ਵਾਲਾ ਕੋਈ ਹਾਲ਼ੀ ਹੋਵੇ, ਜਿਹੜਾ ਮੁਹਾਰ ਸੱਜੇ ਖੱਬੇ ਸੁੱਟਣ ਜਾਣਦਾ ਹੋਵੇ, ਪਰ ਮੇਰੇ ਕੋਲੋਂ ਬੋਤੀ ਦੀ ਕੁਆਂਟ ਤੇ ਨਾ ਘੋੜੀ ਸਹੀ ਟਿੱਕਦੀ ਸੀ, ਨਾ ਤੰਗੜ ਸਹੀ ਕੱਸਿਆ ਜਾਂਦਾ ਸੀ। ਕਈ ਵਾਰ ਤਾਂ ਕੋਲ ਦੀ ਲੰਘਦਾ ਕੋਈ ਹਾਲੀ ਬੰਦਾ ਘੋੜੀ ਨੂੰ ਟਿਕਾਣੇ ਸਿਰ ਕਰ ਕੇ ਜਾਂਦਾ। ਉਹੀ ਬੰਦਾ ਤੰਗੜ ਕੱਸ ਕੇ ਜਾਂਦਾ। ਅਸਲ 'ਚ ਬੋਤੀ ਮਗਰ ਮੈਂ ਤੁਰਦਾ ਨਹੀਂ ਸੀ, ਬਲਕਿ ਬੋਤੀ ਮੈਨੂੰ ਖੇਤ 'ਚ ਘੜੀਸੀਦੀ ਫਿਰਦੀ।

ਇੱਕ ਦਿਨ ਬੋਤੀ ਨੂੰ ਪਤਾ ਨਹੀਂ ਕੀ ਜੋਸ਼ ਚੜ੍ਹਿਆ, ਉਹ ਮੈਨੂੰ ਸੁਹਾਗੀ ਸਮੇਤ ਖੇਤ 'ਚ ਘੜੀਸ ਕੇ ਲੈ ਗਈ। ਮੈਂ ਸੁਹਾਗੀ ਦੇ ਮੂਹਰੇ ਡਿੱਗ ਪਿਆ। ਇੱਕ ਬਾਂਹ 'ਚ ਮੇਰੇ ਮੁਹਾਰ ਵਿਲਟ ਗਈ। ਗੁਆਰੇ ਦੇ ਵੱਢ 'ਚ ਸੁਹਾਗੀ ਮੇਰੇ ਉਪਰ ਦੀ ਲੰਘ ਗਈ। ਵੱਜੀਆਂ ਝਰੀਟਾਂ 'ਤੇ ਮਿੱਟੀ ਭੁੱਕਦਾ ਮੈਂ, ਕੰਬਦੇ ਹੱਥਾਂ ਨਾਲ ਕੋਲ ਆਏ ਚਾਚੇ ਵੱਲ ਦੇਖ ਮੇਰੀਆਂ ਅੱਖਾਂ ਭਰ ਆਈਆਂ। ਚਾਚਾ ਮੈਨੂੰ ਵਿਰਾਉਣ ਲੱਗਾ।

ਚਾਚੇ ਹਰੀ ਨੇ ਦੇਖ ਲਿਆ ਸੀ, ਬੋਤੀ ਦਾ ਹਲ ਵਾਹੁੰਣਾ ਮੇਰੇ ਵੱਸ ਦੀ ਗੱਲ ਨਹੀਂ ਸੀ। ਚਾਚਾ ਹਰੀ ਮੈਨੂੰ ਇੱਕ ਦਿਨ ਪਰਲੇ ਅਗਵਾੜ 'ਚ ਵਸੇ ਨਹਿਰੂ ਦੇ ਘਰ ਲੈ ਗਿਆ। ਨਹਿਰੂ ਵੀ ਚਾਚੇ ਹਰੀ ਵਾਂਗ ਗ੍ਰਹਿਸਤੀ ਤੋਂ ਮੁਕਤ ਸੀ। ਨਹਿਰੂ ਆਵਦੇ ਚਾਚੇ ਦੇ ਪੁੱਤ ਕਿਹਰ ਦੇ ਚੁੱਲੇ 'ਤੇ ਰੋਟੀ ਖਾਂਦਾ ਸੀ। ਕਿਹਰ ਪੁਲਸ 'ਚ ਹੌਲਦਾਰ ਲੱਗਿਆ ਹੋਇਆ ਸੀ। ਇਮਾਨਦਾਰ ਹੋਣ ਕਰਕੇ ਕਿਹਰ ਦੀ ਨੌਕਰੀ ਨਾਲ ਦੋ ਬੱਚਿਆਂ ਤੇ ਭਾਬੀ ਮੈਨਾ ਦੁਆਰਾ ਸੰਭਾਲ ਕੇ ਚਲਾਇਆ ਘਰ ਹੀ ਚੱਲਦਾ ਸੀ। ਜਵਾਨੀ ਪਹਿਰੇ ਨਹਿਰੂ ਤਕੜੇ ਘਰਾਂ ਨਾਲ ਸੀਰ ਵੀ ਕਰਦਾ ਰਿਹਾ ਸੀ। ਜਦੋਂ ਸਰੀਰ ਕਮਜ਼ੋਰ ਪੈ ਗਿਆ ਤਾਂ ਨਹਿਰੂ ਲੋਕਾਂ ਦੇ ਛੋਟੇ ਮੋਟੇ ਕੰਮਾਂ ਤਾਂ ਕਰਵਾ ਆਉਂਦਾ ਪਰ ਸਾਰੇ ਦਿਨ ਦੇ ਔਖੇ ਕੰਮ 'ਤੇ ਨਾ ਜਾਂਦਾ। ਵਿਹਲੇ ਸਮੇਂ ਉਹ ਸਾਡੇ ਪਿੰਡ ਦੇ ਕਿਸਾਨ ਯੂਨੀਅਨ ਦੇ ਹੰਢੇ ਹੋਏ ਵਰਕਰ ਕੀਰਤ ਤੋਂ ਲੈ ਕੇ ਕਿਤਾਬਾਂ ਪੜ੍ਹਦਾ ਰਹਿੰਦਾ। ਨਹਿਰੂ ਪੰਜਾਬੀ ਦੀਆਂ ਕਿਤਾਬਾਂ ਨੂੰ ਚੰਗੀ ਸਮਝ ਲੈਂਦਾ। ਜੇ ਕੋਈ ਗੱਲ ਸਮਝ 'ਚ ਨਾ ਆਉਂਦੀ ਤਾਂ ਕੀਰਤ ਉਸਨੂੰ ਸਮਝਾ ਦਿੰਦਾ। ਨਹਿਰੂ ਕੀਰਤ ਨਾਲ ਧਰਨਿਆਂ 'ਤੇ ਵੀ ਜਾਂਦਾ, ਡਰਾਮੇ ਦੇਖਣ ਵੀ ਜਾਂਦਾ।

ਚਾਚੇ ਹਰੀ ਨੇ ਨਹਿਰੂ ਨੂੰ ਮੇਰੀ ਸਮੱਸਿਆ ਦੱਸੀ। ਨਹਿਰੂ ਦੇ ਕੁੱਝ ਕਹਿਣ ਤੋਂ ਪਹਿਲਾਂ ਹੀ ਕਿਹਰ ਬੋਲ ਪਿਆ, ' ਨਹਿਰੂ, ਮੁੰਡੇ ਨਾਲ ਦੋ ਘੰਟੇ ਖੇਤ ਜਾਇਆ ਕਰ। ਜਵਾਨੀ ਪਹਿਰੇ ਤੂੰ ਵੱਡੇ ਵੱਡੇ ਢੱਠੇ ਸਿੱਧੇ ਕੀਤੇ ਆ। ਬੋਤੀ ਕੀ ਲੱਤਾਂ ਅੜਾਊ ? ਜਾਇਆ ਕਰ। ਹੋ ਸਕਦੈ, ਕਿਸੇ ਦੀ ਅਸੀਸ ਆਪਾਂ ਨੂੰ ਵੀ ਲੱਗ ਜਾਵੇ। ਪਤਾ ਨਹੀਂ ਰੱਬ ਕਿਸ ਜੀਅ ਰਾਹੀਂ ਆਪਣੇ ਵੱਲ ਵੀ ਦੇਖ ਲਵੇ।'



ਨਹਿਰੂ ਕਿਹਰ ਦੀ ਗੱਲ ਧਿਆਨ ਨਾਲ ਸੁਣੀ ਗਿਆ। ਨਹਿਰੂ ਦੇ ਚਿਹਰੇ 'ਤੇ ਅਜੀਬ ਕਿਸਮ ਦੀ ਉਦਾਸੀ ਛਾ ਗਈ। ਫਿਰ ਵੀ ਨਹਿਰੂ ਚਾਚੇ ਵੱਲ ਤੇ ਮੇਰੇ ਵੱਲ ਦੇਖ ਕਹਿੰਦਾ,

"ਤੜਕੇ ਤੋਂ ਮੈਂ ਚੱਲਿਆ ਕਰੂੰ। ਸਾਰੀ ਉਮਰ ਬੋਤੀਆਂ ਹੀ ਵਾਹੀਆਂ। ਕੋਈ ਗੱਲ ਨਹੀਂ ਹਰੀ ਸਿਆਂ। ਸਾਰੀ ਕਹਾਣੀ ਸੂਤ ਕਰ ਦੇਵਾਂਗੇ।"

ਨਹਿਰੂ ਮੇਰੇ ਨਾਲ ਖੇਤ ਜਾਣ ਲੱਗ ਪਿਆ। ਉਹ ਕੰਮ ਦੱਸੀ ਜਾਂਦਾ। ਮੈਂ ਕਰੀ ਜਾਂਦਾ। ਨਹਿਰੂ ਦੀ ਸਿੱਧੀ ਕੀਤੀ ਬੋਤੀ ਵੀ ਮੈਨੂੰ ਰਾਹ ਦੇਣ ਲੱਗ ਪਈ। ਨਹਿਰੂ ਜਦੋਂ ਬੱਟ 'ਤੇ ਖੜ੍ਹ ਚਿਟਕਾਰਾ ਮਾਰਦਾ ਤਾਂ ਬੋਤੀ ਓਰੇ 'ਤੇ ਆ ਜਾਂਦੀ। ਦੁਪਹਿਰੇ ਅਸੀਂ ਬੋਤੀ ਰੇਲ ਗੱਡੀ ਦੀ ਲੀਹ 'ਚ ਉਗੇ ਮਲ੍ਹਿਆਂ 'ਚ ਬੰਨ ਦਿੰਦੇ। ਉਹ ਲੀਹ 'ਚ ਉਗੇ ਮਲ੍ਹਿਆਂ ਨੂੰ ਮੂੰਹ ਮਾਰਨ ਲੱਗ ਪੈਂਦੀ। ਨਹਿਰੂ ਅਕਸਰ ਕੋਈ ਗੱਲ ਛੇੜ ਲੈਂਦਾ। ਇਹ ਗੱਲਾਂ ਨਹਿਰੂ ਨਾਲ ਹੋਈਆਂ ਬੀਤਿਆਂ ਦਾ ਕੱਚਾ ਚਿੱਠਾ ਹੁੰਦੀਆਂ। ਜਿਸ ਦਿਨ ਨਹਿਰੂ ਚੁੱਪ ਹੁੰਦਾ, ਮੈਂ ਉਸਨੂੰ ਕੋਈ ਗੱਲ ਸੁਣਾਉਣ ਲਈ ਉਕਸਾਉਂਦਾ। ਬੇਰੀ ਹੇਠ ਬਹਿ ਅਸੀਂ ਦੁਪਹਿਰਾ ਕੱਟਦੇ। ਤਪਾੜ ਪੈਂਦੀ ਧੁੱਪ 'ਚ ਨਹਿਰੂ ਚਾਹ ਧਰ ਲੈਂਦਾ। ਜਿਉਂ ਜਿਉਂ ਚਾਹ ਉਬਾਲਾ ਖਾਈ ਜਾਂਦੀ ਨਹਿਰੂ ਅੰਦਰ ਬੀਤੇ ਜੀਵਨ ਦੀ ਕੋਈ ਕਹਾਣੀ ਹੁੱਝਾਂ ਮਾਰਨ ਲੱਗ ਪੈਂਦੀ। ਇੱਕ ਦਿਨ ਨਹਿਰੂ ਨੇ ਆਵਦੇ ਜਨਮ ਵੇਲੇ ਦੀ ਕਹਾਣੀ ਛੋਹ ਲਈ, "ਦੂਜੀ ਸੰਸਾਰ ਜੰਗ ਤੋਂ ਪਹਿਲਾਂ ਦੀ ਗੱਲ ਹੈ, ਜਦੋਂ ਮੇਰਾ ਜਨਮ ਹੋਇਆ।" ਮੇਰੇ ਯਾਦ ਆਇਆ, ਨਹਿਰੂ ਦੇ ਇਤਿਹਾਸ ਦੀਆਂ ਇਹ ਤਰੀਕਾਂ ਯਾਦ ਰੱਖਣ ਪਿੱਛੇ ਸਾਡੇ ਪਿੰਡ ਦੇ ਕੀਰਤ ਦਾ ਹੱਥ ਸੀ। ਇਤਿਹਾਸ ਦੇ ਜਿਸ ਕਾਂਡ ਨੂੰ ਕੀਰਤ ਖੁਦ ਪੜ੍ਹਦਾ, ਉਹ ਕਾਂਡ ਨਹਿਰੂ ਨੂੰ ਵੀ ਪੜ੍ਹਾ ਕੇ ਛੱਡਦਾ। 'ਸੋਵੀਅਤ ਯੂਨੀਅਨ ਦੀ ਕਮਿਊਨਿਟਸ ਪਾਰਟੀ ਦਾ ਇਤਿਹਾਸ' ਨਾਮ ਦੀ ਕਿਤਾਬ ਮੈਂ ਨਹਿਰੂ ਨੂੰ ਅਕਸਰ ਪੜ੍ਹਦੇ ਦੇਖਦਾ। "ਮੇਰੀ ਮਾਂ ਦੱਸਦੀ ਸੀ, ਮੇਰੇ ਜਨਮ ਵੇਲੇ ਮਾਲਵੇ 'ਚ ਵੱਡਾ ਅਕਾਲ ਪਿਆ ਹੋਇਆ ਸੀ। ਪਸ਼ੂ ਡੰਗਰ ਚਾਰੇ ਬਿਨ੍ਹਾਂ ਮਰ ਰਹੇ ਸੀ। ਬੰਜਰ ਜ਼ਮੀਨ ਵਾਹ ਵਾਹ ਜੱਟ ਹੰਭ ਗਏ ਸੀ। ਮੀਂਹ ਨਾ ਪੈਣ ਕਰ ਕੇ ਘਰਾਂ 'ਚੋਂ ਦਾਣੇ ਮੁੱਕ ਗਏ ਸੀ। ਥੋੜ੍ਹੇ ਮੋਟੇ ਦਾਣੇ ਜਾਂ ਤਾਂ ਰਿਆਸਤਾਂ ਦੇ ਰਾਜੇ ਵੰਡ ਰਹੇ ਸੀ ਤੇ ਜਾਂ ਅੰਗਰੇਜੀ ਰਾਜ 'ਚ ਮਾੜੀ ਮੋਟੀ ਸਮੱਗਰੀ ਅੰਗਰੇਜ ਵੰਡ ਰਹੇ ਸੀ। ਮਾਂ ਕਹਿੰਦੀ ਤੇਰੇ ਜਨਮ ਵੇਲੇ ਘਰ 'ਚ ਇੱਕ ਦਾਣਾ ਵੀ ਨਹੀਂ ਸੀ। ਜਦੋਂ ਤੇਰੀ ਤਾਈ ਨੂੰ ਬੱਚਾ ਜਨਮਣ ਨਾਲ ਲੂਸੀਆਂ ਆਦਰਾਂ ਦਾ ਅਹਿਸਾਸ ਹੋਇਆ ਤਾਂ ਉਹ ਟਿੱਬਿਆਂ ਵਾਲੇ ਵੱਡੇ ਜੰਡ ਕੋਲ ਗਈ। ਜੰਡ ਦਾ ਭੋਰੜ ਲਾਹਿਆ। ਘਰ ਆ ਕੇ ਭੋਰੜ ਚੱਕੀ 'ਤੇ ਪੀਸਿਆ। ਲੂਣ ਭੋਰੜ 'ਚ ਰਲਾਇਆ। ਮੇਰੀ ਮਾਂ ਕਹਿੰਦੀ, ਉਹੀ ਲੂਣ ਰਲਿਆ ਭੋਰੜ ਖਾ ਕੇ ਮੈਂ ਜਣੇਪੇ 'ਚੋਂ ਖੜ੍ਹੀ ਹੋ ਗਈ। ਛੋਟੇ ਭਾਈ, ਸਾਡੇ ਵਰਗਿਆਂ ਕੋਲ ਇਕੱਲੇ ਸਰੀਰ ਨੇ। ਹੋਰ ਕੁੱਝ ਨਹੀਂ। ਇਹ ਸਰੀਰ ਦੇ ਸਿਰ 'ਤੇ ਸੰਸਾਰ 'ਚ ਫਿਰਦੇ ਆਂ। ਅੱਜ ਤੱਕ ਕਿਸੇ ਦਾ ਮਾੜਾ ਨਹੀਂ ਕਰਿਆ। ਜਿੱਥੋਂ ਤੱਕ ਹੋ ਸਕਿਆ, ਹਰੇਕ ਦੇ ਕੰਮ ਈ ਆਏ ਹਾਂ। ਨਾਵਲਕਾਰ ਗੁਰਦਿਆਲ ਸਿੰਘ ਲਿਖਦਾ, ਬੰਦੇ ਦੀਆਂ ਦਸ ਦੇਹੀਆਂ ਹੁੰਦੀਆਂ ਛੋਟੇ ਭਾਈ। ਨੌਂ ਤਾਂ ਪਤਾ ਨਹੀਂ ਕਿੱਧਰ ਵਿਹਾਅ ਗਈਆਂ ? ਆਹ ਇੱਕ ਬਚੀ ਆ..।"

"ਨਹਿਰੂ ਜਵਾਨੀ ਵੇਲੇ ਦੀ ਕੋਈ ਗੱਲ ਸੁਣਾ।" ਕਿਸੇ ਤਿੱਖੜ ਦੁਪਹਿਰ ਮੈਂ ਨਹਿਰੂ ਨੂੰ ਕਹਿੰਦਾ।

" ਜਵਾਨੀ ਚੜ੍ਹੀ ਤੋਂ ਮੈਂ ਮੱਲ ਬਣਨਾ ਚਹੁੰਦਾ ਸੀ। ਮੈਂ ਅਖਾੜਿਆਂ 'ਚ ਲੀੜੇ ਲਹੁੰਣ ਵੀ ਲੱਗ ਪਿਆ ਸੀ ਪਰ ਘਰ ਦੇ ਹਾਲਤ ਚੰਗੇ ਨਹੀਂ ਸੀ। ਫਿਰ ਵੀ ਮੈਂ ਛੋਟੇ ਮੋਟੇ ਘੋਲ ਘੁਲ਼ ਲੈਂਦਾ। ਕਦੇ ਜਿੱਤ ਜਾਂਦਾ, ਕਦੇ ਹਾਰ ਜਾਂਦਾ। ਇੱਕ ਵਾਰੀ ਮੈਂ ਨੰਬਰਦਾਰਾਂ ਦੀ ਸਕੀਰੀ 'ਚ ਬਰੇਟੇ ਕਣਕ ਦੀ ਲਾਸ

'ਤੇ ਗਿਆ। ਜਦੋਂ ਉਹ ਜੱਟ ਲਾਸ ਵਾਲਿਆਂ ਦੀ ਰੋਟੀ ਲੈ ਕੇ ਆਏ। ਨਾਲ ਉਨ੍ਹਾਂ ਦੇ ਇੱਕ ਫੁਕਰਾ ਜਿਹਾ ਮੁੰਡਾ ਆ ਗਿਆ। ਮੁੰਡਾ ਸਾਨੂੰ ਲਾਸ ਵਾਲਿਆਂ ਨੂੰ ਲਲਕਾਰਨ ਲੱਗਾ ਕਿ ਥੋਡੇ 'ਚ ਕੋਈ ਇੱਕ ਮੇਰੇ ਨਾਲ ਘੋਲ ਕਰੋ। ਬਿਗਾਨਾ ਪਿੰਡ ਕਰਕੇ ਸਾਰੇ ਚੁੱਪ ਕਰ ਗਏ। ਮੈਥੋਂ ਰਿਹਾ ਨਾ ਗਿਆ। ਮੈਂ ਕਿਹਾ, ਐਥੇ ਕਣਕ ਦੇ ਵੱਢ 'ਚ ਘੁਲੇਂਗਾ ਕਿ ਅਖਾੜਾ ਪੁਟੀਏ ? ਬੰਦਾ ਉਹ ਫੁਕਰਾ ਸੀ। ਮੈਨੂੰ ਕਹਿੰਦਾ, ਕਣਕ ਦੇ ਵੱਢ 'ਚ ਈ ਘੁਲਾਂਗਾ, ਪਰ ਇੱਕ ਸ਼ਰਤ ਆ, ਜੇ ਤੇਰੀ ਧੌਣ ਦਾ ਮਣਕਾ ਟੁੱਟ ਗਿਆ ਤਾਂ ਨਾਲ ਦਿਆਂ ਨੂੰ ਇਹ ਪੁੱਛਲੈ ਤੈਨੂੰ ਪਿੰਡ ਲੈ ਜਾਣਗੇ ? ਮੈਂ ਜਾਂਚ ਲਿਆ, ਮੁੰਡਾ ਏਨਾ ਤਕੜਾ ਨਹੀਂ ਸੀ। ਉਂਜ ਦਬਕੇ ਨਾਲ ਈ ਉੱਤੋਂ ਦੀ ਪੈਣ ਨੂੰ ਫਿਰਦਾ ਸੀ। ਅਸੀਂ ਘੁਲ ਪਏ। ਪੰਜ 'ਚ ਮਿੰਟਾਂ 'ਚ ਮੈਂ ਉਹਦੀ ਧੌਣ 'ਤੇ ਗੋਡਾ ਰੱਖ ਲਿਆ। ਸ਼ਾਇਦ ਮੈਥੋਂ ਉਹਦੇ ਸੱਟ ਈ ਵੱਜਦੀ ..., ਨੰਬਰਦਾਰ ਨੇ ਉਸਨੂੰ ਮੇਰੇ ਜੱਫੇ 'ਚੋਂ ਕੱਢ ਘਰ ਨੂੰ ਤੋਰ ਦਿੱਤਾ। ...ਆਥਣੇ ਨੰਬਰਦਾਰ ਦੀ ਸਕੀਰੀ ਵਾਲਿਆਂ ਸਾਡੀ ਪੂਰੀ ਸੇਵਾ ਸ਼ਾਮ ਵਾਲੀ ਗੱਡੀ ਪਿੰਡ ਵੱਲ ਚਾੜ੍ਹ ਦਿੱਤਾ।"

ਇੱਕ ਦਿਨ ਮੈਂ ਨਹਿਰੂ ਨੂੰ ਜ਼ਿੰਦਗੀ 'ਚ ਆਏ ਖੁਸ਼ੀ ਦੇ ਪਲਾਂ ਬਾਰੇ ਪੁੱਛਿਆ ਤਾਂ ਨਹਿਰੂ ਕਹਿੰਦਾ, "ਜ਼ਿੰਦਗੀ 'ਚ ਇੱਕ ਦਿਨ ਹੀ ਅਜਿਹਾ ਆਇਆ ਲੱਗਦਾ ਜਦੋਂ ਇਹ ਜਿੰਦ ਪੂਰੀ ਤਰ੍ਹਾਂ ਖੁਸ਼ ਸੀ। ਨਹੀਂ ਤਾਂ ਸਾਰੀ ਉਮਰ ਦੁੱਖਾਂ 'ਚ ਈ ਲੰਘੀ ਆ। ਸਾਡੇ ਕਿਹਰ ਦੇ ਸਾਲੇ ਦਾ ਵਿਆਹ ਸੀ। ਕਿਹਰ ਮੈਨੂੰ ਵੀ ਨਾਲ ਲੈ ਗਿਆ। ਉਹ ਵਿਆਹ ਮੈਂ ਜ਼ਿੰਦਗੀ 'ਚ ਕਦੇ ਨਹੀਂ ਭੁੱਲ ਸਕਦਾ। ਮੇਰੀ ਸ਼ਕਲ ਸੂਰਤ ਤੇ ਡੀਲ ਡੌਲ ਦੇਖ ਕਿਹਰ ਦੀ ਇੱਕ ਸਾਲੀ ਮੇਰੇ 'ਤੇ ਡੁੱਲ ਗਈ। ਕੁੜੀ ਸਭ ਰਿਸ਼ਤੇ ਨਾਤੇ ਤਿਆਗ ਮੇਰੇ ਨਾਲ ਭੱਜਣ ਲਈ ਤਿਆਰ ਸੀ। ਪਰ ਮੈਂ ਨਾ ਮੰਨਿਆਂ। ਇਹਦੇ 'ਚ ਕਿਹਰ ਦੀ ਬਦਨਾਮੀ ਹੋਣੀ ਸੀ। ਬਾਕੀ ਇਸ ਮਾਰਗ 'ਤੇ ਚੱਲਣ ਲਈ ਮੈਂ ਕਦੇ ਵੀ ਤਿਆਰ ਹੀ ਨਹੀਂ ਹੋਇਆ ਸੀ। ਕੁੜੀ ਵੱਲ ਦੇਖਾਂ ਤਾਂ ਵਿਆਹ ਦੀ ਖੁਸ਼ੀ ਗਮ 'ਚ ਬਦਲ ਜਾਵੇ। ਮੈਂ ਕਿਹਰ ਦੇ ਸਾਲੇ ਦੀ ਜੰਨ ਵੀ ਚੜ੍ਹਿਆ। ਕਿਹਰ ਜਿੰਨਾਂ ਆਦਰ ਉਕਰ ਮੇਰਾ ਵੀ ਹੋਇਆ। ਉਹ ਇੱਕੋ ਵਿਆਹ ਸੀ ਜਦੋਂ ਜਿੰਦ ਪੂਰੇ ਅਨੰਦ 'ਚ ਸੀ। ਪਰ ਉਸ ਕੁੜੀ ਦਾ ਮਸੋਸਿਆ ਮੂੰਹ ਮੈਨੂੰ ਕਈ ਵਰ੍ਹੇ ਤੰਗ ਕਰਦਾ ਰਿਹਾ। ਵਿਆਹ ਉਹੀ ਦੇਖਿਆ। ਹਾਂ ਮੇਲੇ ਮੁਸਾਹਬੇ ਬੜੇ ਦੇਖੇ। ਮੁਕਤਸਰ ਦਾ ਮੇਲਾ ਬੜੇ ਵਾਰੀ ਦੇਖਿਆ। ਜਗਰਾਵਾਂ ਦੀ ਰੌਸ਼ਨੀ ਵੀ ਦੇਖੀ। ਤਲਵੰਡੀ ਸਾਬੋ ਦੀ ਵਿਸਾਖੀ 'ਤੇ ਅਸੀਂ ਆਏ ਸਾਲ ਤੁਰ ਕੇ ਜਾਂਦੇ। ਤੁਰ ਕੇ ਕੀ, ਭੱਜ ਕੇ ਜਾਂਦੇ। ਉਸ ਉਮਰ 'ਚ ਥਕੇਵਾਂ ਕਾਹਨੂੰ ਹੁੰਦਾ ਸੀ।"

ਇੱਕ ਦਿਨ ਮੈਂ ਨਹਿਰੂ ਨੂੰ ਕਿਹਰ ਦੀ ਬੰਦਿਆਂ ਰਾਹੀਂ ਰੱਬ ਬਹੁੜਨ ਵਾਲੀ ਗੱਲ ਪੁੱਛੀ ਤਾਂ ਨਹਿਰੂ ਡਾਢ੍ਹਾ ਉਦਾਸ ਹੋ ਗਿਆ। ਕਾਫੀ ਚਿਰ ਨਹਿਰੂ ਕੁੱਝ ਨਾ ਬੋਲਿਆ, ਫੇਰ ਕਹਿੰਦਾ, " ਕਿਹਰ ਬਿਮਾਰ ਆ, ਕੈਂਸਰ ਹੈ, ਡਾਕਟਰ ਕਹਿੰਦੇ ਆ, ਜ਼ਿੰਦਗੀ ਬਾਰੇ ਕੋਈ ਭਰੋਸਾ ਨਹੀਂ। ਦੋਹੇਂ ਬਾਲ ਨਿਆਣੇ ਆ, ਇਸ ਘਰ ਦਾ ਪਰਦਾ ਮੈਂ ਤੇ ਕਿਹਰ ਹੀ ਹਾਂ।ਤੂੰ ਆਪ ਹੀ ਹਿਸਾਬ ਲਾ ਲੈ। ਜੇ ਕੱਲ੍ਹ ਨੂੰ ਕੋਈ ਭਾਣਾ ਵਰਤ ਗਿਆ ਤਾਂ ਨਿਆਣਿਆਂ ਤੇ ਵਿਚਾਰੀ ਮੈਨਾ ਦਾ ਕੀ ਬਣੇਗਾ ?"

ਨਹਿਰੂ ਦੀ ਅਧੂਰੀ ਛੱਡੀ ਗੱਲ ਦਾ ਸੱਚ ਇੱਕ ਦਿਨ ਸਾਹਮਣੇ ਆ ਗਿਆ, ਜਦੋਂ ਕਿਹਰ ਛੋਟੇ ਛੋਟੇ ਬੱਚਿਆਂ ਤੇ ਜਵਾਨ ਜਹਾਨ ਭਾਬੀ ਮੈਨਾ ਨੂੰ ਛੱਡ ਤੁਰ ਗਿਆ। ਅੰਤਿਮ ਅਰਦਾਸ ਤੋਂ ਪਹਿਲਾਂ ਵੀ ਅਤੇ ਅੰਤਿਮ ਅਰਦਾਸ ਵਾਲੇ ਦਿਨ ਵੀ ਮੈਂ ਤੇ ਚਾਚਾ ਹਰੀ ਅਫ਼ਸੋਸ ਕਰਨ ਗਏ। ਨਹਿਰੂ ਦੇ ਚਿਹਰੇ 'ਤੇ ਅਜੀਬ ਕਿਸਮ ਦਾ ਤਣਾਉ ਸੀ। ਉਸ ਅੰਦਰ ਕੋਈ ਘੋਲ ਚੱਲ ਰਿਹਾ ਸੀ। ਨਹਿਰੂ ਇਕੱਲਾ ਹੀ ਉਸ ਘੋਲ ਨਾਲ ਨਿਪਟਣ ਦਾ ਯਤਨ ਕਰ ਰਿਹਾ ਸੀ।



ਅੰਤਿਮ ਅਰਦਾਸ ਮਗਰੋਂ ਕਿਹਰ ਦੇ ਸਹੁਰਿਆਂ ਵੱਲੋਂ ਜਿਵੇਂ ਪਹਿਲਾਂ ਹੀ ਮਿਥਿਆ ਹੋਇਆ ਸੀ, ਪੱਗ ਨਹਿਰੂ ਨੂੰ ਦੇਣ ਦੀ ਗੱਲ ਚੱਲ ਪਈ ਪਰ ਨਹਿਰੂ ਅਜਿਹੀਆਂ ਰਸਮਾਂ ਨੂੰ ਮੰਨਣ ਵਾਲਾ ਹੈ ਨਹੀਂ ਸੀ। ਜਦੋਂ ਪੱਗ ਦੀ ਰਸਮ ਦੀ ਗੱਲ ਅੱਗੇ ਵਧਣ ਲੱਗੀ ਤਾਂ ਨਹਿਰੂ ਖੜ੍ਹਾ ਹੋ ਗਿਆ। ਬੇਸ਼ੱਕ ਬਹੁਤ ਅਫ਼ਸੋਸ ਵਾਲਾ ਮਾਹੌਲ ਸੀ ਪਰ ਨਹਿਰੂ ਨੇ ਦੇਖ ਲਿਆ ਸੀ ਕਿ ਹੁਣ ਬੋਲੇ ਬਿਨਾਂ ਸਰਨਾ ਨਹੀਂ ਸੀ।ਨਹਿਰੂ ਕਹਿੰਦਾ, " ਕਿਹਰ ਦੇ ਜਿਉਂਦਿਆਂ ਵੀ ਮੈਂ ਇਸ ਘਰ ਦਾ ਜੀਅ ਸੀ, ਹੁਣ ਕਿਹਰ ਨਹੀਂ ਰਿਹਾ, ਹੁਣ ਵੀ ਮੈਂ ਇਸ ਘਰ ਦਾ ਜੀਅ ਹਾਂ। ਮੈਨਾ ਮੇਰੀ ਭੈਣ ਵੀ ਹੈ, ਮਾਂ ਵੀ ਹੈ, ਧੀ ਵੀ ਹੈ। ਇਸ ਘਰ ਦੇ ਦੁੱਖਾਂ ਨਾਲ ਨਿਪਟਣ ਲਈ ਮੈਨੂੰ ਕਿਸੇ ਰਸਮ ਦੀ ਲੋੜ ਨਹੀਂ। ਸਾਡੀ ਕਿਸਮ ਦੇ ਬੰਦੇ ਜਿਹੜੇ ਗੱਲ ਕਹਿ ਦੇਣ ਉਸਤੇ ਪਹਿਰਾ ਵੀ ਦਿੰਦੇ ਆ।" ਭੀੜ ਵਿੱਚ ਦੀ ਨਹਿਰੂ ਅੱਗੇ ਵਧਿਆ। ਔਰਤਾਂ 'ਚ ਬੈਠੀ ਮੈਨਾ ਦੇ ਸਿਰ 'ਤੇ ਹੱਥ ਜਾ ਧਰਿਆ। ਜਿੱਥੋਂ ਉੱਠ ਕੇ ਗਿਆ ਸੀ, ਉੱਥੇ ਈ ਆ ਕੇ ਨਹਿਰੂ ਬੈਠ ਗਿਆ। ਉੱਥੇ ਬੈਠੇ ਕਿਸੇ ਵੀ ਬੰਦੇ ਨੇ ਨਾ ਨਹਿਰੂ ਦੀ ਕਹੀ ਗੱਲ ਦਾ ਵਿਰੋਧ ਕਰਿਆ। ਨਾ ਕੋਈ ਹੋਰ ਗੱਲ ਕਹੀ।

ਦੁੱਖ ਦਾ ਸਮਾਂ ਲੰਘਦਾ ਗਿਆ। ਮੈਂ ਦੇਖਦਾ ਰਿਹਾ, ਨਹਿਰੂ ਮੈਨਾ ਦੇ ਘਰ ਦਾ ਜਿੰਦਾ ਸੀ। ਮੈਨਾ ਆਵਦੇ ਬਾਲ ਵੀ ਪਾਲਦੀ ਰਹੀ। ਉਹ ਨਹਿਰੂ ਦਾ ਪੂਰਾ ਸਤਿਕਾਰ ਵੀ ਕਰਦੀ ਸੀ। ਨਹਿਰੂ ਆਵਦੇ ਰੰਗਾਂ 'ਚ ਰੰਗਿਆ ਹੋਇਆ ਬੰਦਾ ਸੀ। ਜਿੱਧਰ ਵੀ ਕਿਸਾਨਾਂ ਮਜ਼ਦੂਰਾਂ ਦਾ ਇਕੱਠ ਹੁੰਦਾ, ਨਹਿਰੂ ਜਾਂਦਾ।

2001 'ਚ ਸਾਡੀ ਮੌੜ ਮੰਡੀ ਦੇ ਖੁੱਚਾਂ 'ਚ ਵਸੇ ਪਿੰਡ ਮਾਈਸਰ ਖਾਨਾ ਕਿਸਾਨਾਂ ਨੇ ਜਰਨੈਲੀ ਸੜਕ 'ਤੇ ਧਰਨਾ ਲਾ ਦਿੱਤਾ। ਸਭਾਵਾਂ ਦੇ ਮਗਰ ਨਕਸਲੀ ਕੇਡਰ ਦੇ ਬੰਦੇ ਸੀ। ਧਰਨਾ ਲੰਬਾ ਖਿੱਚਦਾ ਚਲਿਆ ਗਿਆ। ਬਾਦਲ ਦੀ ਸਰਕਾਰ ਨੇ ਇੱਕ ਦਿਨ ਦਿਨ ਚੜ੍ਹਨ ਤੋਂ ਪਹਿਲਾਂ ਹੀ ਕਿਸਾਨਾਂ 'ਤੇ ਹੱਲਾ ਬੋਲ ਦਿੱਤਾ। ਸਾਡੇ ਪਿੰਡ ਦਾ ਕੀਰਤ ਆਵਦੇ ਬੁੱਢੇ ਕਿਸਾਨ ਸਾਥੀਆਂ ਨੂੰ ਪੁਲਸ ਦੀ ਮਾਰ ਤੋਂ ਬਚਾਉਂਦਾ ਪੁਲਸ ਨਾਲ ਮੁਕਾਬਲਾ ਕਰੀ ਗਿਆ। ਕੀਰਤ ਦੀ ਪੁਲਸ ਮਾਰ ਨਾਲ ਲੱਤ ਟੁੱਟ ਗਈ। ਕੀਰਤ ਦੇ ਘਰ ਦਾ ਕੰਮ ਖੜ੍ਹ ਗਿਆ। ਪਲਸਤਰ ਹੋਈ ਲੱਤ ਤਿੰਨ ਮਹੀਨਿਆਂ 'ਚ ਠੀਕ ਹੋਣੀ ਸੀ। ਨਹਿਰੂ ਇੱਕ ਪਾਸੇ ਭਾਬੀ ਮੈਨਾ ਦੀ ਕਬੀਲਦਾਰੀ ਦੇਖਦਾ, ਨਾਲ ਨਾਲ ਕੀਰਤ ਦੇ ਖੇਤ ਦਾ ਕੰਮ ਵੀ ਦੇਖ ਕੇ ਆਉਂਦਾ।

ਭਾਬੀ ਮੈਨਾ ਦੇ ਬੱਚੇ ਜਦੋਂ ਜਵਾਨ ਹੋ ਗਏ ਤਾਂ ਨਹਿਰੂ ਇਸ ਫ਼ਾਨੀ ਸੰਸਾਰ ਨੂੰ ਛੱਡ ਗਿਆ। ਦੋ ਦਹਾਕੇ ਸਾਡੇ ਪਿੰਡ ਨੂੰ ਨਹਿਰੂ ਕਦੇ ਕਦੇ ਯਾਦ ਆਉਂਦਾ। ਫਿਰ ਪਿੰਡ ਆਵਦੇ ਕੰਮਾਂ 'ਚ ਉਲਝ ਜਾਂਦਾ। ਜਦੋਂ ਮੋਦੀ ਸਰਕਾਰ ਨੇ ਖੇਤੀ ਨੂੰ ਕਾਰਪੋਰੇਟ ਹੱਥਾਂ 'ਚ ਦੇਣ ਵਾਲੇ ਬਿੱਲ ਲੈ ਆਂਦੇ ਤੇ ਲੋਕਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਲੰਬੀ ਲੜਾਈ ਲੜਨੀ ਪਊਗੀ। ਸਾਰਾ ਪਿੰਡ, ਸਭੇ ਚੁੱਲਾ ਚੌਂਕਾ ਸਾਂਭਣ ਵਾਲੀਆਂ ਔਰਤਾਂ ਵੀ ਦਿੱਲੀ ਦੇ ਬਾਰਡਰਾਂ ਦੇ ਜਾ ਬੈਠੀਆਂ। ਜਿਹੜੀਆਂ ਗੱਲਾਂ ਨਹਿਰੂ ਪੰਜਾਹ ਸਾਲ ਪਹਿਲਾਂ ਕਹਿੰਦਾ ਹੁੰਦਾ ਸੀ। ਉਹ ਗੱਲਾਂ ਦਾ ਸੱਚ ਸਾਹਮਣੇ ਦੇਖ ਹੁਣ ਜਦੋਂ ਪਿੰਡ ਦੇ ਲੋਕ ਦਿੱਲੀ ਵੱਲ ਜਾਂਦੇ ਨੇ ਜਾਂ ਵਾਪਸ ਮੁੜਦੇ ਨੇ ਤਾਂ ਸੋਨੇ ਦੀ ਕਣੀ ਵਰਗਾ ਬੰਦਾ ਨਹਿਰੂ ਉਨ੍ਹਾਂ ਦੀ ਗੱਲ ਕੱਥ ਦੇ ਵਿਚਾਲੇ ਬੈਠਾ ਹੁੰਦਾ ਹੈ।

## ਬੰਬੇ ਬਾਰ ਦੀ ਬਿਜਲੀ/ਵਿਵੇਕ ਅਗਰਵਾਲ

ਉਹ ਜਿਸਮ ਪੱਖੋਂ ਜਿੰਨੀ ਤੱਤੀ ਤਵੀ ਸੀ, ਓਨੀ ਹੀ ਜੀਭ ਤੋਂ ਵੀ ਖ਼ਤਰਨਾਕ ਸੀ। ਕਿਸੇ ਨੂੰ ਇੱਕ ਨਜ਼ਰ ਦੇਖ ਲੈਂਦੀ ਤਾਂ ਲੋਕ ਨਿਹਾਲ ਹੋ ਜਾਂਦੇ ਤੇ ਕੁੱਝ ਹਲਾਲ ਹੋ ਜਾਂਦੇ ਸੀ। ਉਹ ਜਦੋਂ ਮੂਹਰਿਓਂ ਤੁਰਦੀ ਦਿਖ ਪੈਂਦੀ ਤਾਂ ਕਿਆਮਤ ਢਾਹੁੰਦੀ। ਪਿੱਛਿਓਂ ਦੀ ਤੁਰਦੀ ਦਿਖਦੀ ਤਾਂ ਕਤਲ ਦੇ ਕਿਸੇ ਔਜ਼ਾਰ ਵਾਂਗ ਜਾਪਦੀ। ਉਸ ਦੇ ਇੰਨੇ ਨਾਂ ਸਨ ਕਿ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਸੀ ਕਿ ਅਸਲ ਨਾਂ ਕੀ ਸੀ। ਮੈਂ ਤਾਂ ਉਸ ਨੂੰ ਬਿਜਲੀ ਕਹਿੰਦਾ ਸੀ। ਉਹ ਨੱਚਦੀ ਤਾਂ ਉਵੇਂ ਹੀ ਕਰੰਟ ਮਾਰਦੀ ਸੀ ਜਿਵੇਂ ਅਸਲੀ ਬਿਜਲੀ ਨੇੜੇ ਜਾਣ ਉੱਪਰ ਝਟਕਾ ਮਾਰਦੀ ਹੈ। ਪਤਾ ਨਹੀਂ ਕਿਉਂ, ਉਸ ਨੇ ਕਦੇ ਮੇਰੇ ਨਾਲ਼ ਗਾਹਕਾਂ ਵਾਲਾ ਸਲੂਕ ਨਹੀਂ ਕੀਤਾ। ਜੀਭ ਦੀ ਜਿੰਨੀ ਤਿੱਖੀ ਸੀ, ਮੈਨੂੰ ਮਹਿਸੂਸ ਹੋਇਆ ਕਿ ਕੋਈ ਇਸ ਨੂੰ ਛੂਹਣ ਦੀ ਵੀ ਹਿੰਮਤ ਨਹੀਂ ਕਰ ਸਕਦਾ। ਕੀ ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਕੋਈ ਬਾਰ-ਬਾਲਾ ਕਿਸੇ ਨਾਲ਼ ਜਿਸਮਾਨੀ ਤਾਲੁਕਾਤ ਨਾ ਰੱਖੇ ? ਮੇਰੇ ਸਾਹਮਣੇ ਇਸ ਵੇਲ਼ੇ ਜੋ ਸੀ, ਉਸ ਤੋਂ ਤਾਂ ਇਸ ਤਰ੍ਹਾਂ ਹੀ ਜਾਪਦਾ ਸੀ।

ਬਿਲੌਰੀ ਅੱਖਾਂ, ਭਰਵਾਂ-ਗੁੰਦਵਾਂ ਸਰੀਰ, ਉੱਭਰੀਆਂ ਤੇ ਸੁਡੌਲ ਛਾਤੀਆਂ, ਲੰਮਾ ਕੱਦ, ਰੰਗ ਏਨਾ ਗੋਰਾ ਕਿ ਗੁੱਟ ਫੜ੍ਹਣ 'ਤੇ ਨੀਲ ਪੈਂਦਾ ਸੀ। ਇਸ ਪੰਜਾਬਣ ਦਾ ਹੁਸਨ ਤੇ ਜੋਬਨ ਏਨਾ ਕਹਿਰ ਢਾਹੁੰਦਾ ਸੀ ਕਿ ਕੋਈ ਮਰਦ ਅਜਿਹਾ ਨਹੀਂ ਹੋਣਾ ਜਿਹੜਾ ਉਹਨੂੰ ਹਾਸਿਲ ਕਰਨ ਲਈ ਨਾ ਮਚਲੇ।

ਬਾਰ-ਬਾਲਾਵਾਂ ਦੀ ਦੁਨੀਆ ਵਿਚਲੇ ਰਿਵਾਜ ਮੁਤਾਬਿਕ ਕੋਈ ਵੀ ਇੱਥੇ ਆਪਣਾ ਅਸਲ ਨਾਂ ਨਹੀਂ ਦੱਸਦੀ। ਉਸ ਨੇ ਵੀ ਆਪਣਾ ਅਸਲ ਨਾਂ ਕਦੇ ਨਹੀਂ ਦੱਸਿਆ। ਕਦੇ ਵੀ ਨਹੀਂ। ਕਦੇ ਉਹ ਰੱਜੋ ਹੋ ਜਾਂਦੀ, ਕਦੇ ਸਿਮਰਨ, ਕਦੇ ਬਿੱਲੋ ਤੇ ਕਦੇ ਸਰਜੀਤ ਕੌਰ। ਜਿੰਨਿਆਂ ਨੂੰ ਵੀ ਉਹ ਮਿਲਦੀ, ਨਵਾਂ ਨਾਂ ਦੱਸ ਛੱਡਦੀ। ਕੁੱਝ ਲੋਕ ਉਹਨੂੰ ਬਿੱਲੋ ਕਹਿੰਦੇ, ਕੁੱਝ ਛਮੀਆਂ, ਕੁੱਝ ਨੇ ਕੰਟੀਲੀ ਨਾਂ ਦਿੱਤਾ ਸੀ, ਕਿਸੇ ਲਈ ਉਹ 'ਧੱਕੜ ਮਾਲ' ਸੀ। ਮੈਂ ਉਸ ਨੂੰ 'ਬਿਜਲੀ' ਕਹਿ ਕੇ ਬੁਲਾਉਂਦਾ ਸੀ।

ਪੰਜਾਬ ਦੇ ਕਿਸ ਸ਼ਹਿਰ-ਪਿੰਡ ਦੀ ਸੀ, ਇਸ ਬਾਰੇ ਪੱਕੀ ਮਾਲੂਮਾਤ ਕਿਸੇ ਨੂੰ ਨਹੀਂ। ਬਸ ਏਨਾ ਕਹਿ ਦਿੰਦੀ, ਜਲੰਧਰ ਦੀ ਆਂ। ਮੰਨ ਚੁੱਕੇ ਸਾਂ ਕਿ ਉਹ ਜਲੰਧਰ ਦੀ ਸੀ। ਅੰਬਰਸਰ ਜਾਂ ਲੌਂਗੋਵਾਲ ਦੀ ਵੀ ਸਮਝ ਲੈਂਦੇ ਤਾਂ ਕੋਈ ਕੀ ਵਿਗਾੜ ਲੈਂਦਾ ?

ਪੱਕੀ 'ਵੈਲਣ' ਸੀ। ਜਿਸ ਦੀ ਵੀ ਨਜ਼ਰੀਂ ਪੈਂਦੀ, ਉਸ ਦਾ 'ਮਰਨਾ' ਤੈਅ ਹੋ ਜਾਂਦਾ। ਕਿਸੇ ਕੰਮ ਦਾ ਨਾ ਰਹਿੰਦਾ। ਲੱਕ ਤੋਂ ਹੇਠਾਂ ਤੱਕ ਲਮਕਦੀ ਗੁੱਤ ਲੈ ਕੇ ਜਦੋਂ ਉਹ ਤੁਰਦੀ ਤਾਂ ਵੈਲੀ-ਬਦਮਾਸ਼ ਵੀ ਉਸ ਦੇ ਪਿੱਛੇ ਜਾਣਾ ਨਹੀਂ ਭੁੱਲਦੇ। ਇਹ ਜਾਣਦੇ ਹੋਏ ਵੀ ਕਿ ਉਸ ਨੇ ਚੱਪਲ ਨਾਲ਼ ਗੱਲ੍ਹ ਲਾਲ ਕਰਨ ਵਿੱਚ ਮਿੰਟ ਨਹੀਂ ਲਾਉਣਾ। ਬਿਜਲੀ ਲਈ ਸਭ ਤੋਂ ਚੰਗੀ ਗੱਲ ਇਹ ਸੀ ਕਿ ਅੱਜ ਤੱਕ ਕੋਈ ਪੁਲਿਸ ਵਾਲਾ ਜਾਂ ਕੋਈ ਗੁੰਡਾ ਉਸ ਉੱਪਰ ਆਪਣਾ ਰੋਹਬ ਨਹੀਂ ਸੀ ਜਮਾਂ ਸਕਿਆ। ਇੱਕ ਵਾਰ ਕਿਸੇ ਨੇ ਉਸ 'ਤੇ ਬੰਦੂਕ ਤਾਣੀ ਤਾਂ ਪਲਟਵਾਰ ਕਰਦਿਆਂ ਬਿਜਲੀ ਉਸ ਨੂੰ ਆਖਣ ਲੱਗੀ, "ਇਹਨੂੰ ਅੰਦਰ ਰੱਖ ਲੈ। ਕਿਤੇ ਏਦਾਂ ਨਾ ਹੋਵੇ ਕਿ ਲੋਕ ਕਹਿਣ ਕਿ ਇੱਕ ਤੀਵੀਂ ਤੋਂ ਹਾਰ ਕੇ ਆਇਆ ਏਂ। ਇਹ ਸਭ ਮੇਰੇ ਨਾਲ਼ ਨਹੀਂ ਚੱਲਣਾ।"



ਇਸ ਉਮਰ ਵਿੱਚ ਵੀ ਆਪਣੀਆਂ ਜ਼ੁਲਫਾਂ ਨਾਲ਼ ਖੇਡਦੀ ਬਿਜਲੀ ਨੂੰ ਦੇਖ ਕੇ ਕੋਈ ਮਰਦ ਉਸ 'ਤੇ ਨਾ ਡੁੱਲ੍ਹੇ, ਇਹ ਤਾਂ ਹੋ ਹੀ ਨਹੀਂ ਸਕਦਾ। ਉਸ ਦਾ ਨਸ਼ਾ ਅੱਜ ਵੀ ਬਰਕਰਾਰ ਸੀ। ਮਿਲਿਆਂ ਨੂੰ ਵੀ ਸੱਤ-ਅੱਠ ਸਾਲ ਹੋ ਗਏ ਹਨ। ਆਪਣੀ ਖ਼ਾਸ ਸਹੇਲੀ ਦੇ ਘਰ ਸੱਦਿਆ ਸੀ ਉਸ ਨੇ ਮੈਨੂੰ। ਮੇਰੀਆਂ ਭਰੀਆਂ ਅੱਖਾਂ ਵੇਖ ਆਪਣੀ ਮੋਟੀ ਜਿਹੀ ਗੁੱਤ ਪਿੱਛੇ ਕਰਦਿਆਂ ਬੋਲੀ, "ਤੁਸੀਂ ਵੀ ਚਿਪਕੂ ਘੱਟ ਨਹੀਂ ਹੈਗੇ।"

"ਚਿਪਕੂ ਨਾ ਹੁੰਦਾ ਤਾਂ ਅੱਜ ਜੋ ਹਾਂ, ਉਹ ਨਾ ਹੁੰਦਾ।" ਮੈਂ ਵੀ ਨਹਿਲੇ 'ਤੇ ਦਹਿਲਾ ਸਿੱਟਿਆ।

"ਸਹੀ ਗੱਲ ਐ। ਤੁਹਾਡਾ ਕੰਮ ਹੀ ਇਸ ਤਰ੍ਹਾਂ ਦਾ ਈ ਆ। ਨਾ ਪਿੱਛੇ ਪਵੋ ਤਾਂ ਕੋਈ ਘਾਹ ਨਹੀਂ ਪਾਉਂਦਾ।" ਬਿਜਲੀ ਸਿਆਣੀਆਂ ਗੱਲਾਂ ਕਰਦੀ ਲੱਗੀ।

"ਤੁਹਾਡੇ ਨਾਲ਼ ਚਿਪਕੂ ਹੋਣ ਦੀ ਵਜ੍ਹਾ ਤਾਂ ਤੁਹਾਨੂੰ ਪਤਾ ਹੀ ਹੈ।"

"ਹਮਮ... ਬਿਲਕੁਲ ਪਤਾ। ਕਰ ਲਓ ਤੁਸੀਂ ਆਪਣੇ ਮਨ ਦੀ।"

"ਅੱਜ ਤੱਕ ਕਿਸੇ ਹੋਰ ਨੂੰ ਤਾਂ ਆਪਣੇ ਮਨ ਦੀ ਕਰਨ ਨਹੀਂ ਦਿੱਤੀ। ਮੇਰੇ ਉੱਪਰ ਇਹ ਨਜ਼ਰ-ਏ-ਇਨਾਇਤ ਕਿਉਂ ?"

"ਬੰਦਾ ਵੇਖ ਕੇ ਕਰੀਦੀ ਹੁੰਦੀ ਆ ਇਨਾਇਤ। ਟੁੱਚਿਆਂ ਦੀ ਇਹ ਮਜ਼ਾਲ ਕਿੱਥੇ ਕਿ ਮੇਰੇ ਨਾਲ਼ ਬਹਿ ਕੇ ਇੱਕ ਕੱਪ ਚਾਹ ਦਾ ਵੀ ਪੀ ਲੈਣ।"

"ਜ਼ਹੇ..ਨਸੀਬ..., ਅਸੀਂ ਟੁੱਚਿਆਂ ਨਾਲ਼ੋਂ ਤਾਂ ਚੰਗੇ ਹਾਂ।"

"ਤੁਸੀਂ ਤਾਂ ਛਟੇ ਹੋਏ ਬਦਮਾਸ਼ਾਂ ਵਿੱਚੋਂ ਓਂ। ਜੀਹਦੇ ਪੇਸ਼ ਪੈ ਜਾਵੋਂ, ਮਤਲਬ ਉਹਦੀ ਖ਼ੈਰ ਨਹੀਂ। ਬਹੁਤ ਪੜ੍ਹਿਆ ਹੈ ਮੈਂ ਤੁਹਾਨੂੰ 'ਜਨਸੱਤਾ' ਅਖ਼ਬਾਰ 'ਚ।"

"ਤੁਸੀਂ ਉਹ ਅਖ਼ਬਾਰ ਪੜ੍ਹਦੇ ਸੀ ?" ਹੁਣ ਹੈਰਾਨ ਹੋਣ ਦੀ ਵਾਰੀ ਮੇਰੀ ਸੀ।

"ਬਿਲਕੁਲ ਪੜ੍ਹਦੀ ਸੀ। ਪੂਰਾ ਪੜ੍ਹਦੀ ਸੀ। ਪ੍ਰਭਾਸ ਜੋਸ਼ੀ ਸੀ ਇੱਕ ਲਿਖਾਰੀ ਤੁਹਾਡੇ, ਟੈਨਿਸ ਤੋਂ ਲੈ ਕੇ ਕ੍ਰਿਕਟ ਤੱਕ, ਰਾਜਨੀਤੀ ਤੋਂ ਲੈ ਕੇ ਦਰੱਖ਼ਤਾਂ ਤੱਕ, ਜੋ ਵੀ ਉਹ ਲਿਖਦੇ ਸਭ ਪੜ੍ਹਦੀ ਸੀ। ਤੁਸੀਂ ਜੋ ਲਿਖਦੇ, ਉਹ ਵੀ ਸਭ ਪੜ੍ਹਦੀ ਸੀ। ਤੇ ਉਹ 'ਸਬਰੰਗ' ਪੱਤ੍ਰਿਕਾ ਜੋ ਐਤਵਾਰ ਨੂੰ ਆਉਂਦੀ ਸੀ, ਬਹੁਤ ਵਧੀਆ ਹੁੰਦੀ ਸੀ ਉਹ। ਉਸ ਨੂੰ ਪੜ੍ਹਨ ਵਿੱਚ ਵੀ ਬੜਾ ਸਵਾਦ ਆਉਂਦਾ ਹੁੰਦਾ ਸੀ। 'ਰਵੀਵਾਰ' ਪੱਤ੍ਰਿਕਾ ਵੀ ਆਉਂਦੀ ਹੁੰਦੀ ਸੀ ਇੱਕ, ਸਾਰਾ ਹਫ਼ਤਾ ਪੜ੍ਹਦੇ ਰਹਿਣਾ। ਉਸ 'ਚ ਇੱਕ ਲਿਖਾਰੀ ਹੁੰਦੇ ਸੀ ਧੀਰੇਂਦਰ...।"

"ਧੀਰੇਂਦਰ ਨਹੀਂ, ਧੀਰੇਂਦ੍ਰ ਅਸਥਾਨਾ। ਉਸ ਦੇ ਸੰਪਾਦਕ ਸਨ।" ਮੈਂ ਉਸ ਦੀ ਗੱਲ ਕੱਟ ਕੇ ਉਸ ਨੂੰ ਦਰੁਸਤ ਕੀਤਾ ਤਾਂ ਉਹ ਫਿਰ ਜਲਦੀ ਨਾਲ਼ ਬੋਲਣ ਲੱਗ ਪਈ,

"ਹਾਂ, ਉਹੀ ਧੀਰੇਂਦਰ ਅਸਥਾਨਾ... ਉਨ੍ਹਾਂ ਨੂੰ ਵੀ ਬਹੁਤ ਪੜ੍ਹਦੀ ਸੀ। ਜਦੋਂ ਉਹ ਮੁੱਕ ਜਾਂਦੀ ਤਾਂ ਅਗਲੀ ਵਾਰੀ ਦਾ ਇੰਤਜ਼ਾਰ ਰਹਿੰਦਾ ਸੀ। ਬੰਦ ਕਿਉਂ ਹੋ ਗਿਆ ਉਹ ਅਖ਼ਬਾਰ ?" ਬਿਜਲੀ ਨੇ ਅਜਿਹਾ ਸਵਾਲ ਪੁੱਛ ਲਿਆ ਜਿਸ ਦਾ ਜਵਾਬ ਅੱਜ ਤੱਕ ਮੈਨੂੰ ਵੀ ਨਹੀਂ ਪਤਾ ਲੱਗਿਆ।

"ਛੱਡੋ ਪਰ੍ਹਾਂ, ਹੋਊਗੀ ਉਸ ਦੀ ਕੋਈ ਵਜ੍ਹਾ।" ਮੈਂ ਗੱਲ ਬਦਲ ਦਿੱਤੀ, "ਅਖ਼ਬਾਰਾਂ ਦਾ ਕੀ ਏ, ਆਉਂਦੇ-ਜਾਂਦੇ ਰਹਿੰਦੇ ਨੇ।"

"ਬੰਦਿਆਂ ਵਾਂਗੂ।" ਬਿਜਲੀ ਨੇ ਫ਼ਲਸਫ਼ਾ ਝਾੜਿਆ।

"ਹਾਂਜੀ, ਹੁਣ ਕੁੱਝ ਕੰਮ ਦੀਆਂ ਗੱਲਾਂ ਕਰ ਲਈਏ ?"

"ਕੰਮ ਦੀ ਗੱਲ ਤਾਂ ਇਹ ਆ ਕਿ ਜਿਹੜੀਆਂ ਮੱਠੀਆਂ ਮੈਂ ਪੰਜਾਬ ਤੋਂ ਲੈ ਕੇ ਆਈ ਆਂ, ਉਹ ਲੈ ਕੇ ਆਵਾਂ ਚਾਹ ਨਾਲ਼ ?"

"ਮੈਂ ਚਾਹ ਤਾਂ ਪੀਂਦਾ ਨਹੀਂ ਪਰ ਜੇ ਕੌੜੀ ਪੁੱਛੋਂਗੇ ਤਾਂ ਫਿਰ ਨ੍ਹੀਂ ਮੈਂ ਮਨ੍ਹਾਂ ਕਰਦਾ। ਨਾਲ਼ ਫਿਰ ਜਦੋਂ ਉਹ ਮੱਠੀਆਂ ਖਾਊਂ ਤਾਂ ਸਵਾਦ ਦੁੱਗਣਾ ਆਊ।" ਮੂੰਹ ਪਾੜ੍ਹ ਕੇ ਜਦੋਂ ਮੈਂ ਸਿੱਧਾ ਹੀ ਕਹਿ ਦਿੱਤਾ ਤਾਂ ਬਿਜਲੀ ਆਪਣੀਆਂ ਵੱਡੀਆਂ-ਵੱਡੀਆਂ ਅੱਖਾਂ ਨਾਲ਼ ਆਪਣੀ ਸਹੇਲੀ ਨੂੰ ਕਹਿਣ ਲੱਗੀ ਕਿ ਦੇਖ ਲੈ ਕਿੰਨਾ ਬੇਸ਼ਰਮ ਬੰਦੈ। ਜਾ ਬਣਾ ਲਿਆ ਕੌੜੀ 'ਮਰਜਾਣੇ' ਲਈ। ਮੈਂ ਉਨ੍ਹਾਂ ਦੀ ਇਸ਼ਾਰੇਬਾਜ਼ੀ ਦੇਖ ਕੇ ਹੱਸ ਪਿਆ। ਉਹ ਹਲਕਾ ਜਿਹਾ ਸੰਗ ਕੇ ਮੁਸਕਰਾ ਪਈ।

"ਇਹੀ ਕੁੱਝ ਐ ਜਿਹੜਾ ਕਿਸੇ ਜੀਅ ਨੂੰ ਤੀਵੀਂ ਬਣਾਉਂਦੈ। ਤੁਹਾਨੂੰ ਦੇਖ ਕੇ ਲੱਗਦੈ ਨਹੀਂ ਕਿ ਤੁਸੀਂ ਕਦੇ ਡਾਂਸ ਬਾਰਾਂ ਵਿੱਚ ਕਹਿਰ ਢਾਹੁਣ ਵਾਲੇ ਨਚਾਰ ਰਹੇ ਓਂ।" ਮੈਂ ਪੱਤਰਕਾਰਾਂ ਵਾਲਾ ਪੈਂਤੜਾ ਸਿੱਟਿਆ ਜੋ ਸ਼ਾਇਦ ਨਿਸ਼ਾਨੇ ਤੋਂ ਖੁੰਝ ਗਿਆ।

"ਹੈਗੀ ਤਾਂ ਔਰਤ ਈ ਆਂ ਨਾ ਸਾਬ੍ਹ ਜੀ। ਮਰ ਵੀ ਜਾਵਾਂ ਤਾਂ ਇਸ ਦੇਹ ਨੇ ਮੈਨੂੰ ਨਹੀਂ ਛੱਡਣਾ। ਤੇ ਜਿਹੜਾ ਦਿਲ ਰੱਬ ਨੇ ਇਸ ਜਿਸਮ ਦੇ ਨਾਲ਼ ਭੇਜਿਆ ਏ, ਉਹਨੂੰ ਕਿਸੇ ਨੇ ਵੀ ਜਾਣਨ ਦੀ ਕੋਸ਼ਿਸ਼ ਨਹੀਂ ਕਰਨੀ।" ਕੋਈ ਹੋਰ ਦਿਨ ਹੁੰਦਾ ਤਾਂ ਮੇਰੇ ਜੁਮਲੇ ਦਾ ਬਿਜਲੀ ਨੇ ਉਹ ਜਵਾਬ ਦੇਣਾ ਸੀ ਕਿ ਮੈਂ ਕਰੰਟ ਲੱਗਿਆਂ ਬਿਨਾਂ ਨਾ ਰਹਿੰਦਾ ਪਰ ਸ਼ਾਇਦ ਹੁਣ ਬਿਜਲੀ ਵਿੱਚ ਉਹ ਕਰੰਟ ਨਹੀਂ ਸੀ ਰਿਹਾ।

"ਘਰ-ਪਰਿਵਾਰ ਦੇ ਬਾਰੇ ਦੱਸੋ ਕੁੱਝ, ਕਿੱਥੇ ਸੀ ? ਕਿਸ ਤਰ੍ਹਾਂ ਦਾ ਸੀ ? ਕੌਣ-ਕੌਣ ਸੀ ? ਕਿਸ ਤਰ੍ਹਾਂ ਦੀ ਜ਼ਿੰਦਗੀ ਸੀ ? ਸਭ ਕੁੱਝ ਦੱਸੋ ਆਪਣੇ ਬਾਰੇ, ਪੂਰਾ ਖੁੱਲ੍ਹ ਕੇ।"

"ਸੁਣ ਲਓ, ਮੇਰਾ ਕੀ ਜਾਣੈ, ਅੱਜ ਤੱਕ ਤਾਂ ਸਿਰਫ਼ ਉਹ ਲੋਕ ਟੱਕਰੇ ਜੋ ਮੈਨੂੰ ਕੱਪੜੇ ਖੋਲ੍ਹ ਕੇ ਦੇਖਣ ਦੀ ਜ਼ਿੱਦ ਕਰਦੇ ਸੀ, ਤੁਸੀਂ ਪਹਿਲੇ ਉਹ ਮਰਦ ਓਂ ਜਿਹੜਾ ਮੇਰਾ ਦਿਲ ਖੋਲ੍ਹ ਕੇ ਮੈਨੂੰ ਦੇਖਣਾ ਚਾਹੁੰਦੈ। ਕੀ ਖੱਟੋਂਗੇ, ਪਤਾ ਨਹੀਂ। ਖ਼ੂਨ ਮਿਲ ਜਾਵੇ ਤਾਂ ਵੀ ਬਹੁਤ ਐ। ਜੇ ਮਿਲੇਗਾ, ਤਾਂ ਉਹ ਵੀ ਕਾਲਾ ਹੋਵੇਗਾ। ਲਾਲ ਤਾਂ ਬਚਿਆ ਨਹੀਂ।"

"ਕਿਉਂ ?" ਮੇਰਾ ਪੁੱਛਣਾ ਲਾਜ਼ਮੀ ਸੀ।

"ਇੰਨਾ ਠੱਗਿਆ ਲੋਕਾਂ ਨੂੰ, ਹੁਣ ਤਾਂ ਖ਼ੂਨ ਵੀ ਕਾਲਾ ਹੋ ਗਿਆ ਹੋਊਗਾ। ਦਿਲ ਤੇ ਜ਼ੁਬਾਨ ਤਾਂ ਉਸ ਤੋਂ ਪਹਿਲਾਂ ਹੀ ਕਾਲੀ ਹੋ ਗਈ ਸੀ। ਮਨ ਵੀ ਹੁਣ ਕਾਲਾ ਕਰ ਲਿਐ।" ਬਿਜਲੀ ਦੀ ਫ਼ਲਸਫ਼ਾ ਝਾੜਨ ਵਾਲੀ ਆਦਤ ਤਾਂ ਪਹਿਲਾਂ ਵੀ ਘੱਟ ਨਹੀਂ ਸੀ ਪਰ ਹੁਣ ਵਧ ਗਈ ਲੱਗਦੀ ਸੀ। ਆਪਣੀਆਂ ਉਂਗਲਾਂ ਨਾਲ਼ ਖੇਡਦੀ ਹੋਈ ਉਹ ਦੁਖੀ ਦਿਲ ਨਾਲ਼ ਬੋਲ ਰਹੀ ਸੀ।

ਮੈਨੂੰ ਚੁੱਪ ਲੱਗ ਗਈ। ਏਦਾਂ ਦੀ ਗੱਲ ਉੱਪਰ ਮੈਂ ਕੀ ਕਹਿੰਦਾ, ਜਿਸ ਵਿੱਚ ਔਰਤ ਖ਼ੁਦ ਆਪਣੀ ਬਦ-ਕਿਰਦਾਰੀ ਦੀ ਗੱਲ ਕਰ ਰਹੀ ਹੋਵੇ। ਮੈਂ ਉਸ ਦੀ ਚੰਗਿਆਈ ਦੇਖੀ ਸੀ, ਇਸ ਗੱਲ ਉੱਪਰ ਕੁੱਝ ਕਹਿਣਾ ਮੈਨੂੰ ਫ਼ਿਲਹਾਲ ਵਾਜਿਬ ਨਾ ਲੱਗਿਆ। ਮੈਨੂੰ ਚੁੱਪ ਵੇਖ ਉਹ ਅੱਗੇ ਬੋਲਣ ਲੱਗੀ।

"ਪਿੰਡ ਵਿੱਚ ਬਾਪੂ ਦੀ ਚੰਗੀ ਪੈਲ਼ੀ ਸੀ। ਕਿੰਨੇ ਏਕੜ ਸੀ, ਇਹ ਤਾਂ ਯਾਦ ਨਹੀਂ ਪਰ ਜਿੱਥੇ ਤੱਕ ਨਜ਼ਰ ਜਾਂਦੀ ਸੀ, ਆਪਣੇ ਹੀ ਖੇਤ ਸਨ। ਭਰਾ ਸਿਗੇ, ਭੈਣਾਂ ਸਿਗੀਆਂ। ਚਾਚੇ ਦਾ ਪਰਿਵਾਰ ਵੀ ਨਾਲ਼ ਹੀ ਰਹਿੰਦਾ ਸੀ। ਏਨਾ ਵੱਡਾ ਟੱਬਰ ਸੀ ਸਾਡਾ ਕਿ ਤੁਹਾਨੂੰ ਆਲ਼ੇ-ਦੁਆਲ਼ੇ ਦੇ



ਸੌ ਪਿੰਡਾਂ ਵਿੱਚ ਨਹੀਂ ਲੱਭਣਾ। ਘਰ ਦੇ ਵਿਹੜੇ ਵਿੱਚ ਸਾਰੀ ਦਿਹਾੜੀ ਤੰਦੂਰ ਤਪਿਆ ਰਹਿੰਦਾ। ਦਸ ਸੇਰ ਆਟੇ ਦੀਆਂ ਰੋਟੀਆਂ ਇੱਕ ਵੇਲ਼ੇ ਬਣਦੀਆਂ ਸਨ ਤਾਂ ਜਾ ਕੇ ਟੱਬਰ ਦਾ ਢਿੱਡ ਭਰਦਾ ਸੀ। ਆਪਣੇ ਟਰੈਕਟਰ-ਸੰਦ ਸਨ, ਜੀਪ ਸਿਗੀ ਤੇ ਬਸ ਮੌਜਾਂ ਹੀ ਮੌਜਾਂ ਸਨ। ਮਾਂ ਤਾਂ ਮੇਰੀ ਵਿਚਾਰੀ ਗਾਂ ਸੀ। ਉਹਦੇ ਜਿੰਨੀ ਸਿੱਧਰੀ ਤੀਵੀਂ ਮੈਂ ਆਪਣੀ ਜ਼ਿੰਦਗੀ ਵਿੱਚ ਅੱਜ ਤੱਕ ਨਹੀਂ ਦੇਖੀ।"

"ਤਾਂ ਇਹ 'ਡਿਫੈਕਟਡ ਪੀਸ' ਕਿਵੇਂ ਜੰਮ ਪਿਆ ਏਨੀ ਸਿੱਧਰੀ ਮਾਂ ਦੇ ?"

"ਓਹੋ, ਇਹ ਕੋਈ ਗੱਲ ਹੋਈ ? ਨਿੱਕੇ ਹੁੰਦਿਆਂ ਮੈਂ ਬੜੀ ਇੱਲਤੀ ਹੁੰਦੀ ਸੀ। ਸੋਚਦੀ ਹੁੰਦੀ ਸੀ ਕਿ ਕੁੱਝ ਅਜਿਹਾ ਕਰਨਾ ਕਿ ਲਾਗਲੇ ਸੌ ਕੋਹਾਂ ਤੱਕ ਨਹੀਂ ਕਿਸੇ ਕੁੜੀ ਨੇ ਕੀਤਾ ਹੋਣਾ। ਜਦੋਂ ਜਵਾਨ ਹੋਈ ਤਾਂ ਆਂਢ-ਗੁਆਂਢ ਦੇ ਸਾਰੇ ਮੁੰਡੇ ਮੇਰੇ ਦੀਵਾਨੇ ਹੋ ਗਏ। ਹਾਲੇ ਹਾਈ-ਸਕੂਲ ਵੀ ਨਹੀਂ ਸੀ ਟੱਪੀ ਕਿ ਫ਼ਿਲਮਾਂ ਨੇ ਮੇਰਾ ਦਿਮਾਗ਼ ਚੱਕ 'ਤਾ। ਸਾਰਾ ਦਿਨ ਹਾਏ-ਹਾਏ ਮਚੀ ਰਹਿੰਦੀ ਮੇਰੇ ਅੰਦਰ। ਫਲਾਨੀ ਐਕਟਰਨੀ ਇਹ ਕੱਪੜੇ ਪਾਉਂਦੀ ਐ, ਐਦਾਂ ਤੁਰਦੀ ਐ, ਐਦਾਂ ਗੱਲਾਂ ਕਰਦੀ ਐ, ਢਿਮਕਣੀ ਐਕਟਰਨੀ ਦੇ ਪਿੱਛੇ ਦੁਨੀਆ ਪਈ ਐ। ਸਾਰਾ ਦਿਨ ਇੱਕੋ ਗਰਾਰੀ, ਇੱਕੋ ਹੀ ਸੁਪਨਾ।"

"ਤੇ ਇਹੀ ਸੁਪਨਾ ਮੁੰਬਈ ਖਿੱਚ ਲਿਆਇਆ, ਹੈ ਨਾ ?"

"ਫ਼ਿਲਮਾਂ ਦਾ ਜਨੂੰਨ ਈ ਲੈ ਆਇਆ ਮੈਨੂੰ ਇਸ ਨਾਮੁਰਾਦ ਸ਼ਹਿਰ ਵਿੱਚ। ਲੱਗਦਾ ਸੀ ਕਿ ਸਾਰੀ ਮੰਡੀਰ ਮੈਨੂੰ ਇੱਕ ਪਲ ਤੱਕਣ ਲਈ ਮਰ ਰਹੀ ਐ। ਜੀਹਦੇ ਮੂਹਰ ਦੀ ਲੰਘਦੀ, ਉਹੀ ਮੇਰਾ ਆਸ਼ਿਕ ਹੋ ਜਾਂਦਾ। ਹਰ ਬੰਦਾ ਮੈਨੂੰ ਐਕਟਰਨੀ-ਐਕਟਰਨੀ ਕਹਿੰਦਾ। ਮੇਰੀ ਮੱਤ ਮਾਰੀ ਗਈ। ਲੱਗਿਆ ਕਿ ਕਿਉਂ ਨਾ ਸੱਚੀਂ ਐਕਟਰਨੀ ਬਣ ਜਾਵਾਂ। ਬੰਬੇ ਰਹਿਣ ਲਈ ਮੇਰੇ ਕੋਲ਼ ਕੋਈ ਪਤਾ-ਟਿਕਾਣਾ ਤਾਂ ਸੀ ਨਹੀਂ।" ਬਿਜਲੀ ਨੂੰ ਪਹਿਲੀ ਵਾਰ ਏਨੀ ਸ਼ਾਂਤ ਤੇ ਗੰਭੀਰ ਦੇਖ ਰਿਹਾ ਸੀ।

"ਵੀਟੀ ਸਟੇਸ਼ਨ ਪਹੁੰਚੀ ਤਾਂ ਉੱਥੇ ਮੈਨੂੰ ਇੱਕ ਸਿੱਖ ਟੈਕਸੀ ਵਾਲਾ ਮਿਲਿਆ। ਉਸਦੀ ਬੋਲੀ ਐਨੀ ਮਿੱਠੀ ਸੀ ਕਿ ਮੈਨੂੰ ਲੱਗਿਆ ਇਹੀ ਰੱਬ ਦਾ ਨੇਕ ਬੰਦਾ ਏ। ਸਿੱਧਾ ਮੈਨੂੰ ਆਪਣੇ ਘਰ ਲੈ ਗਿਆ। ਉੱਥੇ ਆਪਣੀ ਵਹੁਟੀ ਨੂੰ ਪੰਜਾਬੀ ਵਿੱਚ ਕਹਿੰਦਾ ਕਿ ਇਹ ਕੁੜੀ ਪਿੰਡ ਤੋਂ ਭੱਜ ਕੇ ਆਈ ਆ। ਜਦ ਉਹਦੀ ਵਹੁਟੀ ਨੇ ਮੈਨੂੰ ਸਵਾਲ-ਜਵਾਬ ਕੀਤੇ ਤਾਂ ਮੈਂ ਵੀ ਸਭ ਦੱਸ ਦਿੱਤਾ। ਪਰ ਮੈਂ ਉਸ ਨੂੰ ਆਪਣਾ ਨਾਂ, ਆਪਣੇ ਪਿੰਡ ਦਾ ਨਾਂ ਤੇ ਆਪਣੇ ਮਾਪਿਆਂ ਦਾ ਨਾਂ ਸਹੀ ਨਹੀਂ ਸੀ ਦੱਸਿਆ। ਫਿਰ ਪੁੱਛਣ ਲੱਗੀ ਕਿ ਹੁਣ ਕੀ ਕਰੇਂਗੀ। ਮੈਂ ਕਮਲੀ ਉਹੀ ਜਵਾਬ -ਐਕਟਰਨੀ ਬਣਨਾ। ਉਸ ਨੇ ਇਹ ਸਭ ਬਾਹਰ ਖੜ੍ਹੇ ਘਰ ਵਾਲੇ ਨੂੰ ਜਾ ਦੱਸਿਆ। ਉਹ ਵਿਚਾਰਾ ਸਿਰ ਫੜ੍ਹ ਕੇ ਬਹਿ ਗਿਆ। ਉਸ ਨੇ ਮੈਨੂੰ ਬੜਾ ਸਮਝਾਇਆ ਕਿ ਮੁੰਬਈ ਬੜੀ ਖਰਾਬ ਥਾਂ ਏ, ਆਪਣੀ ਜ਼ਿੰਦਗੀ ਨਾ ਖ਼ੁਆਰ ਕਰਾਂ, ਆਪਣੇ ਮਾਪਿਆਂ ਦਾ ਨਾਂ ਨਾ ਖਰਾਬ ਕਰਾਂ। ਤੇਰੇ ਮਾਪੇ ਘਰੇ ਪਰੇਸ਼ਾਨ ਹੁੰਦੇ ਹੋਣਗੇ, ਘੱਟੋ-ਘੱਟ ਉਨ੍ਹਾਂ ਨੂੰ ਇੱਕ ਵਾਰ ਫੋਨ ਕਰ ਦੇ, ਇੱਕ ਤਾਰ ਹੀ ਭੇਜ ਦੇ, ਉਹ ਆ ਕੇ ਲੈ ਜਾਣਗੇ ਤੈਨੂੰ ਵਾਪਸ। ਪਰ ਮੈਂ ਏਨੀ ਜ਼ਿੱਦੀ ਕਿ ਵਿਚਾਰੇ ਦਾਰ ਜੀ ਹੈਰਾਨ ਹੋ ਗਏ। ਹਾਰ ਕੇ ਕਹਿਣ ਲੱਗੇ ਕਿ ਤੂੰ ਜਿੰਨੇ ਦਿਨ ਮਰਜ਼ੀ ਇੱਥੇ ਰਹਿ। ਚੇਤਾ ਰੱਖੀਂ, ਤੂੰ ਸਿੱਖਣੀ ਏਂ, ਜ਼ਿੰਦਗੀ ਚਾਹੇ ਕਿੰਨੀ ਵੀ ਮੁਸ਼ਕਿਲ ਹੋ ਜਾਵੇ, ਕਦੇ ਕੋਈ ਗ਼ਲਤ ਕੰਮ ਨਾ ਕਰੀਂ। ਕੋਈ ਗ਼ਲਤ ਕੰਮ ਕਰਨ ਨੂੰ ਕਹੇ ਤਾਂ ਉਹਦੀ ਗੱਲ ਨਾ ਸੁਣੀਂ। ਮੈਂ ਉਨ੍ਹਾਂ ਦਾ ਦਿਲ ਰੱਖਣ ਲਈ ਉਨ੍ਹਾਂ ਨਾਲ਼ ਕੌਲ ਕਰ ਲਿਆ।" ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਇਹ ਬਿਜਲੀ ਨਹੀਂ, ਕੋਈ ਔਰਤ ਅਰਦਾਸ ਕਰ ਰਹੀ ਹੋਵੇ। ਸਰਦਾਰ ਜੀ ਦੇ ਬਾਰੇ ਗੱਲ ਕਰਦੇ ਹੋਏ ਬਿਜਲੀ ਦੇ ਚਿਹਰੇ 'ਤੇ ਇੱਕ ਅਲੱਗ ਹੀ ਨੂਰ ਆ ਗਿਆ ਸੀ।

"ਮੈਂ ਅਗਲੇ ਦਿਨ ਤੋਂ ਫ਼ਿਲਮਾਂ ਵਿੱਚ ਕੰਮ ਲੱਭਣ ਤੁਰ ਪਈ। ਕਦੇ ਏਹ ਦਫ਼ਤਰ, ਕਦੇ ਓਹ ਦਫ਼ਤਰ, ਕਿਤੇ ਕੁੱਝ ਨਾ ਲੱਭਿਆ। ਪੱਲੇ ਪਈ ਤਾਂ ਸਿਰਫ਼ ਜ਼ਿੱਲਤ ਤੇ ਰੁਸਵਾਈ। ਫਿਰ ਸਮਝ ਆਇਆ ਕਿ ਮੈਂ ਕੀ ਸੋਚ ਕੇ ਆਈ ਸੀ ਤੇ ਕੀ ਬਣਦੀ ਜਾ ਰਹੀ ਸੀ। ਕਿਸੇ ਤਰ੍ਹਾਂ ਟੈਕਸੀ ਵਾਲੇ ਸਰਦਾਰ ਜੀ ਦੇ ਘਰ ਰਹਿੰਦੀ ਰਹੀ। ਧੀ ਵਾਂਗ ਪਿਆਰ ਕਰਦੇ ਸੀ ਦੋਵੇਂ ਮੈਨੂੰ।"

"ਕਰਦੇ ਸੀ, ਮਤਲਬ ?"

"ਕਰਦੇ ਸੀ ਮਤਲਬ ਕਰਦੇ ਨੇ।" ਉਹ ਹੜਬੜਾ ਜਿਹੀ ਗਈ। ਸ਼ਾਇਦ ਇਸ ਸਵਾਲ ਦਾ ਕਿਆਸ ਨਹੀਂ ਸੀ ਬਿਜਲੀ ਨੂੰ, "ਅੱਜ ਵੀ ਚੰਗੇ ਭਲੇ ਨੇ। ਵਾਹਿਗੁਰੂ ਉਨ੍ਹਾਂ ਨੂੰ ਮੇਰੀ ਉਮਰ ਵੀ ਲਾ ਦਵੇ, ਬੜੇ ਨੇਕ ਬੰਦੇ ਨੇ।"

"ਇਸ ਤਰ੍ਹਾਂ ਦੇ ਹੋਰ ਨੇਕ ਬੰਦੇ ਮਿਲੇ ਤੁਹਾਨੂੰ ?"

"ਹੋਰ ਇੱਕ-ਦੋ ਮਿਲੇ ਹੋਣਗੇ। ਜ਼ਿਆਦਾ ਨਹੀਂ। ਦਿੱਲੀ ਠੱਗਾਂ ਦੀ ਏ, ਮੁੰਬਈ ਮਤਲਬੀਆਂ ਦੀ। ਬੜੀ ਵਾਹ ਲਾਉਣ 'ਤੇ ਵੀ ਇੱਕ ਦਫ਼ਤਰ ਵਿੱਚ ਰਿਸੈਪਸ਼ਨਿਸ਼ਟ ਦੀ ਨੌਕਰੀ ਹੀ ਮਿਲੀ। ਮਗਰੋਂ ਪਤਾ ਚੱਲਿਆ ਕਿ ਇਹ ਨੌਕਰੀ ਨਹੀਂ ਸੀ, ਮੈਨੂੰ ਵੇਖ ਕੇ ਮਾਲਕ ਦੀ ਅੱਖ ਮੈਲੀ ਹੋ ਗਈ ਸੀ। ਉਹ ਮੇਰੇ ਨਾਲ਼ ਕੁੱਝ ਰਾਤਾਂ ਸੌਣਾ ਚਾਹੁੰਦਾ ਸੀ, ਸੋਚਿਆ ਨੌਕਰੀ ਦੇ ਦਵਾਂ, ਆਪਣੇ ਆਪ ਵਿਛ ਜਾਵੇਗੀ। ਜਦੋਂ ਉਸ ਨੇ ਇੱਕ ਵਾਰ ਕੋਸ਼ਿਸ਼ ਕੀਤੀ ਤਾਂ ਸਾਰਿਆਂ ਸਾਹਮਣੇ ਉਹਨੂੰ ਥੱਪੜ ਮਾਰ ਮੈਂ ਖ਼ੁਦ ਹੀ ਦਫ਼ਤਰ ਤੋਂ ਬਾਹਰ ਆ ਗਈ। ਲੱਗਦੈ ਦਾਰ ਜੀ ਨੂੰ ਦਿੱਤਾ ਕੌਲ ਮੈਂ ਲੋੜ ਨਾਲ਼ੋਂ ਜ਼ਿਆਦਾ ਸੀਰੀਅਸ ਲੈ ਲਿਆ ਸੀ।"

"ਹੁਣ ਮੈਂ ਫਿਰ ਸੜਕ 'ਤੇ ਸੀ। ਕਿੱਥੇ ਜਾਂਦੀ ? ਕੀ ਕਰਦੀ ? ਕੁੱਝ ਸਮਝ ਨਹੀਂ ਸੀ ਆ ਰਿਹਾ। ਬਹੁਤ ਲੋਕਾਂ ਨਾਲ਼ ਦੋਸਤੀ ਹੋ ਚੁੱਕੀ ਸੀ। ਉਨ੍ਹਾਂ ਵਿੱਚੋਂ ਇੱਕ ਨਜ਼ਦੀਕ ਹੀ ਰਹਿਣ ਵਾਲੀ ਬਾਰ-ਨਾਚੀ ਸੀ। ਮੈਂ ਉਸ ਨੂੰ ਅਰਜ਼ ਕੀਤੀ ਤਾਂ ਉਹ ਸਿੱਧੀ ਲੈ ਗਈ ਮੈਨੂੰ ਆਪਣੇ ਨਾਲ਼ ਮਾਨਿਕ ਭਾਈ ਕੋਲ਼। ਸਿਰੇ ਦਾ ਹਰਾਮਜ਼ਾਦਾ।" ਬਿਜਲੀ ਦੀਆਂ ਮੋਟੀਆਂ-ਮੋਟੀਆਂ ਅੱਖਾਂ ਹੋਰ ਵੀ ਚੌੜੀਆਂ ਹੋ ਗਈਆਂ ਜਦ ਉਸਨੇ ਮਾਨਿਕ ਭਾਈ ਬਾਰੇ ਦੱਸਣਾ ਸ਼ੁਰੂ ਕੀਤਾ।

"ਮਟਕੇ ਵਿੱਚ ਨੰਬਰ ਇੱਕ। ਜਿਹੜਾ ਨੰਬਰ ਕਹਿ ਦਵੇ, ਅਖ਼ੀਰ ਵਿੱਚ ਉਹੀ ਲੱਗਦਾ। ਸੱਟੇ ਵਿੱਚ ਪੂਰਾ ਹੰਢਿਆ ਖਿਡਾਰੀ। ਉਹ ਜਿੰਨੀਆਂ ਦੌੜਾਂ ਉੱਪਰ ਕਿਸੇ ਟੀਮ ਦੇ ਆਊਟ ਹੋਣ ਦਾ ਦੱਸੇ, ਜੇਕਰ ਤੁਸੀਂ ਉਸ ਉੱਪਰ ਰਕਮ ਲਗਾ ਦੇਵੋਂ ਤਾਂ ਏਨਾ ਪੈਸਾ ਕਮਾ ਸਕਦੇ ਓਂ ਕਿ ਤਿਜੋਰੀ ਦਾ ਸਾਹ ਲੈਣਾ ਔਖਾ ਹੋ ਜਾਵੇ। ਉਸ ਦੀ ਇੱਕ ਬਾਰ ਮਾਲਕ ਨਾਲ਼ ਚੰਗੀ ਦੋਸਤੀ ਸੀ। ਮਾਨਿਕ ਮੈਨੂੰ ਆਪਣੇ ਨਾਲ਼ ਲੈ ਗਿਆ। ਬਾਰ ਦੇ ਮਾਲਕ ਦਾਰੇ ਨਾਲ਼ ਮਿਲਵਾਇਆ। ਦਾਰਾ ਮੈਨੂੰ ਕਹਿੰਦਾ ਤੈਨੂੰ ਕੀ ਲੋੜ ਏ ਨੱਚਣ-ਗਾਉਣ ਦੀ। ਮੇਰੇ ਨਾਲ਼ ਰਹਿ, ਤੇਰੀ ਹਰ ਲੋੜ ਤੇ ਖਵਾਹਿਸ਼ ਮੈਂ ਪੂਰੀ ਕਰੂੰ। ਬਾਰ ਵਿੱਚ ਕੰਮ ਕਰੇਂਗੀ ਤਾਂ ਹਰ ਰਾਤ ਸੌ ਹੱਥਾਂ ਵਿੱਚ ਫਿਰੇਂਗੀ, ਇਸ ਦੇ ਨਾਲ਼ੋਂ ਚੰਗਾ ਮੇਰੇ ਨਾਲ਼ ਇੱਕ ਦੀ ਹੋ ਕੇ ਰਹਿ। ਇਹ ਸੁਣ ਕੇ ਹੈਰਾਨ ਤਾਂ ਹੋਈ ਪਰ ਅਜੀਬ ਨਹੀਂ ਸੀ ਲੱਗਿਆ। ਸਲੀਕੇ ਨਾਲ਼ ਪਰ ਦਾਰੇ ਨੂੰ ਦੋ ਗੱਲਾਂ ਸੁਣਾ ਹੀ ਦਿੱਤੀਆਂ। ਉਹ ਵੀ ਹੈਰਾਨ। ਕਹਿਣ ਲੱਗਿਆ ਕਿ ਮੇਰੇ ਵਰਗੀ ਕੁੜੀ ਬਾਰ ਵਿੱਚ ਹੋਊ ਤਾਂ ਨਿੱਤ ਮੇਲਾ ਲੱਗਿਆ ਰਹੂ। ਮਾਲਕ ਨੇ ਮੈਨੂੰ ਰੱਖ ਲਿਆ। ਉਸ ਨੇ ਕੁੱਝ ਨੋਟ ਕੱਢੇ ਤੇ ਮਾਨਿਕ ਭਾਈ ਦੇ ਹੱਥ 'ਤੇ ਰੱਖ ਦਿੱਤੇ ਅਤੇ ਉਸ ਨੂੰ ਮੇਰੇ ਪਾਉਣ ਲਾਇਕ ਕੱਪੜੇ ਖ਼ਰੀਦ ਲਿਆਉਣ ਲਈ ਆਖਿਆ। ਅਸੀਂ ਇਕੱਠੇ ਗਏ ਤੇ ਕੱਪੜੇ ਖ਼ਰੀਦ ਲਿਆਏ। ਉਸ ਰਾਤ ਬਾਰ ਵਿੱਚ ਮੈਂ ਦੇਖਿਆ



ਕਿ ਉੱਥੇ ਕੰਮ ਕੀ ਅਤੇ ਕਿਸ ਤਰ੍ਹਾਂ ਹੁੰਦਾ ਹੈ। ਸਭ ਸਮਝ ਗਈ ਮੈਂ। ਅਖ਼ੀਰ ਨੂੰ ਮੈਂ ਸੀ ਤਾਂ ਔਰਤ ਜ਼ਾਤ ਹੀ। ਮਰਦਾਂ ਦੀਆਂ ਲੋੜਾਂ ਕੀ ਨੇ, ਇਸ ਦੀ ਸਮਝ ਮੈਨੂੰ ਪਹਿਲਾਂ ਤੋਂ ਹੀ ਸੀ।"

"ਕੌਫ਼ੀ...।" ਸਹੇਲੀ ਕਦੋਂ ਸਾਹਮਣੇ ਆ ਖੜ੍ਹੀ ਹੋਈ, ਪਤਾ ਹੀ ਨਹੀਂ ਚੱਲਿਆ। ਉਹ ਮੇਰੇ ਵੱਲ ਕੌਫ਼ੀ ਦਾ ਮੱਗ ਵਧਾ ਰਹੀ ਸੀ।

ਮੈਂ ਕੌਫ਼ੀ ਦਾ ਮੱਗ ਹੱਥ ਵਿੱਚ ਲਿਆ ਅਤੇ ਬਿਨਾਂ ਉਸ ਦੇ ਕਹੇ ਇੱਕ ਮੱਠੀ ਵੀ ਚੁੱਕ ਲਈ। ਕਾਲੀ ਮਿਰਚ ਅਤੇ ਅਜਵੈਣ ਵਾਲੀ ਇਸ ਮੱਠੀ ਦੇ ਨਾਲ਼ ਕੌਫ਼ੀ ਪੀਣ ਦਾ ਸਵਾਦ ਹੀ ਕੁੱਝ ਵੱਖਰਾ ਸੀ। ਕਹਾਣੀ ਸੁਣਾਉਣ ਵਿੱਚ ਮਗਨ ਬਿਜਲੀ ਦਾ ਚਾਹ ਵੱਲ ਧਿਆਨ ਨਹੀਂ ਗਿਆ।

"ਅਗਲੇ ਦਿਨ ਤੋਂ ਮੈਂ ਉਹ ਸਭ ਕੁੱਝ ਕਰਨ ਲੱਗੀ ਜੋ ਉੱਥੋਂ ਦੀਆਂ ਬਾਕੀ ਕੁੜੀਆਂ ਕਰ ਰਹੀਆਂ ਸਨ। ਨੱਚਣਾ ਥੋੜ੍ਹਾ, ਨਚਾਉਣਾ ਜ਼ਿਆਦਾ। ਲੋਕ ਤਾਂ ਮੇਰੇ ਪਿੱਛੇ ਕਮਲੇ ਹੋ ਜਾਂਦੇ ਸੀ ਪਰ ਮੈਂ ਸਭ ਨੂੰ ਤਰਸਾਉਂਦੀ। ਜੇਕਰ ਕਦੇ ਪੁਲਿਸ ਵਾਲੇ ਵੀ ਆਏ ਤਾਂ ਉਨ੍ਹਾਂ ਦੇ ਵੀ ਹੱਥ ਨਾ ਲੱਗੀ। ਕਦੇ ਕਿਸੇ ਨੇ ਜ਼ੋਰ-ਜ਼ਬਰਦਸਤੀ ਕੀਤੀ ਤਾਂ ਕਟਾਰ ਕੱਢ ਕੇ ਢਿੱਡ 'ਤੇ ਰੱਖ ਲੈਂਦੀ। ਕਹਿ ਦਿੰਦੀ ਕਿ ਮੈਂ ਇਸ ਨੂੰ ਢਿੱਡ ਵਿੱਚ ਮਾਰ ਲਊਂਗੀ ਤੇ ਜਦੋਂ ਪੁਲਿਸ ਕੇਸ ਪਿਆ ਤਾਂ ਮਰਨ ਤੋਂ ਪਹਿਲਾਂ ਤੇਰਾ ਨਾਂ ਲਊਂ। ਫਿਰ ਸਾਂਭਦਾ ਰਹੀਂ ਆਪਣੀ ਵਰਦੀ, ਆਪਣਾ ਪਰਿਵਾਰ ਤੇ ਇੱਜ਼ਤ। ਜਿਹੜੀ ਜੇਲ੍ਹ ਹੋਊ, ਉਹ ਅਲੱਗ ਤੋਂ। ਇਸੇ ਲਈ ਕਦੇ ਕੋਈ ਪੁਲਿਸ ਵਾਲਾ ਮੇਰੇ ਮੱਥੇ ਨਹੀਂ ਲੱਗਿਆ। ਨਸ਼ੇ ਵਿੱਚ ਧੁੱਤ ਲੋਕਾਂ ਨੂੰ ਝੱਟ ਹੇਠਾਂ ਬਿਠਾ ਦਿੰਦੀ ਸੀ। ਕਿਸੇ ਨੇ ਜ਼ਬਰਨ ਨਾਲ਼ ਲਿਜਾਣਾ ਚਾਹਿਆ ਤਾਂ ਸ਼ੁੱਧ ਪੰਜਾਬੀ ਘਸੁੰਨ ਖਾਧੇ।"

"ਕਦੇ ਅੰਡਰਵਰਲਡ ਦੇ ਕਿਸੇ ਬੰਦੇ ਹੱਥ ਨਹੀਂ ਲੱਗੇ ?" ਮੈਂ ਹੈਰਾਨ ਨਹੀਂ ਸੀ। ਮੈਨੂੰ ਪਤਾ ਸੀ ਕਿ ਬਿਜਲੀ ਨਾਲ਼ ਇਸ ਤਰ੍ਹਾਂ ਕਦੇ ਨਹੀਂ ਹੋਇਆ ਸੀ। ਉਹ ਕਿਸੇ ਨਾਲ਼ ਸੌਣ ਅੱਜ ਤੱਕ ਨਹੀਂ ਸੀ ਗਈ ਪਰ ਫਿਰ ਵੀ ਇਹ ਗੱਲ ਮੈਂ ਉਹਦੇ ਮੂੰਹੋਂ ਸੁਣਨਾ ਚਾਹੁੰਦਾ ਸੀ।

"ਲੱਗੀ ਸੀ ਇੱਕ ਵਾਰ। ਇੱਕ ਬੰਦੇ ਨੇ ਦੋ ਪਿਸਤੌਲਾਂ ਕੱਢ ਕੇ ਮੂਹਰੇ ਧਰ 'ਤੀਆਂ। ਮੈਂ ਵੀ ਉਸ ਦਾ ਮੂੰਹ ਬੰਦ ਕਰਨ ਨੂੰ ਮਿੰਟ ਲਾਇਆ। ਕਿਹਾ ਕਿ ਤੂੰ ਤੇ ਚੂਹਾ ਏਂ। ਔਰਤ ਨੂੰ ਹਥਿਆਰ ਨਾਲ਼ ਡਰਾਉਂਦਾ ਏਂ। ਜੀਹਨੇ ਕੁੱਝ ਕਰਨਾ ਹੁੰਦੈ, ਉਹ ਹਥਿਆਰ ਦਿਖਾਉਂਦਾ ਨਹੀਂ, ਚਲਾਉਂਦਾ ਈ ਐ। ਤੇ ਜਿਹੜਾ ਕੰਮ ਇੱਕ ਹਥਿਆਰ ਨਾਲ਼ ਹੋ ਸਕਦੈ, ਉਸ ਦੇ ਲਈ ਦੋ ਹਥਿਆਰਾਂ ਦੀ ਲੋੜ ਨਹੀਂ ਹੁੰਦੀ। ਰੱਖ ਆਪਣਾ ਸਾਮਾਨ ਅੰਦਰ ਤੇ ਆਪਣਾ ਰਾਹ ਦੇਖ। ਮੈਂ ਆਪਣਾ ਹਥਿਆਰ ਚਲਾ ਲਿਆ ਤਾਂ ਕਿਤੇ ਮੂੰਹ ਦਿਖਾਉਣ ਜੋਗਾ ਨਹੀਂ ਰਹਿਣਾ।" ਬਿਜਲੀ ਦੀ ਉਦਾਸੀ ਕੁੱਝ ਘੱਟ ਹੁੰਦੀ ਦਿਖੀ। ਉਸ ਨੇ ਇਹ ਕਿੱਸਾ ਸੁਣਾਇਆ ਤਾਂ ਇਉਂ ਲੱਗਾ ਕਿ ਜਿਵੇਂ ਉਹਨੂੰ ਆਪਣੇ ਆਪ ਉੱਪਰ ਮਾਣ ਹੋਵੇ।

ਪਰ ਨਹੀਂ, ਉਹ ਤਾਂ ਹੁਣ ਪੂਰੀ ਪਿਘਲ ਚੁੱਕੀ ਸੀ, "ਜੋ ਆਉਂਦਾ, ਪਿਆਰ ਦੇ ਨਾਂ 'ਤੇ ਲੱਕ ਤੋਂ ਹੇਠਾਂ ਜਾਣ ਨੂੰ ਕਾਹਲਾ ਰਹਿੰਦਾ। ਕਾਸ਼, ਕੋਈ ਮੇਰਾ ਮਨ ਵੀ ਪੜ੍ਹ ਲੈਂਦਾ, ਮੇਰੇ ਕਿੰਨੇ ਆਸ਼ਿਕ ਆਏ ਤੇ ਕਿੰਨੇ ਗਏ। ਕਿੰਨਿਆਂ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਮੇਰੇ ਉੱਪਰੋਂ ਵਾਰ 'ਤੀ। ਮੈਂ ਸੀ ਕਿ ਟੈਕਸੀ ਵਾਲੇ ਦਾਰ ਜੀ ਦਾ ਘਰ ਭਰਦੀ ਰਹੀ। ਉਹ ਮੇਰੇ ਭੇਜੇ ਸਾਰੇ ਪੈਸੇ ਮੇਰੇ ਨਾਂ 'ਤੇ ਬੈਂਕ ਵਿੱਚ ਜਮ੍ਹਾਂ ਕਰਵਾਉਂਦੇ ਰਹੇ। ਕਹਿੰਦੇ ਕਿ ਤੂੰ ਤੇ ਤੇਰੇ ਪੈਸੇ ਸਾਡੇ ਕੋਲ਼ ਅਮਾਨਤ ਨੇ। ਜਿਸ ਦਿਨ ਵਾਹਿਗੁਰੂ ਦੀ ਮਿਹਰ ਹੋਈ, ਵਾਪਿਸ ਜ਼ਰੂਰ ਕਰ ਕੇ ਆਵਾਂਗੇ।"

"ਵਾਹਿਗੁਰੂ ਉਨ੍ਹਾਂ ਦੀ ਇੱਛਾ ਸੁਣ ਲੈਂਦਾ ਤਾਂ ਕਿੰਨਾ ਚੰਗਾ ਹੁੰਦਾ।" ਬਿਜਲੀ ਦਾ ਵਲੂੰਧਰਿਆ ਮਨ ਹੁਣ ਜ਼ਿੰਦਗੀ ਦੇ ਟੁੱਟੇ ਸ਼ੀਸ਼ੇ ਦੀਆਂ ਕਿਰਚਾਂ ਵਿੱਚੋਂ ਆਪਣਾ ਅਕਸ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ।

ਉਨ੍ਹਾਂ ਕਿਰਚਾਂ ਵਿੱਚੋਂ ਇੱਕ ਨਹੀਂ, ਹਜ਼ਾਰ ਬਿਜਲੀਆਂ ਦਿਖ ਰਹੀਆਂ ਸਨ। ਉਹ ਬਚਪਨ ਵਾਲੀ ਬਿਜਲੀ ਤਾਂ ਇਨ੍ਹਾਂ ਹਜ਼ਾਰ ਬਿਜਲੀਆਂ ਵਿੱਚ ਗੁੰਮ ਹੋ ਗਈ ਸੀ। ਬਿਜਲੀ ਬੋਲਦੀ ਰਹੀ, "ਮੇਰੀ ਜ਼ਿੰਦਗੀ ਵਿੱਚ ਹੁਣ ਘਰ ਦਾ ਸੁੱਖ ਲਿਖਿਆ ਹੀ ਨਹੀਂ ਸੀ। ਹਰ ਦਿਨ ਕਿਸੇ ਨਵੇਂ ਘਰ ਵਿੱਚ ਜਾਣਾ ਲਿਖਿਆ ਸੀ ਮੇਰੀ ਕਿਸਮਤ ਵਿੱਚ। ਮੈਂ ਵੀ ਕਿਸਮਤ ਨੂੰ ਨਿੱਤ ਵੰਗਾਰਦੀ। ਕਦੇ ਕਿਸੇ ਨੂੰ ਆਪਣੀ ਦੇਹ ਦੀ ਅੰਦਰਲੀ ਖ਼ੂਬਸੂਰਤੀ ਨਹੀਂ ਦਿਖਣ ਦਿੱਤੀ। ਲੋਕ ਤਰਸਦੇ ਰਹਿ ਗਏ। ਮੈਂ ਵੀ ਕਿਸੇ ਪਿਆਰ ਕਰਨ ਵਾਲੇ ਜਾਂ ਘਰ ਵਾਲੇ ਲਈ ਤਰਸਦੀ ਰਹਿ ਗਈ। ਮੇਰੇ ਨਾਲ਼ ਤਾਂ ਉਹ ਹੋਇਆ ਕਿ ਜਿਵੇਂ ਕੋਈ ਮੱਛੀ ਸਾਰੀ ਜ਼ਿੰਦਗੀ ਸਮੁੰਦਰ ਵਿੱਚ ਰਹਿ ਕੇ ਵੀ ਪਿਆਸੀ ਰਹਿ ਗਈ ਹੋਵੇ।"

"ਹੁਣ?"

"ਹੁਣ ਕੀ, ਜੋ ਹੋਣਾ ਸੀ ਹੋ ਗਿਆ, ਹੁਣ ਤਾਂ ਦਾਰ ਜੀ ਨੇ, ਉਨ੍ਹਾਂ ਦੀ ਘਰ ਵਾਲੀ ਆ ਤੇ ਮੈਂ ਆਂ। ਮੇਰੇ ਪੰਜਾਬ ਵਾਪਸ ਜਾਣ ਦੀ ਆਸ ਵਿੱਚ ਵਿਚਾਰੇ ਦੋਵੇਂ ਜੀਵੀ ਜਾਂਦੇ ਆ ਤੇ ਮੈਂ ਉਨ੍ਹਾਂ ਦੇ ਇਸੇ ਭਰਮ ਆਸਰੇ ਜੀ ਰਹੀ ਆਂ। ਉਹ ਆਪਣੀ ਜ਼ਿੱਦ ਤੋਂ ਨਹੀਂ ਪਿੱਛੇ ਹਟਦੇ ਤੇ ਮੈਂ ਆਪਣੀ ਜ਼ਿੱਦ ਨਹੀਂ ਛੱਡਦੀ। ਅਸਲ ਗੱਲ ਤਾਂ ਇਹ ਆ ਕਿ ਮੈਂ ਉਨ੍ਹਾਂ ਕੋਲ਼ (ਪੰਜਾਬ) ਕਿਹੜਾ ਮੂੰਹ ਲੈ ਕੇ ਜਾਵਾਂ। ਹੁਣ ਕੌਣ ਆ ਉੱਥੇ ਜੋ ਮੈਨੂੰ ਪਛਾਣੂ। ਕੋਈ ਪਛਾਣ ਵੀ ਲ਼ਊ ਤਾਂ ਕੌਣ ਅਪਣਾਊ ਮੈਨੂੰ। ਦਾਰ ਜੀ ਨੂੰ ਤਾਂ ਲੱਗਦੈ ਪਰ ਮੈਨੂੰ ਨਹੀਂ।"

ਸਹੇਲੀ ਨੇ ਠੰਢੀ ਹੋ ਰਹੀ ਚਾਹ ਦਾ ਕੱਪ ਚੁੱਕ ਕੇ ਬਿਜਲੀ ਦੇ ਮੂਹਰੇ ਕਰ ਦਿੱਤਾ ਤੇ ਉਸ ਨੇ ਚੁੱਪ-ਚਾਪ ਕੱਪ ਨੂੰ ਆਪਣੇ ਹੱਥਾਂ ਵਿੱਚ ਫੜ ਲਿਆ। ਫੜਿਆ ਤਾਂ ਥੱਲੜੇ ਪਾਸਿਓਂ। ਇਹ ਸੀ ਬਿਜਲੀ ਦਾ ਜ਼ਿੰਦਗੀ ਨੂੰ ਜਿਓਣ ਦਾ ਸਲੀਕਾ। ਜ਼ਿੰਦਗੀ ਨੂੰ ਟਟੋਲਿਆ ਤਾਂ ਤਲੇ ਵਾਲੇ ਪਾਸਿਓਂ।

"ਲੱਗਦੈ ਕਿ ਕੁੱਝ ਨਹੀਂ ਬਚਿਐ ਜ਼ਿੰਦਗੀ 'ਚ। ਕੁੱਝ ਕੁ ਸਮਾਂ ਰਹਿ ਗਿਆ। ਇਹ ਵੀ ਕੱਟ ਹੋ ਜੂ। ਸਿਰਫ਼ ਇੱਕੋ ਕਮੀ ਐ ਮੁੰਬਈ ਦੀ, ਜਿੰਨਾ ਮਰਜ਼ੀ ਕਮਾ ਲੋ, ਪੂਰਾ ਨਹੀਂ ਪੈਂਦਾ। ਇਹ ਗੱਲ ਵੱਖਰੀ ਹੈ ਕਿ ਰੋਜ਼ਾਨਾ ਦਸ ਰੁਪਏ ਕਮਾਉਣ ਵਾਲਾ ਵੀ ਕਿਸੇ ਤਰ੍ਹਾਂ ਪੇਟ ਭਰ ਲੈਂਦਾ ਹੈ ਤੇ ਕਰੋੜ ਕਮਾਉਣ ਵਾਲੇ ਦਾ ਵੀ ਢਿੱਡ ਨਹੀਂ ਭਰਦਾ। ਇੱਕ ਵਾਰ ਠਾਠ ਨਾਲ਼ ਰਹਿਣ ਦਾ ਚਸਕਾ ਪੈ ਗਿਆ ਮੁੰਬਈ 'ਚ ਤਾਂ ਫਿਰ ਘੱਟ ਕਮਾਈ ਨਾਲ਼ ਤੁਹਾਡਾ ਸਰਨਾ ਹੀ ਨਹੀਂ ਇੱਥੇ। ਲੋੜਾਂ ਆਪੇ ਵਧਦੀਆਂ ਰਹਿੰਦੀਆਂ ਨੇ।"

ਬਿਜਲੀ ਦੀ ਫ਼ਿਲਾਸਫ਼ੀ ਫਿਰ ਸਾਹਮਣੇ ਆ ਗਈ। ਹੁਣ ਉਹ ਅੱਗੇ ਪਤਾ ਨਹੀਂ ਕਿਸ ਗੱਲ ਦੀ ਭੂਮਿਕਾ ਬੰਨ੍ਹਣ ਜਾ ਰਹੀ ਸੀ, "ਜਦੋਂ ਸਰਕਾਰ ਨੇ ਬਾਰਾਂ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਤਾਂ ਮੇਰੀ ਵੀ ਹਾਲਤ ਪਤਲੀ ਹੋ ਗਈ। ਪਹਿਲਾਂ ਕੁੱਝ ਦਿਨ ਤਾਂ ਸਮਝ ਹੀ ਨਹੀਂ ਆਇਆ ਕਿ ਕਰਾਂ ਕੀ। ਫਿਰ ਮੈਂ ਇੱਕ ਹੱਲ ਕੱਢਿਆ। ਕੁੱਝ ਕੁੜੀਆਂ ਨੂੰ ਮੈਂ ਆਪਣੇ ਨਾਲ਼ ਲਿਆ। ਪੁਰਾਣੇ ਗਾਹਕਾਂ ਨੂੰ ਫੋਨ ਕੀਤਾ। ਉਨ੍ਹਾਂ ਨੂੰ ਕਿਹਾ ਕਿ ਕਿਸੇ ਹੋਟਲ ਵਿੱਚ ਕਮਰਾ ਬੁੱਕ ਕਰਵਾ ਲੈਣ ਜਾਂ ਕੋਈ ਬੰਗਲਾ ਕਿਰਾਏ ਉੱਪਰ ਲੈ ਲੈਣ। ਮਡ-ਮਾਰਵੇ, ਲੋਨਾਵਲਾ, ਖੰਡਾਲਾ ਜਾਂ ਦਮਨ-ਦਿਊ, ਪਨਵੇਲ ਜਾਂ ਸ਼੍ਰੀਵਰਧਨ 'ਚ, ਅਸੀਂ ਨੱਚਣ ਆਵਾਂਗੀਆਂ। ਜੇ ਕੋਈ ਰਾਤ ਰੰਗੀਨ ਕਰਨਾ ਚਾਹੁੰਦੈ ਤਾਂ ਆਪਣੀ ਮਰਜ਼ੀ ਦੀ ਕੁੜੀ ਚੁਣ ਸਕਦੈ, ਬਸ ਜੇ ਕੋਈ ਨਹੀਂ ਮਿਲ ਸਕਦੀ ਤਾਂ ਮੈਂ। ਹੋਰ ਈ ਕੋਈ ਸੋਚਣ ਲੱਗ ਜਾਏ ਕਿ ਜੇ ਮੈਂ ਏਨੇ ਪਾਪੜ ਵੇਲ ਰਹੀ ਆਂ ਤਾਂ ਸ਼ਾਇਦ ਦਿਲਜੋਈ ਕਰਨ ਦਾ ਸਾਮਾਨ ਵੀ ਬਣ ਜਾਵਾਂ।"

"ਸੱਚਮੁੱਚ?"



ਬਿਜਲੀ ਠਹਾਕਾ ਮਾਰ ਕੇ ਹੱਸੀ। ਕੜਾਕੇਦਾਰ ਮੀਂਹ ਵਿੱਚ ਭਿੱਜਦੀ ਤੇ ਕੜਕਦੀ ਆਸਮਾਨੀ ਬਿਜਲੀ ਵਾਂਗ। ਫਿਰ ਬੜੀ ਨਜ਼ਾਕਤ ਨਾਲ਼ ਮੇਰੇ ਵੱਲ ਝੁਕਦੇ ਹੋਏ ਆਪਣੇ ਜਿਸਮ ਦੀ ਸਭ ਤੋਂ ਕੀਮਤੀ ਨਿਆਮਤ ਦੇ ਦਰਸ਼ਨ ਕਰਵਾਉਂਦੀ ਹੋਈ ਕਹਿਣ ਲੱਗੀ, "ਜੇ ਕੋਈ ਏਹ ਸੋਚਦੈ ਕਿ ਮੇਰੇ ਲਈ ਕੁੱਝ ਕਰ ਕੇ ਇੱਕ ਦਿਨ ਮੇਰੇ ਤੋਂ ਆਪਣਾ ਬਿਸਤਰਾ ਗਰਮ ਕਰਵਾ ਲੂ ਤਾਂ ਇਹ ਖਾਮ-ਖ਼ਿਆਲੀ ਵੀ ਆ ਤੇ ਖ਼ੁਸ਼-ਫ਼ਹਿਮੀ ਵੀ। ਕੋਈ ਪ੍ਰਾਈਵੇਟ ਮੁਜਰਾ ਰੱਖਦਾ ਤਾਂ ਇਹੀ ਸੋਚ ਕੇ ਰੱਖਦਾ ਸੀ। ਮੇਰੇ ਨਾਲ਼ ਵਾਲੀਆਂ ਕੁੜੀਆਂ ਤਾਂ ਉਨ੍ਹਾਂ ਲਈ ਹੁੰਦੀਆਂ ਸਨ ਪਰ ਮੈਂ ਨਹੀਂ। ਕਈਆਂ ਨੇ ਇਸੇ ਚੱਕਰ ਵਿੱਚ ਮੈਨੂੰ ਕਈ ਵਾਰ ਆਪਣੇ ਘਰ ਖਾਣੇ 'ਤੇ ਵੀ ਸੱਦਿਆ ਤਾਂ ਕਿ ਪੁਲਿਸ ਤੇ ਹੋਰ ਪੰਗਿਆਂ ਤੋਂ ਬਚੇ ਰਹਿਣ। ਮੇਰਾ ਕੰਮ ਚੱਲ ਪਿਆ। ਹੁਣ ਵੀ ਪੂਰੇ ਮਜ਼ੇ ਆ। ਸਾਰੇ ਮਹੀਨੇ 'ਚ ਦਸ ਕੁ ਪ੍ਰਾਈਵੇਟ ਮੁਜਰੇ ਤਾਂ ਮਿਲ ਹੀ ਜਾਂਦੇ ਆ। ਸੁਖੀ ਆਂ।"

"ਹਮਮਮ...?"

ਬਿੰਦ ਕੁ ਚੁੱਪ ਰਹਿ ਕੇ ਬਿਜਲੀ ਬੋਲੀ, "ਨਹੀਂ।" ਫਿਰ ਹਲਕਾ ਜਿਹਾ ਮੁਸਕਰਾ ਕੇ ਦੂਜੇ ਪਾਸੇ ਮੂੰਹ ਕਰ ਲਿਆ।

ਮੈਂ ਜਾਣਦਾ ਸੀ ਕਿ ਉਸ ਨੇ ਇਵੇਂ ਕਿਉਂ ਕੀਤਾ। ਹੰਝੂ ਸਿੱਟਣਾ ਇਸ ਧੰਦੇ ਵਿੱਚ ਕਦੇ ਚੰਗਾ ਨਹੀਂ ਮੰਨਿਆ ਜਾਂਦਾ ਪਰ ਬਿਜਲੀ ਗਰਜੇ ਤੇ ਆਸਮਾਨ 'ਚੋਂ ਪਾਣੀ ਨਾ ਟਪਕੇ, ਇਹ ਕਿਵੇਂ ਹੋ ਸਕਦਾ। ਆਖ਼ਰ ਬਿਜਲੀ ਹੈ ਤਾਂ ਔਰਤ ਹੀ। ਉਸ ਦੇ ਬਾਹਰੋਂ ਏਨੀ ਤੱਤੀ ਤਵੀ ਹੋਣ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਉਸ ਅੰਦਰ ਪਾਣੀ ਨਹੀਂ ਹੈ। ਮਾਸਾ ਕੁ ਮਨ ਸਿੱਲਾ ਨਹੀਂ ਹੁੰਦਾ ਕਿ ਅੰਦਰ ਘੁੱਟੀ ਭਾਫ਼ ਅੱਖਾਂ ਵਿਚੋਂ ਬਾਹਰ ਟਪਕਣ ਲੱਗ ਪੈਂਦੀ ਹੈ।

"ਹੁਣ ਕਦੋਂ ਮਿਲਾਂਗੇ?" ਮੈਂ ਖੜ੍ਹੇ ਹੁੰਦਿਆਂ ਪੁੱਛਿਆ।

"ਜਦੋਂ ਤੁਹਾਡੀ ਮਰਜ਼ੀ, ਬਾਕੀ ਓਹ ਜਾਣੇ।" ਉਸ ਨੇ ਸੱਜੇ ਹੱਥ ਦੀ ਇੱਕ ਉਂਗਲ ਉੱਪਰ ਵੱਲ ਨੂੰ ਕਰ ਦਿੱਤੀ।

"ਚੰਗਾ ਜੀ, ਰੱਬ ਰਾਖਾ।" ਮੈਂ ਭਰੇ ਮਨ ਨੂੰ ਕੁੱਝ ਹਲਕਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕੰਮ ਪੁੱਠਾ ਹੋ ਗਿਆ। ਇੱਕ ਹੋਰ ਬੱਦਲ ਫਟਿਆ ਤੇ ਪਾਣੀ ਵਗਣ ਲੱਗ ਪਿਆ। ਇਹ ਵੀ ਚਾਹੀਦਾ ਸੀ। ਲੰਮੇ ਸਮੇਂ ਤੋਂ ਸੁੱਤਾ ਪਿਆ ਸੀ ਇਹ ਜਵਾਲਾਮੁਖੀ, ਅੱਜ ਫਟਿਆ ਹੈ ਤਾਂ ਕੁੱਝ ਨਾ ਕੁੱਝ ਬੋਝ ਤਾਂ ਘੱਟ ਹੀ ਜਾਵੇਗਾ। ਮੈਂ ਉੱਥੋਂ ਵਾਪਸ ਆ ਗਿਆ। ਕੁੱਝ ਹੋਰ ਚਿਰ ਰੁਕਦਾ ਤਾਂ ਉੱਥੇ ਆਏ ਸੈਲਾਬ ਵਿੱਚ ਡੁੱਬ ਜਾਂਦਾ।

ਜਦੋਂ ਬਾਹਰ ਨਿੱਕਲ ਰਿਹਾ ਸੀ ਤਾਂ ਬਿਜਲੀ ਵਿੱਚ ਇੱਕ ਵੱਡੀ ਤਬਦੀਲੀ ਦਿਖੀ। ਮੈਂ ਜਦੋਂ ਉਸ ਨੂੰ ਮਿਲਣ ਆਇਆ ਸੀ ਤਾਂ ਉਹ ਬੇਫ਼ਿਕਰੀ ਹੋ ਕੇ ਦੋਵੇਂ ਲੱਤਾਂ ਖਿਲਾਰੀ ਬੈਠੀ ਸੀ। ਇੱਕ ਪੈਰ ਸੋਫ਼ੇ ਉੱਪਰ ਸੀ, ਦੂਸਰਾ ਥੱਲੇ ਲਮਕਾਇਆ ਹੋਇਆ ਸੀ। ਜਦੋਂ ਮੁੜਿਆ ਤਾਂ ਦੋਵੇਂ ਪੈਰ ਸੋਫ਼ੇ ਉੱਪਰ ਟੇਢੇ ਇੱਕ-ਦੂਸਰੇ 'ਤੇ ਰੱਖੇ ਨਜ਼ਰ ਆ ਰਹੇ ਸਨ।

**(ਅਨੁਵਾਦ : ਗੌਰਵ)**

## ਚਾਨਣੋਂ ਖੁੰਝਿਆ ਚਿਰਾਗ਼ /ਅਮਰਜੀਤ ਸਿੰਘ ਮਾਨ

ਉਹ ਪੁਰਾਣੇ ਮਕਾਨ ਢਾਹੁਣ ਦੇ ਠੇਕੇ ਲੈਂਦਾ। ਬੀਮ ਜਾਂ ਲੈਂਟਰ ਤੋੜਨ ਲਈ ਘਣ ਦੀ ਲੋੜ ਹੁੰਦੀ। ਲਗਾਤਾਰ ਘਣ ਚਲਦਾ ਰਹਿੰਦਾ ਤੇ ਉਹਦੀ ਦੇਹ ਵੀ ਘਣ ਵਰਗੀ ਬਣ ਗਈ ਹੈ। ਨਾ ਸੂਤ ਭਰ ਮਾਸ ਘੱਟ, ਨਾ ਸੂਤ ਭਰ ਚਰਬੀ ਵੱਧ। ਜਮਾਂ ਲੋਹੇ ਵਰਗਾ। ਦੂਜੇ ਸ਼ਬਦਾਂ ਵਿੱਚ ਉਹ ਘਣ ਚਲਾਉਂਦਾ-ਚਲਾਉਂਦਾ ਘਣ ਵਰਗਾ ਬਣ ਗਿਆ।

ਅਸੀਂ ਪਿੰਡ ਦੀ ਫਿਰਨੀ 'ਤੇ ਲੱਗੀ ਰੂੜੀ ਤੋਂ ਰੇਹ ਦੀ ਟਰਾਲੀ ਭਰ ਰਹੇ ਸੀ। ਆਪਣੇ ਕੰਮ ਤੋਂ ਵਾਪਸ ਜਾਂਦਾ ਰਸ਼ਪਾਲ ਸਾਡੇ ਕੋਲ ਖੜ ਗਿਆ, "ਕਿਮੇਂ ਪੰਜ-ਸੱਤ ਟੱਕ ਸਿੱਟ ਕੇ ਸਾਂਹ ਭਰਨ ਲੱਗ ਜਾਨੇ ਓਂ...ਭਰੀ ਖੜੀ ਐ ਐਸ ਲੋਟ ਤਾਂ ਟਰਾਲੀ।" ਗੱਲਾਂ ਕਰਦਿਆਂ ਉਸ ਨੇ ਸਾਨੂੰ ਛੇੜਿਆ।

"ਕੰਮ ਕਰਨੋਂ ਤਾਂ ਹਟੇ ਪਏ ਆਂ..ਕਦੇ ਖਾਲ ਵੱਟ ਨੀ ਸਮਾਰੇ..ਸਪਰੇਅ ਮਾਰ ਦੇਈਂ'ਦੀ ਐ..ਨਾ ਕਦੇ ਬਹਿ ਕੇ ਕੱਖ-ਪੱਠੇ ਵੱਢੇ ਨੇ..ਕੁਤਰਾ ਕਰਨ ਲਈ ਮੋਟਰਾਂ ਚਲਦੀਐਂ..ਤੁਰਕੇ ਖੇਤ ਜਾਣਾ ਤਾਂ ਦੂਰ..ਸਾਇਕਲ ਵੀ ਤੂੜੀ ਆਲੀ ਸਬ੍ਹਾਤ ਵਿੱਚ ਸਿੱਟ'ਤੇ..ਗੱਲ ਮੁਕਾ ਟੋਭੇ ਕਨੀਂ ਜਾਣ ਵਾਸਤੇ ਵੀ ਮੋਟਰ ਸਾਇਕਲ ਚਾਹੀਦੈ..ਹੁਣ ਕਹੀ ਚਲਾਉਣ ਵੇਲੇ ਸਾਹ ਈ ਚੜ੍ਹਨੈ, ਹੋਰ ਕੀ..।" ਮੇਰਾ ਵੀੜ੍ਹੀਆ ਬੋਲਿਆ।

ਰਸ਼ਪਾਲ ਹੱਸ ਪਿਆ,"ਕੋਈ ਲੋਡਰ ਪੁੱਛ ਲੈਣਾ ਸੀ..ਛੇ-ਸੱਤ ਬਾਸਕਟਾਂ ਵਿੱਚ ਟਰਾਲੀ ਭਰ ਜਾਂਦਾ।"

"ਪੁੱਛਿਆ ਸੀ..ਭੂਤਾਂ ਦਾ ਮੁੰਡਾ ਸਹੁਰੀਂ ਗਿਆ ਹੋਇਐ..ਕੋਈ ਚਲਾਉਣ ਵਾਲਾ ਹੈ ਨ੍ਹੀਂ ਸੀ..ਫੇਰ ਸੋਚਿਆ, ਲੱਗਿਆ ਤਾਂ ਚੂਹਾ ਮਾਣ ਦੀ ਹੁੰਦਾ..ਖੁੱਡ ਪੁੱਟਦਾ ਪਤਾਲ ਤੱਕ ਵਗ ਜਾਂਦੈ..ਅਸੀਂ ਤਾਂ ਫੇਰ ਵੀ ਦੋ ਬੰਦੇ ਆਂ..ਆਪ ਈ ਭਰ'ਲਾਂਗੇ ਔਖੇ-ਸੌਖੇ।" ਮੈਂ ਆਪਣੇ ਥਾਂ ਸਹੀ ਸੀ।

"ਉਰਾਂ ਫੜਾ..," ਸਾਇਕਲ ਸਟੈਂਡ 'ਤੇ ਲਾਉਂਦਿਆ ਉਹ ਬੋਲਿਆ ਤੇ ਮੇਰੇ ਕੋਲੋਂ ਕਹੀ ਫੜ ਲਈ।.."ਦੇਖਿਆ ! ਚਮਚੇ ਜਿੱਡੀ ਕਹੀ ਲਈਂ ਫਿਰਦੇ ਓਂ..ਕਰੋਗੇ ਕਮਾਈਆਂ।" ਉਹਨੇ ਮੈਨੂੰ ਫੇਰ ਛੇੜਿਆ,"ਲੈ ਟੱਕ ਗਿਣੀ ਚੱਲੀਂ..ਕਿਨੇਂ ਡਿੱਗਦੇ ਐ।"

"ਇੱਕ..ਦੋ..ਛੇ..ਸੱਤ..ਪੰਦਰਾਂ..ਸੋਲਾਂ..ਛੱਬੀ..ਸਤਾਈ..ੱਕਤੀ..ਬੱਤੀ..ਪੈਂਤੀ..!" ਮੈਂ ਨਾਲੇ ਗਿਣੀ ਜਾਵਾਂ ਨਾਲੇ ਬੀੜ੍ਹੀਏ ਵੱਲ ਵੇਖ ਕੇ ਮੁਸਕਰਾਈ ਜਾਵਾਂ। ਲਗਾਤਾਰ ਪੈਂਤੀ ਟੱਕ ਸਿੱਟ ਕੇ ਉਹ ਸਾਹ ਲੈਣ ਲਈ ਰੁਕਿਆ। ਥੋੜ੍ਹਾ ਸਾਹ ਭਰ ਕੇ ਬੋਲਿਆ,"ਜ਼ਿੱਦ-ਜ਼ਿੱਦ ਕੇ ਅਸੀਂ ਵੀਹ-ਵੀਹ ਘਣ ਚਲਾ ਦਿੰਨੇ ਆਂ।" ਲਗਾਤਾਰ ਚੱਲੀ ਕਹੀ ਨੇ ਟਰਾਲੀ ਦਾ ਖੂੰਜਾ ਉਗਾਸ ਦਿੱਤਾ ਸੀ।

"ਲੈ ਫੜ..," ਕਹੀ ਮੈਨੂੰ ਫੜਾਉਂਦਾ ਬੋਲਿਆ,"ਸਰੀਰਾਂ ਨੂੰ ਤਾੜ ਕੇ ਰੱਖਿਆ ਕਰੋ..'ਚਾਰ ਨੀਂ ਪਾਉਣਾ ਏਹਦਾ..ਬੀ ਦੋ ਚਾਰ ਕਿੱਲੋ ਵੱਧ ਪੈ'ਜੂ।"

ਉਹ ਮੇਰਾ ਪ੍ਰਾਇਮਰੀ ਸਕੂਲ ਵੇਲੇ ਦਾ ਆੜੀ ਸੀ। ਅਸੀਂ ਕੱਚੀ ਪਹਿਲੀ ਤੋਂ ਪੰਜਵੀਂ ਤੱਕ ਇਕੱਠੇ ਪੜ੍ਹਦੇ ਰਹੇ ਸੀ ਅਤੇ ਇੱਕ ਦਿਨ ਛੇਵੀਂ ਜਮਾਤ ਵਿੱਚ ਵੀ।

ਉਹ ਪੜ੍ਹਨ ਵਿੱਚ ਹੁਸ਼ਿਆਰ ਬਹੁਤ ਸੀ। ਹਰੇਕ ਸਾਲ ਪੱਕੇ ਪੇਪਰਾਂ ਦੇ ਨਤੀਜੇ ਵੇਲੇ ਅਵੱਲ ਆਉਂਦਾ। ਉਹ ਟੈਲੀਵਿਜ਼ਨ ਵੇਖਣ ਦਾ ਬੜਾ ਸ਼ੌਕੀਨ ਸੀ। ਉਦੋਂ ਟੀ.ਵੀ.ਪਿੰਡ ਦੇ ਕੁੱਝ ਗਿਣਵੇਂ ਘਰਾਂ ਵਿੱਚ ਹੀ ਹੁੰਦੇ ਸਨ। ਐਤਵਾਰ ਨੂੰ ਉਹ ਆਪਣੇ ਗੁਆਂਢੀ ਸੂਬੇਦਾਰ ਦੇ ਘਰ ਟੀ.ਵੀ.ਉੱਤੇ ਚਲਦੀ ਰਾਮਾਇਣ ਜ਼ਰੂਰ ਦੇਖਦਾ।



"ਹਾਂ ਬਈ ਰਸ਼ਪਾਲ..ਕਿੱਥੇ ਪਹੁੰਚੀ ਕਥਾ ?" ਸਾਡੀ ਕਲਾਸ ਇੰਚਾਰਜ ਭੈਣਜੀ ਸੋਮਵਾਰ ਨੂੰ ਹਾਜ਼ਰੀ ਰਜਿਸਟਰ ਸੰਭਾਲਣ ਤੋਂ ਪਹਿਲਾਂ ਇਹੀ ਸਵਾਲ ਕਰਦੀ। ਰਸ਼ਪਾਲ ਆਪਣੀ ਬੋਰੀ ਉੱਤੇ ਖੜ੍ਹਾ ਹੋ ਜਾਂਦਾ ਤੇ ਸਾਰੀ ਜਮਾਤ ਭੈਣਜੀ ਦੇ ਸਬਕ ਨਾਲੋਂ ਵੱਧ ਧਿਆਨ ਨਾਲ ਉਸ ਕੋਲੋਂ ਰਾਮਾਇਣ ਸੁਣਦੀ।

ਰਸ਼ਪਾਲ ਨੇ ਪੰਜਵੀਂ ਵਿੱਚ ਹੀ ਛੇਵੀਂ ਜਮਾਤ ਵਾਲੀ ਅੰਗਰੇਜ਼ੀ ਦੀ ਕਿਤਾਬ ਖਰੀਦ ਲਈ ਸੀ। ਇੰਚਾਰਜ ਭੈਣਜੀ ਦੀ ਸਹਾਇਤਾ ਨਾਲ ਉਹ ਅੰਗਰੇਜ਼ੀ ਸਿੱਖ ਵੀ ਰਿਹਾ ਸੀ।

"ਜਦੋਂ ਮੈਂ ਮਾਸਟਰ ਲੱਗ ਗਿਆ,ਐਂ ਦਸਖ਼ਤ ਕਰਿਆ ਕਰੂੰ'ਗਾ।" ਇੱਕ ਦਿਨ ਆਪਣੇ ਨਾਮ ਦਾ ਪਹਿਲਾ ਅੱਖਰ 'R' ਲਿਖ ਕੇ ਉੱਪਰ ਗੋਲਕੁੰਡਾ ਜਿਹਾ ਮਾਰ ਕੇ ਉਸ ਨੇ ਮੈਨੂੰ ਦਿਖਾਇਆ ਸੀ। "ਇਹ ਆਰ ਹੁੰਦੀ ਐ..ਆਰ ਦਾ ਮਤਲਬ..ਰਾਰਾ..ਰਾਰਾ ਰਸ਼ਪਾਲ..," ਕਹਿੰਦਿਆਂ 'ਆਰ' ਦੀ ਪਹਿਚਾਣ ਉਸਨੇ ਮੈਨੂੰ ਦੱਸੀ ਸੀ।

ਪਰ ਇੱਕ ਬਾਲ ਮਨੋਵਿਗਿਆਨ ਤੋਂ ਕੋਰੇ ਮਾਸਟਰ ਨੇ ਰਸ਼ਪਾਲ ਦਾ ਮਾਸਟਰ ਬਣਨ ਦਾ ਸੁਪਨਾ ਰੋਲ ਕੇ ਰੱਖ ਦਿੱਤਾ।

ਅਸੀਂ ਪੰਜਵੀਂ ਪਾਸ ਕਰ ਕੇ ਛੇਵੀਂ ਜਮਾਤ ਵਿੱਚ ਸਰਕਾਰੀ ਮਿਡਲ ਸਕੂਲ ਵਿੱਚ ਦਾਖਲ ਹੋ ਗਏ। ਨਵੀਆਂ ਵਰਦੀਆਂ ਪਹਿਨੀਂ, ਨਵੀਆਂ ਕਿਤਾਬਾਂ ਨਵੇਂ ਝੋਲੇ ਵਿੱਚ ਪਾ ਕੇ ਚਾਈਂ-ਚਾਈਂ ਵੱਡੇ ਸਕੂਲ ਪਹੁੰਚੇ। ਬੋਰੀਆਂ ਨਾਲੋਂ ਡੈਸਕਾਂ 'ਤੇ ਬੈਠਣ ਦਾ ਆਪਣਾ ਹੀ ਆਨੰਦ ਸੀ। ਮੈਂ ਤੇ ਰਸ਼ਪਾਲ ਨੇ ਪਹਿਲਾ ਬੈਂਚ ਮੱਲ ਲਿਆ।

ਪਿੰਡ ਵੱਡਾ ਹੋਣ ਕਰ ਕੇ ਸਾਡੇ ਪਿੰਡ ਦੋ ਪ੍ਰਾਇਮਰੀ ਸਕੂਲ ਸਨ ਤੇ ਅੱਗੇ ਜਾ ਕੇ ਮਿਡਲ ਸਕੂਲ ਇੱਕ ਹੋ ਜਾਂਦਾ ਸੀ। ਦੋਵੇਂ ਪ੍ਰਾਇਮਰੀ ਸਕੂਲਾਂ ਵਿੱਚੋਂ ਆਏ ਮੁੰਡੇ-ਕੁੜੀਆਂ ਦੇ ਜਮਾਤ ਵਿੱਚ ਦੋ ਗੁੱਟ ਬਣ ਜਾਂਦੇ।

ਅੱਧੀ ਛੁੱਟੀ ਮਗਰੋਂ ਦੂਜੇ ਸਕੂਲ ਵਿੱਚੋਂ ਆਏ ਇੱਕ ਮੁੰਡੇ ਨੰਦ ਨੇ ਰਸ਼ਪਾਲ ਉੱਪਰ ਆਪਣਾ ਪੈੱਨ ਚੋਰੀ ਕਰਨ ਦਾ ਇਲਜ਼ਾਮ ਲਾ ਦਿੱਤਾ। ਰਸ਼ਪਾਲ ਨੇ ਚੋਰੀ ਨਹੀਂ ਕੀਤੀ ਸੀ। ਚੋਰੀ ਉਸ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਨੰਦ ਸਟਾਫ ਰੂਮ ਵਿੱਚ ਜਾ ਕੇ ਸ਼ਿਕਾਇਤ ਲਗਾ ਆਇਆ।

"ਪੀ.ਟੀ. ਨੇ ਤੈਨੂੰ ਸਟਾਫ ਰੂਮ 'ਚ ਸੱਦਿਐ।" ਨੰਦ ਸ਼ਿਕਾਇਤ ਲਾ ਕੇ ਮੁੜ ਕੇ ਰਸ਼ਪਾਲ ਨੂੰ ਬੋਲਿਆ। ਪੀ.ਟੀ. ਮਾਸਟਰ ਦੀ ਮਿਡਲ ਸਕੂਲ ਵਿੱਚ ਪੂਰੀ ਦਹਿਸ਼ਤ ਸੀ।

"ਪੀ.ਟੀ. ਜਦੋਂ ਲਫੇੜਾ ਮਾਰਦੈ ਨਾ..ਘੜੀ ਦੀ ਚੈਨ ਖੁੱਲ੍ਹ ਜਾਂਦੀ ਐ। ਪੀ.ਟੀ.ਜਦੋਂ ਧੂੰਨੀ 'ਚ ਚੂੰਢੀ ਭਰਦੈ ਨਾ..ਅਗਲਾ ਦੂਹਰਾ ਹੋ ਜਾਂਦੈ..।" ਅਜਿਹੀਆਂ ਖ਼ਬਰਾਂ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਵਾਲੇ ਪੰਜਵੀਂ ਵਿੱਚ ਪੜ੍ਹਨ ਵਾਲਿਆਂ ਤੱਕ ਪਹਿਲਾਂ ਹੀ ਪੁੱਜ ਜਾਂਦੀਆਂ ਸਨ।

ਰਸ਼ਪਾਲ ਬੇਕਸੂਰ ਸੀ, ਉਹ ਪੀ.ਟੀ.ਮਾਸਟਰ ਦੇ ਸੱਦੇ ਉੱਤੇ ਨਾ ਗਿਆ।

"ਜੀ ਉਹ ਕਹਿੰਦਾ ਮੈਂ ਨ੍ਹੀਂ ਆਉਂਦਾ..ਮਾਸਟਰ ਈ ਐਥੇ ਆ'ਜੇ।" ਨੰਦ ਗੱਲ ਨੂੰ ਵਧਾ-ਚੜ੍ਹਾ ਕੇ ਦੁਬਾਰਾ ਸ਼ਿਕਾਇਤ ਲਗਾ ਆਇਆ।

ਗੁੱਟ ਉੱਤੋਂ ਘੜੀ ਠੀਕ ਕਰ ਕੇ ਬੰਨਦਾ ਆਉਂਦਾ ਪੀ.ਟੀ. ਸਾਨੂੰ ਤਾਕੀ ਰਾਹੀਂ ਦਿੱਸ ਗਿਆ। ਰਸ਼ਪਾਲ ਘਬਰਾ ਗਿਆ। "ਕਿਹੜੈ ਓਇ ਰਸ਼ਪਾਲ ਸੋਡੇ 'ਚੋਂ..?" ਪੀ.ਟੀ.ਮਾਸਟਰ ਨੇ ਥਾਣੇਦਾਰ ਵਾਂਗ ਦਬਕਾ ਮਾਰਿਆ। ਡਰ ਨਾਲ ਕੰਬਦਾ ਰਸ਼ਪਾਲ ਖੜ੍ਹਾ ਹੋ ਗਿਆ।

"ਤੈਨੂੰ ਸੱਦਿਆ ਸੀ..ਆਇਆ ਕਿਉਂ ਨ੍ਹੀਂ ਓਇ ?" ਕਹਿੰਦਿਆਂ ਉਸਨੇ ਤਾੜ ਕਰਦਾ ਥੱਪੜ

ਰਸ਼ਪਾਲ ਦੀ ਮੁਲਾਇਮ ਗੱਲ੍ਹ ਉੱਤੇ ਜੜ ਦਿੱਤਾ। ਪੀ.ਟੀ. ਦੀ ਘੜੀ ਖੁੱਲ ਗਈ।

ਇਹ ਸ਼ਾਇਦ ਪਹਿਲਾ ਮੌਕਾ ਹੋਵੇਗਾ ਜਦ ਰਸ਼ਪਾਲ ਦੇ ਚਪੇੜ ਪਈ ਹੋਵੇਗੀ। ਪ੍ਰਾਇਮਰੀ ਸਕੂਲ ਜਾਂ ਉਸ ਦੇ ਘਰ ਵਿੱਚ ਉਸਦੇ ਕਦੇ ਥੱਪੜ ਖਾਣ ਜਾਂ ਵੱਜਣ ਵਾਲੀ ਸਥਿਤੀ ਨਹੀਂ ਬਣੀ ਸੀ। ਉਹ ਮੇਰੇ ਉੱਪਰ ਡਿੱਗਣੋਂ ਮਸਾਂ ਬਚਿਆ। ਮਾਸਟਰ ਜਿਵੇਂ ਆਇਆ ਸੀ,ਉਵੇਂ ਵਾਪਸ ਚਲਾ ਗਿਆ। ਮਾਸਟਰ ਤਾਂ ਮੁੜ ਗਿਆ ਪਰ ਉਸ ਦਿਨ ਤੋਂ ਰਸ਼ਪਾਲ ਕਦੇ ਸਕੂਲ ਨਹੀਂ ਗਿਆ ਸੀ। ਮਨ ਵਿੱਚ ਦਹਿਸ਼ਤ ਭਰ ਜਾਣ ਕਾਰਨ ਰਸ਼ਪਾਲ ਨੂੰ ਕਈ ਦਿਨ ਬੁਖਾਰ ਚੜ੍ਹਦਾ ਰਿਹਾ। ਉਹ ਸਮਾਂ ਹੀ ਅਜਿਹਾ ਸੀ ਜਦੋਂ ਮਾਪੇ ਬੱਚੇ ਦੀ ਪੜ੍ਹਾਈ ਦਾ ਮਗਰਾ ਨਹੀਂ ਕਰਦੇ ਸਨ।

ਸਕੂਲ ਵਿੱਚ ਵੱਡੇ ਦਿਨਾਂ ਦੀਆਂ ਛੁੱਟੀਆਂ ਹੋ ਗਈਆਂ। ਜੇਠ-ਹਾੜ ਦੀਆਂ ਤਪਦੀਆਂ ਧੁੱਪਾਂ ਵਾਲੇ ਦਿਨਾਂ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਮੱਝਾਂ ਛੱਪੜ ਉੱਤੇ ਨਵਾਉਂਣ ਲਈ ਭੇਜ ਦਿੰਦੇ। ਮੱਝਾਂ ਸਾਰਾ ਦਿਨ ਛੱਪੜ ਦੇ ਪਾਣੀ ਵਿੱਚ ਡੁੱਬੀਆਂ, ਆਪਣੀਆਂ ਬੂਥਾਂ ਬਾਹਰ ਕੱਢੀਂ ਜੁਗਾਲੀ ਕਰੀ ਜਾਂਦੀਆਂ ਅਤੇ ਸਾਡੇ ਵਰਗੇ ਪਿੱਪਲਾਂ ਹੇਠ ਬੈਠੇ ਹੋਰ ਪਾਲੀਆਂ ਨਾਲ ਕੁਸ਼ ਨਾ ਕੁਸ਼ ਖੇਡੀ ਜਾਂਦੇ। ਇੱਥੇ ਹੀ ਰਸ਼ਪਾਲ ਮੈਨੂੰ ਮਿਲਿਆ ਸੀ, ਲਗਭਗ ਦੋ ਮਹੀਨਿਆਂ ਮਗਰੋਂ। ਉਹ ਮੈਨੂੰ ਦੇਖ ਕੇ ਮੁਸਕਰਾਇਆ। ਮੈਂ ਵੀ।

"ਸੋਡੇ ਤਾਂ ਮੈਅਸਾਂ ਹੈ ਨ੍ਹੀਂ ਸੀ..ਤੂੰ ਏਥੇ ਕਿਮੇਂ?" ਮੇਰੇ ਕੋਲੋਂ ਪੁੱਛੇ ਬਿਨ੍ਹਾਂ ਰਿਹਾ ਨਾ ਗਿਆ।

"ਭਾਪਾ ਕਹਿੰਦਾ ਹੁਣ ਅੱਖਰ 'ਠਾਉਂਣ ਜੋਗਰਾ ਹੋ ਗਿਐਂ, ਛੱਡ ਪੜ੍ਹਾਈ ਨੂੰ। ਉਹਨੇ ਮੈਨੂੰ ਛੀ ਮਹੀਨਿਆਂ 'ਤੇ ਨੰਬਰਦਾਰਾਂ ਨਾਲ ਪਾਲੀ ਰਲਾ'ਤਾ।"

"ਹੈਂਅ!" ਮੈਂ ਸੁੰਨ ਹੋ ਗਿਆ।

"ਹੈਂਅ ਕੀ! ਸੱਚੀਂ।" ਉਹ ਸਹਿਜ ਸੀ।

"ਤੇਰੀ ਬੀਬੀ ਨੇ ਨ੍ਹੀਂ ਕੁਸ਼ ਕਿਹਾ?" ਮੈਨੂੰ ਯਕੀਨ ਨਹੀਂ ਆ ਰਿਹਾ ਸੀ।

"ਬੀਬੀ ਨੂੰ ਕੀ ਮਾੜਾ ਸੀ..ਨੰਬਰਦਾਰਾਂ ਦਿਓਂ ਪੈਸੇ ਫੜ ਕੇ ਮਾਮੇ ਦਾ ਵਿਆਹ ਵੇਖ ਆਏ।" ਉਹ ਬੋਲੀ ਗਿਆ।

"ਘਰੇ ਜਾ ਕੇ ਅ ਪਣੀ ਤਾਈ ਨਾਲ ਕੰਮ ਕਰਾ ਦੇ..ਇੱਥੇ ਮੈਂ ਬੈਠਾਂ ਉਦੋਂ ਤੱਕ।" ਨੰਬਰਦਾਰ ਨੇ ਆ ਕੇ ਸਾਡੀ ਵਾਰਤਾਲਾਪ ਬੰਦ ਕਰਵਾ ਦਿੱਤੀ।

"ਜਦੋਂ ਕੰਮ ਨਿੱਬੜ ਗਿਆ..ਆ ਕੇ ਮੈਅਸਾਂ ਕੱਢ ਕੇ ਲੈਜੀਂ।" ਤੁਰੇ ਜਾਂਦੇ ਨੰਬਰਦਾਰ ਨੇ ਰਸ਼ਪਾਲ ਨੂੰ ਅਗਲਾ ਹੁਕਮ ਸੁਣਾ ਦਿੱਤਾ ਸੀ।

ਮੈਂ ਛੱਪੜ ਵਿੱਚ ਬੈਠੀਆਂ ਆਵਦੀਆਂ ਮੱਝਾਂ ਵਿੱਚ ਨਿਗ੍ਹਾ ਮਾਰੀ। ਨਿਸਚਿੰਤ ਹੋ ਕੇ ਮੈਂ ਰਸ਼ਪਾਲ ਨਾਲ ਜਾ ਰਲਿਆ। "ਬੜੀ ਛੇਤੀ ਤੁਰ ਪਿਐਂ..ਮੂੰਹੋਂ ਕਹਿਣ ਵੀ ਨ੍ਹੀਂ ਦਿੱਤਾ।" ਮੈਂ ਗੱਲ ਚਲਾਉਣ ਲਈ ਬੋਲਿਆ।

"ਭਾਪਾ ਕਹਿੰਦਾ ਜਦੋਂ ਮਾਲਕ ਕੋਈ ਕੰਮ ਕਹੇ..ਹਥਲਾ ਕੰਮ ਛੱਡ ਕੇ 'ਹਾਂ ਜੀ' ਕਹਿ ਕੇ ਓਦੀਂ ਨਵਾਂ ਕੰਮ ਫੜ ਲੀਏ..ਫ਼ੇਰ ਮਾਲਕ ਖ਼ੁਸ਼ ਰਹਿੰਦੈ।" ਰਸ਼ਪਾਲ ਦੀ ਉਮਰੋਂ ਸਿਆਣੀ ਗੱਲ ਮੇਰੇ ਸਿਰੋਂ ਲੰਘ ਗਈ ਸੀ।

ਅਸੀਂ ਵੱਡੇ ਹੋ ਰਹੇ ਸੀ। ਹਾਇਰ ਸੈਕੰਡਰੀ ਪਾਸ ਕਰ ਕੇ ਮੇਰਾ ਦਾਖਲਾ ਕਾਲਜ ਵਿੱਚ ਹੋ ਗਿਆ ਸੀ। ਉਹ ਮੱਝਾਂ ਦੇ ਛੇੜੂ ਤੋਂ ਤਰੱਕੀ ਕਰਦਾ ਦਿਹਾੜੀਦਾਰ ਕਾਮਾ ਬਣ ਗਿਆ ਹੋਣਾ!

ਰਸ਼ਪਾਲ ਦੇ ਦਾਦਾ-ਦਾਦੀ ਦਾ ਅੰਗਰੇਜ਼ਾਂ ਦੇ ਸਮਿਆਂ ਵਿੱਚ ਪਿੰਡ ਵਿੱਚ ਖੱਡੀ ਦਾ ਕੰਮ



ਚਲਦਾ ਸੀ। ਆਜ਼ਾਦੀ ਆਉਣ ਦੇ ਦਿਨਾਂ ਵਿੱਚ ਹੱਲਾ-ਗੁੱਲਾ ਪੈ ਗਿਆ। ਵੱਢ-ਟੁੱਕ ਚੱਲ ਪਈ। ਸਾਡੇ ਪਿੰਡ ਵੀ ਫਿਰਕੂ ਜਾਨੂੰਨੀ ਧਾੜਵੀਆਂ ਨੇ ਮੁਸਲਮਾਨ ਪਰਿਵਾਰਾਂ ਉੱਤੇ ਹਮਲਾ ਕਰ ਦਿੱਤਾ। ਉਸਦੇ ਦਾਦਾ-ਦਾਦੀ ਉਸ ਫਿਰਕੂ ਹਨੇਰੀ ਦਾ ਸ਼ਿਕਾਰ ਹੋ ਗਏ। ਪੁਰਾਣੇ ਬਜ਼ੁਰਗ ਦੱਸਦੇ ਨੇ ਕਿ ਪਿੰਡ ਦੇ ਚੜ੍ਹਦੇ ਪਾਸੇ ਪੈਂਦਾ ਬੋੜਾ ਖੂਹ ਮੁਸਲਮਾਨਾਂ ਦੀਆਂ ਲੋਥਾਂ ਨਾਲ ਭਰ ਗਿਆ ਸੀ। ਚੰਗੇ ਭਾਗੀਂ ਰਸ਼ਪਾਲ ਦਾ ਚਾਰ-ਪੰਜ ਸਾਲ ਦਾ ਭਾਪਾ ਲੰਬੜਦਾਰਨੀ ਨੇ ਆਪਣੇ ਸੰਦੂਕ ਵਿੱਚ ਬੰਦ ਕਰਕੇ ਲੁਕਾ ਲਿਆ ਸੀ,ਜੋ ਉਸ ਦੀ ਜਾਨ ਬਚਣ ਦਾ ਉਪਾਅ ਬਣ ਗਿਆ। ਜਿਸ ਦੀ ਮਗਰੋਂ ਪਾਲਣਾ-ਪੋਸ਼ਣਾ ਵੀ ਉਸ ਭਲੀ ਔਰਤ ਨੇ ਕੀਤੀ।

ਲੰਬੜਦਾਰਨੀ ਨੂੰ ਉਸ ਦਾ ਮੁਸਲਿਮ 'ਅਫ਼ਜ਼ਲ' ਨਾਂ ਬੋਲਣ ਵਿੱਚ ਔਖਾ ਲੱਗਦਾ ਸੀ। ਉਹ ਉਸ ਨੂੰ ਰਾਮ ਕਹਿ ਕੇ ਬੁਲਾਉਣ ਲੱਗ ਪਈ ਅਤੇ ਉਸ ਦਾ ਨਾਮ ਰਾਮ ਹੀ ਪੱਕ ਗਿਆ- ਰਾਮ ਖ਼ਾਨ। ਹੁਣ ਜਦੋਂ ਉਹ ਬਚਪਨ ਦੇ ਵੇਲੇ ਯਾਦ ਆਉਂਦੇ ਹਨ ਤੇ ਲੋਕ ਫਿਰਕੂ ਕੱਟੜਤਾ ਨਾਲ ਭਰਦੇ ਜਾਂਦੇ ਹਨ ਤਾਂ ਸੋਚੀਂਦਾ ਹੈ ਕਿ ਕਿੰਨੇ ਭੋਲੇ ਸਨ ਉਹ ਲੋਕ।

'ਰਸ਼ਪਾਲ ਸਿੰਘ ਸਨ ਆਫ ਰਾਮ ਖ਼ਾਨ' ਉਦੋਂ ਰਸ਼ਪਾਲ ਦੇ ਪੰਜਵੀਂ ਦੇ ਸਰਟੀਫਿਕੇਟ ਉੱਤੇ ਪੜ੍ਹਿਆ ਓਪਰਾ ਨਹੀਂ ਲੱਗਿਆ ਸੀ,'ਸਿੰਘ' 'ਰਾਮ' 'ਖ਼ਾਨ' ਕਿਆ ਕਮਾਲ ਦੀ ਧਰਮ ਨਿਰਪੱਖਤਾ ਸੀ ਨਾਂ ਵਿੱਚ। ਕਿਸੇ ਨੂੰ ਕੋਈ ਇਤਰਾਜ਼ ਵੀ ਨਹੀਂ ਸੀ।

ਰਸ਼ਪਾਲ ਸਾਡੇ ਨਾਲ ਹੀ ਸੰਗਰਾਂਦ ਨੂੰ ਗੁਰੂਘਰ ਜਾਂਦਾ, ਮੱਥਾ ਟੇਕਦਾ, ਲੰਗਰ ਛਕਦਾ। ਸਾਨੂੰ ਤਾਂ ਕੀ, ਕਿਸੇ ਨੂੰ ਵੀ ਕਿਸੇ ਦੀ ਵੀ ਜਾਤ-ਧਰਮ ਨਾਲ ਕੋਈ ਲਾਗਾ-ਤੇਗਾ ਨਹੀਂ ਸੀ ਹੁੰਦਾ। ਇਹ ਸਾਡੇ ਪਿੰਡ ਦੀ ਬੇਹੱਦ ਸਹਾਲਹੁਣਯੋਗ ਖ਼ੂਬੀ ਸੀ। ਪਰ ਹੁਣ ਜਦੋਂ ਦੀ ਪਿੰਡ ਵਿੱਚ ਮਸਜਿਦ ਬਣੀ ਹੈ, ਪੰਜ ਵਾਰ ਅਜ਼ਾਨ ਹੋਣ ਲੱਗ ਪਈ ਹੈ, ਲੋਕ ਆਪਣੀ ਧਾਰਮਿਕ ਪਹਿਚਾਣ ਨੂੰ ਮਹੱਤਵ ਦੇਣ ਲੱਗ ਪਏ ਹਨ ਤਾਂ ਕੁੱਝ ਕੱਟੜਤਾ ਭਰੇ ਫਿਰਕੂ ਲੋਕ ਆਪਣੇ ਮਨਾਂ ਵਿੱਚ ਜਾਂ ਆਪਣੇ ਜਿਹੇ ਮਨਾਂ ਵਾਲੇ ਹੋਰ ਲੋਕਾਂ ਕੋਲ ਇਸ ਸਬੰਧੀ ਕਿਚ-ਕਿਚ ਕਰਨ ਲੱਗ ਪਏ ਹਨ।

ਰਸ਼ਪਾਲ ਭਾਵੇਂ ਠੇਕੇਦਾਰ ਹੈ, ਪਰ ਹੈ ਤਾਂ ਮਜ਼ਦੂਰ ਹੀ। ਸਾਧਾਰਨ ਦਿਹਾੜੀਦਾਰਾਂ ਨਾਲੋਂ ਕੁੱਝ ਵੱਧ ਕਮਾ ਲੈਂਦਾ ਹੋਣੈ। ਫੇਰ ਵੀ ਉਹ ਯਾਰਾਂ ਦਾ ਯਾਰ ਹੈ।

"ਸਾਡਾ ਪੁਰਾਣਾ ਮਕਾਨ ਢਾਉਣੈ..ਕੀ 'ਸਾਬ ਕਿਤਾਬ ਹੁੰਦੈ?" ਇੱਕ ਦਿਨ ਮੈਂ ਉਸ ਨੂੰ ਲੰਘੇ ਜਾਂਦੇ ਨੂੰ ਰੋਕ ਲਿਆ। ਉਹ ਮੇਰੇ ਨਾਲ ਤੁਰ ਪਿਆ। ਮਕਾਨ ਦਾ ਮੁਆਇਨਾ ਕੀਤਾ। ਗਾਰੇ ਵਿੱਚ ਕੰਧਾਂ ਕੱਢ ਕੇ ਉੱਪਰ ਟੀਪ ਕੀਤੀ ਹੋਈ। ਛੱਤਾਂ ਗਾਡਰਾਂ ਵਾਲੀਆਂ ਡਾਟਾਂ ਜੋੜੀਆਂ ਹੋਈਆਂ।

"ਤੇਰੇ ਕੋਲ ਟਰੈਕਟਰ-ਟਰਾਲੀ ਹੈਗਾ?" ਜਾਨਣ ਦੇ ਬਾਵਜੂਦ ਵੀ ਉਹਨੇ ਪੁੱਛਿਆ।

"ਹਾਂ।"

"ਕੋਲ ਖੜ੍ਹ ਕੇ ਲੇਬਰ ਦੀ ਨਿਗ੍ਹਾਸਾਨੀ ਕਰਲੇਂਗਾ?" ਉਸ ਨੇ ਫੇਰ ਛੋਟਾ ਜਿਹਾ ਸਵਾਲ ਕੀਤਾ।

"ਹਾਂ, ਐਂ ਤਾਂ ਮੈਂ ਨਾਲ ਵੀ ਲੱਗ'ਜੂੰ ਹਲਕਾ-ਫੁਲਕਾ..ਵਿਹਲੀ ਰੁੱਤ ਐ..ਵਿਹਲਾ ਈ ਹੁੰਨਾਂ।"

"ਹਲਕਾ-ਫੁਲਕਾ ਹੀ ਕਿਓਂ? ਜੇ ਵੱਧ ਕਰਲੇਂਗਾ..ਗੋਗੜ ਘਟ'ਜੂ ਕੁਸ਼..ਆਵਦਾ ਕੰਮ ਕਰੇ ਦਾ ਕੋਈ ਮਿਹਣਾ ਨ੍ਹੀਂ ਹੁੰਦਾ।" ਹੱਸਦਿਆਂ ਉਹਨੇ ਮੇਰੇ ਢਿੱਡ ਵਿੱਚ ਪੋਲੀ ਜਿਹੀ ਉਂਗਲੀ ਦੀ ਹੁੱਜ ਮਾਰੀ ਤੇ ਫਿਰ ਗੰਭੀਰ ਹੁੰਦਾ ਬੋਲਿਆ,"ਠੇਕੇ 'ਤੇ ਨਾ ਢੁਆਈਂ..ਦਿਹਾੜੀ 'ਤੇ ਢੁਆ'ਲਾ।" ਉਸ ਨੇ ਤੋੜਾ ਝਾੜਿਆ।

"ਕਿਉਂ"? ਹੁਣ ਸਵਾਲ ਕਰਨ ਦੀ ਮੇਰੀ ਵਾਰੀ ਸੀ।

"ਤੇਰਾ ਫਇਦਾ ਹੋਜੂ ਪੰਦਰਾਂ-ਵੀਹ ਹਜ਼ਾਰ ਦਾ..ਦੋ ਤਜ਼ਰਬੇਕਾਰ ਬੰਦੇ ਮੈਂ ਭੇਜ ਦਿਆ ਕਰੂੰ..ਦੋ ਹੋਰ ਪਿੰਡੋਂ ਤੂੰ ਪੁੱਛ'ਲੀਂ। ਘੱਟ ਦਿਹਾੜੀ 'ਤੇ ਮਿਲ ਜਾਣਗੇ। ਇੱਕ ਗੱਲ ਹੋਰ..ਚਾਰ ਬੰਦਿਆਂ ਤੋਂ ਵੱਧ ਕਦੇ 'ਕੱਠੇ ਦਿਹਾੜੀਏ ਨਾ ਲਾਈਂ।"

"ਕਿਉਂ ?"

"ਬਾਹਲੇ ਬੰਦੇ 'ਕੱਠੇ ਹੋ ਕੇ ਕੰਮ ਘੱਟ ਨਬੇੜਨ ਲੱਗ ਜਾਂਦੇ ਨੇ..ਗੱਲੀਂ ਲੱਗੇ ਰਹਿੰਦੇ ਨੇ।" ਇਹ ਉਸਦਾ ਤਜ਼ਰਬਾ ਬੋਲ ਰਿਹਾ ਸੀ।

ਉਸ ਵੱਲੋਂ ਦਿੱਤੀ ਸਲਾਹ ਮੇਰੇ ਫਿੱਟ ਬੈਠੀ ਸੀ,ਪਰ ਉਸ ਦੇ ਕਹਿਣ ਵਾਂਗ ਪੰਦਰਾਂ-ਵੀਹ ਹਜ਼ਾਰ ਤਾਂ ਨਹੀਂ..ਫੇਰ ਵੀ ਮੇਰਾ ਕੰਮ ਸਸਤਾ ਨਿਬੜ ਗਿਆ ਸੀ। ਠੇਕੇਦਾਰ ਨੂੰ ਮਿਲਣ ਵਾਲੀ ਕਮਾਈ ਜੋਗਰੀ ਮੇਰੀ ਬੱਚਤ ਹੋ ਗਈ ਸੀ।

ਕੰਮ ਚਲਦਿਆਂ ਉਹ ਕਦੇ-ਕਦਾਈਂ ਗੇੜਾ ਮਾਰਨ ਆ ਜਾਂਦਾ।

"ਤੇਰੇ ਬੰਦੇ ਕੰਮ ਤਾਂ ਠੀਕ ਕਰਦੇ ਨੇ ਪਰ ਨਸ਼ਾ ਵਾਹਵਾ ਕਰ ਜਾਂਦੇ ਨੇ..ਉੱਠ ਵਾਂਗੂੰ ਆਵਦਾ ਲੱਦਾ ਆਪ ਈ ਖਾਣ ਵਾਲੀ ਗੱਲ ਐ।" ਇੱਕ ਦਿਨ ਮੈਂ ਗੱਲ ਚਲਾਈ।

"ਕੀ ਕੁਸ਼ ਕਰਦੇ ਹੋਣੇਂ ?" ਉਸ ਨੂੰ ਭਾਵੇਂ ਆਪ ਨੂੰ ਪਤਾ ਹੋਣਾ,ਫਿਰ ਵੀ ਮੇਰੇ ਮੂੰਹੋਂ ਸੁਣਨ ਲਈ ਬੋਲਿਆ।

"ਏਹੇ ਸਾਰੇ ਦਿਨ 'ਚ ਚਾਰ-ਪੰਜ ਗੋਲੀਆਂ ਕੈਪਸੂਲ ਖਾ ਜਾਂਦੈ ਇੱਕ ਜਣਾ..ਆਥਣੇ ਦਾਰੂ ਦਾ ਅਧੀਆ..ਤੇ ਹੋਰ ਕੂਲਲਿੱਪਾਂ..ਜ਼ਰਦਾ..ਬੀੜੀਆਂ..ਹੋਰ ਪਤਾ ਨ੍ਹੀਂ ਕੀ-ਕੀ ! ਮੈਨੂੰ ਲੱਗਦੈ ਜਿੰਨੀ ਦਿਹਾੜੀ ਮਿਲਦੀ ਐ,ਘਰੇ ਲੈ ਜਾਣ ਨੂੰ ਤਾਂ ਸੌ ਕੁ ਪੱਲੇ ਪੈਂਦਾ ਹੋਣੈਂ।" ਮੈ ਗੰਭੀਰਤਾ ਨਾਲ ਬੋਲਿਆ।

"ਹਾਂ..ਇਹੀ ਗੱਲ ਐ..ਜਿਹੜਾ ਸੌ ਪੱਲੇ ਪੈਣ ਦੀ ਤੂੰ ਗੱਲ ਕਰਦੈਂ..ਉਹ ਤਾਂ ਫੇਰ ਐ..ਜੇ ਰੋਜ਼ ਦਿਹਾੜੀ ਮਿਲੂ..ਮ੍ਹੀਨੇ 'ਚ ਕਈ-ਕਈ ਦਿਨ ਦਿਹਾੜੀ ਮਿਲਦੀ ਵੀ ਨਹੀਂ। ਤਰਸ ਆਉਂਦੈ ਕਈ ਵਾਰੀ ਇਨ੍ਹਾਂ 'ਤੇ..ਜੇ ਨਸ਼ੇ ਤੋਂ ਟੋਕਦੇ ਆਂ..ਫੇਰ ਕੰਮ 'ਤੇ ਨ੍ਹੀਂ ਆਉਂਦੇ।" ਰਸ਼ਪਾਲ ਨੂੰ ਆਵਦੀ ਲੇਬਰ ਦਾ ਫਿਕਰ ਸੀ।

"ਤੇ ਫੇਰ ਕਬੀਲਦਾਰੀ..?"

"ਸ਼ੁੱਕਰ ਐ ਰੱਬ ਦਾ..ਸੋਡੇ ਆਲੀਆਂ ਕੰਮ ਛੱਡ'ਗੀਆਂ..ਖ਼ੇਤਾਂ ਆਲਾ ਜਾਂ ਗੋਹਾ-ਕੂੜਾ ਤਾਂ ਕੀ ਕਰਨਾ ਸੀ..ਝਾੜੂ-ਪੋਚੇ ਤੋਂ ਵੀ ਗਈਆਂ..ਉਹ ਹੁਣ ਏਹਨਾਂ ਆਲੀਆਂ ਨੇ ਸਾਂਭ ਲਿਆ..ਵਿਚਾਰੀਆਂ ਦਾ ਤਵਾ ਤਪੀ ਜਾਂਦੈ..ਰੋਟੀ ਪੱਕੀ ਜਾਂਦੀ ਐ।" ਉਹਨੇ ਮੈਨੂੰ ਛੇੜਦਿਆਂ ਸੱਚੀ ਗੱਲ ਕਹਿ ਦਿੱਤੀ।

"ਰੱਬ ਜਿਵੇਂ ਕਰਦੈ..ਠੀਕ ਈ ਕਰਦੈ,ਪਰ ਤੂੰ ਤਾਂ ਬਚਿਆ ਹੋਣਾ ਆਥਣ ਆਲੇ ਅਧੀਏ ਤੋਂ ?" ਮੈਂ ਫੇਰ ਹਲਕੇ ਮੂਡ ਵਿੱਚ ਆ ਗਿਆ।

"ਦੇਖ, ਬੰਨਣ ਜਾਂ ਨੇਮ ਕੋਈ ਨ੍ਹੀਂ..ਨਾ ਸਾਡੇ ਕੋਈ ਚੌਂਦੇਂ-ਮੌਸਾਂ ਹੁੰਦੀਐਂ..ਨਾ ਦਸਵੀਂ ਹੁੰਦੀ ਆ..ਤੇ ਨਾ ਹੀ ਕੋਈ ਮੰਗਲਵਾਰ-ਵੀਰਵਾਰ..ਜਿੱਦੇਂ ਤੂੰ ਕਹੇਂਗਾ ਲੈ'ਲਾਂਗੇ ਸੌ ਐੱਮ.ਐੱਲ..ਊਂ ਮੇਹਰ ਐ ਉੱਤਲੇ ਦੀ..ਬਚਿਆ ਹੋਇਆਂ।"

"ਉੱਤਲੇ ਦੀ ਕਿ ਅੱਲ੍ਹਾ ਪਾਕ ਦੀ।" ਮੈਂ ਵੀ ਉਸੇ ਵਾਲੇ ਅੰਦਾਜ਼ ਵਿੱਚ ਪੁੱਛਿਆ।

"ਇੱਕੋ ਈ ਗੱਲ ਐ..ਆਪਾਂ ਤਾਂ ਘੱਟ ਈ ਮੰਨਦੇ ਆਂ ਦੋਹਾਂ ਨੂੰ।" ਮੈਨੂੰ ਪਤਾ ਸੀ ਉਹਦਾ ਇਹੀ ਜਵਾਬ ਹੋਣਾ ਸੀ।

ਰਸ਼ਪਾਲ ਮੇਰਾ ਮਿੱਤਰ ਹੈ। ਕੱਚੀ ਪਹਿਲੀ ਵੇਲੇ ਵੀ ਸੀ। ਹੁਣ ਵੀ ਹੈ। ਇੱਕ ਵਾਰੀ ਮੈਂ ਉਸ ਬਾਰੇ



ਮੈਂ ਛੋਟਾ ਲੇਖ ਲਿਖਿਆ। ਸਿਰਲੇਖ ਰੱਖਿਆ 'ਚਾਨਣੋਂ ਖੁੰਝਿਆ ਚਿਰਾਗ' ਇਸ ਲੇਖ ਵਿੱਚ ਪੀ.ਟੀ. ਮਾਸਟਰ ਦੁਆਰਾ ਉਸਦੇ ਵੱਜੀ ਚਪੇੜ ਕਾਰਨ ਉਸ ਦੀ ਪੜ੍ਹਾਈ ਛੁੱਟਣ ਨੂੰ ਉਭਾਰਿਆ ਗਿਆ ਸੀ। ਜਦੋਂ ਇਹ ਲੇਖ 'ਪੰਜਾਬੀ ਟ੍ਰਿਬਿਊਨ' ਵਿੱਚ ਮਿਡਲ ਵਜੋਂ ਛਪਿਆ ਤਾਂ ਤੁਰੰਤ ਵਾਇਰਲ ਹੋ ਗਿਆ। ਮੈਨੂੰ ਲਗਾਤਾਰ ਤਿੰਨ-ਚਾਰ ਦਿਨ ਪਾਠਕਾਂ ਦੇ ਫੋਨ ਆਉਂਦੇ ਰਹੇ। ਫੇਸਬੁੱਕ ਉੱਪਰ ਸੈਂਕੜੇ ਲੋਕਾਂ ਵੱਲੋਂ ਮੇਰੀ ਪੋਸਟ ਸ਼ੇਅਰ ਅਤੇ ਅੱਗੇ ਤੋਂ ਅੱਗੇ ਸ਼ੇਅਰ ਹੋ ਗਈ। ਵ੍ਹੱਟਸਐਪ ਗਰੁੱਪਾਂ ਵਿੱਚ, ਖਾਸ ਕਰ ਅਧਿਆਪਕਾਂ ਨਾਲ ਜੁੜੇ ਗਰੁੱਪਾਂ ਵਿੱਚ ਇਹ ਲੰਮਾ ਸਮਾਂ ਘੁੰਮਦਾ ਰਿਹਾ। ਹਰ ਕੋਈ ਪੀ.ਟੀ. ਮਾਸਟਰ ਨੂੰ ਬੁਰਾ-ਭਲਾ ਕਹਿ ਰਿਹਾ ਸੀ ਅਤੇ ਮਜ਼ਦੂਰ ਬਣੇ ਰਸ਼ਪਾਲ ਨਾਲ ਹਮਦਰਦੀ ਪ੍ਰਗਟ ਕਰ ਰਿਹਾ ਸੀ।

ਇਸ ਤੋਂ ਅਗਲੀ ਗੱਲ, ਮੈਨੂੰ ਵਾਰ-ਵਾਰ ਇੱਕ ਅਧਿਆਪਕਾ ਦਾ ਫੋਨ ਆ ਰਿਹਾ ਸੀ। ਉਹ ਮੇਰੇ ਕੋਲੋਂ ਰਸ਼ਪਾਲ ਦਾ ਨੰਬਰ ਲੈ ਕੇ ਉਸ ਨਾਲ ਗੱਲ ਕਰਨੀ ਚਾਹੁੰਦੀ ਸੀ। ਮੈਨੂੰ ਇਸ ਵਿੱਚ ਉਸ ਮੈਡਮ ਦੀ ਭਾਵੁਕਤਾ ਤੋਂ ਬਿਨ੍ਹਾਂ ਕੋਈ ਗੱਲ ਨਹੀਂ ਜਾਪਦੀ ਸੀ। ਮੈਂ ਟਾਲ-ਮਟੋਲ ਕਰਦਾ ਰਿਹਾ। ਮੇਰੀ ਰਸ਼ਪਾਲ ਨਾਲ ਗੱਲ ਹੋਈ। ਲੇਖ ਉਸ ਨੇ ਵੀ ਪੜ੍ਹ ਲਿਆ ਸੀ।

"ਕਿਵੇਂ ਕਰਾਂ,ਨੰਬਰ ਦੇ ਦਿਆਂ ?" ਮੈਂ ਉਸ ਦੀ ਰਾਇ ਜਾਨਣ ਵਾਸਤੇ ਪੁੱਛਿਆ।

"ਛੱਡ ਪਰੇ..ਕੀ ਗੱਲ ਕਰਾਂ'ਗੇ।" ਉਸਨੇ ਨਾਂਹ-ਨੁੱਕਰ ਜਿਹੀ ਕੀਤੀ।

"ਕੀ ਪਤੈ ਕੋਈ ਪੈਸੇ ਟਕੇ ਆਲੀ ਮੱਦਦ ਕਰਦੇ।" ਮੈਂ ਆਪਣੇ ਮਨ ਦੀ ਗੱਲ ਕਹਿ ਦਿੱਤੀ।

"ਆਪਣਾ ਡੰਗ ਤਾਂ ਲਹਿੰਦੈ..ਬਾਕੀ ਤੈਨੂੰ ਜਿਵੇਂ ਠੀਕ ਲੱਗੇ..ਦੇਖ ਲੈ।" ਉਸਨੇ ਅੱਧੇ ਕੁ ਨਾਲ ਹਾਮੀ ਭਰ ਦਿੱਤੀ।

ਅਗਲੀ ਵਾਰੀ ਆਏ ਫੋਨ ਉੱਤੇ ਮੈਂ ਮੈਡਮ ਨੂੰ ਰਸ਼ਪਾਲ ਦਾ ਨੰਬਰ ਦੇ ਦਿੱਤਾ। ਕੁੱਝ ਕੁ ਦਿਨਾਂ ਬਾਅਦ ਉਹ ਮੈਨੂੰ ਮਿਲਿਆ।

"ਮੈਡਮ ਤਾਂ ਮੈਨੂੰ ਓਪਨ ਸਕੂਲ ਰਾਹੀਂ ਪੜ੍ਹਾਉਣਾ ਚਾਹੁੰਦੀ ਐ..ਪਹਿਲਾਂ ਅੱਠਵੀਂ..ਫੇਰ ਦਸਵੀਂ ..ਫੇਰ ਬਾਰ੍ਹਵੀਂ।" ਉਹ ਵਿਅੰਗ ਵਿੱਚ ਹੱਸਦਾ ਹੋਇਆ ਸੱਚ ਬੋਲਿਆ।

"ਦੇਖਿਆ ਪੱਟਿਆ ਪਹਾੜ ਤੇ ਨਿਕਲਿਆ...।" ਅੱਧਾ ਕੁ ਪਖਾਣਾ ਪਾ ਕੇ ਮੈਂ ਹੱਸਿਆ।

ਅਸੀਂ ਮੈਡਮ ਦੀ ਭਾਵਨਾ ਨੂੰ ਸਮਝ ਸਕਦੇ ਸੀ। ਪਰ ਜਿਸ ਬੇਰੁਜ਼ਗਾਰੀ ਦੇ ਸਮਿਆਂ ਵਿੱਚੋਂ ਅਸੀਂ ਲੰਘ ਰਹੇ ਹਾਂ, ਜਿੱਥੇ ਇੱਕ ਚਪੜਾਸੀ ਜਾਂ ਚੌਂਕੀਦਾਰ ਦੀ ਨੌਕਰੀ ਲਈ ਉੱਚ ਯੋਗਤਾ ਪ੍ਰਾਪਤ ਲੋਕਾਂ ਦੀਆਂ ਅਰਜ਼ੀਆਂ ਦੇ ਢੇਰ ਲੱਗ ਜਾਂਦੇ ਹਨ, ਉੱਥੇ ਰਸ਼ਪਾਲ ਵਰਗਿਆਂ ਦੀ ਦਸਵੀਂ-ਬਾਰ੍ਹਵੀਂ ਦਾ ਕੀ ਮੁੱਲ ?

"ਤੁਸੀਂ ਸ਼ਿਵ ਖੇੜਾ ਦੀ 'ਜਿੱਤ ਤੁਹਾਡੀ' ਪੜ੍ਹੀ ਹੋਈ ਐ ?" ਇੱਕ ਦਿਨ ਮੈਡਮ ਮੈਨੂੰ ਫੋਨ 'ਤੇ ਪੁੱਛ ਰਹੀ ਸੀ।

"ਹਾਂ ਜੀ..ਉਹ ਮੇਰੀ ਲਾਇਬ੍ਰੇਰੀ ਵਿੱਚ ਵੀ ਹੈਗੀ।"

"ਤੁਸੀਂ ਇੰਝ ਕਰੋ..ਉਹ ਤੁਸੀਂ ਰਸ਼ਪਾਲ ਨੂੰ ਪੜ੍ਹਾਓ..ਉਸ ਵਿੱਚ ਕੌਨਫੀਡੈਂਸ ਵਧੇਗਾ..ਉਸ ਵਿੱਚ ਹਿੰਮਤ ਆਵੇਗੀ..ਉਹ ਡੋਲਿਆ ਹੋਇਆ ਲੱਗਦੈ..ਜਦੋਂ ਇਸ ਕਿਤਾਬ ਵਿੱਚੋਂ ਮਹਾਨ ਵਿਅਕਤੀਆਂ ਵੱਲੋਂ ਮਾੜੇ ਹਾਲਤਾਂ ਦੇ ਬਾਵਜੂਦ ਮਾਰੀਆਂ ਮੱਲਾਂ ਬਾਰੇ ਪੜ੍ਹੇਗਾ..ਉਸ ਵਿੱਚ ਕੁੱਝ ਨਾ ਕੁੱਝ ਕਰ ਗੁਜ਼ਰਨ ਦਾ ਜ਼ਜ਼ਬਾ ਪੈਦਾ ਹੋਵੇਗਾ..।" ਉਹ ਕਿਤਾਬ ਬਾਰੇ, ਮਹਾਨ ਲੋਕਾਂ ਦੇ ਮਹਾਨ ਕੰਮਾਂ ਬਾਰੇ ਬੋਲੀ ਗਈ।

ਮੈਂ ਉਸ ਦੀਆਂ ਦਲੀਲਾਂ ਨਾਲ ਸਹਿਮਤ ਹੋਏ ਬਿਨ੍ਹਾਂ ਨਾ ਰਹਿ ਸਕਿਆ।

ਮੈਂ ਰਸ਼ਪਾਲ ਨੂੰ ਫੋਨ ਕਰਕੇ ‘ਜਿੱਤ ਤੁਹਾਡੀ’ ਫੜਾ ਦਿੱਤੀ। ਮੈਡਮ ਨੇ ਉਸ ਨੂੰ ਵੀ ਕਿਤਾਬ ਪੜ੍ਹਨ ਲਈ ਪ੍ਰੇਰਤ ਕਰ ਲਿਆ ਹੋਇਆ ਸੀ।

“ਪੜੂੰਗਾ..ਕਿੰਨੀ ਕੁ ਪੱਲੇ ਪੈਂਦੀ ਐ।” ਕਾਹਲੀ ਨਾਲ ਸਾਇਕਲ ਦਾ ਪੈਡਲ ਮਾਰ ਕੇ ਤੁਰਦਿਆਂ ਉਹ ਬੋਲਿਆ।

ਰਾਮ ਖ਼ਾਨ ਦੀ ਵੰਸ਼ ਵਿੱਚ ਖ਼ੂਬ ਪਰਿਵਾਰ ਫੈਲਿਆ ਹੋਇਆ ਹੈ। ਰਸ਼ਪਾਲ ਸਮੇਤ ਤਿੰਨ ਮੁੰਡੇ ਅਤੇ ਦੋ ਕੁੜੀਆਂ। ਤਿੰਨਾਂ ਮੁੰਡਿਆਂ ਦੀ ਵਾਹਵਾ ਰੁੜਦੀ ਆਪੋ-ਆਪਣੀ ਕਬੀਲਦਾਰੀ। ਭਰਾਵਾਂ ਵਿੱਚ ਜ਼ਮੀਨਾਂ ਵਾਲੇ ਭਰਾਵਾਂ ਨਾਲੋਂ ਵੱਧ ਪ੍ਰੇਮ-ਪਿਆਰ, ਸਨੇਹ। ਅੱਗੇ ਉਨ੍ਹਾਂ ਦੇ ਮੁੰਡਿਆਂ ਦੀਆਂ ਆਪਣੀਆਂ ਸਾਂਝੀਆਂ ਛੋਟੀਆਂ-ਛੋਟੀਆਂ ਦੁਕਾਨਦਾਰੀਆਂ। ਪਿੰਡ ਦੇ ਮਜ਼ਦੂਰ ਪਰਿਵਾਰਾਂ ਨਾਲੋਂ ਚੰਗਾ ਕੰਮਕਾਰ।

“ਇਹ ਤਾਂ ਲੰਬੜਦਾਰਨੀ ਬੇਬੇ ਦੀ ਕਲੈ..ਜੇ ਬੁੜ੍ਹੇ ਨੂੰ ਸੰਦੂਕ ਵਿੱਚ ਨਾ ਬੰਦ ਕਰਦੀ..ਕਿਹੜਾ ਰਸ਼ਪਾਲ ਹੋਣਾ ਸੀ..ਤੇ ਕਿਹੜੇ ਅਸੀਂ..ਨਾ ਸਾਡੇ ਆਲੇ ਭੋਲਾ, ਕਾਲਾ ਤੇ ਬਿੱਟੂ ਹੋਰੀਂ..ਕਿ ਨਹੀਂ....।” ਰਸ਼ਪਾਲ ਦਾ ਵੱਡਾ ਭਰਾ ਗੱਲਾਂ ਚਲਦੀਆਂ ਵਿੱਚ ਮੇਰੇ ਕੋਲੋਂ ਹੁੰਗਾਰਾ ਭਰਾਉਣ ਲਈ ਪੁੱਛ ਰਿਹਾ ਸੀ।

“ਇਹ ਤਾਂ ਹੈ ਈ..ਵਧੀ ਨੂੰ ਲੱਖ ਢੋਈ ਹੁੰਦੀ ਐ..ਇੱਕ ਵਾਰੀ ਬਚਿਆ ਬੰਦਾ ਹੋਰ ਸੌ ਵਾਰੀ ਬਚਦੈ।” ਮੈਂ ਹਾਮੀ ਭਰੀ।

“ਨਾ ਸਾਡੇ ਆਲੇ ਨੇ ਤੇਰੇ ਨਾਲ ਪੜ੍ਹਨਾ ਸੀ..ਨਾ ਤੂੰ ਲੇਖ ਲਿਖਣਾ ਸੀ..ਨਾ ਅਖ਼ਬਾਰ ਵਿੱਚ ਛਪਣਾ ਸੀ..ਕਿ ਨਹੀਂ..।” ਉਹ ਮੁਸਕਰਾ ਪਿਆ। ਮੈਂ ਵੀ।

“ਹੁਣ ਮੋਟੀ ਸਾਰੀ ਕਿਤਾਬ ਚੱਕੀ ਰੱਖਦੈ ਕੱਛ ’ਚ..ਜਿਵੇਂ ਪਾਂਡੇ ਨੇ ਗੀਤਾ ਚੱਕੀ ਹੁੰਦੀ ਐ। ਏਸ ਉਮਰੇ ਕਿਤਾਬ ! ਮੱਥਾ ਮਾਰਨਾ ਈ ਐ..ਕਿ ਨਹੀਂ..।” ਉਹ ਬੋਲੀ ਗਿਆ।

ਪਰ ਮੈਨੂੰ ਖ਼ੁਸ਼ੀ ਸੀ। ‘ਜਿੱਤ ਤੁਹਾਡੀ’ ਪੜ੍ਹਨ ਵਾਲੇ ਬੰਦੇ ਨੂੰ ਕੁਸ਼ ਨਾ ਕੁਸ਼ ਪ੍ਰਭਾਵਿਤ ਤਾਂ ਕਰਦੀ ਹੀ ਹੈ।

“ਦੇਖੋ ਕੀ ਕਰਦੈ ਪੜ੍ਹ ਕੇ..” ਮੈਂ ਆਪਣੇ ਆਪ ਨੂੰ ਪੁੱਛਿਆ।

ਜੂਨ-ਜੁਲਾਈ ਦੇ ਦਿਨ ਸੀ। ਮੈਂ ਆਪਣੇ ਖੇਤ ਜੀਰੀ ਲਵਾਈ, ਨਰਮਾ ਗੁਡਾਈ ਤੇ ਹੋਰ ਕੰਮਾਂ ਵਿੱਚ ਲੱਗਿਆ ਰਿਹਾ। ਸਵਾ ਡੇਢ ਮਹੀਨਾ ਰਸ਼ਪਾਲ ਨਾਲ ਕੋਈ ਮੁਲਾਕਾਤ ਨਾ ਹੋਈ। ਇੱਕ ਦਿਨ ਆਥਣੇ ਘਰੇ ਆਇਆ ਤਾਂ ਕੰਧੋਲੀ ਉੱਪਰ ‘ਜਿੱਤ ਤੁਹਾਡੀ’ ਪਈ ਸੀ।

“ਰਸ਼ਪਾਲ ਬੋਲਿਆ ਨੀ ਕੁਸ਼ ?” ਮੈਂ ਘਰੇ ਪੁੱਛਿਆ।

“ਨਾ..ਸੋਡੇ ਬਾਰੇ ਪੁੱਛ ਕੇ ਕਿਤਾਬ ਧਰ ਗਿਆ।” ਮੈਨੂੰ ਜਵਾਬ ਮਿਲਿਆ।

ਮੈਂ ਉਸਦੇ ਮੋਬਾਇਲ ਦਾ ਨੰਬਰ ਲਾਇਆ। ਘਰ ਸੱਦ ਲਿਆ। ਟ੍ਰੈਕਟਰ ਵਾਲੇ ਬਰਾਂਡੇ ਵਿੱਚ ਬੈਠ ਗਏ। ਅਸੀਂ ਪਹਿਲੀ ਵਾਰ ਪਿਆਲਾ ਸਾਂਝਾ ਕਰ ਰਹੇ ਸੀ।

“ਪੜ੍ਹੀ ਫੇਰ ?” ਪਹਿਲੇ ਹਾੜੇ ਮੈਂ ਅਸਲੀ ਗੱਲ ਛੇੜੀ।

“ਹਾਂ..ਵਾਹਲੀ ਤਾਂ ਸਮਝ ਨੀ ਆਈ,ਪਰ ਇਹ ਜ਼ਰੂਰ ਪਤਾ ਲੱਗ ਗਿਆ..ਬੀ ਜੇ ਬੰਦਾ ਕੁਸ਼ ਕਰਨ ਦਾ ਮਨ ਬਣਾ ਲਏ..ਤਾਂ ਲੱਖ ਅੜਚਣਾਂ ਦੇ ਬਾਵਜੂਦ ਵੀ ਉਹ ਕੰਮ ਹੋ ਜਾਂਦੈ। ਬਸ ਸਾਰੀ ਕਿਤਾਬ ਦਾ ਸਾਰ ਇਹੀ ਐ।”

ਸਾਰੀ ਕਿਤਾਬ ਦੇ ਸਾਰ ਨੂੰ ਇੱਕ ਸਤਰ ਵਿੱਚ ਕਹਿ ਦੇਣਾ ਆਪਣੇ-ਆਪ ਵਿੱਚ ਬਹੁਤ ਵੱਡੀ ਗੱਲ ਹੈ ਜੋ ਰਸ਼ਪਾਲ ਕਰ ਗਿਆ ਸੀ।



“ਫੇਰ ਕੀ ਸੋਚਿਆ ?” ਕੌਲੀ ਵਿੱਚੋਂ ਨਮਕੀਨ ਪਕੌੜੀਆਂ ਚੱਕ ਕੇ ਤਲੀ ਉੱਤੇ ਧਰ ਕੇ ਮੈਂ ਫੱਕਾ ਮਾਰ ਲਿਆ। ਮੇਰੇ ਮਗਰੇ ਈ ਰਸ਼ਪਾਲ ਨੇ ਚੁਟਕੀ ਭਰ ਲਈ। ਪਕੌੜੀਆਂ ਚਬਦਾ-ਚਬਦਾ ਬੋਲਿਆ,“ਸੋਚਿਆ ਤਾਂ ਐਨਾ ਕੁ ਆ ਕਿ ਹੁਣ ਢਾਹ-ਢੁਹਾਈ ਆਲਾ ਕੰਮ ਘਟਾ ਕੇ ਜੈਕਾਂ ਨਾਲ ਮਕਾਨ ਉੱਚੇ ਚੱਕਣ ਦਾ ਕੰਮ ਕਰਨੈ..ਕਮਾਈ ਵੱਧ ਐ ਉਹਦੇ ’ਚ..ਬਾਕੀ ਵਾਹਲੀ ਤਮ੍ਹਾਂ ਹੈ ਨੀ ਆਪਣੀ..ਭੁੱਖੇ ਮਰਦੇ ਨੀ..ਕੌਰੂ ਬਾਦਸ਼ਾਹ ਵਾਂਗੂੰ ਗੰਜ ਜੁੜਦੇ ਨ੍ਹੀਂ।” ਉਹ ਸਹਿਜ ਸੀ।

“ਵਾਹ ..ਫ਼ੇਰ ਤਾਂ ਕਿਤਾਬ ਕੰਮ ਕਰਗੀ ਆਵਦਾ।”

“ਲੱਗਦੈ।” ਉਹ ਮੁਸਕਰਾਇਆ।

“ਕਦੇ ਪੰਜਵੀਂ-ਛੇਵੀਂ ਵਾਲੇ ਦਿਨ ਵੀ ਯਾਦ ਆ ਜਾਂਦੇ ਐ ?” ਮੈਂ ਦੂਜੀ ਵਾਰੀ ਗਲਾਸ ਗਿੱਲੇ ਕਰ ਲਏ।

ਆਵਦਾ ਗਲਾਸ ਚੁੱਕਦਾ ਉਹ ਬੋਲਿਆ, “ਊਂ ਤਾਂ ਭੁੱਲੇ ਪਏ ਸੀ..ਪਰ ਆਹ ਕਿਤਾਬ ਪੜ੍ਹ ਕੇ ਪੀ.ਟੀ.ਤੇ ਨੰਦ ਯਾਦ ਆ’ਗੇ ਇੱਕ ਦਿਨ..ਓਦੇਂ ਰਾਤ ਨੂੰ ਸੁਫ਼ਨਾ ਪਤਾ ਕੀ ਆਇਆ..?”

“ਕੀ ?”

ਉਸ ਨੇ ਗਲਾਸ ਖਾਲੀ ਕਰ ਦਿੱਤਾ। ਸਾਹ ਭਰਦਾ ਬੋਲਿਆ, “ਕਿ ਜਿਵੇਂ ਮੈਂ ਆਪਣੇ ਨੇਰ੍ਹੇ ਘਰ ਵਿੱਚ ਮੋਮਬੱਤੀ ਬਾਲੀ ਬੈਠਾਂ..ਘਰ ਚਾਨਣੀ ਨਾਲ ਭਰਿਆ ਪਿਐ..ਮੈਂ ਤੇ ਮਾਂ ਚਾਨਣ ਵਿੱਚ ਬੈਠੇ ਖ਼ੁਸ਼ ਹੋ ਰਹੇ ਹਾਂ..”

ਮੈਂ ਆਪਣਾ ਗਲਾਸ ਹੱਥ ਵਿੱਚ ਫੜੀ ਚੁੱਪ-ਚਾਪ ਸੁਣ ਰਿਹਾ ਸੀ। ਉਹ ਗੰਭੀਰ ਹੁੰਦਾ ਬੋਲੀ ਜਾ ਰਿਹਾ,“ ..ਅਚਾਨਕ ਕੋਈ ਆਉਂਦੈ..ਤੇ ਮੋਮਬੱਤੀ ਨੂੰ ਡੇਗ ਦਿੰਦੈ..ਮੋਮਬੱਤੀ ਡਿੱਗੀ ਪਈ ਵੀ ਚਾਨਣ ਕਰੀਂ ਜਾਂਦੀ ਐ..ਚਾਨਣ ਭਾਵੇਂ ਘੱਟ ਗਿਆ..ਫਿਰ ਵੀ ਮੈਂ ਤੇ ਮਾਂ ਇੱਕ-ਦੂਜੇ ਨੂੰ ਦੇਖ ਸਕਦੇ ਹਾਂ.... ਅਚਾਨਕ ਕੋਈ ਹੋਰ ਆਉਂਦੈ ਤੇ ਡਿੱਗੀ ਪਈ ਮੋਮਬੱਤੀ ਦੀ ਲਾਟ ਉੱਤੇ ਠੇਡਾ ਮਾਰਦੈ.. ਉਹ ਬੁਝ ਜਾਂਦੀ ਐ..ਸਾਡਾ ਘਰ ਨੇਰ੍ਹੇ ਨਾਲ ਭਰ ਜਾਂਦੈ..।” ਉਸ ਨੇ ਲੰਮਾ ਸਾਹ ਭਰਿਆ ਤੇ ਫਿਰ ਬੋਲਿਆ.... “ਮੇਰੀ ਅੱਖ ਖੁੱਲ੍ਹ ਗਈ....ਮੈਨੂੰ ਲੱਗਿਆ ਜਿਵੇਂ ਮੇਰੀ ਮੋਮਬੱਤੀ ਬੁਝਾਉਣ ਵਾਲੇ ਨੰਦ ਤੇ ਪੀ.ਟੀ. ਸੀ।”

ਮੈਂ ਨੰਦ ਦਾ ਸੁਫਨਾ ਸੁਣ ਰਿਹਾਂ। ਮੈਨੂੰ ਲੱਗਿਆ ਜਿਵੇ ਮੇਰੇ ਲਿਖੇ ਤੇ ‘ਪੰਜਾਬੀ ਟ੍ਰਿਬਿਊਨ’ ਵਿੱਚ ਛਪੇ ਲੇਖ ਦਾ ਸੁਤੇ-ਸੁਭਾਅ ਰੱਖਿਆ ਨਾਂ ਸੱਚਾ ਸੀ। ਜੇ ਪੀ.ਟੀ. ਮਾਸਟਰ ਦੀ ਦਹਿਸ਼ਤ ਦੇ ਚਲਦਿਆਂ ਰਸ਼ਪਾਲ ਦੀ ਪੜ੍ਹਾਈ ਨਾ ਛੁੱਟੀ ਹੁੰਦੀ ਤਾਂ ਅਧਿਆਪਕ ਵਜੋਂ ਦੀਵਾ ਬਣੇ ਰਸ਼ਪਾਲ ਨੇ ਕਿੰਨੇ ਵਿਦਿਆਰਥੀਆਂ ਨੂੰ ਵਿੱਦਿਆ ਰੂਪੀ ਲੋਅ ਵੰਡਣੀ ਸੀ !

-94634-45092

**2021 ਦਾ ਸਭ ਤੋਂ ਵੱਖਰੀ ਤਰ੍ਹਾਂ ਦਾ ਨਾਵਲ**

**ਓਟ**

**ਅਮਰਜੀਤ ਚਾਹਲ**

**ਪੀਪਲਜ਼ ਫ਼ੋਰਮ, ਬਰਗਾੜੀ**

# ਬਾਬਾ ਮਿੱਠੂ ਖਾਂ ਉਰਫ਼ ਘੈਂਟ/ਸੁਖਰਾਜ ਧਾਲੀਵਾਲ

ਮਿੱਠੂ ਖਾਂ ਉਸਦਾ ਨਾਂ ਕਾਗਜ਼ਾਂ ਵਿੱਚ ਸੀ, ਪਿੰਡ ਸਾਰਾ ਉਸਨੂੰ ਘੈਂਟ ਆਖ ਕੇ ਹੀ ਬੁਲਾਉਂਦਾ। ਜੇ ਉਹਨੂੰ ਕੋਈ 'ਓਏ ਮਰਾਸੀਆ' ਆਖ ਦਿੰਦਾ ਤਾਂ ਉਹ ਆਖਣ ਵਾਲੇ ਦੀ ਐਸੀ-ਤੈਸੀ ਕਰ ਦਿੰਦਾ, 'ਮਰਾਸੀ ਮੈਂ ਧਾਲੀਵਾਲਾਂ ਦਾ, ਥੋਡਾ ਮੈਂ ਫੁੱਫੜ ਆਂ, ਸਾਲੇ ਵਾਹੀਆਂ ਦੇ।' ਪੂਰੀ ਗਰਮੀ ਨਾਲ ਬੋਲਦਾ ਤਾਂ ਕਹਿਣ ਵਾਲਾ ਡਰ ਜਾਂਦਾ, ਘਰੋਂ ਵੀ ਘੱਟ ਨਹੀਂ ਸੀ, ਮੀਂਹ ਵਾਂਗੂੰ ਪੈਸਾ ਵਰ੍ਹਦਾ ਸੀ, ਜਦੋਂ ਦਾ ਬਾਬੇ ਮਿੱਠੂ ਖਾਂ ਨੇ ਮੱਝਾਂ ਦਾ ਵਪਾਰ ਸ਼ੁਰੂ ਕੀਤਾ ਸੀ, ਦਿਨਾਂ ਵਿੱਚ ਹੀ ਕੋਠੀ, ਕਾਰਾਂ ਤੇ ਸ਼ਹਿਰ ਵਿੱਚ ਪਲਾਟਾਂ ਦਾ ਮਾਲਕ ਬਣ ਗਿਆ। ਪਿੰਡ ਵਿੱਚ ਉਹਨੇ ਚੰਗੀ ਠੁੱਕ ਬਣਾ ਲਈ ਸੀ।

ਮਿੱਠੂ ਖਾਂ ਦੇ ਵੱਡੇ-ਵਡੇਰੇ ਧਾਲੀਵਾਲ ਜੱਟਾਂ ਨਾਲ ਸੌ ਸਾਲ ਪਹਿਲਾਂ ਆ ਕੇ ਪਿੰਡ ਵਿੱਚ ਵੱਸ ਗਏ ਸਨ। ਜਦੋਂ ਰਾਜਸਥਾਨ ਤੋਂ ਪੰਜਾਬ ਨੂੰ ਤੁਰਨ ਲੱਗੇ ਤਾਂ ਬਾਬੇ ਮਿੱਠੂ ਖਾਂ ਦੇ ਦਾਦੇ ਨੇ ਧਾਲੀਵਾਲਾਂ ਦੇ ਨੰਬਰਦਾਰ ਨੂੰ ਕਿਹਾ, 'ਸਰਦਾਰਾ ਅਸੀਂ ਸਦੀਆਂ ਤੋਂ ਥੋਡੇ ਨਾਲ ਵੱਸਦੇ ਆਏ ਐਂ, ਹੁਣ ਅਸੀਂ ਵੀ ਇੱਥੇ ਨਹੀਂ ਰਹਾਂਗੇ, ਜੰਮਣਾ-ਮਰਨਾ ਥੋਡੇ ਨਾਲ ਐ।' ਨੰਬਰਦਾਰ ਕੇਹਰ ਸਿਉਂ ਨੇ ਆਖਿਆ, 'ਜਿੱਥੇ ਅਸੀਂ ਖਾਵਾਂਗੇ, ਉੱਥੇ ਤੇਰਾ ਲਾਣਾ ਖਾ ਲਊ। ਚੱਕ ਜੁੱਲੀ ਤੱਪੜਾ।' ਬਾਬੇ ਮਿੱਠੂ ਖਾਂ ਦਾ ਦਾਦਾ ਆਪਣੇ ਜਵਾਕਾਂ-ਜੱਲਿਆਂ ਨੂੰ ਨਾਲ ਲੈ ਕੇ ਧਾਲੀਵਾਲਾਂ ਨਾਲ ਕਰਾਈ ਪਿੰਡ ਆ ਕੇ ਵੱਸ ਗਿਆ। ਮੰਗਦਾ ਉਹ ਘੱਟ ਸੀ, ਭੇਡਾਂ ਤੇ ਬੱਕਰੀਆਂ ਪਾਲ ਕੇ ਕਮਾ ਕੇ ਖਾਂਦਾ। ਪਿੰਡ ਵਿੱਚ ਉਹ ਕਿਸੇ ਦੇ ਮੰਗਣ ਨਹੀਂ ਸੀ ਜਾਂਦਾ। ਦਾਦੀ ਨੂਰਾ ਬੇਗਮ, ਦੀਵਾਲੀ, ਲੋਹੜੀ ਜਾਂ ਤਿੱਥ ਤਿਉਹਾਰ ਤੇ ਮੰਗਣ ਜਾਂਦੀ, ਦਾਦਾ ਰਾਂਝਾ ਪੀਰ ਖਾਂ ਰੋਕ ਦਿੰਦਾ, 'ਮਰਾਸਣੇ ਧਾਲੀਵਾਲਾਂ ਤੋਂ ਬਗੈਰ ਕਿਸੇ ਦੇ ਪੈਰ੍ਹ ਨਾ ਪਾਇਆ ਕਰ, ਇਹ ਧੰਨੇ ਭਗਤ ਦੀ ਅੰਸ਼ ਐ, ਆਪਾਂ ਇਨ੍ਹਾਂ ਦੇ ਮਰਾਸੀ ਆਂ, ਇਨ੍ਹਾਂ ਤੋਂ ਖਾਣਾ। ਗਿੱਲਾਂ, ਬਰਾੜਾ, ਬੁੱਟਰਾਂ ਤੇ ਸੰਧੂਆਂ ਤੋਂ ਨਾ ਮੰਗਿਆ ਕਰ। ਉਨ੍ਹਾਂ ਦੇ ਬਾਮ੍ਹਣ ਵੀ ਹੋਰ, ਮਰਾਸੀ ਵੀ, ਅੱਲ੍ਹਾ ਹਿਸਾਬ ਮੰਗੂਗਾ।'

'ਸਾਡੇ ਲਈ ਤਾਂ ਸਾਰੇ ਜਜਮਾਨ ਐ, ਨੂਰੇ ਦੇ ਬਾਪੂ।' ਉਹਦੀ ਗੱਲ ਸੁਣ ਕੇ ਤੇ ਨੂਰੇ ਦਾ ਨਾਂ ਸੁਣ ਕੇ ਬਾਬਾ ਰਾਂਝਾ ਪੀਰ ਖਾਂ ਚੁੱਪ ਹੋ ਜਾਂਦਾ। ਨੂਰਾ ਵਿਆਹ ਤੋਂ ਪੰਦਰਾਂ ਸਾਲ ਬਾਅਦ ਰੁੱਸ ਕੇ ਘਰੋਂ ਚਲਾ ਗਿਆ, ਫਿਰ ਨਾ ਆਇਆ, ਦੋ ਮੁੰਡਿਆਂ ਤੇ ਇੱਕ ਕੁੜੀ ਦੀ ਜਿੰਮੇਵਾਰੀ ਬਾਬੇ ਰਾਂਝੇ ਪੀਰ ਤੇ ਪਾ ਗਿਆ। ਬਾਬੇ ਰਾਂਝੇ ਪੀਰ ਨੇ ਪੋਤਰੇ ਦੂਦਾ ਖਾਂ, ਮਿੱਠੂ ਖਾਂ ਤੇ ਮਿਰਾਜ ਬੀਬੀ ਨੂੰ ਪੜ੍ਹਾਇਆ ਵੀ ਤੇ ਵਿਆਹਿਆ ਵੀ। ਦੂਦਾ ਤਾਂ ਅੱਠ ਪਾਸ ਕਰ ਗਿਆ। ਮਿਰਾਜ ਬੀਬੀ ਪੰਜ ਜਮਾਤਾਂ ਤੇ ਮਿੱਠੂ ਖਾਂ ਸੱਤਵੀਂ ਵਿੱਚੋਂ ਦੋ ਵਾਰੀ ਫੇਲ੍ਹ ਹੋ ਕੇ ਕਬੱਡੀ ਖੇਡਣ ਲੱਗ ਪਿਆ। ਪਿੰਡ ਦੇ ਸਰਦਾਰ ਗੁਰਬਾਜ਼ ਸਿੰਘ ਬਰਾੜ ਨੂੰ ਕਬੱਡੀ ਖਿਡਾਉਣ ਦਾ ਬੜਾ ਸ਼ੌਕ ਸੀ। ਆਪਣੇ ਵੱਡੇ ਮੁੰਡੇ ਮਹਿੰਦਰ ਨੂੰ ਖੁਰਾਕ ਖਵਾ ਕੇ ਕਬੱਡੀ ਖੇਡਣ ਲਾ ਦਿੱਤਾ। ਪਿੰਡ ਦੇ ਪਿੜਾਂ ਵਿੱਚ ਸੌ ਮੁੰਡਿਆਂ ਤੋਂ ਉੱਤੇ ਕਬੱਡੀ ਖੇਡਦੇ ਤੇ ਅੱਧੋ ਵੱਧ ਪਿੰਡ ਦੇਖਣ ਜਾਂਦਾ। ਬਾਬਾ ਮਿੱਠੂ ਖਾਂ ਘੈਂਟ ਵੀ ਜਾਂਘੀਆ ਕੱਸ ਕੇ ਕਬੱਡੀ ਖੇਡਣ ਲੱਗਦਾ। ਉਹ ਜਿੰਨਾ ਸਿੱਧਾ ਭੱਜਦਾ ਓਨਾ ਹੀ ਪੁੱਠੇ ਪੈਰੀਂ ਭੱਜ ਲੈਂਦਾ ਸੀ। ਜਦੋਂ ਵੀ ਕਬੱਡੀ ਦੀ ਟੀਮ ਮੇਲਿਆਂ ਤੇ ਖੇਡਣ ਜਾਂਦੀ ਤਾਂ ਘੈਂਟ ਚਿੱਟਾ ਕੁੜਤਾ ਚਾਦਰਾ ਪਾ ਕੇ ਸੱਜੇ ਹੱਥ ਵਿੱਚ ਸੋਨੇ ਦਾ ਕੜਾ ਤੇ ਉਂਗਲੀਆਂ ਵਿੱਚ ਦੋ ਛਾਪਾਂ ਪਾ ਲੈਂਦਾ। ਸਾਰੇ ਮੁੰਡੇ ਘੈਂਟ ਨੂੰ ਛੇੜਦੇ, 'ਮਰਾਸੀਆ ਅੱਜ ਤਾਂ, ਬੀਲੇ ਆਲਾ ਸਰਦਾਰ ਬਣਿਆ ਫਿਰਦਾਂ।' ਮਿੱਠੂ ਖਾਂ ਚਾਮ੍ਹਲ ਕੇ ਆਖਦਾ, 'ਮੈਂ ਸਰਦਾਰ ਗੁਰਬਾਜ਼ ਸਿੰਘ



ਬਰਾੜ ਦਾ ਮੁੰਡਾ, ਸੰਭਲ ਕੇ ਗੱਲ ਕਰੇਓ। ...ਸਾਲੇ ਵਾਹੀਆਂ ਦੇ।' ਸਾਰੇ ਹੱਸ ਪੈਂਦੇ। ਬੱਧਣੀ ਕਲਾਂ ਕਬੱਡੀ ਦਾ ਮੈਚ ਫੱਸ ਗਿਆ। ਸਾਰੇ ਪੰਜਾਬ ਦੀਆਂ ਟੀਮਾਂ ਆਈਆਂ ਸੀ। ਗੁਰਬਾਜ਼ ਸਿਉਂ ਬਰਾੜ ਆਪਣੀ ਫੀਏਟ ਕਾਰ 'ਤੇ ਟੀਮ ਨਾਲ ਗਿਆ ਸੀ। ਫ਼ਾਈਨਲ ਮੈਚ ਥਾਂਦੇ ਵਾਲੇ ਤੇ ਕਰਾਈ ਪਿੰਡ ਦਰਮਿਆਨ ਹੋਣਾ ਸੀ। ਦੋਵੇਂ ਟੀਮਾਂ ਸਿਰੇ ਦੀਆਂ ਤਕੜੀਆਂ ਸਨ। ਧਾਵੀ ਵੀ ਤਕੜੇ ਤੇ ਜਾਫੀ ਵੀ। ਗੁਰਬਾਜ਼ ਸਿਉਂ ਨੇ ਮੁੱਛਾਂ ਨੂੰ ਵੱਟ ਚਾੜ੍ਹਦਿਆਂ ਸਾਰੀ ਟੀਮ ਨੂੰ ਆਖਿਆ, 'ਜੇ ਹਾਰ ਗੇ ਤਾਂ ਲੱਤਾਂ ਤੋੜ ਦੂੰ। ਜਿੱਤ ਗੇ ਤਾਂ ਪੰਜ-ਪੰਜ ਕਿੱਲੋਂ ਦੇਸੀ ਘਿਉ, ਅੱਜ ਪਿੰਡ ਦੀ ਰੱਖਣੀ ਐ।'

ਫਸਵਾਂ ਮੈਚ ਸੀ। ਸਟੇਜ ਤੋਂ ਅਨਾਊਂਸਮੈਂਟ ਵਾਲਾ ਹੈਪੀ ਗਿੱਲ ਬੋਲੀਆਂ ਤੇ ਟੋਟਕਿਆਂ ਨਾਲ ਮੇਲਾ ਬੰਨ੍ਹੀ ਬੈਠਾ ਸੀ। ਹਾਫ਼ ਟਾਈਮ ਤੱਕ ਦੋਹਾਂ ਟੀਮਾਂ ਦੇ ਸਤਾਰਾਂ-ਸਤਾਰਾਂ ਨੰਬਰ ਸੀ। ਪਾਲੇ ਬਦਲੇ ਗਏ। ਪੰਜ ਮਿੰਟ ਪਾਣੀ ਪੀਣ ਨੂੰ ਦਿੱਤੇ ਗਏ। ਵੀਹ ਮਿੰਟਾਂ ਦਾ ਮੈਚ ਬਾਕੀ ਸੀ। ਲੋਕੀ ਆਪੋ-ਆਪਣੀਆਂ ਟੀਮਾਂ ਨੂੰ ਹੌਂਸਲਾ ਦੇ ਰਹੇ ਸੀ। ਘੈਂਟ ਨੇ ਜਾਂਘੀਏ ਦੇ ਨੇਫੇ ਵਿੱਚੋਂ 'ਕਾਲੀ ਨਾਗਣੀ' ਵਾਲਾ ਮੋਮੀਜਾਮ ਦਾ ਕਾਗਜ਼ ਕੱਢਿਆ ਤੇ ਗੋਲੀ ਵੱਟ ਕੇ ਮੂੰਹ ਵਿੱਚ ਪਾ ਲਈ। ਲਾਂਗਰੀ ਚਾਹ ਵਰਤਾਉਂਦੇ ਫਿਰਦੇ ਸੀ। ਬਾਟੀ ਵਿੱਚ ਤੱਤੀ-ਤੱਤੀ ਚਾਹ ਪਵਾਈ ਤੇ ਦੋ-ਤਿੰਨ ਘੁੱਟਾਂ ਵਿੱਚ ਪੀ ਗਿਆ। ਸੱਜੇ ਪੱਟ ਤੇ ਥਾਪੀ ਮਾਰੀ, ਖੱਬੇ ਡੌਲ੍ਹੇ ਨੂੰ ਥੱਪਥਪਾਇਆ ਤੇ ਲਲਕਾਰਾ ਮਾਰ ਕੇ ਆਂਹਦਾ, 'ਕਰਾਈ ਪਿੰਡ ਦਾ ਮਰਾਸੀ ਆਂ, ਚੱਕ ਦੂੰ ਫੱਟੇ, ਆਜੋ, ਕੱਲੇ ਨਾਲ ਕੱਲਾ, ਅੱਜ ਝੰਡੀ ਨੀ ਜਾਣ ਦਿੰਦਾ, ...ਓਏ ਅਸੀਂ ਝੋਟੇ ਵੱਸ ਵਿੱਚ ਕਰ ਲਈਏ।' ਘੈਂਟ ਦੇ ਲਲਕਾਰੇ ਨੇ ਸਾਰੀ ਟੀਮ ਦਾ ਥਕੇਵਾਂ ਲਾਹ ਦਿੱਤਾ। ਸਾਰਿਆਂ ਦੇ ਚਿਹਰਿਆਂ ਤੇ ਲਾਲੀ ਲਿਆ ਦਿੱਤੀ। ਸਭ ਨੂੰ ਪਤਾ ਸੀ ਘੈਂਟ ਜਦੋਂ 'ਕਾਲੀ ਨਾਗਣੀ' ਦਾ ਸੇਵਣ ਕਰ ਲਏ ਤਾਂ ਇਹ ਪੰਜ ਬੰਦਿਆਂ ਤੋਂ ਰੋਕਿਆਂ ਨਹੀਂ ਰੁਕਦਾ। ਝੋਟੇ ਵਾਲੀ ਗੱਲ ਤਾਂ ਉਸਦੀ ਨੇੜੇ ਦੇ ਬਾਰ੍ਹਾਂ ਪਿੰਡਾਂ ਵਿੱਚ ਮਸ਼ਹੂਰ ਸੀ। ਦਸ ਸਾਲ ਪੁਰਾਣੀ ਗੱਲ ਐ, ਘੈਂਟ ਸਾਈਕਲ 'ਤੇ ਆਪਣੇ ਸਹੁਰਿਆਂ ਤੋਂ ਆਉਂਦਾ ਸੀ। ਮਗਰ ਕਾਠੀ 'ਤੇ ਘਰਵਾਲੀ ਨੂਰਾ ਬੈਠੀ ਸੀ। ਅਗਲੇ ਪਾਸੇ ਡੰਡੇ ਤੇ ਮੁੰਡਾ ਗਫ਼ੂਰ ਸੀ। ਪਿੰਡ ਵਿੱਚ ਝੋਟਾ ਭੂਸਰ ਗਿਆ। ਸਾਰੇ ਪਿੰਡ ਵਿੱਚ ਭੱਜਿਆ ਫਿਰੇ। ਕਈਆਂ ਦੇ ਢੂੰਡਾਂ ਮਾਰ ਗਿਆ। ਛੱਪੜ ਤੇ ਖੇਡਦੇ ਦੋ-ਤਿੰਨ ਨਿਆਣੇ ਮਿੱਧ ਗਿਆ। ਸਾਰਾ ਪਿੰਡ ਬੂਹੇ-ਬਾਰੀਆਂ ਬੰਦ ਕਰਕੇ ਕੋਠਿਆਂ 'ਤੇ ਚੜ੍ਹ ਗਿਆ। ਘੈਂਟ ਜਦੋਂ ਛੱਪੜ ਵਾਲੀ ਫਿਰਨੀ 'ਤੇ ਆਇਆ ਤਾਂ ਝੋਟਾ ਸਾਹਮਣੇ ਆਉਂਦਾ ਦਿੱਸ ਪਿਆ। ਘੈਂਟ ਨੇ ਸਾਈਕਲ ਤਾਰੇ ਧਾਲੀਵਾਲ ਕੀ ਕੰਧ ਨਾਲ ਲਾ ਕੇ ਘਰਵਾਲੀ ਨੂੰ ਚੱਕਿਆ ਤੇ ਕੰਧ 'ਤੇ ਚੜ੍ਹਾ ਦਿੱਤਾ, ਮੁੰਡੇ ਨੂੰ ਮੋਢਿਆਂ 'ਤੇ ਚੁੱਕਿਆ ਤੇ ਘਰਵਾਲੀ ਨੂੰ ਕੰਧ 'ਤੇ ਫੜਾ ਦਿੱਤਾ। ਆਪ ਸਾਈਕਲ ਭਜਾ ਕੇ ਝੋਟੇ ਵੰਨੀ ਸਿੱਧਾ ਕਰ ਦਿੱਤਾ। ਝੋਟਾ ਵੀ ਸਿੱਧਾ ਆਇਆ ਫੁਕਾਰੇ ਮਾਰਦਾ। ਝੋਟਾ ਜਦੋਂ ਸਾਈਕਲ ਦੇ ਢੁੱਡ ਮਾਰਨ ਲੱਗਿਆ ਤਾਂ ਘੈਂਟ ਨੇ ਸਾਈਕਲ ਝੋਟੇ ਵੰਨੀ ਛੱਡ ਕੇ ਆਪ ਉਤਰ ਗਿਆ ਤੇ ਝਕਾਨੀ ਦੇ ਕੇ ਝੋਟੇ ਦੇ ਪਿੱਛਲੇ ਪਾਸੇ ਜਾ ਖੜਾ ਤੇ ਝੋਟੇ ਦੇ ਪੁੜਿਆਂ 'ਤੇ ਹੱਥ ਰੱਖ ਕੇ ਛਾਲ ਮਾਰੀ ਤੇ ਝੋਟੇ ਉੱਤੇ ਜਾ ਚੜ੍ਹਿਆ। ਝੋਟਾ ਸਾਈਕਲ ਵਿੱਚ ਉਲਝਦਾ ਮੂੰਹ ਭਵਾ ਕੇ ਪਿੰਡ ਵੰਨੀ ਭੱਜ ਪਿਆ। ਘੈਂਟ ਨੇ ਲਲਕਾਰਾ ਮਾਰਿਆ, 'ਓਏ ਝੋਟਿਆ ਅੱਜ ਵੇਖ ਮਰਾਸੀ ਦੇ ਹੱਥ। ਪੁੱਤ ਲਊਂ ਉੱਤੇ ਬਹਿ ਕੇ ਝੂਟੇ। ਮੈਨੂੰ ਡਾਂਗ ਫੜਾਈ ਕਮਾਈ ਸਿਆ।' ਘੈਂਟ ਨੇ ਰਾਮਗੜ੍ਹੀਆਂ ਦੇ ਕਮਾਈ ਮਿਸਤਰੀ ਨੂੰ ਕੋਠੇ 'ਤੇ ਡਾਂਗ ਲਈ ਖੜ੍ਹੇ ਨੂੰ ਆਖਿਆ। ਕਮਾਈ ਮਿਸਤਰੀ ਨੇ ਚਲਾਵੀ ਡਾਂਗ ਘੈਂਟ ਵੰਨੀ ਸੁੱਟੀ। ਉਹਨੇ ਦੋਹਾਂ ਹੱਥਾਂ ਵਿੱਚ ਡਾਂਗ ਬੁੱਚ ਲਈ, ਪੈਂਦੀ ਸੱਟੇ ਦੋਵੇਂ ਹੱਥਾਂ ਵਿੱਚ ਡਾਂਗ ਫੜ੍ਹ ਕੇ ਪੂਰੇ ਜ਼ੋਰ ਨਾਲ ਝੋਟੇ ਦੇ ਨੱਕ 'ਤੇ ਖੱਬੇ ਪਾਸੇ

ਮਾਰੀ। ਝੋਟਾ ਰਿੰਗਿਆ। ਲੈਂਦੇ ਸਾਰ ਡਾਂਗ ਨੱਕ ਦੇ ਸੱਜੇ ਪਾਸੇ ਮਾਰੀ। ਝੋਟਾ ਥਾਂ 'ਤੇ ਖੜ੍ਹ ਗਿਆ ਤੇ ਸਿਰ ਮਾਰਨ ਲੱਗ ਪਿਆ। ਲੋਕਾਂ ਨੇ ਕੋਠਿਆਂ ਤੋਂ ਹੀ ਲਲਕਾਰੇ ਛੱਡ ਦਿੱਤੇ। ਘੈਂਟ ਨੇ ਦੋ-ਤਿੰਨ ਡਾਂਗਾਂ ਝੋਟੇ ਦੇ ਸਿਰ ਵਿੱਚ ਮਾਰੀਆਂ। ਝੋਟਾ ਜਵਾਂ ਈ ਨਿੱਸਲ ਹੋ ਕੇ ਢਿੱਲਾ ਜੇਹਾ ਤੁਰਦਾ ਛੱਪੜ ਵੰਨੀ ਮੁੜ ਪਿਆ ਤੇ ਘੈਂਟ ਨੇ ਦੋ-ਤਿੰਨ ਡਾਂਗਾਂ ਝੋਟੇ ਦੇ ਪੁੜਿਆਂ ਤੇ ਮਾਰੀਆਂ ਤਾਂ ਝੋਟਾ ਛੱਪੜ ਵਾਲੀ ਕਿੱਕਰ ਦੇ ਥੱਲੇ ਬੈਠ ਗਿਆ। ਪਿੰਡ ਦੇ ਕਈ ਬੰਦਿਆਂ ਨੇ ਕੋਠਿਆਂ ਤੋਂ ਉੱਤਰ ਕੇ ਰੱਸਾ ਪਾ ਕੇ ਝੋਟਾ ਬੰਨ੍ਹ ਲਿਆ। 'ਵਾਹ ਮਰਦਾਨੇ ਕਿਆ, ਲਿਆ ਤਾ ਨਜ਼ਾਰਾ।' ਜੀਤ ਸਿਉਂ ਨੰਬਰਦਾਰ ਨੇ ਪੰਜਾਹ ਦਾ ਨੋਟ ਕੱਢ ਕੇ ਫੜਾਉਂਦਿਆਂ ਕਿਹਾ। ਫੇਰ ਪੰਜਾਂ-ਦਸਾਂ ਦੇ ਨੋਟਾਂ ਦਾ ਮੀਂਹ ਵਰ੍ਹ ਪਿਆ। ਘੈਂਟ ਹੱਸ ਕੇ ਬੋਲਿਆ, 'ਮਹੀਨੇ 'ਚ ਇੱਕ ਅੱਧੀ ਵਾਰੀ ਝੋਟਾ ਫੂਸਰਿਆ ਹੀ ਰਿਹਾ ਕਰੇ, ਮੇਰਾ ਤਾਂ ਰੋਟੀ-ਪਾਣੀ ਦਾ ਜੁਗਾੜ ਚੱਲਦਾ ਰਹੂ।' ਉਹਦੀ ਗੱਲ ਸੁਣ ਕੇ ਸਾਰੇ ਹੱਸ ਪਏ।

...ਕਬੱਡੀ ਫੇਰ ਸ਼ੁਰੂ ਹੋ ਗਈ। ਪਹਿਲੀ ਰੇਡ ਥਾਂਦੇ ਆਲੇ ਦੇ ਮੀਤੇ ਬਾਈਲਾਰਸ ਨੇ ਪਾਈ। ਬੁੱਗਰ, ਦਰਸ਼ਨ ਝਾਫਾ, ਮੰਦਰ ਮੋਟਾ ਤੇ ਘੈਂਟ ਜਾਫੀ ਖੜੇ ਸੀ। ਮੀਤੇ ਬਾਈਲਾਰਸ ਨੇ ਪੱਟ 'ਤੇ ਥਾਪੀ ਮਾਰੀ ਤੇ ਜਾਫੀਆਂ ਦੇ ਉੱਤੋਂ ਦੀ ਗੇੜਾ ਦੇ ਦਿੱਤਾ। ਗੁਰਬਾਜ਼ ਸਿਉਂ ਨੇ ਟੀਮ ਨੂੰ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ, 'ਮਰ ਗਏ ਸਾਲੇਓ, ਥੋਡਾ ਪਿਓ ਉਤੋਂ ਦੀ ਗੇੜਾ ਦੇਈ ਜਾਂਦਾ।' ਘੈਂਟ ਨੇ ਲਲਕਾਰਾ ਮਾਰਿਆ : 'ਖੜ ਤੇਰੀ...,' ਤੇ ਮੀਤੇ ਬਾਈਲਾਰਸ ਦੇ ਸੱਜੇ ਗੁੱਟ ਨੂੰ ਹੱਥ ਜਾ ਪਾਇਆ। ਮੀਤੇ ਨੇ ਸੱਜੇ ਹੱਥ ਦਾ ਧੱਫਾ ਘੈਂਟ ਦੀ ਛਾਤੀ ਵਿੱਚ ਮਾਰਿਆ ਤੇ ਗੁੱਟ ਛੁਡਾ ਲਿਆ। ਘੈਂਟ ਨੇ ਫੇਰ ਫੜ੍ਹਨਾ ਚਾਹਿਆ ਤਾਂ ਦੋਵੇਂ ਇੱਕ-ਦੂਜੇ ਦੇ ਧੱਫੇ ਮਾਰਦੇ ਪਾਲੇ ਵੰਨੀ ਭੱਜ ਪਏ। ਘੈਂਟ ਅੱਗੇ ਅੱਗੇ ਭੱਜ ਪਿਆ। ਮੀਤਾ ਬਾਈਲਾਰਸ ਉਹਦੇ ਧੌਲ ਮਾਰ ਕੇ ਸਿੱਟਣ ਲਈ ਪਿੱਛੇ ਭੱਜਿਆ। ਘੈਂਟ ਇੱਕਦਮ ਥੱਲੇ ਬੈਠ ਗਿਆ। ਮੀਤਾ ਘੈਂਟ ਵਿੱਚ ਵੱਜ ਕੇ ਉੱਤੋਂ ਦੀ ਮੂੰਹ ਪਰਨੇ ਡਿੱਗ ਪਿਆ। ਘੈਂਟ ਨੇ ਬੜੀ ਫੁਰਤੀ ਨਾਲ ਮੀਤੇ ਬਾਈਲਾਰਸ ਨੂੰ ਨੱਪ ਲਿਆ। ਰੈਫਰੀ ਨੇ ਸੀਟੀ ਮਾਰ ਦਿੱਤੀ ਤੇ ਨੰਬਰ ਘੈਂਟ ਦੀ ਟੀਮ ਲੈ ਗਈ। ਲੋਕਾਂ ਨੇ ਲਲਕਾਰੇ ਮਾਰੇ ਤੇ ਸੀਟੀਆਂ ਵਜਾਈਆਂ। ਘੈਂਟ ਨੂੰ ਪੈਸਿਆਂ ਦਾ ਮੀਂਹ ਵਰ੍ਹ ਪਿਆ। ਲੋਕਾਂ ਨੇ ਪੰਜਾਂ ਤੇ ਦਸਾਂ ਰੁਪਈਆਂ ਦੇ ਨੋਟਾਂ ਨਾਲ ਘੈਂਟ ਦਾ ਬੁੱਕ ਭਰ ਦਿੱਤਾ। ਮੀਤਾ ਬਾਈਲਾਰਸ ਅੱਜ ਤੱਕ ਕਿਸੇ ਤੋਂ ਰੁਕਿਆ ਨਹੀਂ ਸੀ। ਘੈਂਟ ਨੇ ਸਕੀਮ ਨਾਲ ਰੋਕ ਲਿਆ। ਘੈਂਟ ਨੇ ਲਗਾਤਾਰ ਪੰਜ ਨੰਬਰ ਲੈ ਲਏ। ਆਖਰੀ ਰੇਡ 'ਤੇ ਤਾਂ ਕਮਾਲ ਹੋ ਗਿਆ। ਮੀਤਾ ਬਾਈਲਾਰਸ ਗੁੱਸੇ ਵਿੱਚ ਰੇਡ ਕਰਨ ਆਇਆ ਤੇ ਸਿੱਧਾ ਘੈਂਟ ਦੇ ਵਿੱਚ ਵੱਜਿਆ। ਘੈਂਟ ਨੇ ਮੀਤੇ ਨੂੰ ਜੱਫਾ ਮਾਰ ਲਿਆ। ਮੀਤਾ ਜਦੋਂ ਘੈਂਟ ਨੂੰ ਚਲਾ ਕੇ ਮਾਰਨ ਲੱਗਿਆ ਤਾਂ ਘੈਂਟ ਨੇ ਸੱਜੇ ਹੱਥ ਨਾਲ ਮੀਤੇ ਦੇ ਖੱਬੀ ਕੱਛ ਵਿੱਚ ਕੁਤਕੁਤਾੜੀ ਕੱਢ ਦਿੱਤੀ। ਮੀਤੇ ਦਾ ਹਾਸਾ ਨਿਕਲ ਗਿਆ ਤੇ ਸਾਹ ਟੁੱਟ ਗਿਆ। ਰੈਫਰੀ ਨੇ ਸੀਟੀ ਮਾਰ ਦਿੱਤੀ ਤੇ ਨੰਬਰ ਘੈਂਟ ਦੀ ਟੀਮ ਨੂੰ ਮਿਲ ਗਿਆ। ਮੀਤੇ ਨੇ ਬਹੁਤ ਰੌਲਾ ਪਾਇਆ ਪਰ ਕਿਸੇ ਨੇ ਨਾ ਸੁਣਿਆ। ਲੋਕਾਂ ਨੇ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ। ਉਸ ਸ਼ਾਮ ਗੁਰਬਾਜ਼ ਸਿਉਂ ਨੇ ਪੰਜ ਕਿੱਲੋ ਘਿਉ ਘੈਂਟ ਦੇ ਘਰੇ ਭੇਜ ਦਿੱਤਾ।

ਖਾੜਕੂਵਾਦ ਦੇ ਰੌਲੇ ਵੇਲੇ ਪਿੰਡਾਂ ਵਿੱਚ ਲਾਈਸੰਸ ਬਣੇ। ਘੈਂਟ ਨੇ ਗੁਰਬਾਜ਼ ਸਿਉਂ ਦੇ ਕਹਿਣ 'ਤੇ ਬਾਰਾਂ ਬੋਰ ਬੰਦੂਕ ਦਾ ਲਾਇਸੰਸ ਬਣਾ ਲਿਆ। ਪਰ ਬੰਦੂਕ ਉਹਨੇ ਪੇਟੀ ਵਿੱਚ ਲਕੋ ਕੇ ਰੱਖ ਦਿੱਤੀ। ਦਿਵਾਲੀ ਦੀ ਰਾਤ ਨੂੰ ਦੋ-ਚਾਰ ਫਾਇਰ ਕਰ ਲੈਂਦਾ। ਫੇਰ ਪਿੰਡਾਂ ਵਿੱਚ ਕਾਲੇ ਕੱਛੇ ਵਾਲੇ ਆਉਣ ਲੱਗ ਪਏ। ਪਿੰਡ ਵਿੱਚ ਠੀਕਰੀ ਪੈਰੇ ਲੱਗਣ ਲੱਗ ਪਏ। ਘੈਂਟ ਦੀ ਵਾਰੀ ਬੀਰੇ



ਤੋਤਲੇ, ਜੰਟੇ ਮੋਟੇ ਅਤੇ ਬਾਘੇ ਕੇ ਗੋਰੇ ਨਾਲ ਸੀ। ਰਾਤ ਦੇ ਗਿਆਰਾਂ ਵਜੇ ਚਾਰੇ ਜਣੇ ਪੈਰਾ ਦਿੰਦੇ ਸਿਵਿਆਂ ਵਾਲੀ ਸੜਕ 'ਤੇ ਗੱਪ ਮਾਰਦੇ ਤੁਰੇ ਜਾਂਦੇ ਸੀ, ਕਿ ਘੈਂਟ ਦੇ ਖੱਬੇ ਕੰਨ 'ਤੇ ਇੱਟ ਆ ਕੇ ਵੱਜੀ। ਉਹ ਬੰਦੂਕ ਛੱਡ ਕੇ ਪਿੰਡ ਵੰਨੀ 'ਆ ਗਏ ਓਏ, ਆ ਗਏ ਓਏ' ਕਰਦਾ ਭੱਜ ਪਿਆ। ਉਸਦੇ ਨਾਲ ਦੇ ਸਾਥੀ ਛੱਪੜ ਵੰਨੀ ਭੱਜ ਪਏ। ਪਿੰਡ ਵਿੱਚ ਰੌਲਾ ਪੈ ਗਿਆ ਕਿ ਓਪਰੇ ਬੰਦੇ ਆ ਗਏ। ਲੋਕਾਂ ਨੇ ਅਸਮਾਨ ਵੰਨੀ ਕਰਕੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ ਤਾਂ ਕਿ ਬੰਦੇ ਡਰਦੇ ਭੱਜ ਜਾਣ। ਅੱਧੇ ਘੰਟੇ ਬਾਅਦ ਲੋਕ ਗਲੀਆਂ ਵਿੱਚ ਨਿਕਲ ਆਏ। ਘੈਂਟ ਡਰਦਾ ਗੀਰਿਆਂ ਵਿੱਚ ਲੁੱਕ ਕੇ ਬੈਠ ਗਿਆ। ਜਦੋਂ ਤਰਖਾਣਾਂ ਦਾ ਕਮਾਈ, ਲੱਭੂ ਤੇ ਗੁਰਦਿਆਲ ਉੱਧਰ ਦੀ ਲੰਘੇ ਤਾਂ ਘੈਂਟ ਡਰ ਗਿਆ ਕਿ 'ਕਾਲੇ ਕੱਛੇ ਵਾਲੇ ਉਸ ਵੰਨੀ ਆ ਗਏ'। ਉਸ ਨੇ ਤੇੜ ਬੱਧੀ ਚਾਦਰ ਲਾਹ ਲਈ ਤੇ ਨਿੱਕਰ ਲਾਹ ਕੇ ਛੱਪੜ ਵੰਨੀ ਸਿੱਟ ਦਿੱਤੀ ਤੇ ਰੌਲਾ ਪਾਉਣ ਲੱਗ ਪਿਆ, 'ਮੇਰੇ ਕੋਲ ਨਾ ਆਇਓ, ਮੇਰੀ ਇੱਜ਼ਤ ਦਾ ਸਵਾਲ ਐ, ਮੈਂ ਨੰਗਾ, ਪੀਰਾਂ ਮਾਰੇਓ, ਲੋਕੋ ਬਚਾਓ ਓਏ, ਮੇਰੀ ਇੱਜ਼ਤ ਲੁੱਟ ਲੈਣਗੇ।' ਪਿੰਡ ਦੇ ਬੰਦੇ ਬੈਟਰੀਆਂ, ਲਾਲਟੈਣਾਂ ਦਾ ਚਾਨਣ ਕਰਕੇ ਘੈਂਟ ਵੰਨੀ ਭੱਜ ਕੇ ਆਏ ਤਾਂ ਅਲਫ਼ ਨੰਗੇ ਖੜੇ ਨੂੰ ਵੇਖ ਕੇ ਹੱਸਣ ਲੱਗ ਪਏ। ਬਾਬਾ ਆਤਮਾ ਸਿਉਂ ਬੋਲਿਆ, 'ਮਰਾਸੀਆ ਏਹ ਕੀ ? ...ਕੱਪੜੇ ਪਾ।'

'ਪਿੰਡ ਆਲੇਓ, ਕਮਾਈ ਹੁਰੀਂ ਮੇਰੀ ਇੱਜ਼ਤ 'ਤੇ ਹੱਥ ਪਾਉਂਦੇ ਸੀ ਰਲ ਕੇ।' ਕਮਾਈ ਹੁਰੀਂ ਮੂੰਹ ਵਿੱਚ ਬੁੜ-ਬੁੜ ਕਰਨ ਲੱਗ ਪਏ। ਪਰ ਸਾਰਿਆਂ ਦਾ ਹਾਸਾ ਨਾ ਰੁਕਿਆ। ਦੋ ਮੁੰਡੇ ਘੈਂਟ ਦੀ ਬੰਦੂਕ ਤੇ ਕਾਰਤੂਸਾਂ ਵਾਲਾ ਝੋਲਾ ਚੱਕ ਲਿਆਏ। ਕਈ ਦਿਨ ਇਹ ਗੱਲ ਪਿੰਡ ਵਿੱਚ ਚੱਲਦੀ ਰਹੀ।

ਇੱਕ ਦਿਨ ਸਵੇਰੇ-ਸਵੇਰੇ ਧਾਲੀਵਾਲਾਂ ਦੀ ਪੱਤੀ ਵਿੱਚ ਰੌਲਾ ਪੈ ਗਿਆ ਕਿ ਘੈਂਟ ਮਰਾਸੀ ਬੰਦੂਕ ਭਰ ਕੇ ਘਰਵਾਲੀ ਵੰਨੀ ਸਿੱਧੀ ਕਰੀ ਜਾਂਦਾ। ਸਾਰਾ ਪਿੰਡ ਘੈਂਟ ਦੇ ਬਾਰ ਮੂਹਰੇ ਇਕੱਠਾ ਹੋ ਗਿਆ। ਘੈਂਟ ਨੇ ਕਲੀਆਂ ਵਾਲਾ ਕੁੜਤਾ ਪਾਇਆ ਹੋਇਆ ਸੀ। ਹਰੇ ਰੰਗ ਦਾ ਧੂਮਾ ਚਾਦਰਾ ਬੰਨ੍ਹਿਆ ਹੋਇਆ ਸੀ ਤੇ ਪੈਰਾਂ ਵਿੱਚ ਨੋਕਦਾਰ ਕੱਢਵੀਂ ਜੁੱਤੀ ਪਾਈ। ਲੱਕ ਦੁਆਲੇ ਕਾਰਤੂਸਾਂ ਦਾ ਪਟਾ ਬੰਨ੍ਹਿਆ ਤੇ ਸੱਜੇ ਹੱਥ ਵਿੱਚ ਦੁਨਾਲੀ ਬੰਦੂਕ ਫੜ ਕੇ ਘਰ ਵਿੱਚ ਲਲਕਾਰੇ ਮਾਰਦਾ ਫਿਰੇ, 'ਚੱਕ ਦੂੰ ਫੱਟੇ, ਮੈਂ ਮਰਾਸੀ ਆਂ, ਪਸ਼ੂ ਮੰਡੀਆਂ ਦਾ ਪ੍ਰਧਾਨ, ਓਏ ਪਿੰਡਾ, ਸਾਡੇ ਬੱਕਰੀ ਨੋਟ ਨ੍ਹੀਂ ਖਾਂਦੀ ਤੇ ਇਹ ਮਰਾਸਣ ਮੈਨੂੰ ਕਹਿੰਦੀ..., 'ਚੱਕ ਦੂੰ, ਮਖਾ ਦਿਖਾ ਦੂੰ ਦਿਨੇ ਤਾਰੇ, ...ਮੈਂ ਮਰਾਸੀ ਆਂ।'


ਸਾਰਾ ਪਿੰਡ ਡਰ ਗਿਆ ਕਿ ਘੈਂਟ ਘਰਵਾਲੀ ਨੂੰ ਨਾ ਮਾਰ ਦੇਵੇ। ਕਈਆਂ ਨੇ ਆਵਾਜ਼ਾਂ ਮਾਰੀਆਂ ਪਰ ਘੈਂਟ ਨੇ ਬੂਹਾ ਨਾ ਖੋਲ੍ਹਿਆ। ਆਖਰ ਭੋਲੂ ਵਿਹੜੇ ਵਾਲਾ ਕੰਧ ਟੱਪ ਕੇ ਅੰਦਰ ਚਲਾ ਗਿਆ ਤੇ ਗੇਟ ਖੋਲ੍ਹ ਦਿੱਤਾ। ਸਾਰੇ ਲੋਕ ਭੱਜ ਕੇ ਅੰਦਰ ਚਲੇ ਗਏ। 'ਕੀ ਗੱਲ ਓਏ, ਕੀ ਕਹਿ ਤਾ ਸਾਡੀ ਦਾਦੀ ਨੇ ?' ਗਿੱਲਾਂ ਦੇ ਹੈਪੀ ਨੇ ਗੁੱਸੇ ਵਿੱਚ ਕਿਹਾ। 'ਕੁੱਛ ਨ੍ਹੀਂ', ਘੈਂਟ ਢਿੱਲਾ ਮੂੰਹ ਕਰਕੇ ਬੋਲਿਆ।


'ਫੇਰ ਤੂੰ ਅੱਤ ਕਿਉਂ ਚੱਕੀ ਐ ?' ਜਗਦੀਸ਼ ਮਾਸਟਰ ਗੁੱਸੇ ਵਿੱਚ ਬੋਲਿਆ। 'ਮੈਂ ਤਾਂ ਘਰ 'ਚ ਦਹਿਸ਼ਤ ਪਾਉਂਦਾ ਸੀ, ਇਹ ਆਂਹਦੀ, ਤੂੰ ਜੂਆ ਖੇਡਦਾਂ, ਮੈਂ ਕਿਹਾ ਇਹਨੂੰ ਡਰਾ ਦੇਵਾਂ।' ਸਾਰੇ ਹੱਸਣ ਲੱਗ ਪਏ।


ਘੈਂਟ ਕਿਸੇ ਦਾ ਵਿਆਹ ਹੋਏ, ਬੋਲੀਆਂ ਤੇ ਗੀਤਾਂ ਦੀਆਂ ਲੜੀਆਂ ਲਾ ਦਿੰਦਾ ਸੀ। ਜੇ ਕੋਈ ਬੁੱਢਾ, ਬੁੱਢੀ ਸਵਰਗਵਾਸ ਹੋ ਜਾਂਦੇ ਤਾਂ ਵੈਣ ਪਾ-ਪਾ ਲੋਕਾਂ ਨੂੰ ਰੋਣ ਲਾ ਦਿੰਦਾ ਸੀ।


ਉਸਨੂੰ ਮਰੇ ਨੂੰ ਅੱਠ ਸਾਲ ਹੋ ਗਏ। ਮੇਰੇ ਪਿੰਡ ਦੀ ਰੂਹ ਸੀ ਉਹ ਬੰਦਾ।

## ਸੰਗਮ ਪਬਲੀਕੇਸ਼ਨਜ਼, ਸਮਾਣਾ ਦੀਆਂ ਨਵੀਆਂ ਛਪੀਆਂ ਪੁਸਤਕਾਂ








## ਸੰਗਮ ਪਬਲੀਕੇਸ਼ਨਜ਼, ਸਮਾਣਾ ਦੀਆਂ ਨਵੀਆਂ ਛਪੀਆਂ ਪੁਸਤਕਾਂ


ਹਰਜੀਤ ਅਟਵਾਲ ਦਾ ਨਵਾਂ ਕਹਾਣੀ ਸੰਗ੍ਰਹਿ
**'ਮਸਤ'**





ਨੌਜਵਾਨ ਕਹਾਣੀਕਾਰ ਰਵੀ ਸ਼ੇਰਗਿਲ ਦਾ
ਪਲੇਠਾ ਕਹਾਣੀ ਸੰਗ੍ਰਹਿ
**'ਕਿਤੇ ਉਹ ਨਾ ਹੋਵੇ'**




ਹਰਮਹਿੰਦਰ ਚਹਿਲ ਦਾ ਨਵਾਂ ਨਾਵਲ **'ਨਵਯੁਗ'**




ਹਰਜੀਤ ਅਟਵਾਲ ਦੀ ਨਵੀਂ ਪੁਸਤਕ
**'ਲੰਡਨਵਾਸੀ ਦੀ ਅੱਖ'**




ਹਰਜੀਤ ਅਟਵਾਲ ਅਤੇ ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ 01-01-2022 ਨੂੰ ਜਾਰੀ ਕੀਤਾ।